*Published in Punjabi & English*
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 12, ਅੰਕ-7, ਜੁਲਾਈ 2022 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300



**19 ਜੂਨ 2022 ਨੂੰ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 11ਵਾਂ ਸੋਹਣ ਮਾਨ ਯਾਦਗਾਰੀ ਮੇਲੇ ਦਾ ਕੀਤਾ ਗਿਆ ਆਯੋਜਨ**

ਦੇਖੋ : ਸਫ਼ਾ 40 'ਤੇ

## ਡਾ. ਸਾਹਿਬ ਸਿੰਘ ਦੇ ਕੈਨੇਡਾ ਦੇ ਸਾਰੇ ਨਾਟਕ ਸਮਾਗਮ ਹਾਲ ਦੀ ਘੜੀ ਮੁਲਤਵੀ

ਡਾ. ਸਾਹਿਬ ਸਿੰਘ ਦੇ ਜੋ ਕੈਨੇਡਾ ਵਿਚ ਟੋਰਾਂਟੋ, ਸਰੀ, ਕੈਲਗਰੀ, ਐਡਮਿੰਟਨ ਅਤੇ ਵਿਨੀਪੈਗ ਵਿਚ 'ਧੰਨ ਲਿਖਾਰੀ ਨਾਟਕਾ' ਨਾਟਕ ਸਮਾਗਮ ਰੱਖੇ ਗਏ ਸਨ। ਉਨ੍ਹਾਂ ਦੀ ਵੀਜ਼ਾ ਲੱਗਣ 'ਚ ਹੋਈ ਦੇਰੀ ਕਾਰਨ ਹਾਲ ਦੀ ਘੜੀ ਮੁਲਤਵੀ ਕਰ ਦਿੱਤੇ ਗਏ ਹਨ। ਅਗਲੇ ਪ੍ਰੋਗਰਾਮਾਂ ਬਾਰੇ ਬਾਅਦ ਜਾਣਕਾਰੀ ਦੇ ਦਿੱਤੀ ਜਾਵੇਗੀ।

# ਕੈਨੇਡਾ ਡੇਅ-ਦੇਸ਼ ਦਾ ਜਨਮ ਅਤੇ ਆਜ਼ਾਦੀ ਦਿਵਸ

- ਡਾ: ਹਰਦੀਪ ਸਿੰਘ ਅਟਵਾਲ -





ਇਕ ਜੁਲਾਈ ਨੂੰ ਕੈਨੇਡਾ ਆਪਣਾ 155ਵਾਂ ਅਜ਼ਾਦੀ ਦਿਵਸ ਮਨਾ ਰਿਹਾ ਹੈ, ਜਿਸ ਨੂੰ ਇਸਦਾ ਜਨਮ ਦਿਨ ਕਹਿਣਾ ਵੀ ਗਲਤ ਨਹੀਂ ਹੋਵੇਗਾ। ਸਾਲ 1867 ਦੇ ਇੱਕ ਜੁਲਾਈ ਦੇ ਦਿਨ 'ਬ੍ਰਿਟਿਸ਼ ਨਾਰਥ ਅਮਰੀਕਾ' ਨਾਲ ਜਾਣੀ ਜਾਂਦੀ ਇਸ ਬਸਤੀ ਨੂੰ, ਬ੍ਰਿਟਿਸ਼ ਪਾਰਲੀਮੈਂਟ ਤੋਂ ਆਜ਼ਾਦੀ ਮਿਲੀ। ਇਸੇ ਦਿਨ ਬ੍ਰਿਟਿਸ਼ ਪਾਰਲੀਮੈਂਟ ਵਿੱਚ "ਬ੍ਰਿਟਿਸ਼ ਨਾਰਥ ਅਮਰੀਕਾ ਐਕਟ" ਪਾਸ ਕਰਕੇ, ਬ੍ਰਿਟਿਸ਼ ਰਾਜ ਦੇ ਅਧੀਨ ਹੀ ਆਜ਼ਾਦ ਡੋਮੇਨੀਅਨ ਰਾਜ ਦਾ ਦਰਜ਼ਾ ਪ੍ਰਾਪਤ ਕੈਨੇਡਾ ਦੇਸ਼ ਦਾ ਜਨਮ ਹੋਇਆ। ਸਾਲ 1879 ਵਿੱਚ ਇਸ ਦਿਨ ਨੂੰ ਨੈਸ਼ਨਲ ਡੇਅ ਮਨਾਉਣ ਦਾ ਫੈਸਲਾ ਹੋਇਆ ਅਤੇ ਇਸ ਦਾ ਨਾਮ "ਡੋਮੇਨੀਅਨ ਡੇਅ" ਰੱਖਿਆ ਗਿਆ ਅਤੇ ਹਰ ਸਾਲ ਮਨਾਇਆ ਜਾਣ ਲੱਗਾ। ਕਈ ਸਾਲਾਂ ਤੱਕ, ਇਸ ਦਿਨ ਨੂੰ ਮਨਾਉਣ ਦਾ ਇੰਨਾਂ ਉਤਸ਼ਾਹ ਨਹੀਂ ਸੀ ਕਿਉਂਕਿ ਲੋਕਾਂ ਦੇ ਮਨਾਂ ਵਿੱਚੋਂ ਅਜੇ ਬ੍ਰਿਟਿਸ਼ ਨਾਗਿਰਕਤਾ ਦਾ ਭਰਮ ਨਹੀਂ ਸੀ ਨਿਕਲਿਆ। ਸਾਲ 1980 ਵਿੱਚ ਕੈਨੇਡਾ ਨੇ ਆਪਣੀ ਵੱਖਰੀ ਨੈਸ਼ਨਲ ਐਨਥਮ "ਓ ਕੈਨੇਡਾ, ਓ ਕੈਨੇਡਾ" ਲਾਗੂ ਕੀਤੀ ਤੇ ਲੋਕਾਂ ਵਿੱਚ ਆਪਣੇ ਦੇਸ਼ ਲਈ ਦੇਸ਼ ਭਗਤੀ ਲਈ ਉਤਸ਼ਾਹਿਤ ਕੀਤਾ। ਸਾਲ 1982 ਵਿੱਚ ਕੌਮੀ ਦਿਵਸ 'ਡੋਮੇਨੀਅਨ ਦਿਨ' ਦਾ ਨਾਮ ਬਦਲ ਕੇ 'ਕੈਨੇਡਾ ਡੇਅ" ਕਰ ਦਿੱਤਾ ਗਿਆ ਅਤੇ ਇਸ ਨੂੰ ਪੂਰੇ ਉਤਸ਼ਾਹ ਨਾਲ ਮਨਾਇਆ ਜਾਣ ਲੱਗਿਆ। ਅਸਲ ਵਿੱਚ ਕੈਨੇਡਾ ਨੇ ਮੁਕੰਮਲ ਆਜ਼ਾਦੀ, ਇੱਕ ਜੁਲਾਈ 1982 ਨੂੰ ਪ੍ਰਾਪਤ ਕੀਤੀ ਜਦੋਂ ਕੈਨੇਡਾ ਨੇ ਬ੍ਰਿਟਿਸ਼ ਹਕੂਮਤ ਦੀ ਸਿੱਧੀ ਦਖਲਅੰਦਾਜ਼ੀ ਨੂੰ ਘਟਾਕੇ, ਆਪਣਾ ਨਵਾਂ ਸੰਵੀਧਾਨ "ਕੈਨੇਡਾ ਐਕਟ" ਲਾਗੂ ਕੀਤਾ। ਕੈਨੇਡਾ ਡੇਅ ਵਾਲੇ ਦਿਨ ਲੋਕ ਆਪਣੇ ਆਪਣੇ ਸ਼ਹਿਰਾਂ ਕਸਬਿਆਂ ਵਿੱਚ ਪਰੇਡ ਦਾ ਆਯੋਜਨ ਕਰਕੇ ਨੱਚ ਗਾਕੇ ਆਪਣੇ ਦੇਸ਼ ਦੀ ਤੱਰਕੀ ਖੁਸ਼ਹਾਲੀ ਦੀ ਕਾਮਨਾ ਕਰਦੇ ਹਨ। ਦੇਸ਼ ਦੀ ਕੈਪਟਿਲ 'ਆਟਵਾ' ਵਿੱਚ ਕੌਮੀ ਪੱਧਰ ਦੀ ਪਰੇਡ ਦਾ ਪ੍ਰਬੰਧ ਸਰਕਾਰੀ ਤੌਰ 'ਤੇ ਕੀਤਾ ਜਾਂਦਾ ਹੈ।

ਸਾਲ 1867 ਨੂੰ ਇਥੋਂ ਦੀਆਂ ਸਿਰਫ ਤਿੰਨ ਬ੍ਰਿਟਿਸ਼ ਬਸਤੀਆਂ "ਪ੍ਰੋਵਿੰਸ ਆਫ ਕੈਨਡਾ", ਨੋਵਾ-ਸਕੋਸ਼ੀਆ ਅਤੇ ਨਿਉ-ਬਰਸ਼ਵਿਕ ਨੂੰ ਮਿਲਾ ਕੇ ਕੈਨੇਡਾ ਦਾ ਮੁੱਢ ਬੰਨਿਆ ਗਿਆ। "ਪ੍ਰੋਵਿੰਸ ਆਫ ਕੈਨਡਾ" ਵਾਲੀ ਬਸਤੀ ਦੇ ਦੋ ਹਿੱਸੇ ਕਰਕੇ ਅੱਜ ਵਾਲੇ ਓਂਟਾਰੀਓ ਅਤੇ ਕਿਉਬੈਕ ਪ੍ਰੋਵਿੰਸ ਕਰ ਦਿੱਤਾ ਗਿਆ ਅਤੇ ਕੁੱਲ ਚਾਰ ਪ੍ਰੋਵਿੰਸ ਬਣੇ। ਸਾਲ 1867 ਦੇ ਜਨਮ ਤੋਂ ਬਾਅਦ ਇਸ ਦੇਸ਼ ਨੂੰ ਅੱਜ ਵਾਲਾ ਬਨਣ ਲਈ ਪੂਰੇ 132 ਸਾਲ ਦਾ ਅਰਸਾ ਲੱਗਿਆ, ਜਦੋਂ ਸਾਰੀਆਂ ਬਸਤੀਆਂ ਅਗੜ-ਪਿਛੜ ਇਸ ਵਿੱਚ ਰਲ੍ਹਦੀਆਂ ਗਈਆਂ ਅਤੇ ਅਖੀਰ ਸਾਲ 1999 ਤੱਕ ਆਉਂਦੇ ਨੂਨਾਵਟ ਪ੍ਰੋਵਿੰਸ ਵੀ ਇਸ ਵਿੱਚ ਸ਼ਾਮਲ ਹੋਇਆ। ਸਾਲ 1867 ਤੋਂ ਲੈਕੇ 1982 ਤੱਕ 'ਬ੍ਰਿਟਿਸ਼ ਨਾਰਥ ਅਮਰੀਕਾ ਐਕਟ-1867' ਹੀ ਇਸ ਦੇਸ਼ ਲਈ ਸੰਵੀਧਾਨ ਦੇ ਤੌਰ 'ਤੇ ਚਲਦਾ ਰਿਹਾ। ਕੈਨੇਡਾ ਐਕਟ ਪਹਿਲਾ ਸੰਵਿਧਾਨ ਸੀ, ਜੋ ਕੈਨੇਡਾ ਦੀ ਆਪਣੀ ਪਾਰਲੀਮੈਂਟ

(ਬਾਕੀ ਸਫ਼ਾ 18 'ਤੇ)

CONGRATULATIONS
TEAM OVER 800 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR MLS urban Real Estate Services Ltd.

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • ਕਾਰ ਇੰਸ਼ੋਰੈਂਸ
• Home Insurance • ਹੋਮ ਇੰਸ਼ੋਰੈਂਸ
• Life Insurance • ਲਾਈਫ ਇੰਸ਼ੋਰੈਂਸ
• Critical illness • ਕਰਿਟੀਕਲ ਇਲਨੈਸ ਇੰਸ਼ੋਰੈਂਸ
• Disability Insurance • ਡਿਸਅਬਿਲਿਟੀ ਇੰਸ਼ੋਰੈਂਸ
• Car Loans • ਕਾਰ ਲੋਨ
• Business Insurance • ਬਿਜਨਸ ਇੰਸ਼ੋਰੈਂਸ
SAVE UPTO 30%
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Ph : 604-240-8002
or : 604-250-3834
Free Estimates
3822 Marine Way Burnaby, B.C. V5J 3H4

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010



ਹਰੀਪਾਲ
403-714-4816

# ਜਾਗਣ ਦਾ ਵੇਲ਼ਾ



ਸਾਡੇ ਲਈ ਮਨੁੱਖਤਾ ਦੇ ਇਤਿਹਾਸ ਦਾ ਇਹ ਬੜਾ ਹੀ ਕਰਿੱਟੀਕਲ ਟਾਈਮ ਹੈ। ਇਸ ਧਰਤੀ ਦਾ ਜੀਅ ਜੰਤ ਹੀ ਨਹੀਂ, ਸਗੋਂ ਸਭ ਕੁੱਝ ਹੁਣ ਤੱਕ ਦਾ ਕਰਿਆ ਕਰਾਇਆ ਮਿੱਟੀ ਵਿੱਚ ਮਿਲਣ ਜਾ ਰਿਹਾ ਹੈ। ਅੱਜ ਸਾਡੇ ਤੇ ਟੇਡੇ ਤਰੀਕੇ ਨਾਲ਼ ਰਾਜ ਕਰ ਰਹੀਆਂ ਕਾਰਪੋਰੇਸ਼ਨਾਂ ਰਾਜ ਭਾਗ ਜਾਂ ਮੀਡੀਆ ਹੀ ਨਹੀਂ, ਸਾਡੀ ਰੋਜ਼ ਮਰਾ ਦੀ ਪਲ ਪਲ ਕੱਟ ਰਹੀ ਜ਼ਿੰਦਗੀ ਤੇ ਵੀ ਕਾਬਜ਼ ਹੋ ਰਹੀਆਂ ਹਨ। ਅਸੀਂ ਕੀ ਖਾਣਾਂ ਹੈ ਕੀ ਪਹਿਨਣਾ ਹੈ, ਸਭ ਕੁੱਝ ਕਾਰਪੋਰੇਸ਼ਨਾਂ ਨਿਧਾਰਤ ਕਰ ਰਹੀਆਂ ਹਨ। ਸਾਡੇ ਤੇ ਬਰੈਂਡਡ ਚੀਜਾਂ ਦਾ ਭੂਤ ਸਵਾਰ ਕਰ ਦਿੱਤਾ ਗਿਆ ਹੈ। ਕੋਈ ਵੀ ਦੋ ਕੌਡੀ ਦੀ ਚੀਜ਼ ਕਿਸੇ ਸੈਲਬਰਿਟੀ ਰਾਹੀਂ ਮਸ਼ਹੂਰ ਕਰਵਾ ਕੇ, ਲੋਕਾਂ ਦੀ ਜ਼ਰੂਰਤ ਦੇ ਤੌਰ ’ਤੇ ਮਾਰਕੀਟ ਵਿੱਚ ਉਤਾਰੀ ਜਾਂਦੀ ਹੈ। ਸਭ ਤਰ੍ਹਾਂ ਦੇ ਪ੍ਰੌਸੈਸਡ ਖਾਣੇ ਜਾਂ ਸ਼ੂਗਰ ਨਾਲ਼ ਲਬਰੇਜ਼ ਕੋਲਡ ਡਰਿੰਕਸ ਸਾਡੇ ਘਰਾਂ ਦੀਆਂ ਕਲੋਜਿਟਾਂ ਮੱਲੀ ਬੈਠੇ ਹਨ। ਬਰੈਂਡਡ ਕੱਪੜੇ, ਵਸਤਾਂ ਸਾਡੀ ਜ਼ਰੂਰਤ ਬਣਦੇ ਜਾ ਰਹੇ ਹਨ। ਅਸੀਂ ਕੋਈ ਵੀ ਲੋਕਲ ਬਣੀ ਹੋਈ ਵਸਤ ਦੀ ਜਗਾਹ ਤੇ ਪਹਿਲਾਂ ਦੇਖਦੇ ਹਾਂ ਕਿ ਵਸਤ ਜਾਂ ਚੀਜ ਤੇ ਸਟੈਂਪ ਕਿਸਦੀ ਲੱਗੀ ਹੈ, ਇਸ ਨਾਲ਼ ਅਸੀਂ ਲੋਕਲ ਕਾਮਿਆਂ ਦਾ ਰੁਜ਼ਗਾਰ ਖੋਹ ਕੇ ਉਹਨਾਂ ਨੂੰ ਵੀ ਕਾਰਪੋਰੇਸ਼ਨਾਂ ਦੇ ਰਹਿਮੋ ਕਰਮ ਤੇ ਛੱਡ ਰਹੇ ਹਾਂ। ਕੁੱਝ ਕੁ ਸਾਲ ਪਹਿਲਾਂ ਹੀ ਤੀਜੇ ਮੁਲਕ ਦੇ ਲੋਕ ਪਰਜ਼ਰਵ ਕੀਤਾ ਖਾਣਾਂ ਖਾਂਦੇ ਨਹੀਂ ਸਨ ਪਰ ਅੱਜ ਉਹ ਫਾਸਟ ਫੂਡ ਚੇਨਾਂ ਦੇ ਖਾਣਿਆਂ ਦੇ ਆਦੀ ਹੋ ਚੱਲੇ ਹਨ ਅਤੇ ਆਪਦੀ ਤੰਦਰੁਸਤੀ ਗੁਆ ਰਹੇ ਹਨ। ਜਦੋਂ ਸਾਨੂੰ ਸਾਰਿਆਂ ਨੂੰ ਇਸ ਕਾਰਪੋਰੇਟ ਕਲਚਰ ਵੱਲੋਂ ਇੱਕ ਬੋੜੇ ਖੂਹ ਵਿੱਚ ਧੱਕਿਆ ਜਾਂ ਰਿਹਾ ਹੈ ਤਾਂ ਇਸ ਸਮੇਂ ਸਮਾਜ ਦੇ ਚੇਤੰਨ ਲੋਕਾਂ ਦੀਆਂ ਕੁੱਝ ਜ਼ਿੰਮੇਵਾਰੀਆਂ ਬਣਦੀਆਂ ਹਨ। ਸਾਨੂੰ ਇੱਕ ਇਹੋ ਜਿਹੇ ਕਲਚਰ ਵਿੱਚ ਧੱਕ ਦਿੱਤਾ ਗਿਆ ਹੈ ਤਾਂ ਕਿ ਸਾਡੀ ਜ਼ਿੰਦਗੀ ਸਿਰਫ਼ ਕੰਮ ਕਰਨ ਅਤੇ ਕਿਸ਼ਤਾਂ ਭਰਨ ਤੱਕ ਸੀਮਤ ਹੋ ਜਾਵੇ ਤਾਂ ਕਿ ਸਾਡੇ ਕੋਲ਼ ਸਵਾਲ ਕਰਨ ਲਈ ਸਮਾਂ ਵੀ ਨਾ ਹੋਵੇ। ਹੁਣ ਸਾਨੂੰ ਇਸ ਹਨੇਰੀ ਰਾਤ ਨੂੰ ਖ਼ਤਮ ਕਰਨ ਲਈ ਬਹੁਤ ਹੀ ਰੌਸ਼ਨ ਦਿਮਾਗਾਂ ਦੀ ਲੋੜ ਹੈ, ਜੋ ਕਿ ਚੇਤਨਤਾ ਦੀ ਰੌਸ਼ਨੀ ਕਰਨ ਤਾਂ ਕਿ ਮੁੜ ਅਸੀਂ ਇੱਕ ਨੌਰਮਲ ਜ਼ਿੰਦਗੀ ਜਿਉਣ ਦੇ ਕਾਬਲ ਹੋ ਸਕੀਏ।

ਇਸ ਸਮੇਂ ਲੇਖਕ, ਕਿਉਂਕਿ ਉਹ ਸਮਾਜ ਦਾ ਇੱਕ ਚੇਤੰਨ ਤਬਕਾ ਹਨ, ਉਹਨਾਂ ਦੇ ਮੋਢਿਆਂ ਤੇ ਬਹੁਤ ਵੱਡੀ ਜ਼ਿੰਮੇਵਾਰੀ ਆਉਂਦੀ ਹੈ। ਲੇਖਕਾਂ ਨੂੰ ਇਹਨਾਂ ਇਨਾਮਾਂ ਸਨਮਾਨਾਂ ਦੇ ਚੱਕਰਾਂ ਵਿੱਚੋਂ ਨਿਕਲ਼ ਕੇ ਇਸ ਧਰਤੀ ਤੇ ਵਿੱਚਰ ਰਹੀ ਜ਼ਿੰਦਗੀ ਨੂੰ ਬਚਾਉਣ ਲਈ ਅੱਗੇ ਆਉਣਾਂ ਪਵੇਗਾ। ਹੁਣ ਕਵਿਤਾ, ਕਹਾਣੀ ਲਿਖ ਕੇ ਕੰਮ ਨਹੀਂ ਚੱਲਣਾ, ਹੁਣ ਤਾਂ ਉਹ ਲਿਖਣਾਂ ਹੋਵੇਗਾ ਜਿਸਦੀ ਸਮੇਂ ਨੂੰ ਲੋੜ ਹੈ ਅਤੇ ਆਪਦੀ ਲਿਖਤ ਦੇ ਨਾਲ਼ ਖੜ੍ਹਨਾਂ ਵੀ ਪਵੇਗਾ। ਅਸੀਂ ਹੁਣ ਆਪਦੇ ਨਿੱਜੀ ਦੁਖਾਂ ਦੀਆਂ ਰਚਨਾਵਾਂ ਦਾ ਖਹਿੜਾ ਛੱਡ ਕੇ ਮਨੁੱਖਤਾ ਦੇ ਸਾਂਝੇ ਦੁੱਖਾਂ ਦੀ ਗੱਲ ਹੀ ਨਹੀਂ ਕਰਨੀ ਸਗੋਂ ਉਸ ਗੱਲ ਨੂੰ ਮਨਾਉਣ ਦੀ ਖਾਤਰ ਝੰਡਾ ਵੀ ਚੁੱਕਣਾਂ ਹੈ। ਸੁਹਜ ਪਸੰਦ ਲੇਖਕਾਂ ਦਾ ਸਮਾਂ ਬੀਤ ਚੁੱਕਿਆ ਹੈ। ਹੁਣ ਤਾਂ ਲੇਖਕਾਂ ਦੇ ਹੱਥ ਪੈਰ ਵੀ ਮਜ਼ਦੂਰਾਂ ਵਾਂਗੂ ਕੁਰੱਖਤ ਕਰਨੇ ਹੋਣਗੇ। ਆਓ ਅਸੀਂ ਹੁਣ ਧਰਤੀ ਦੇ ਹਰ ਜੀਅ ਜੰਤ ਨੂੰ ਆਉਣ ਵਾਲ਼ੀਆਂ ਮੁਸ਼ਕਲਾਂ ਦੁਸ਼ਵਾਰੀਆਂ ਦੇ ਹੱਲ ਲਈ ਅੱਗੇ ਆਈਏ, ਨਹੀਂ ਤਾਂ ਕਾਰਪੋਰੇਟ ਦੇ ਕਲਚਰ ਦੀ ਗਰੀਡ ਅਤੇ ਸਾਡੀ ਅਗਿਆਨਤਾ ਸਭ ਕਾਸੇ ਦਾ ਫਾਹਾ ਵੱਢ ਦੇਵੇਗੀ। ਅਸੀਂ ਕਰੋਨਾ ਕਾਲ ਵਿੱਚ ਦੇਖਿਆ ਜਿਸ ਤਰ੍ਹਾਂ ਸਰਮਾਏਦਾਰਾਂ ਨੂੰ ਗੱਫੇ ਦਿੱਤੇ ਗਏ, ਪੈਸਿਆਂ ਦਾ 33% ਤਾਂ ਸਿੱਧਾ ਹੀ ਮਾਫ ਕੀਤਾ ਗਿਆ ਤੇ ਬਾਕੀ ਦਾ ਕਿਹੜਾ ਇਹਨਾਂ ਨੇ ਮੋੜਨਾ ਕਿਉਂਕਿ ਕਾਰਪੋਰੇਸ਼ਨਾ ਦੇ ਬਚਾਅ ਲਈ ਬਹੁਤ ਚੋਰ ਮੋਰੀਆਂ ਇਹਨਾਂ ਸਿਆਸਤਦਾਨਾਂ ਨੇ ਰੱਖੀਆਂ ਹੋਈਆਂ ਹਨ। ਇਸ ਘਾਟੇ ਨੂੰ ਪੂਰਾ ਕਰਨ ਲਈ 83% ਬੋਝ ਵਰਕਰਾਂ ਤੇ ਹੀ ਪੈਣਾ ਹੈ ਕਿਉਂਕਿ ਫੈਡਰਲ ਬਜਟ ਵਿੱਚ ਕਰਪੋਰੇਸ਼ਨਾਂ ਤਾਂ ਸਿਰਫ 17% ਹੀ ਪਾਉਂਦੀਆਂ ਹਨ। ਅੱਜ ਤੋਂ ਚਾਲ਼ੀ ਪੰਜਾਹ ਸਾਲ ਪਹਿਲਾਂ ਫੈਡਰਲ ਬਜਟ ਵਿੱਚ ਵਰਕਰ ਅਤੇ ਬਿਜਨਿਸਮੈਨ ਇੱਕੋ ਜਿਹਾ ਹਿੱਸਾ ਪਾਉਂਦੇ ਸਨ, ਯਾਨੀਕਿ ਫਿਫਟੀ ਫਿਫਟੀ ਪਰ ਜਦ ਕਾਰਪੋਰੇਸ਼ਨਾਂ ਸੱਤਾ ਤੇ ਕਾਬਜ਼ ਹੋ ਗਈਆਂ ਤਾਂ ਉਹਨਾਂ ਨੇ ਆਪਦੀ ਮਰਜ਼ੀ ਦੇ ਕਨੂੰਨ ਬਣਵਾਏ। ਇਸੇ ਦਾ ਨਤੀਜਾ ਹੈ ਕਿ ਅੱਜ ਕਾਰਪੋਰੇਸ਼ਨਾਂ ਘੱਟ ਤੋਂ ਘੱਟ ਟੈਕਸ ਦੇ ਰਹੀਆ ਹਨ। ਇਸਦੇ ਵਿੱਚ ਭੋਰਾ ਵੀ ਸ਼ੱਕ ਨਹੀਂ ਕਿ ਕਰੋਨਾ ਕਾਲ ਵਿੱਚ ਵਰਕਰਾਂ ਨੂੰ ਮਿਲ਼ਿਆ ਤਾਂ ਹੋਣਾ ਤੀਹ ਜਾਂ ਚਾਲ਼ੀ ਪ੍ਰਸੈਂਟ ਪਰ ਉਹਨਾਂ ਨੂੰ ਦੇਣਾ ਪੈਣਾ ਹੈ ਤ੍ਰਾਸੀ ਪ੍ਰਸੈਂਟ, ਬੱਸ ਇਸੇ ਤੋਂ ਹੀ ਹਿਸਾਬ ਲੱਗ ਜਾਂਦਾ ਹੈ ਕਿ ਵਰਕਰ ਆਪਦੀਆਂ ਜੀਵਨ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਲਈ ਕਿਉਂ ਦਿਨ ਰਾਤ ਭੱਜੇ ਫਿਰਦੇ ਹਨ। ਰਾਜਨੀਤਿਕ ਲੋਕਾਂ ਲਈ ਅਸੀਂ ਤਾਂ ਸਿਰਫ ਇੱਕ ਨੰਬਰ ਹਾਂ ਹੋਰ ਕੁੱਝ ਵੀ ਨਹੀਂ। ਹਰ ਵੇਲ਼ੇ ਘਾਟੇ ‘ਡੈਫੀਸਿਟ’ ਦਾ ਰੌਲ਼ਾ ਪਾ ਕੇ ਸਾਡੇ ਨੇਤਾ ਉਹ ਹਾਲਾਤ ਪੈਦਾ ਕਰ ਰਹੇ ਹਨ ਤਾਂ ਕਿ ਕਿਰਤੀ ਲੋਕਾਂ ਦਾ ਗਲ਼ਾ ਹੋਰ ਘੁੱਟਿਆ ਜਾ ਸਕੇ।

ਅੱਜ ਬਹੁਤ ਹੀ ਬੁਰੀ ਤਰ੍ਹਾਂ ਇਨਫਲੇਸ਼ਨ ਦੀ ਗੱਲ ਹੋ ਰਹੀ ਹੈ, ਜਿਵੇਂ ਕਿ ਜੇਕਰ ਇਨਫਲੇਸ਼ਨ ਨਾ ਰੋਕੀ ਗਈ ਤਾਂ ਪਰਲੋ ਆ ਜਾਵੇਗੀ। ਇਨਫਲੇਸ਼ਨ ਰੋਕਣ ਦਾ ਤਰੀਕਾ ਸਾਡੇ ਅਰਥਸ਼ਾਸ਼ਤਰੀਆਂ ਕੋਲ਼ ਬੜਾ ਵਧੀਆ ਹੈ ਕਿ ਜੇਕਰ ਇਨਫਲੇਸ਼ਨ ਘਟਾਉਣੀ ਹੈ ਤਾਂ ਵਿਆਜ ਦੀ ਦਰ ਵਧਾ ਦਿਓ, ਇਸ ਨਾਲ਼ ਪੈਸਾ ਮਾਰਕੀਟ ਵਿੱਚੋਂ ਨਿਕਲ਼ ਕੇ ਬੈਂਕਾਂ ਵਿੱਚ ਆ ਜਾਵੇਗਾ ਅਤੇ ਇਨਫਲੇਸ਼ਨ ਆਪਦੇ ਆਪ ਹੀ ਘਟਣੀ ਸ਼ੁਰੂ ਹੋ ਜਾਵੇਗੀ, ਕਿਉਂਕਿ ਮਾਰਕੀਟ ਵਿੱਚ ਜਿੰਨਾਂ ਵੱਧ ਪੈਸਾ ਹੋ ਹੋਵੇਗਾ, ਇਨਫਲੇਸ਼ਨ ਓਨੀ ਜ਼ਿਆਦਾ ਵਧੇਗੀ। ਗੱਲ ਤਾਂ ਆਮ ਲੋਕਾਂ ਨੂੰ ਵੀ ਜਚ ਜਾਵੇਗੀ ਪਰ ਅਮਲੀ ਤੌਰ ’ਤੇ ਇਸ ਤਰ੍ਹਾਂ ਹੁੰਦਾ ਨਹੀਂ ਹੈ। ਵਿਆਜ ਦੀ ਦਰ ਵਧਣ ਦਾ ਖ਼ਮਿਆਜਾ ਸਭ ਤੋਂ ਵੱਧ ਉਹੀ ਭੁਗਤਣਗੇ ਜਿਹਨਾਂ ਨੇ ਪੈਸਾ ਲੈਣਾਂ ਹੈ, ਜਿਨ੍ਹਾਂ ਕੋਲ਼ ਪੈਸਾ ਪਿਆ ਹੈ ਉਹਨਾਂ ਨੂੰ ਤਾਂ ਇਹੀ ਫਿਕਰ ਹੈ ਕਿ ਕਰੰਸੀ ਦੀ ਕੀਮਤ ਘਟ ਨਾ ਜਾਵੇ। ਪੈਸਾ ਜਿਨ੍ਹਾਂ ਕੋਲ਼ ਨਹੀਂ ਉਹ ਆਮ ਕਿਰਤੀ ਲੋਕ ਹਨ। ਹੁਣ ਸੋਚੋ ਇਹ ਦਲੀਲ ਦੇਣ ਕੌਣ ਦੇ ਰਿਹਾ ਹੈ, ਇਹ ਸਰਮਾਏਦਾਰੀ ਵਿਦਿਅਕ ਸਿਸਟਮ ਦੇ ਪੈਦਾ ਕੀਤੇ ਅਰਥਸ਼ਾਸ਼ਤਰੀ ਹਨ, ਜਿਹੜੇ ਤਸਵੀਰ ਦਾ ਸਿਰਫ ਇੱਕ ਪਾਸਾ ਦੇਖਣ ਲਈ ਟਰੇਂਡ ਕੀਤੇ ਗਏ ਹਨ। ਪਹਿਲਾਂ ਵੀ ਜਦ ਬੈਂਕ ਆਫ ਕੈਨੇਡਾ ਪ੍ਰਾਈਮ ਰੇਟ ਤੇ ਯਾਨੀਕਿ 1% ’ਤੇ ਆਰੀਥਕ ਅਦਾਰਿਆਂ ਨੂੰ ਪੈਸੇ ਦਿੰਦੀ ਸੀ ਤਾਂ ਉਹੀ ਇਹ ਆਰਥਿਕ ਅਦਾਰੇ ਜਾਂ ਇਹ ਬੈਂਕਾਂ ਲੋਕਾਂ ਨੂੰ ਮਾਰਗੇਜ ਢਾਈ ਤਿੰਨ ਪ੍ਰਸੈਂਟ ’ਤੇ, ਕਰੈਡਿਟ ਲਾਈਨ ਸੱਤ ਅੱਠ ਪ੍ਰਸੈਂਟ ’ਤੇ ਅਤੇ ਕਰੈਡਿਟ ਕਾਰਡ ਵੀਹ ਜਾਂ ਇੱਕੀ ਪ੍ਰਸੈਂਟ ਤੇ ਦਿੰਦੀਆਂ ਸਨ, ਹੁਣ ਵਿਆਜ ਦੀ ਦਰ ਵਧਣ ਨਾਲ਼ ਇਹ ਲੋਕਾਂ ਦੀ ਛਿੱਲ ਹੋਰ ਲਾਹੁਣਗੀਆਂ। ਇਹ ਦਲਾਲ ਸਿਸਟਮ ਪੈਦਾ ਹੀ ਕਿਉਂ ਕੀਤਾ ਗਿਆ ਹੈ? ਸਭ ਤਰ੍ਹਾਂ ਦੀਆਂ ਹੇਰਾਫੇਰੀਆਂ ਕਰਨ ਨੂੰ? ਇਸਦੀ ਜਗਾਹ ’ਤੇ ਬੈਂਕ ਆਫ ਕੈਨੇਡਾ ਆਪਦੀਆਂ ਇਹੋ ਜਿਹੀਆਂ ਬਰਾਂਚਾਂ ਖੋਲ੍ਹ ਸਕਦੀ ਹੈ ਜਿਹੜੀਆਂ ਕਿ ਲੋਕਾਂ ਨਾਲ਼ ਸਿੱਧਾ ਹੀ ਡੀਲ ਕਰਨ। ਅੱਜ ਕੱਲ ਟੈਕਨਾਲੋਜੀ ਦਾ ਯੁੱਗ ਹੈ, ਇਸ ਤਰ੍ਹਾਂ ਕਰਨਾ ਬਿੱਲਕੁਲ ਸੰਭਵ ਹੈ, ਨਾਲੇ ਇਹ ਆਰਥਿਕ ਅਦਾਰੇ ਜਿਹੜੀ ਲੋਕਾਂ ਦੀ ਲੁੱਟ ਕਰਦੇ ਹਨ ਇਹੀ ਪੈਸਾ ਲੋਕਾਂ ਦੀਆਂ ਜੇਬਾਂ ਵਿੱਚ ਰਹੇ।

ਸਾਡੀਆਂ ਤਨਖਾਹਾਂ ਵਧਾਉਣ ਦਾ ਜਦੋਂ ਡਰਾਮਾ ਕੀਤਾ ਜਾਂਦਾ ਹੈ ਤਾਂ ਅਸੀਂ ਬੜੇ ਖੁਸ਼ ਹੁੰਦੇ ਹਾਂ। ਅਸਲ ਵਿੱਚ ਸਾਡੀਆਂ ਤਨਖਾਹਾਂ ਓਨੀਆਂ ਹੀ ਰਹਿੰਦੀਆ ਹਨ ਜੋ ਥੋੜ੍ਹੇ ਜਿਹੇ ਸਮੇਂ ਬਾਅਦ ਹੀ ਮਹਿਸੂਸ ਹੋ ਜਾਂਦਾ ਹੈ। ਥੋੜ੍ਹਾ ਜਿਹਾ ਪਿੱਛੇ ਮੁੜ ਕੇ ਸੋਚੀਏ 2019 ਵਿੱਚ ਅਲਬਰਟਾ ਵਿੱਚ ਘੱਟੋ ਘੱਟ ਉਜਰਤ 15 ਡਾਲਰ ਕੀਤੀ ਗਈ ਅਸੀਂ ਬੜੇ ਖੁਸ਼ ਹੋਏ, ਪਰ ਸਮਾਜ ਦੀ ਸਿਖਰਲੀ ਪੌੜ੍ਹੀ ’ਤੇ ਬੈਠਾ ਸਰਮਾਏਦਾਰ ਹੱਸ ਰਿਹਾ ਸੀ, ਉਸ ਨੂੰ ਪਤਾ ਸੀ ਕਿ ਘੱਟੋ ਘੱਟ ਉਜਰਤ ਵਧਾ ਤਾਂ ਦਿੱਤੀ ਗਈ ਪਰ ਉਸ ਨੂੰ ਇਨਫਲੇਸ਼ਨ ਨਾਲ਼ ਤਾਂ ਟਾਈ ਅੱਪ ਨਹੀਂ ਕੀਤਾ ਗਿਆ। ਅੱਜ ਜੇਕਰ ਅਸੀਂ ਇਨਫਲੇਸ਼ਨ ਦੇ ਹਿਸਾਬ ਨਾਲ਼ ਘੱਟੋ ਘੱਟ ਉਜਰਤ ਦੀ ਗੱਲ ਕਰੀਏ ਤਾਂ ਇਹ ਸਿਰਫ $12.65 ਪ੍ਰਤੀ ਘੰਟਾ ਹੀ ਬਣਦੀ ਹੈ, ਯਾਨੀਕਿ ਮਜ਼ਦੂਰ ਦੀ ਤਨਖਾਹ 2019 ਦੇ ਹਿਸਾਬ ਨਾਲ਼ ਦੋ ਡਾਲਰ ਅਤੇ ਪੈਂਤੀ ਸੈਂਟ ਘਟ ਗਈ ਹੈ। ਹੁਣ ਸਾਡੇ ਚੁਣੇ ਹੋਏ ਨੁਮਾਇੰਦੇ ਪਾਰਲੀਮੈਂਟ ਵਿੱਚ ਬੈਠੇ ਹਨ ਕੀ ਉਹਨਾਂ ਨੇ ਰੌਲ਼ਾ ਪਾਇਆ ਹੈ ਬਈ ਮਜ਼ਦੂਰਾਂ ਦੀ ਤਨਖਾਹ ਇਨਫਲੇਸ਼ਨ ਦੇ ਹਿਸਾਬ ਨਾਲ਼ ਦੁਬਾਰਾ ਸੈਟ ਕੀਤੀ ਜਾਵੇ? ਉਹ ਕਦੇ ਵੀ ਨਹੀਂ ਪਾਉਣਗੇ ਕਿਉਂਕਿ ਉਹ ਤਾਂ ਸਿਰਫ ਆਪਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਲਈ ਗਏ ਸਨ ਨਾ ਕਿ ਸਾਡੇ ਹੱਕਾਂ ਲਈ ਲੜਨ ਲਈ, ਉਹ ਤਾਂ ਆਪ ਹੀ ਆਪਦੀਆਂ ਤਨਖਾਹਾਂ ਜਦੋਂ ਮਰਜ਼ੀ ਵਧਾ ਲੈਂਦੇ ਹਨ ਅਤੇ ਸ਼ੁਗਲ ਦੀ ਗੱਲ ਹੈ ਕਿ ਆਪਦੀਆਂ ਤਨਖਾਹਾਂ ਵਧਾਉਣ ਲਈ ਵਿਰੋਧੀ ਅਤੇ ਸੱਤਾਧਾਰੀ ਫੱਟ ਇਕੱਠੇ ਹੋ ਜਾਂਦੇ ਹਨ, ਅਸੀਂ ਹੀ ਹਾਂ ਜਿਹੜੇ ਹਰ ਚਾਰ ਜਾਂ ਪੰਜੀ ਸਾਲੀਂ ਇਹਨਾਂ ਦੇ ਝਾਂਸੇ ਵਿੱਚ ਆ ਜਾਂਦੇ ਹਾਂ। ਇਹਨਾ ਲੀਡਰਾਂ ਨੂੰ ਪਤਾ ਹੈ ਕਿ ਜਨਤਾ ਦੀ ਯਾਦਦਾਸ਼ਤ ਬਹੁਤ ਘੱਟ ਹੁੰਦੀ ਹੈ, ਪਰ ਸਮਾਂ ਆ ਗਿਆ ਹੈ ਕਿ ਅਸੀਂ ਦਿਮਾਗ ਨੂੰ ਥੋੜ੍ਹਾ ਜਿਹਾ ਤਿੱਖਾ ਕਰਨਾ ਸਿੱਖੀਏ, ਜਦੋਂ ਵੀ ਤਨਖਾਹਾਂ ਵਧਾਉਣ ਲਈ ਲੜੀਏ ਤਾਂ, ਤਨਖਾਹਾਂ ਨੂੰ ਇਨਫਲੇਸ਼ਨ ਨਾਲ਼ ਨੱਥੀ ਕਰਵਾਉਣ ’ਤੇ

(ਬਾਕੀ ਸਫ਼ਾ 14 ’ਤੇ)






SAROKARAN DI AWAZ

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr
(Punjab)
946-347-4342
atoozed@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)


Harcharan Singh Parhar
Calgary

Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਕੈਨੇਡਾ ਬੀ. ਸੀ. ਵੱਲੋਂ ਸਮਾਜਿਕ ਚੇਤਨਾ ਸੈਮੀਨਾਰ








ਸਰ੍ਹੀ (ਪਰਮਿੰਦਰ ਸਵੈਚ) : ਅੱਜ ਇਥੋਂ ਦੇ ਪੰਜਾਬ ਭਵਨ (ਸੁੱਖੀ ਬਾਠ ਮੋਟਰਜ਼) ਵਿਖੇ ਸਮਾਜਿਕ ਚੇਤਨਾ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਮਾਸਟਰ ਰਜਿੰਦਰ ਭਦੌੜ ਅਤੇ ਮਾਸਟਰ ਸੁਰਜੀਤ ਦੌਧਰ ਵੱਲੋਂ ਵੱਖ-ਵੱਖ ਵਿਸ਼ਿਆਂ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ ਗਏ। ਵਰਨਣਯੋਗ ਹੈ ਕਿ ਉਪਰੋਕਤ ਸ਼ਖਸ਼ੀਅਤਾਂ ਲੰਮੇ ਅਰਸੇ ਤੋਂ ਤਰਕਸ਼ੀਲ ਲਹਿਰ ਲਈ ਪੰਜਾਬ ਵਿਚ ਕੰਮ ਕਰਦੀਆਂ ਆ ਰਹੀਆਂ ਹਨ ਅਤੇ ਉਨ੍ਹਾਂ ਕੋਲ ਰਹੱਸਮਈ ਘਟਨਾਵਾਂ ਅਤੇ ਸਮਾਜ ਬਾਰੇ ਵਿਗਿਆਨਕ ਸੋਝੀ ਹੈ, ਉਨ੍ਹਾਂ ਨੂੰ ਸੁਣਨ ਲਈ ਸੂਝਵਾਨ ਲੋਕ ਭਾਰੀ ਗਿਣਤੀ ਵਿਚ ਮੌਜੂਦ ਸਨ। ਸੈਮੀਨਾਰ ਦੀ ਸ਼ੁਰੂਆਤ ਕਰਦਿਆਂ ਤਰਕਸ਼ੀਲ ਸੁਸਾਇਟੀ ਦੀ ਸਕੱਤਰ ਪਰਮਿੰਦਰ ਸਵੈਚ ਨੇ ਮਹਿਮਾਨਾਂ ਸਮੇਤ ਆਏ ਹੋਏ ਸਰੋਤਿਆਂ ਨੂੰ ਜੀ ਆਈਆਂ ਕਹਿੰਦਿਆਂ ਇਲਕਟ੍ਰੋਨਿਕ ਅਤੇ ਪ੍ਰਿੰਟ ਮੀਡੀਆ ਦਾ ਸੁਸਾਇਟੀ ਨੂੰ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਉਪਰੰਤ ਸਟੇਜ ਦੀ ਕਾਰਵਾਈ ਨਿਰਮਲ ਕਿੰਗਰਾ ਨੇ ਸੰਭਾਲਦਿਆਂ ਹਰ ਕਿਸੇ ਨੂੰ ਧਨਵਾਨ ਨਾਲੋਂ ਗਿਆਨਵਾਨ ਹੋਣ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਮਾਸਟਰ ਸੁਰਜੀਤ ਦੌਧਰ ਜੀ ਨੂੰ ਜੋਤਿਸ਼ ਵਿਸ਼ੇ ਬਾਰੇ ਆਪਣੇ ਗਿਆਨ ਅਤੇ ਤਜ਼ਰਬੇ ਸਾਂਝੇ ਕਰਨ ਲਈ ਸੱਦਾ ਦਿੱਤਾ। ਸੁਰਜੀਤ ਦੌਧਰ ਵੱਲੋਂ ਆਪਣਾ ਗਲਾ ਖਰਾਬ ਹੋਣ ਦੇ ਬਾਵਜੂਦ ਜੋਤਿਸ਼ ਵਿਗਿਆਨ ਦੇ ਭਰਮ ਭੁਲੇਖਿਆਂ ਦਾ ਪੜਦਾਫਾਸ਼ ਕੀਤਾ। ਦੱਸਣਾ ਬਣਦਾ ਹੈ ਕਿ ਸੁਰਜੀਤ ਦੌਧਰ ਜੀ ਵੱਲੋਂ ਜੋਤਿਸ਼ ਵਿਗਿਆਨ ਬਾਰੇ ਲੰਮੇ ਸਮੇਂ ਤੱਕ ਅਧਿਐਨ ਕਰਨ ਅਤੇ ਜੋਤਿਸ਼ੀਆਂ ਦੇ ਸੰਮੇਲਨਾ ਵਿੱਚ ਹਿੱਸਾ ਲੈਣ ਤੋਂ ਬਾਅਦ ਜੋਤਿਸ਼ੀਆਂ ਦੁਆਰਾ ਪੈਦਾ ਕੀਤੇ ਜਾਂਦੇ ਭਰਮ/ਭੁਲੇਖਿਆਂ ਦਾ ਖੰਡਣ ਕਰਦੀ ਕਿਤਾਬ ਜੋਤਿਸ਼ ਦਾ ਐਕਸਰੇ ਛਪਵਾਈ ਜਾ ਚੁੱਕੀ ਹੈ। ਇਸਤੋਂ ਬਾਅਦ ਮਾਸਟਰ ਰਜਿੰਦਰ ਭਦੌੜ ਹੋਰਾਂ ਆਪਣੇ 40 ਸਾਲ ਦੇ ਤਰਕਸ਼ੀਲ ਲਹਿਰ ਨਾਲ ਜੁੜੇ ਤਜ਼ਰਬਿਆਂ 'ਚੋਂ ਬਹੁਤ ਸਾਰੀਆਂ ਘਟਨਾਵਾਂ ਦਾ ਵੇਰਵਾ ਸਾਂਝਾ ਕੀਤਾ ਗਿਆ ਕਿ ਕਿਵੇਂ ਉਹ ਵਹਿਮਾਂ-ਭਰਮਾਂ ਦੇ ਜਾਲ ਵਿਚ ਫਸੇ ਲੋਕਾਂ ਨੂੰ ਅੰਧਵਿਸ਼ਵਾਸ਼ਾਂ 'ਚੋਂ ਬਾਹਰ ਕੱਢਕੇ ਸੌਖੀ ਜ਼ਿੰਦਗੀ ਜਿਉਣ ਦੇ ਕਾਬਿਲ ਸਮਰੱਥ ਕੀਤਾ ਹੈ। ਉਨ੍ਹਾਂ ਨੇ ਅਜਿਹੀਆਂ ਅਨੇਕਾਂ ਉਦਾਹਰਨਾਂ ਦਿੱਤੀਆਂ ਜਿਥੇ ਘਰਾਂ ਵਿਚ ਅੱਗਾਂ ਲੱਗਣ, ਰੋੜੇ ਵੱਜਣ ਆਦਿ ਦੇ ਭਰਮ ਪਾਲਦੇ ਲੋਕ ਮਨਾਂ ਦਾ ਡਰ ਦੂਰ ਕਰਨ ਵਿਚ ਸਫਲ ਹੋਏ ਤੇ ਉਨ੍ਹਾਂ ਦਾਅਵੇ ਨਾਲ ਕਿਹਾ ਕਿ ਅਜਿਹੀਆਂ ਘਟਨਾਵਾਂ ਪਿੱਛੇ ਕੋਈ ਵੀ ਗੈਬੀ ਸ਼ਕਤੀ, ਭੂਤ ਪ੍ਰੇਤ ਆਦਿ ਦਾ ਹੱਥ ਨਹੀਂ ਹੁੰਦਾ ਸਗੋਂ ਪਰਿਵਾਰ ਦੇ ਹੀ ਕਿਸੇ ਅਸੰਤੁਸ਼ਟ ਮੈਂਬਰ ਜਾਂ ਕਿਸੇ ਚਲਾਕ/ਸ਼ਰਾਰਤੀ ਅਨਸਰ ਦਾ ਹੱਥ ਹੁੰਦਾ ਹੈ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਜੇਕਰ ਕਿਤੇ ਵੀ ਅਜਿਹੀ ਘਟਨਾ ਵਾਪਰਦੀ ਹੈ ਤਾਂ ਜੋਤਿਸ਼ੀਆਂ, ਤਾਂਤਰਿਕਾਂ ਇਤਿਆਦਿਕ ਤੋਂ ਲੁੱਟ ਕਰਾਉਣ ਦੀ ਥਾਂ ਤਰਕਸ਼ੀਲ ਸੁਸਾਇਟੀ ਮੈਂਬਰਾਂ ਨਾਲ ਸੰਪਰਕ ਕੀਤਾ ਜਾਵੇ। ਉਨ੍ਹਾਂ ਨੇ ਹਿਪਨੋਟਿਜ਼ਮ ਬਾਰੇ ਵੀ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ। ਸੁਸਾਇਟੀ ਵੱਲੋਂ ਦੋਹਾਂ ਮਹਿਮਾਨਾਂ ਨੂੰ ਸਨਮਾਨ ਪੱਤਰ ਦੇਕੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਹੀ ਪ੍ਰਸਿੱਧ ਰੇਡੀਓ ਤੇ ਟੀ ਵੀ ਹੋਸਟ ਕੁਲਦੀਪ ਸਿੰਘ ਹੋਰਾਂ ਵੱਲੋਂ ਸੁਸਾਇਟੀ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਐਲਾਨ ਕੀਤਾ ਗਿਆ ਕਿ ਸੁਸਾਇਟੀ ਦੇ ਇੱਕ ਲੱਖ ਡਾਲਰ ਦੇ ਇਨਾਮ ਵਿੱਚ ਵਾਧਾ ਕਰਕੇ ਭਾਰਤੀ ਕਰੰਸੀ ਅਨੁਸਾਰ ਸਵਾ ਕਰੋੜ ਰੁਪਏ ਤੱਕ ਕਰਨ ਲਈ ਬਾਕੀ ਰਾਸ਼ੀ ਆਪਣੇ ਕੋਲੋਂ ਦੇਣਗੇ। ਇਸਤੋਂ ਬਾਅਦ ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਬੀਸੀ ਕੈਨੇਡਾ ਦੇ ਬੁਲਾਰੇ ਵਜੋਂ ਪਰਮਿੰਦਰ ਸਵੈਚ ਨੇ ਅਵਤਾਰ ਬਾਈ ਜੀ ਦੀ ਤਰਕਸ਼ੀਲ ਲਹਿਰ ਲਈ ਜੀਵਨ ਘਾਲਣਾ 'ਤੇ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਬੀਸੀ ਕੈਨੇਡਾ ਦੇ ਸਾਰੇ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਜੀਵਨ ਭਰ ਤਰਕਸ਼ੀਲ ਲਹਿਰ ਵਿਚ ਪਾ ਏ ਯੋਗਦਾਨ ਲਈ ਸਨਮਾਨ ਪੱਤਰ ਦੇਕੇ ਸਨਮਾਨਿਤ ਕੀਤਾ ਗਿਆ। ਅੰਤ ਵਿਚ ਅਵਤਾਰ ਬਾਈ ਜੀ ਨੇ ਇਸ ਲਹਿਰ ਨਾਲ ਜੁੜਨ ਤੋਂ ਲੈ ਕੇ ਅੱਜ ਤੱਕ ਆਪਣੇ ਤਜਰਬੇ ਸਾਂਝੇ ਕਰਦਿਆਂ ਆਏ ਹੋਏ ਲੋਕਾਂ ਅਤੇ ਸਹਿਯੋਗੀ ਸੰਸਥਾਵਾਂ/ਵਿਅਕਤੀਆਂ ਦਾ ਧੰਨਵਾਦ ਕਰਦਿਆਂ ਲਹਿਰ ਨੂੰ ਮਜ਼ਬੂਤ ਕਰਨ ਲਈ ਯੋਗਦਾਨ ਪਾਉਂਦੇ ਰਹਿਣ ਦੀ ਅਪੀਲ ਕੀਤੀ ਅਤੇ ਪ੍ਰੋਗਰਾਮ ਦੀ ਸਮਾਪਤੀ ਦਾ ਐਲਾਨ ਕੀਤਾ।

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਤੇ ਪੰਜਾਬੀ ਹੈਰੀਟੇਜ ਥੀਏਟਰ ਸੁਸਾਇਟੀ ਐਡਮਿੰਟਨ ਦੇ ਸਹਿਯੋਗ ਨਾਲ 'ਪਰਿੰਦੇ ਭਟਕ ਗਏ' ਨਾਟਕ ਦੀ ਪੇਸ਼ਕਸ਼





ਅੱਜ 'ਪਰਿੰਦੇ ਭਟਕ ਗਏ' ਜੋ ਕਿ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਤੇ ਪੰਜਾਬੀ ਹੈਰੀਟੇਜ ਥੀਏਟਰ ਸੁਸਾਇਟੀ ਐਡਮਿੰਟਨ ਦੇ ਸਹਿਯੋਗ ਨਾਲ ਪੇਸ਼ ਕੀਤਾ ਗਿਆ, ਇਹ ਨਾਟਕ ਹਰਕੇਸ਼ ਚੌਧਰੀ ਵਲੋਂ ਲਿਖਿਆ ਤੇ ਡਾਇਰੈਕਟ ਕੀਤਾ ਗਿਆ ਸੀ, ਵੇਖਣ ਦਾ ਮੌਕਾ ਮਿਲਿਆ! ਇਹ ਨਾਟਕ ਪੰਜਾਬ ਦੇ ਨਸ਼ਿਆਂ ਦੇ ਅੱਜ ਦੇ ਹਾਲਾਤਾਂ ਦੀ ਗੱਲ ਕਰਦਾ ਸੀ! ਹਰ ਇੱਕ ਅਦਾਕਾਰ ਨੇ ਬਹੁਤ ਖ਼ੂਬ ਅਦਾਕਾਰੀ ਕੀਤੀ ਲਗਦਾ ਸੀ ਜਿਵੇਂ ਸੱਚੀ ਮੁੱਚੀ ਇਹ ਵਰਤਾਰਾ ਵਾਪਰ ਰਿਹਾ ਹੋਵੇ! ਬਹੁਤ ਸਾਰੇ ਦ੍ਰਿਸ਼ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਤੇ ਮਨ ਨੂੰ ਝੰਜੋੜਨ ਵਾਲੇ ਸਨ। ਅੱਖਾਂ 'ਚੋਂ ਹੰਝੂ ਲਗਾਤਾਰ ਵਹਿੰਦੇ ਰਹੇ! ਸਾਰੀ ਟੀਮ ਨੂੰ ਮੁਬਾਰਕਬਾਦ!



Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS,
Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਅਸੀਂ ਬਹੁਤ ਬੁਰੀ ਤਰ੍ਹਾਂ ਵਿਅਕਤੀਵਾਦੀ ਨਾਇਕਤਵ ਦਾ ਸ਼ਿਕਾਰ ਹਾਂ..



ਕੁਲਦੀਪ ਸਿੰਘ ਦੀਪ (ਡਾ.)
ਦੀਪ ਦੁਨੀਆ
9876820600





ਮੱਧਕਾਲ ਤਕ ਦਾ ਭਾਰਤੀ ਸਮਾਜ ਬਹੁਤ ਹੱਦ ਤਕ ਵਿਅਕਤੀਵਾਦੀ ਨਾਇਕਤਵ (individual heroism) ਤੇ ਆਧਾਰਿਤ ਹੈ। ਇਹ ਵਿਅਕਤੀਵਾਦੀ ਨਾਇਕਤਵ ਤਿੰਨ ਪ੍ਰਕਾਰ ਦਾ ਹੈ:

1. ਕਈ ਵਾਰ ਇਹ ਸਿਰਫ਼ ਇਕ ਬੰਦੇ ਦੀ ਹੀਰੋਸ਼ਿਪ ਦੇ ਮਾਡਲ ਤੇ ਆਧਾਰਿਤ ਹੁੰਦਾ ਹੈ, ਜਿਵੇਂ ਜਿਉਣਾ ਮੌੜ, ਸੁੱਚਾ ਸੂਰਮਾ ਆਦਿ।

2. ਕਈ ਵਾਰ ਇਹ ਲੋਕਾਂ ਦ ਇਕ ਵਿਸ਼ਾਲ ਵਰਗ ਨੂੰ ਨਾਲ ਲੈ ਸਮੂਹਕ ਸੰਘਰਸ਼ ਅਤੇ ਚੇਤਨਾ ਦਾ ਮਾਡਲ ਬਣ ਜਾਂਦਾ ਹੈ।

3. ਕਈ ਵਾਰ ਨਿਰੋਲ ਅਣਖ ਅਤੇ ਹੈਂਕੜ ਦਾ ਧਾਰਨੀ ਬਣ ਜਾਂਦਾ ਹੈ।

ਜੇਕਰ ਤੀਜੀ ਕਿਸਮ ਨੂੰ ਫਿਲਹਾਲ ਛੱਡ ਦਈਏ ਤਾਂ ਪਹਿਲੇ ਦੋਵੇਂ ਕਿਸਮ ਦੇ ਵਿਅਕਤੀਵਾਦੀ ਨਾਇਕਤਵ (individual heroism) ਦਾ ਮੂਲ ਆਧਾਰ ਕਿਸੇ ਵੀ ਪ੍ਰਕਾਰ ਦੀ ਤਬਦੀਲੀ ਲਈ ਇਕ ਵਿਅਕਤੀ ਤੇ ਟੇਕ ਰੱਖਣਾ ਹੁੰਦਾ ਹੈ। ਇਸ ਦੇ ਮੁਤਾਬਕ:

ਸਾਡੇ ਸਮਾਜ ਵਿਚ ਜਹਾਲਤ ਹੈ, ਦੁੱਖ ਹੈ, ਪੀੜਾ ਹੈ, ਜ਼ੁਲਮ ਹੈ, ਦਮਨ ਹੈ...ਇਹ ਵਧਦਾ ਜਾਏਗਾ..ਜਦ ਵਧਦਾ ਜਾਏਗਾ ਤਾਂ ਕੋਈ ਹੀਰੋ ਆਏਗਾ ਤੇ ਤੁਹਾਡੇ ਦੇਖਦੇ ਦੇਖਦੇ ਸਾਰੇ ਖਲਨਾਇਕਤਵ ਨੂੰ ਭਸਮ ਕਰ ਦਏਗਾ ਤੇ ਤੁਸੀਂ ਆਰਾਮ ਨਾਲ ਸੋਹਣੀ ਸੁਖਾਵੀ ਜ਼ਿੰਦਗੀ ਜਿਉਂਦੇ ਰਹੋਗੇ। ਸਾਡੀ ਹਰ ਫਿਲਮ ਵਿਚ ਇੰਝ ਹੀ ਹੁੰਦਾ ਹੈ.. ਸਾਡੇ ਮੱਧਕਾਲ ਦਾ ਇਤਿਹਾਸ ਵੀ ਅਜਿਹੇ ਨਾਇਕਤਵ ਨਾਲ ਭਰਿਆ ਪਿਆ ਹੈ। ਬਹੁਤ ਉਘੱੜਵੇਂ ਰੂਪ ਵਿਚ ਭਗਤੀ ਲਹਿਰ ਇਕ ਅਜਿਹੀ ਲਹਿਰ ਸੀ, ਜਿਸ ਦਾ ਬੁਨਿਆਦੀ ਖਾਸਾ ਤਾਂ ਭਾਵੇਂ ਅਧਿਆਤਮਕ ਸੀ, ਪਰ ਉਸ ਨੇ ਜ਼ਮੀਨੀ ਹਕੀਕਤਾਂ ਨੂੰ ਸਮਝਦਿਆਂ ਧਰਮ ਦੇ ਅੰਦਰ ਪਲਦੇ 'ਅਧਰਮ' ਅਤੇ ਸੱਤਾ ਦੇ ਅੰਦਰ ਪਲਦੇ 'ਜ਼ੁਲਮ ਅਤੇ ਪੱਖਪਾਤ' ਨੂੰ ਵੰਗਾਰਿਆ ਅਤੇ ਮਨੁੱਖ ਨੂੰ ਉਸ ਦੇ ਯਥਾਰਥ ਦੇ ਨੇੜੇ ਲਿਆਉਣ ਦੀ ਕੋਸ਼ਿਸ਼ ਕੀਤੀ। ਭਗਤ ਕਬੀਰ, ਭਗਤ ਰਵਿਦਾਸ ਅਤੇ ਗੁਰੂ ਨਾਨਕ ਦੇਵ ਇਸ ਵਿਅਕਤੀਵਾਦੀ ਨਾਇਕਤਵ (individual heroism) ਨੂੰ ਸਮੂਹਕ ਤੇ ਸੰਗਠਿਤ ਨਾਇਕਤਵ (Collective responsibility) ਵੱਲ ਲੈ ਕੇ ਜਾਣ ਵਾਲੇ ਹਸਤਾਖ਼ਰ ਸਨ। ਬੇਗਮਪੁਰਾ ਦਾ ਸੰਕਲਪ ਸਮੁੱਚੀਆਂ ਦਮਿਤ ਸ਼੍ਰੇਣੀਆਂ ਵੱਲੋਂ ਲੜੇ ਜਾਣ ਵਾਲੇ ਸਾਂਝੇ ਯੁੱਧ ਤੋਂ ਪ੍ਰਾਪਤ ਹੋਣ ਵਾਲੇ ਬਰਾਬਰੀ ਵਾਲੇ ਸਮਾਜ ਦਾ ਭਵਿੱਖੀ ਮਾਡਲ ਸੀ। ਇਸੇ ਤਰ੍ਹਾਂ ਗੁਰੂਨਾਨਕ ਸਾਹਿਬ ਦਾ ਸਰਬਤ ਭਲੇ ਦਾ ਮਾਡਲ ਭਾਈ ਲਾਲੋ ਨੂੰ ਸਵੀਕਾਰਨ ਅਤੇ ਪ੍ਰੇਰਨ ਤੇ 'ਨੀਚਾ ਅੰਦਰ ਨੀਚ ਜਾਤ' ਨੂੰ ਚੇਤੰਨ ਕਰਕੇ ਉੱਚਾ ਚੁੱਕਣ ਦੇ ਸਿਧਾਂਤ ਵਿੱਚੋਂ ਨਿਕਲਦਾ ਹੈ, ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਇਸ 'ਦਲਿਤ-ਦਮਿਤ' ਧਰਾਤਲ ਤੋਂ ਪੰਜ ਪਿਆਰੇ ਅਤੇ ਖਾਲਸਾ ਪੰਥ ਸਾਜ ਕੇ ਸਮੂਹਕ ਸੰਘਰਸ਼ ਅਤੇ ਸਮੂਹਕ ਇਨਕਲਾਬ ਵੱਲ ਤੁਰਨ ਦਾ ਰਾਹ ਦਿੱਤਾ। ਪਰ ਹੌਲੀ ਹੌਲੀ ਅਸੀਂ ਇਸ ਗੰਭੀਰ ਚਿੰਤਨ, ਸਮੂਹਕਤਾ ਤੇ ਸੰਘਰਸ਼ ਦੇ ਮਾਡਲ ਨੂੰ ਖੋਰਾ ਲਾਇਆ ਅਤੇ ਇਸ ਵਿੱਚੋਂ ਫੇਰ ਵਿਅਕਤੀਵਾਦੀ ਨਾਇਕਤਵ (individual heroism) ਵੱਲ ਤੁਰ ਪਏ। ਇਹ ਨਹੀਂ ਕਿ ਉਸ ਤੋਂ ਬਾਅਦ ਸਾਡੇ ਕੋਲ ਨਾਇਕ ਨਹੀਂ ਰਹੇ। ਨਾਇਕ ਰਹੇ, ਪਰ ਜੋ ਚੇਤਨਾ ਭਗਤੀ ਲਹਿਰ ਅਤੇ ਪੰਜਾਬ ਵਿਚ ਗੁਰੂ ਨਾਨਕ ਸਾਹਿਬ ਨੇ 'ਦਲਿਤ-ਦਮਿਤ' ਲੋਕਾਂ ਨੂੰ ਉਭਾਰ ਕੇ, ਪ੍ਰੇਰਕੇ ਅਤੇ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਰਾਹੀਂ ਸੰਘਰਸ਼ ਤੇ ਕਰਾਂਤੀ ਦੇ ਰਾਹ ਤੋਰ ਕੇ ਸ਼ੁਰੂ ਕੀਤੀ ਸੀ, ਉਹ ਸਾਡੇ ਕੋਲੋਂ ਖੁੰਝਦੀ ਗਈ। ਇੱਥੇ ਮੇਰਾ ਇਰਾਦਾ ਕਿਸੇ ਵੀ ਇਕ ਨਾਇਕ ਨੂੰ ਛੁਟਿਆਉਣਾ ਜਾਂ ਵਡਿਆਉਣਾ ਨਹੀਂ, ਬਲਕਿ ਇਹ ਬਹੁਤ ਮਹੀਨ ਤੰਦ ਦੀ ਤਲਾਸ਼ ਕਰਨਾ ਹੈ ਕਿ ਅਸੀਂ ਖੁੰਝ ਕਿੱਥੇ ਗਏ।

ਮੱਧਕਾਲ ਤੋਂ ਆਧੁਨਿਕ ਦੌਰ ਵਿਚ ਪਹੁੰਚਦਿਆਂ ਅਜ਼ਾਦੀ ਦੀ ਲੜਾਈ ਵਿਚ ਫੇਰ ਕੁਝ ਅਜਿਹੀਆਂ ਕੋਸ਼ਿਸ਼ਾਂ ਹੋਈਆਂ ਜਿਸ ਨਾਲ ਸਮੂਹਕ ਸੰਘਰਸ਼ ਅਤੇ ਸਮੂਹਕ ਇਨਕਲਾਬ ਦੀ ਪਰੰਪਰਾ ਪੁਨਰਸੁਰਜੀਤ ਹੋ ਸਕੇ। ਗਦਰ ਲਹਿਰ, ਪਗੜੀ ਸੰਭਾਲ ਜੱਟਾ ਲਹਿਰ, ਕੂਕਾ ਲਹਿਰ, ਭਾਰਤ ਨੌਜਵਾਨ ਸਭਾ ਆਦਿ ਸੰਸਥਾਵਾਂ ਵਿਚ ਵੀ ਬੜੇ ਵੱਡੇ ਨਾਇਕ ਰਹੇ ਹਨ, ਪਰ ਇਹਨਾਂ ਨਾਇਕਾਂ ਨੇ ਆਪਣੇ ਸਾਥੀਆਂ ਨੂੰ ਬਰਾਬਰ ਰੱਖ ਕੇ ਜਿਉਣ ਦਾ ਇਕ ਪੂਰਾ ਫ਼ਲਸਫ਼ਾ ਦਿੱਤਾ ਨਾ ਕਿ ਸਿਰਫ਼ ਤਲਵਾਰ ਜਾਂ ਬੰਦੂਕ ਚੁੱਕ ਕੇ ਲੜਨਾ ਸਿਖਾਇਆ।

ਇਸੇ ਵੇਲੇ ਦੁਨੀਆਂ ਵਿਚ ਲਗਭਗ ਬਹੁਤ ਸਾਰੇ ਦੇਸ਼ਾਂ ਵਿਚ ਜਮਹੂਰੀ ਪ੍ਰਬੰਧ ਕਾਰਜਸ਼ੀਲ ਹਨ, ਉਹ ਕਿੰਨੇ ਕੁ ਆਦਰਸ਼ਕ ਹਨ, ਕਿੰਨੁ ਕੁ ਕਮਜ਼ੋਰ ਹਨ, ਇਹ ਅੱਲਗ ਮਸਲਾ ਹੈ, ਪਰ ਜਮਹੂਰੀ ਜੀਵਨ ਜਾਚ ਅੱਜ ਦੇ ਸਮੇਂ ਦੀ ਮੁੱਖਧਾਰਾ ਹੈ ਅਤੇ ਜੀਵਨ ਸ਼ੈਲੀ ਹੈ, ਅਸੀਂ ਦੇਸ਼ ਤੋਂ ਲੈ ਕੇ ਘਰ ਤਕ ਜ਼ਮਹੂਰੀ ਪ੍ਰਬੰਧ ਸਿਰਜਣ ਵੱਲ ਵਧ ਰਹੇ ਹਾਂ। ਵਿਅਕਤੀਵਾਦੀ ਨਾਇਕਤਵ (individual heroism) ਅੱਜ ਦੇ ਦੌਰ ਦੀ ਜੀਵਨ ਸ਼ੈਲੀ ਨਹੀਂ ਰਹੀ। ਘਰ ਦੇ ਵਿਚ ਵੀ ਹਰ ਜੀਅ ਚਾਹੁੰਦਾ ਹੈ ਕਿ ਸਭ ਦੀ ਬਰਾਬਰ ਪੁੱਛਗਿੱਛ ਹੋਵੇ ਤੇ ਸਾਰੇ ਫੈਸਲੇ ਸਾਰਿਆਂ ਦੀ ਸਹਿਮਤੀ ਨਾਲ ਲੈ ਲਏ ਜਾਣ। 'ਬਾਪੂ ਦੇ ਖੂੰਡੇ ਵਾਲਾ' ਵਿਅਕਤੀਵਾਦੀ ਨਾਇਕਤਵ (individual heroism) ਹੁਣ ਬੀਤੇ ਦੀ ਬਾਤ ਹੋ ਚੁੱਕਿਆ ਹੈ। ਪਰ ਬਦਕਿਸਮਤੀ ਇਹ ਹੈ ਕਿ ਜਿਹੜੀਆਂ ਕੌਮਾਂ ਨੂੰ ਮੱਧਕਾਲ ਵਿਚ ਵੱਧ ਲੜਨਾ ਪਿਆ, ਵੱਧ ਚੁਣੌਤੀਆਂ ਆਈਆਂ, ਉੱਥੇ ਵਿਅਕਤੀਵਾਦੀ ਨਾਇਕਤਵ (individual heroism) ਬਹੁਤ ਜ਼ਿਆਦਾ ਉਸਰਦਾ ਹੈ ਤੇ ਉਹਨਾਂ ਕੌਮਾਂ ਦੇ ਮਨਾਂ ਵਿਚੋਂ ਇਹ ਛੇਤੀ ਕਿਤੇ ਨਿਕਲਦਾ ਵੀ ਨਹੀਂ। ਪੰਜਾਬ ਵਿਚ ਸਾਰੇ ਤਾਕਤਵਰ ਸੋਮੇ ਤੇ ਖੁਸ਼ਹਾਲ ਸੂਬਾ ਹੋਣ ਦੇ ਬਾਵਜੂਦ ਜੇ ਅਸੀਂ ਲਗਾਤਾਰ ਪਛੜ ਰਹੇ ਹਾਂ ਅਤੇ ਬਰਬਾਦ ਹੋ ਰਹੇ ਹਾਂ ਇਸ ਦਾ ਕਾਰਨ ਸਮੂਹਕ ਸਮਝ ਅਤੇ ਐਕਸ਼ਨ (collective understanding and action) ਦੀ ਥਾਂ ਵਿਅਕਤੀਵਾਦੀ ਨਾਇਕਤਵ (individual heroism) ਦਾ ਸਾਡੇ ਮਨਾਂ ਵਿਚ ਵੜੇ ਰਹਿਣਾ ਹੈ ਅਤੇ ਹਰ ਜ਼ੁਰਮ (ਪਤਾ ਨਹੀਂ ਉਹ ਜ਼ੁਰਮ ਹੁੰਦਾ ਵੀ ਹੈ ਕਿ ਨਹੀਂ) ਦੀ ਸਜ਼ਾ ਕਿਸੇ ਸਿਸਟਮ/ਸੰਸਥਾ ਰਾਹੀਂ ਨਾ ਕਰਕੇ ਖੁਦ ਸਜ਼ਾ ਦੇਣਾ ਹੈ ਅਤੇ ਸਿਰਫ਼ ਸਜ਼ਾ ਦੇਣਾ ਹੈ। ਤੁਹਾਨੂੰ ਸੜਕ ਤੇ ਤੁਰਿਆ ਜਾਂਦਾ ਬੰਦਾ ਵੀ ਅੱਖਾਂ ਦਿਖਾ ਕੇ ਜਾਂਦਾ ਹੈ, ਕਿਉਂਕਿ ਤੁਸੀਂ ਵਿਚਾਰੇ ਨੂੰ ਇਕ ਦੋ ਸਕਿੰਟ ਰਾਹ ਨਹੀਂ ਦਿੱਤਾ ਹੋਣਾ। ਅਸੀਂ ਕਿਸੇ ਵੀ ਪ੍ਰਕਾਰ ਦੀ ਬਦਤਮੀਜ਼ੀ ਜਾਂ ਅਵੱਗਿਆ ਲਈ ਸਿਸਟਮ ਕੋਲ ਨਹੀਂ ਜਾਵਾਂਗੇ, ਜੇ ਸਿਸਟਮ ਠੀਕ ਨਹੀਂ ਤਾਂ ਉਸ ਨੂੰ ਠੀਕ ਕਰਨ ਦੀ ਕੋਸ਼ਿਸ਼ ਨਹੀਂ ਕਰਾਂਗੇ, ਵਿਅਕਤੀਵਾਦੀ ਨਾਇਕਤਵ (individual heroism) ਰਾਹੀਂ ਆਪ ਹੀ ਉਸ ਦਾ ਹੱਲ ਕੱਢਣ ਵੱਲ ਤੁਰਾਂਗੇ ਤੇ 'ਹੋ ਜੂ ਹੁਣੇ ਨਿਬੇੜਾ-ਕੁੰਡੀਆਂ ਦੇ ਸਿੰਗ ਫਸਗੇ' ਵਾਲੀ ਰਣਨੀਤੀ ਤੇ ਚੱਲਾਂਗੇ। ਕੋਈ ਸਿਸਟਮ ਬਣਾਉਣ ਲਈ ਚਾਰ ਬੰਦੇ ਇੱਕਠੇ ਕਰਨੇ ਪੈਣਗੇ, ਕੋਈ ਠੋਸ ਚਿੰਤਨ ਦੇਣਾ ਪਏਗਾ, ਪਲਾਨਿੰਗ ਕਰਨੀ ਪਏਗੀ, ਸਮਾਂ ਕੱਢਣਾ ਪਏਗਾ..ਸੰਘਰਸ਼ ਕਰਨਾ ਪਏਗਾ ਅਤੇ ਸਾਲਾਂ ਅਤੇ ਦਹਾਕਿਆਂ ਤਕ ਲੜਾਈ ਲੜਨੀ ਵੀ ਪੈ ਸਕਦੀ ਹੈ। ਜਦੋਂ 'ਹੋ ਜੂ ਹੁਣੇ ਨਿਬੇੜਾ' ਵਾਲੀ ਮਾਨਸਿਕਤਾ ਹੋਵੇ ਤਾਂ ਏਨਾ ਕੁਝ ਕਰਨ ਦੀ ਜ਼ਹਿਮਤ ਕੌਣ ਉਠਾਵੇ।

ਅੱਜ ਦੇ ਦੌਰ ਵਿਚ ਕਿਸਾਨ ਸੰਘਰਸ਼ ਨੇ ਕਾਫੀ ਹੱਦ ਤੀਕ ਇਸ ਧਾਰਨਾ ਨੂੰ ਤੋੜਿਆ ਹੈ। ਮੈਂ ਉਹਨਾਂ ਦਿਨਾਂ ਵਿਚ ਹੀ ਕਿਹਾ ਸੀ ਕਿ ਇਹ ਰਾਤੋ ਰਾਤ ਪੈਦਾ ਹੋਇਆ ਸੰਘਰਸ਼ ਨਹੀਂ ਹੈ, ਬਲਕਿ ਕਿਸਾਨ ਜਥੇਬੰਦੀਆਂ ਦੀ ਦਹਾਕਿਆਂ ਤੋਂ ਕੀਤੀ ਮਿਹਨਤ ਤੇ ਲਾਮਬੰਦੀ ਦਾ ਸਿੱਟਾ ਹੈ ਅਤੇ ਤਿੰਨ ਕਾਲੇ ਕਾਨੂੰਨਾਂ ਨੇ ਇਸ ਨੂੰ ਵਿਸਫੋਟਕ ਬਿੰਦੂ ਤੇ ਪਹੁੰਚਾਇਆ ਹੈ। ਇਸ ਵਿਚ ਵਿਅਕਤੀਵਾਦੀ ਨਾਇਕਤਵ (individual heroism) ਬਹੁਤ ਘੱਟ ਸੀ। 300 ਦੇ ਕਰੀਬ ਜਥੇਬੰਦੀਆਂ ਦੇ 30-40 ਦੇ ਕਰੀਬ ਨਾਮਜ਼ਦ ਆਗੂ ਸਨ ਜੋ ਸਮੂਹਕ ਫੈਸਲੇ ਲੈਂਦੇ ਸਨ,.ਦਸ ਦਸ ਘੰਟੇ ਮੀਟਿੰਗਾਂ ਵਿਚ ਬਹਿਸ ਕਰਦੇ ਸਨ ਤਾਂ ਕੁਝ ਸਾਂਝੇ ਏਜੰਡੇ ਤੇ ਐਕਸ਼ਨ ਤੈਅ ਹੁੰਦੇ ਸਨ..ਇਸ ਵਿਚ ਕਿਤੇ ਵੀ ਹਥਿਆਰ ਨਹੀਂ ਸੀ, ਕਿਤੇ ਵੀ ਵਿਅਕਤੀਗਤ ਹਉਮੈ ਦਾ ਵੱਡਾ ਪਰਛਾਵਾਂ ਨਹੀਂ ਸੀ..ਕਿਤੇ ਵੀ 'ਹੋ ਜੂ ਹੁਣੇ ਨਿਬੇੜਾ'ਜਾਂ 'ਬੰਦਾ ਮਾਰ ਕੇ ਨਾਂ ਪੁੱਛਣ' ਦੀ ਕਾਹਲ ਨਹੀਂ ਸੀ। ਇਸੇ ਕਰਕੇ ਇਹ ਸੰਘਰਸ਼ ਦੁਨੀਆ ਦਾ ਮਿਸਾਲੀ ਸੰਘਰਸ਼ ਬਣ ਸਕਿਆ ਤੇ ਸਾਡੇ ਸਮਿਆਂ ਦਾ ਰੋਲ ਮਾਡਲ ਬਣ ਸਕਿਆ।

ਲੋੜ ਇਸ ਗੱਲ ਦੀ ਹੈ ਕਿ ਪੰਜਾਬ ਦੇ ਸਾਮ੍ਹਣੇ ਜੋ ਚੁਣੌਤੀਆਂ ਹਨ, ਉਹਨਾਂ ਦੀ ਪਛਾਣ ਅਤੇ ਉਹਨਾਂ ਦੇ ਹੱਲ ਲਈ ਡੂੰਘੇਰਾ ਚਿੰਤਨ ਅਤੇ ਉਸ ਚਿੰਤਨ ਵਿੱਚੋਂ ਜੂਝਣ ਵਾਲੇ ਲੋਕ ਅਤੇ ਉਹਨਾਂ ਲੋਕਾਂ ਦੀ ਸਮਾਜ ਤਕ ਪਹੁੰਚ ਅਤੇ ਵਚਨਬੱਧਤਾ ਚਿੰਤਨ ਦੇ ਸਿਰ ਤੇ ਲੜਨ ਦਾ ਮਾਦਾ ਹੋਵੇ। ਰਾਤੋ ਰਾਤ ਹੀਰੋ ਪੈਦਾ ਕਰਨੇ ਜਾਂ ਪੈਦਾ ਹੋਣ ਦਾ ਭਰਮ ਪਾਲਣਾ ਮ੍ਰਿਗਜਾਲ ਤੋਂ ਵੱਧ ਕੁਝ ਨਹੀਂ। ਦੀਪ ਸਿੱਧੂ ਅਤੇ ਹੁਣ ਸਿੱਧੂ ਮੂਸੇਵਾਲਾ ਸਾਡੇ ਇਸੇ ਵਿਅਕਤੀਵਾਦੀ ਨਾਇਕਤਵ (individual heroism) ਦੀ ਪੈਦਾਵਰ ਹਨ। ਮੈਂ ਇਹਨਾਂ ਦੀ ਐਨਰਜੀ ਤੋਂ ਇਨਕਾਰ ਨਹੀਂ ਕਰਦਾ, ਇਹਨਾਂ ਦੀ ਆਪਣੀ ਸੋਚ ਅਤੇ ਸਮਝ ਹੋ ਸਕਦੀ ਹੈ, ਇਹਨਾਂ ਨੂੰ ਵੀ ਆਪਣੀ ਗੱਲ ਕਰਨ ਤੇ ਕਹਿਣ ਦਾ ਅਧਿਕਾਰ ਹੈ..ਆਪਣਾ ਚਿੰਤਨ ਦੇਣ ਦਾ ਅਧਿਕਾਰ ਹੈ ਅਤੇ ਲੋਕਾਂ ਨੇ ਦੇਖਣਾ ਹੈ ਕਿ ਉਹ ਉਹਨਾਂ ਦੇ ਚਿੰਤਨ ਨੂੰ ਪੰਜਾਬ ਦਾ ਚਿੰਤਨ ਸਵੀਕਾਰ ਕਰਦੇ ਹਨ ਜਾਂ ਨਹੀਂ। ਇਹੀ ਜ਼ਮਹੂਰੀ ਸਿਧਾਂਤ ਹੈ।

ਕਲਾ, ਸਾਹਿਤ ਅਤੇ ਸੰਗੀਤ ਦੀ ਇਕ ਖਾਸ ਭੂਮਿਕਾ ਹੁੰਦੀ ਹੈ। ਕਲਾ ਦਾ ਇਕ ਸਮਾਜਿਕ ਧਰਮ ਹੁੰਦਾ ਹੈ ਅਤੇ ਇਕ ਕਲਾਤਮਕ ਸਲੀਕਾ ਹੁੰਦਾ ਹੈ। ਕਲਾ ਉਹੀ ਹੁੰਦੀ ਹੈ, ਜੋ ਗਭੀਰ ਤੋਂ ਗੰਭੀਰ ਅਤੇ ਵੱਡੀ ਤੋਂ ਵੱਡੀ ਗੱਲ ਨੂੰ ਕਲਾ ਦੇ ਸਲੀਕੇ ਰਾਹੀਂ ਕਹਿ ਸਕੇ। ਸਾਡੇ ਕੋਲ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਅਤੇ ਸੂਫੀ ਕਾਵਿ ਅਤੇ ਕਿਸਾ ਕਾਵਿ ਵਰਗੀਆਂ ਬਾਕੀ ਕਾਵਿ ਪਰੰਪਰਾਵਾਂ ਤੱਕ ਸਿੰਗਾਰ, ਕਰੁਣਾ, ਬੀਰ ਅਤੇ ਰੌਦਰ ਭਾਵਾਂ ਨੂੰ ਵੀ ਇਕ ਖਾਸ ਕਲਾਤਮਕ ਸਲੀਕੇ ਵਿਚ ਕਹਿਣ ਦਾ ਸ਼ਾਨਦਾਰ ਮਾਡਲ ਹੈ, ਪਰ ਕੀ ਵਰਤਮਾਨ ਕਲਾਕਾਰ ਤੇ ਗਾਇਕ ਕਲਾਵਾਂ ਦੇ ਇਸ ਸਮਾਜਿਕ ਧਰਮ, ਜ਼ਿੰਮੇਵਾਰੀ ਤੇ ਮਰਿਆਦਾ ਨੂੰ ਨਿਭਾ ਰਹੇ ਹਨ? ਕਲਾ ਦਾ ਪ੍ਰਭਾਵ ਵੀ ਇਕ ਖਾਸ ਸੀਮਾ ਤਕ ਹੁੰਦਾ ਹੈ। ਇਹ ਸਮਾਜ ਨੂੰ ਕੁਝ ਖਾਸ ਏਜੰਡਿਆਂ ਲਈ ਤਿਆਰ ਤਾਂ ਕਰਦੀ ਹੈ, ਪ੍ਰੇਰਦੀ ਹੈ, ਪਰ ਕਲਾ ਮੂਹਰੇ ਹੋ ਕੇ ਮੈਦਾਨ ਵਿਚ ਲੜਦੀ ਨਹੀਂ..ਲੜਨ ਵਾਲੇ ਲੋਕ ਜਥੇਬੰਦੀਆਂ ਖੜ੍ਹੀਆਂ ਕਰਦੇ ਹਨ, ਚਿੰਤਨ ਕਰਦੇ ਹਨ, ਭਵਿੱਖ ਦਾ ਮਾਡਲ ਪੇਸ਼ ਕਰਦੇ ਹਨ, ਲੋਕ ਰਾਇ ਨੂੰ ਆਪਣੇ ਹੱਕ ਵਿਚ ਕਰਦੇ ਹਨ..ਦਰ-ਦਰ ਤੇ ਘਰ-ਘਰ ਆਪਣਾ ਸਿਧਾਂਤ ਲੈ ਜਾਂਦੇ ਹਨ..ਦਹਾਕਿਆਂ ਅਤੇ ਸਦੀਆਂ ਤਕ ਜੂਝਦੇ ਹਨ, ਫਿਰ ਕਿਤੇ ਤਬਦੀਲੀਆਂ ਦੇ ਰਾਹ ਪੱਧਰੇ ਹੁੰਦੇ ਹਨ।

ਅਸੀਂ ਭਰਮ ਦਾ ਸਿਕਾਰ ਕਿੱਥੇ ਹਾਂ..ਅਸੀਂ ਹਰ ਇਕੱਠ ਨੂੰ ਪੰਜਾਬ ਦੀ ਮੁਕਤੀ ਲਈ ਲੜੀ ਜਾਣ ਵਾਲੀ ਲੜਾਈ ਦੇ ਯੋਧਿਆਂ ਦੇ ਇੱਕਠ ਰੂਪ ਵਿਚ ਚਿਤਵਣ ਲੱਗ ਜਾਂਦੇ ਹਾਂ। ਦੀਪ ਸਿੱਧੂ ਦੀ ਆਪਣੀ ਫੈਨ ਮੇਲ ਸੀ, ਸਿੱਧੂ ਮੂਸੇਵਾਲਾ ਦੀ ਆਪਣੀ ਫੈਨ ਮੇਲ ਹੈ, ਪਰ ਇਹ ਵੱਡੇ ਇਕੱਠ ਕੋਈ ਪੰਜਾਬ ਦੀ ਮੁਕਤੀ ਲਈ ਲੜਨ ਵਾਲੇ ਯੋਧੇ ਨਹੀਂ ਹਨ ਬਲਕਿ ਕਿਸੇ ਹੋਰ ਰੂਪ ਵਿਚ ਇਹਨਾਂ ਦੇ ਇਮੋਸ਼ਨਲ ਸੁਪੋਰਟਰ ਸਨ। ਇਹ ਠੀਕ ਹਨ ਜਾਂ ਗ਼ਲਤ ਹਨ, ਇਸ ਤੇ ਵੀ ਚਰਚਾ ਹੋ ਸਕਦੀ ਹੈ, ਪਰ ਇਸ ਤਰ੍ਹਾਂ ਦੇ ਇਕੱਠ ਅੱਜ ਦੇ ਗੁੰਝਲਦਾਰ ਮਸਲਿਆਂ ਦੇ ਦੌਰ ਵਿਚ ਪੰਜਾਬ ਦੀ ਮੁਕਤੀ ਦੀ ਲੜਾਈ ਲੜ ਲੈਣਗੇ ਤੇ ਇਸ ਤਰ੍ਹਾਂ ਅੱਜ ਦਾ ਪੰਜਾਬ ਕਿਸੇ ਨੂੰ ਵੀ ਰਾਤੋ ਰਾਤ ਨਾਇਕ ਦੇ ਤੌਰ ਤੇ ਉਭਾਰ ਕੇ ਵਿਕਸਿਤ ਹੋ ਜਾਏਗਾ, ਇਹ ਸੋਚਣਾ ਸੋਚ ਦਾ ਦੀਵਾਲੀਆਪਣ ਹੈ।

ਸਿੱਧੂ ਮੂਸੇਵਾਲਾ ਕੋਈ ਸਿਆਸੀ ਵਰਕਰ ਨਹੀਂ ਸੀ, ਉਹ ਆਪਣੀਆਂ ਗਿਣਤੀਆਂ ਮਿਣਤੀਆਂ ਵਿੱਚੋਂ ਹੀ ਸਿਆਸਤ ਵਿਚ ਆਇਆ ਸੀ ਅਤੇ ਉਸ ਦੇ ਜ਼ਿੰਦਗੀ ਨੂੰ ਸਮਝਣ ਦੇ ਆਪਣੇ ਹੀ ਮਾਪਦੰਡ ਸਨ, ਜੋ ਅੱਜ ਦੇ ਪੰਜਾਬ ਦੇ ਮਾਪਦੰਡ ਹੋ ਸਕਦੇ ਹਨ ਜਾਂ ਨਹੀਂ, ਇਹ ਲੰਮੀ ਬਹਿਸ ਦਾ ਵਿਸ਼ਾ ਹੈ, ਪਰ ਉਸ ਦੇ ਉਹ ਕਰੋੜਾਂ ਸਮਰਥਕ ਵੀ ਉਸ ਨੂੰ ਉਸ ਦੌਰ ਵਿਚ ਜਿਤਾਉਣ ਦੇ ਸਮਰਥ ਨਹੀਂ ਹੋ ਸਕੇ ਅਤੇ ਨਾ ਹੀ ਇਹ ਹੋਣਾ ਸੀ। ਕਿਉਂਕਿ ਸਿਆਸੀ ਏਜੰਡੇ ਤੇ ਸਿਆਸੀ ਰਾਹ ਹੋਰ ਹੁੰਦੇ ਹਨ, ਗੀਤਾਂ ਦਾ ਫੈਨ ਹੋਣਾ ਹੋਰ ਹੁੰਦਾ ਹੈ। ਇਹੀ ਭਰਮ ਸਿੱਧੂ ਮੂਸੇਵਾਲਾ ਨੂੰ ਰਿਹਾ ਤੇ ਇਹੀ ਉਸ ਦੀ ਮੌਤ ਤੋਂ ਬਾਅਦ ਹੁਣ ਸਾਨੂੰ ਹੈ।

ਕਿਸੇ ਹੋਰ ਏਜੰਡੇ ਤੇ ਜੁੜੇ ਲੋਕਾਂ ਨੂੰ ਕਿਸੇ ਹੋਰ ਏਜੰਡੇ ਲਈ ਵਰਤਣ ਦਾ ਸੁਪਨਾ ਲੈਣ ਵਾਲਾ ਸਮਾਜ ਕਦੇ ਕਾਮਯਾਬ ਨਹੀਂ ਹੁੰਦਾ। ਇਹੀ ਵਿਅਕਤੀਵਾਦੀ ਨਾਇਕਤਵ (individual heroism) ਦਾ ਸਭ ਤੋਂ ਖ਼ਤਰਨਾਕ ਰੂਪ ਹੈ ਕਿ ਕੋਈ ਆਏਗਾ ਅਤੇ ਆਪਣੇ ਹਜ਼ੂਮ ਨਾਲ ਸਾਰਾ ਕੁਝ ਰਾਤੋ ਬਦਲ ਦੇਵੇਗਾ..ਅਸੀਂ ਉਸ ਦੇ ਸੋਹਿਲੇ ਗਾਵਾਂਗੇ ਤੇ ਸਮਾਜ ਰਾਤੋ ਰਾਤ ਆਦਰਸ਼ਕ ਹੋ ਜਾਏਗਾ।

ਅਸਲ ਵਿਚ ਤਾਂ ਅਸੀਂ ਸਾਰੇ ਆਪਣੇ ਹਿੱਸੇ ਦਾ ਯੁੱਧ ਲੜਨਾ ਭੁੱਲ ਗਏ ਹਾਂ ਜਾਂ ਲੜਨ ਦੀ ਇੱਛਾ ਸ਼ਕਤੀ ਗੁਆ ਚੁੱਕੇ ਹਾਂ। ਕਿਸਾਨੀ ਤੋਂ ਬਾਅਦ ਕਿਹੜਾ ਕਾਰਪੋਰੇਟ ਨਾਲ ਲੜਾਈ ਮੁੱਕ ਗਈ? ਪਰ ਅਸੀਂ ਕੀ ਕਰ ਰਹੇ ਹਾਂ..ਕੀ ਕਾਰਪੋਰੇਟ ਦਾ ਜਿੰਨ ਇਕੱਲੀ ਕਿਸਾਨੀ ਨੂੰ ਖਾਏਗਾ? ਕੀ ਕਿਸੇ ਕਲਾਕਾਰ ਦੇ ਇਕ ਗੀਤ ਦੀਆਂ ਚਾਰ ਸਤਰਾਂ ਨਾਲ ਕਾਰਪੋਰੇਟ ਡਰਕੇ ਮੁੜ ਜਾਏਗਾ? ਫੇਰ ਅਸੀਂ ਘਰਾਂ ਵਿਚ ਕਿਉਂ ਦੁਬਕੇ ਬੈਠੇ ਹਾਂ..ਕੋਈ ਮੌਕਾ ਨਹੀ ਜਿੱਥੇ ਅਸੀਂ ਕਿਸਾਨ ਸੰਘਰਸ਼ ਤੋਂ ਬਿਨਾ ਉਹਨਾਂ ਦੈਂਤਾਂ ਦੇ ਖਿਲਾਫ਼ ਲੱਖਾਂ ਦਾ ਇੱਕਠ ਸ਼ੋਅ ਕਰ ਸਕੇ ਹੋਈਏ। ਸੱਤਾ ਅਗਨੀਬੀਰਾਂ ਦੇ ਨਾਂ ਤੇ ਦੇਸ਼ ਨੂੰ ਫਾਹੇ ਟੰਗਣ ਤੇ ਤੁਲੀ ਹੋਈ ਹੈ, ਪਰ ਪੰਜਾਬ ਇਸ ਲੜਾਈ ਵਿਚ ਕਿੱਥੇ ਹੈ...? ਪਿਛਲੇ 20 ਸਾਲਾਂ ਤੋਂ ਪੰਜਾਬ ਗੈਂਗਵਾਰ ਤੇ ਚਿੱਟਿਆਂ ਦਾ ਅੱਡਾ ਬਣ ਰਿਹਾ ਹੈ, ਅਸੀਂ ਕਾਹਤੋਂ ਸੜਕਾਂ ਤੇ ਆ ਕੇ ਸੱਤਾ ਦੇ ਖਿਲਾਫ਼ ਵੱਡੀ ਲਾਮਬੰਦੀ ਨਹੀਂ ਕਰ ਸਕੇ? ਪ੍ਰਾਈਵੇਟੀਕਰਨ ਦੇ ਖਿਲਾਫ਼ ਕਿਹੜਾ ਸੰਘਰਸ਼ ਹੋ ਰਿਹਾ ਹੈ, ਵੱਖ ਵੱਖ ਮੁਲਾਜ਼ਮ ਵਰਗ ਆਪਣੋ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਕਦੋਂ ਸਵੈ ਪੜਚੋਲ ਕਰ ਰਹੇ ਹਨ ਤੇ ਕਦੋਂ ਆਪਣੇ ਆਪ ਨੂੰ ਬਚਾਉਣ ਲਈ ਲੜਾਈ ਲੜ ਰਹੇ ਹਨ? ਕੀ ਇਹ ਸਾਰਾ ਕੁਝ ਗੀਤ ਜਾਂ ਗਾਇਕ ਜਾਂ ਫਿਲਮੀ ਕਲਾਕਾਰ ਕਰ ਦੇਣਗੇ?

ਸਿੱਧੂ ਮੂਸੇ ਵਾਲਾ ਦੀ ਬੇਵਕਤੀ ਮੌਤ ਦਾ ਮੈਨੂੰ ਵੀ ਬੇਹਦ ਅਫਸੋਸ ਹੈ। ਪਰ ਜਦ ਹੁਣ ਉਸ ਦੇ ਸੰਦਰਭ ਵਿਚ ਚਰਚਾ ਚਲ ਰਹੀ ਹੈ ਤਾਂ ਉਸ ਦੀ ਗਾਇਕੀ ਤੇ ਚਰਚਾ ਹੋਣੀ ਵੀ ਸੁਭਾਵਕ ਹੈ। ਉਸ ਦੀ ਗਾਇਕੀ ਦੇ ਦੋ ਪੜਾਅ ਹਨ। ਇਕ ਉਸ ਦੇ ਸਿਆਸਤ ਵਿਚ ਆਉਣ ਤੋਂ ਪਹਿਲਾਂ ਤੇ ਇਕ ਬਾਅਦ। ਦੋਵਾਂ ਵਿਚ ਜਗੀਰੂ ਹੈਂਕੜ ਅਤੇ ਵਿਅਕਤੀਵਾਦੀ ਨਾਇਕਤਵ ਦਾ ਰੁਝਾਨ ਤਾਂ ਸਾਝਾਂ ਤੱਤ ਹੈ ਹੀ। ਉਸ ਦੇ ਗੀਤਾਂ ਦੇ ਅੰਦਰ ਜਗੀਰੂ ਦੌਰ ਦੀ ਜੱਟ ਮਾਨਸਿਕਤਾ ਦਾ ਉਹ ਪੂਰਾ ਮਾਡਲ ਪਿਆ ਹੈ, ਜਿਸ ਅਨੁਸਾਰ ਉਹ ਆਪਣੀ ਜ਼ਿੰਦਗੀ ਦਾ 'ਤਾਨਾਸ਼ਾਹ' ਹੈ, ਉਸ ਤੇ ਕੋਈ ਕਾਇਦਾ ਕਾਨੂੰਨ ਲਾਗੂ ਨਹੀਂ ਹੁੰਦਾ ਤੇ ਉਹ ਆਪਣੀ ਸਲਤਨਤ ਦਾ ਮਾਲਕ ਹੈ। ਉਹ ਸਾਰੇ ਫੈਸਲੇ ਆਪਣੀ ਮਰਜੀ ਨਾਲ ਕਰਦਾ ਹੈ ਤੇ ਜਦੋਂ ਚਾਹੇ, ਜਿੱਥੇ ਚਾਹੇ ਤੇ ਜਿਸ ਨੂੰ ਚਾਹੇ ਚੁਣੌਤੀ ਦਿੰਦਾ ਹੈ। ਥੱਬਿਆਂ ਦੇ ਥੱਬੇ ਹਥਿਆਰ ਰੱਖ ਸਕਦਾ ਹੈ ਅਤੇ ਕਿਸੇ ਨੂੰ 'ਗੱਡੀ' ਚੜ੍ਹਾ ਸਕਦਾ ਹੈ। ਇਹ ਅਸਲ ਵਿਚ ਇਕ ਖਾਸ ਦੌਰ ਵਿਚੋਂ ਗੁਆਚੀ ਤਾਕਤ ਦੇ ਖੁੱਸਣ ਦੇ ਝੋਰੇ 'ਚੋਂ ਪੈਦਾ ਹੋਇਆ ਹੇਰਵਾ ਹੈ।

ਪਰ ਸਿਆਸਤ ਤੋਂ ਬਾਅਦ ਵਾਲੇ ਦੌਰ ਵਿਚ ਉਸ ਦੇ ਗੀਤਾਂ ਵਿਚ ਉਸ ਦੀ ਹਾਰਨ ਦੀ ਬੌਖਲਾਹਟ ਵੀ ਸ਼ਾਮਲ ਹੈ। ਜਿਸ ਸਿਆਸਤ ਵਿਚ ਉਹ ਸ਼ਾਮਲ ਹੋਣ ਜਾ ਰਿਹਾ ਸੀ, ਜਿਸ ਸਿਆਸਤ ਵਿਚ ਚੋਣ ਜਿੱਤਣ ਲਈ ਉਸ ਨੇ ਵੀ ਉਹ ਸਾਰਾ ਕੁਝ ਕੀਤਾ ਜੋ ਬਾਕੀ ਲੀਡਰ ਕਰਦੇ ਹਨ, ਹਾਰਨ ਤੋਂ ਬਾਅਦ ਉਹ ਉਸੇ ਸਿਆਸਤ ਨੂੰ ਆਪਣੇ ਸਟਾਈਲ ਵਿਚ ਹੀ ਰੱਦ ਕਰਨ ਤੁਰ ਪੈਂਦਾ ਹੈ ਅਤੇ ਉਸ ਨੂੰ ਇਸ ਸਿਆਸਤ ਵਿਚ ਕੁਝ ਵੀ ਠੀਕ ਨਹੀਂ ਲਗਦਾ ਬਲਕਿ ਸਭ ਕੁਝ ਦੋਗਲੇਪਣ ਦਾ ਸ਼ਿਕਾਰ ਲਗਦਾ ਹੈ। ਇਕ ਹੋਰ ਗੱਲ ਧਿਆਨਦੇਣ ਯੋਗ ਹੈ ਕਿ ਉਹ ਇਸ ਸਿਆਸੀ ਵਰਤਾਰੇ ਵਿਚ ਆਪਣੇ ਸਿਆਸੀ ਸਟੈਂਡ ਤੇ ਈਡੀਅਮ ਨੂੰ ਕਿਤੇ ਵੀ ਰੱਦ ਨਹੀਂ ਕਰਦਾ, ਆਪਣੀ ਪਾਰਟੀ ਅਤੇ ਉਸ ਦੇ ਏਜੰਡਿਆਂ ਦੇ ਠੀਕ ਜਾਂ ਗਲਤ ਹੋਣ ਦੀ ਗੱਲ ਹੀ ਨਹੀਂ ਕਰਦਾ, ਆਪਣੇ ਤੋਂ ਬਿਨਾ ਬਾਕੀ ਸਭ ਨੂੰ ਖਲਨਾਇਕ ਦੇ ਕਟਹਿਰੇ ਵਿਚ ਖੜ੍ਹਾ ਕਰ ਦਿੰਦਾ ਹੈ। ਪਰ ਉਸ ਦੇ ਹੁਣ ਵਾਲੇ ਗੀਤ ਵਿਚ ਉਹ ਆਪਣੇ ਹੀ ਸਿਆਸੀ ਸਟੈਂਡ ਨੂੰ ਰੱਦ ਕਰਕੇ ਹੋਰ ਗੱਲਾਂ ਕਰਦਾ ਹੈ। ਹੈਂਕੜ ਵਾਲਾ ਈਡੀਅਮ ਇੱਥੇ ਵੀ ਉਸੇ ਤਰ੍ਹਾਂ ਕਾਇਮ ਹੈ।

ਹੁਣ ਵਾਲਾ ਗੀਤ ਵੀ ਇਸਦੇ ਪਹਿਲੇ ਗੀਤਾਂ ਵਾਂਗ ਵਿਅਕਤੀਵਾਦੀ ਨਾਇਕਤਵ (individual heroism) ਦੀ ਸਿਖਰ ਹੈ। ਇਸ ਵਿਚ ਕਿਤੇ ਵੀ ਸਮੂਹਕ ਚਿੰਤਨ, ਸਮੂਹਕ ਸੰਘਰਸ਼ ਅਤੇ ਸਮੂਹਕ ਤਬਦੀਲੀ, ਦਲਿਤਾਂ-ਦਮਿਤਾਂ ਤੇ ਪੀੜਤਾਂ ਦੀ ਸ਼ਮੂਲੀਅਤ ਦਾ ਜ਼ਿਕਰ ਨਹੀਂ, ਬਲਕਿ ਕੋਈ ਨਾਇਕ ਆਉਂਦਾ ਹੈ ਤੇ ਉਹ ਬਸ ਤਰਥੱਲੀ ਮਚਾ ਦਿੰਦਾ ਹੈ। ਇੱਥੇ ਵੀ ਇਹ ਗੀਤ ਕਿਸਾਨ ਸੰਘਰਸ਼ ਦੀ ਜਿੱਤ ਦੀ ਪ੍ਰਾਪਤੀ ਦੀ ਗੱਲ ਨਹੀਂ ਕਰਦਾ ਬਲਕਿ 26 ਜਨਵਰੀ ਦੀ ਲਾਲ ਕਿਲੇ ਵਾਲੀ ਘਟਨਾ ਨੂੰ ਵਡਿਆ ਕੇ ਕਿਸਾਨ ਸੰਘਰਸ਼ ਤੇ ਸੁਆਲ ਖੜ੍ਹਾ ਕਰਦਾ ਹੈ। ਜਦ ਕਿ 26 ਜਨਵਰੀ ਦੀ ਉਹ ਘਟਨਾ ਵੀ ਵਿਅਕਤੀਵਾਦੀ ਨਾਇਕਤਵ ਦਾ ਮਾਡਲ ਹੀ ਸੀ। ਪੱਗ ਤੇ ਟੋਪੀ ਦਾ ਮੈਟਾਫਰ ਕਿਸੇ ਵੀ ਤਰ੍ਹਾਂ ਸਿਆਸਤ ਦਾ ਮੈਟਾਫਰ ਨਹੀਂ ਬਣਦਾ ਜਿਸ ਨੂੰ ਕਿ ਕੁਝ ਲੋਕ ਜਸਟੀਫਾਈ ਕਰ ਰਹੇ ਹਨ। ਸਿਆਸਤ ਦਾ ਮੈਟਾਫਰ ਨੀਲੀ ਪੱਗ ਬਨਾਮ ਚਿੱਟੀ, ਕਾਲੀ ਲਾਲ ਦਾ ਤਾਂ ਹੋ ਸਕਦਾ ਹੈ, ਪਰ ਜਦ ਤੁਸੀਂ ਪੱਗ ਬਨਾਮ ਟੋਪੀ ਦੀ ਗੱਲ ਕਰਦੇ ਹੋ ਤਾਂ ਇਹ ਦੋ ਧਰਮਾਂ ਦਾ ਹੀ ਮੈਟਾਫਰ ਹੈ ਸਿੱਧੇ ਤੌਰ 'ਤੇ।

ਇਸ ਤੋਂ ਵੀ ਅੱਗੇ ਇਸ ਗੀਤ ਦੀ ਭਾਸ਼ਾ ਤੇ ਕਲਾਤਮਕ ਮਿਆਰ ਤਾਂ ਕਿਸੇ ਵੀ

(ਬਾਕੀ ਸਫ਼ਾ 15 'ਤੇ)



ਬੂਟਾ ਸਿਘ
ਮਹਿਮੂਦਪੁਰ
94634-74342

ਭੀਮਾ-ਕੋਰੇਗਾਓਂ ਕੇਸ

# ਜਾਅਲੀ ਸਬੂਤਾਂ ਦੇ ਨਵੇਂ ਖ਼ੁਲਾਸੇ ਨੇ ਪੁਣੇ ਪੁਲਿਸ ਦੀ ਪੋਲ ਖੋਲ੍ਹੀ

ਸਾਲ ਕੁ ਪਹਿਲਾਂ ਫੋਰੈਂਸਿਕ ਮਾਹਰਾਂ ਨੇ ਡੂੰਘੀ ਛਾਣਬੀਣ ਕਰਕੇ ਖ਼ੁਲਾਸਾ ਕੀਤਾ ਸੀ ਕਿ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਵਿਚ ਜੇਲ੍ਹ 'ਚ ਡੱਕੇ ਘੱਟੋਘੱਟ ਦੋ ਕਾਰਕੁੰਨਾਂ ਰੋਨਾ ਵਿਲਸਨ ਅਤੇ ਐਡਵੋਕੇਟ ਸੁਰਿੰਦਰ ਗੈਡਲਿੰਗ ਦੇ ਲੈਪਟਾਪ ਅਣਪਛਾਤੇ ਹੈਕਰਾਂ ਵੱਲੋਂ ਹੈਕ ਕਰਕੇ ਉਨ੍ਹਾਂ ਵਿਚ ਜਾਅਲੀ ਸਬੂਤ ਘੜੇ ਗਏ ਸਨ। ਉਨ੍ਹਾਂ ਹੀ ਸਬੂਤਾਂ ਦੀ ਵਰਤੋਂ 2018 'ਚ ਪੂਰੀ ਤਰ੍ਹਾਂ ਝੂਠੇ ਸਾਜ਼ਿਸ਼ ਕੇਸ ਵਿਚ ਚੋਟੀ ਦੇ ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ ਫਸਾਉਣ ਲਈ ਕੀਤੀ ਗਈ ਸੀ। ਹੁਣ ਨਵੀਂ ਛਾਣਬੀਣ ਰਾਹੀਂ ਮਾਹਿਰਾਂ ਨੇ ਖ਼ੁਰਾ ਨੱਪ ਲਿਆ ਹੈ ਕਿ ਅਣਪਛਾਤੀ ਹੈਕਿੰਗ ਦਾ ਸਬੰਧ ਪੁਣੇ ਪੁਲਿਸ ਦੇ ਅਧਿਕਾਰੀਆਂ ਨਾਲ ਸੀ। ਇਹ ਛਾਣਬੀਣ ਅਮਰੀਕਨ ਤਕਨਾਲੋਜੀ ਮੈਗਜ਼ੀਨ ਵਾਇਰਡ ਵੱਲੋਂ ਕਰਵਾਈ ਗਈ ਹੈ।

ਵਾਇਰਡ ਦੀ ਰਿਪੋਰਟ ਦੱਸਦੀ ਹੈ ਕਿ ਡੇਟਾ ਦੀ ਛਾਣਬੀਣ ਕਰਦਿਆਂ ਉਨ੍ਹਾਂ ਨੂੰ ਇਕ ਫ਼ੋਨ ਨੰਬਰ ਅਤੇ ਈਮੇਲ ਮਿਲਿਆ ਹੈ ਜੋ ਹੈਕਰਾਂ ਵੱਲੋਂ ਭੀਮਾ-ਕੋਰੇਗਾਓਂ ਕੇਸ ਵਿਚ ਫਸਾਏ ਤਿੰਨ ਬੁੱਧੀਜੀਵੀਆਂ ਦੇ ਲੈਪਟਾਪਾਂ ਵਿਚ ਸੰਨ੍ਹ ਲਗਾਉਣ ਲਈ ਵਰਤਿਆ ਗਿਆ ਸੀ। ਇਹ ਫ਼ੋਨ ਨੰਬਰ ਅਤੇ ਈ-ਮੇਲ ਇਸ ਲਈ ਸ਼ਾਮਿਲ ਕੀਤੇ ਗਏ ਸਨ ਤਾਂ ਜੁ ਵਰਤੋਂਕਾਰਾਂ ਵੱਲੋਂ ਆਪਣੇ ਪਾਸਵਰਡ ਬਦਲ ਲਏ ਜਾਣ ਦੀ ਸੂਰਤ 'ਚ ਹੈਕਰ ਸੌਖਿਆਂ ਹੀ ਉਨ੍ਹਾਂ ਦੇ ਈ-ਮੇਲ ਅਕਾਊਂਟਾਂ ਨੂੰ ਦੁਬਾਰਾ ਆਪਣੇ ਕੰਟਰੋਲ 'ਚ ਲੈ ਸਕਣ। ਵਾਇਰਡ ਨੇ ਆਪਣੇ ਇਸ ਪ੍ਰੋਜੈਕਟ ਵਿਚ ਜੌਹਨ ਸਕੌਟ-ਰੇਲਟਨ ਨੂੰ ਵੀ ਸ਼ਾਮਿਲ ਕੀਤਾ ਜੋ ਟੋਰਾਂਟੋ ਯੂਨੀਵਰਸਿਟੀ ਦੀ ਸਿਟੀਜ਼ਨ ਲੈਬ ਵਿਖੇ ਸਕਿਊਰਿਟੀ ਖੋਜਕਾਰ ਹਨ। ਸਕੌਟ-ਰੇਲਟਨ ਨੇ ਪਿੱਛੇ ਜਹੇ ਸਿਟੀਜ਼ਨ ਲੈਬ, ਦੀ ਵਾਇਰ ਅਤੇ ਐਮਨੈਸਟੀ ਇੰਟਰਨੈਸ਼ਨਲ ਦੇ ਸਾਂਝੇ ਪ੍ਰੋਜੈਕਟ ਤਹਿਤ ਆਲੋਚਕਾਂ ਦੀ ਉਸ ਡਿਜੀਟਲ ਜਾਸੂਸੀ ਦਾ ਭਾਂਡਾ ਭੰਨਿਆ ਸੀ ਜੋ ਭਾਰਤ ਸਮੇਤ ਵੱਖ-ਵੱਖ ਹਕੂਮਤਾਂ ਵੱਲੋਂ ਪੈਗਾਸਸ ਜਾਸੂਸੀ ਸਾਫ਼ਟਵੇਅਰ ਰਾਹੀਂ ਕਰਵਾਈ ਜਾ ਰਹੀ ਸੀ। ਸਕੌਟ-ਰੇਲਟਨ ਨੇ ਭਾਰਤੀ ਫ਼ੋਨ ਨੰਬਰਾਂ ਅਤੇ ਈ-ਮੇਲ ਆਈ.ਡੀਆਂ ਦੇ ਓਪਨ ਸੋਰਸ ਡੇਟਾਬੇਸ ਦੀ ਛਾਣਬੀਣ ਕੀਤੀ। ਛਾਣਬੀਣ ਦੌਰਾਨ ਪੁਣੇ ਪੁਲਿਸ ਦੇ ਅਧਿਕਾਰੀ ਦੇ ਨਾਂ ਵਾਲਾ ਰਿਕਵਰੀ ਈ-ਮੇਲ ਐਡਰੈੱਸ ਅਤੇ ਫ਼ੋਨ ਨੰਬਰ ਇਕ ਹੋਰ ਸਕਿਊਰਿਟੀ ਵਿਸ਼ਲੇਸ਼ਣਕਾਰ ਜ਼ੇਸ਼ਨ ਅਜ਼ੀਜ਼ ਨੇ ਵੱਖਰੇ ਤੌਰ 'ਤੇ ਵੀ ਲੱਭ ਲਿਆ ਜੋ ਉਸ ਨੂੰ ਟਰੂਕਾਲਰ, ਕਾਲਰ ਦੇ ਆਈਡੀ ਡੇਟਾਬੇਸ ਅਤੇ ਇਕ ਵੈੱਬ ਸਾਈਟ ਆਈਆਈਐੱਮਜੌਬਸ ਦੇ ਲੀਕ ਹੋਏ ਡੇਟਾਬੇਸ ਵਿਚ ਮਿਲਿਆ। ਇਹੀ ਨੰਬਰ ਉਸ ਨੂੰ ਭਾਰਤੀ ਪੁਲਿਸ ਦੀਆਂ ਬਹੁਤ ਸਾਰੀਆਂ ਡਾਇਰੈਕਟਰੀਆਂ ਅਤੇ ਪੁਣੇ ਸਿਟੀ ਪੁਲਿਸ ਦੀ ਵੈੱਬਸਾਈਟ ਉੱਪਰ ਵੀ ਮਿਲਿਆ ਅਤੇ ਇਸ ਫ਼ੋਨ ਨੰਬਰ ਵਾਲੇ ਵੱਟਸਐਪ ਪ੍ਰੋਫਾਈਲ ਉੱਪਰ ਉਸ ਪੁਲਿਸ ਅਧਿਕਾਰੀ ਦੀ ਸੈਲਫ਼ੀ ਵਾਲੀ ਫੋਟੋ ਵੀ ਮਿਲ ਗਈ। ਇਹ ਅਧਿਕਾਰੀ ਪ੍ਰੋਫੈਸਰ ਵਰਾਵਰਾ ਰਾਓ ਨੂੰ ਗ੍ਰਿਫ਼ਤਾਰ ਕੀਤੇ ਜਾਣ ਸਮੇਂ ਪ੍ਰੈੱਸ ਵੱਲੋਂ ਲਈਆਂ ਫ਼ੋਟੋਆਂ ਅਤੇ ਪੁਣੇ ਪੁਲਿਸ ਵੱਲੋਂ ਕੀਤੀਆਂ ਪ੍ਰੈੱਸ ਕਾਨਫਰੰਸਾਂ ਵਿਚ ਮੌਜੂਦ ਸੀ।

ਵਾਇਰਡ ਦੀ ਛਾਣਬੀਣ ਨੇ ਇਕ ਈ-ਮੇਲ ਸਰਵਿਸ ਪ੍ਰੋਵਾਈਡਰ ਦੇ ਸਕਿਊਰਿਟੀ ਵਿਸ਼ਲੇਸ਼ਣਕਾਰ ਦੀ ਮੱਦਦ ਵੀ ਲਈ ਜੋ ਆਪਣੀ ਪਛਾਣ ਗੁਪਤ ਰੱਖਣੀ ਚਾਹੁੰਦਾ ਹੈ। ਇਨ੍ਹਾਂ ਖੋਜਕਾਰਾਂ ਨੇ ਜਾਸੂਸੀ ਕਰਨ ਵਾਲੀ ਏਜੰਸੀ ਦੀ ਪਛਾਣ ਨਸ਼ਰ ਕਰਨ ਦਾ ਫ਼ੈਸਲਾ ਇਸ ਕਰਕੇ ਲਿਆ ਕਿ ਇਹ ਲੋਕ ਦਹਿਸ਼ਤਗਰਦਾਂ ਦੀ ਬਜਾਏ ਪੱਤਰਕਾਰਾਂ/



ਕਾਰਕੁਨਾਂ ਦਾ ਸ਼ਿਕਾਰ ਪਿੱਛਾ ਕਰ ਰਹੇ ਸਨ। ਉਸ ਨੇ ਕਿਹਾ, 'ਆਮ ਤੌਰ 'ਤੇ ਅਸੀਂ ਲੋਕਾਂ ਨੂੰ ਇਹ ਨਹੀਂ ਦੱਸਦੇ ਕਿ ਉਨ੍ਹਾਂ ਨੂੰ ਨਿਸ਼ਾਨਾ ਕਿਸ ਨੇ ਬਣਾਇਆ, ਪਰ ਮੈਂ ਗੰਦ ਦੀ ਸੜਿਆਂਦ ਦੇਖ ਕੇ ਤੰਗ ਆ ਗਿਆ ਹਾਂ।' ਸਕਿਊਰਿਟੀ ਖੋਜਕਾਰ ਕੰਪਨੀ ਸੈਂਟੀਨਲ ਵੰਨ ਦੇ ਸਕਿਊਰਿਟੀ ਖੋਜਕਰਤਾ ਜੁਆਨ ਆਂਦਰੇਸ ਗਿਊਰੇਰੋ ਸਾਦੇ ਦਾ ਕਹਿਣਾ ਹੈ ਕਿ 'ਜਿਨ੍ਹਾਂ ਵਿਅਕਤੀਆਂ ਨੇ ਇਨ੍ਹਾਂ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਜਿਨ੍ਹਾਂ ਨੇ ਸਬੂਤ ਪਲਾਂਟ ਕੀਤੇ ਉਨ੍ਹਾਂ ਦਰਮਿਆਨ ਸਬੰਧ ਸਥਾਪਿਤ ਹੁੰਦਾ ਹੈ।' ਖੋਜਕਾਰਾਂ ਦਾ ਕਹਿਣਾ ਹੈ ਕਿ ਇਹ ਉਸ ਤੋਂ ਅੱਗੇ ਹੈ ਜਿੱਥੋਂ ਤੱਕ ਨੈਤਿਕ ਤੌਰ 'ਤੇ ਸਮਝੌਤਾ ਹੋ ਸਕਦਾ ਹੈ। ਇਹ ਬੇਕਿਰਕ ਤੋਂ ਅੱਗੇ ਹੈ। ਇਸੇ ਲਈ ਅਸੀਂ ਇਨ੍ਹਾਂ ਪੀੜਤਾਂ ਦੀ ਮੱਦਦ ਕਰਨ ਦੀ ਉਮੀਦ ਨਾਲ ਵੱਧ ਤੋਂ ਵੱਧ ਡੇਟਾ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਜੁਆਨ ਆਂਦਰੇਸ ਆਪਣੇ ਸਾਥੀ ਖੋਜਕਰਤਾ ਟੌਮ ਹੀਗਲ ਨਾਲ ਆਪਣੇ ਇਹ ਨਤੀਜੇ ਅਗਸਤ ਮਹੀਨੇ ਬਲੈਕ ਹੈਟ ਸਕਿਊਰਿਟੀ ਕਾਨਫਰੰਸ ਵਿਖੇ ਪੇਸ਼ ਕਰੇਗਾ। ਬਲੈਕ ਹੈਟ ਕਾਨਫਰੰਸ ਦੁਨੀਆ 'ਚ ਆਯੋਜਿਤ ਕੀਤੇ ਜਾਂਦੇ ਉਨ੍ਹਾਂ ਸਭ ਤੋਂ ਮਹੱਤਵਪੂਰਨ ਸਮਾਗਮਾਂ 'ਚੋਂ ਇਕ ਹੈ ਜਿਨ੍ਹਾਂ ਵਿਚ ਸਾਈਬਰ ਸਕਿਊਰਿਟੀ ਅਤੇ ਇਨਫੋਸੈਕ (ਇਨਫਰਮੇਸ਼ਨ ਸਕਿਊਰਿਟੀ) ਦੇ ਮਸਲੇ ਵਿਚਾਰੇ ਜਾਂਦੇ ਹਨ।

ਲੋਕਪੱਖੀ ਬੁੱਧੀਜੀਵੀਆਂ ਅਤੇ ਹੱਕਾਂ ਦੇ ਕਾਰਕੁਨਾਂ ਨੂੰ ਫਸਾਉਣ ਲਈ ਜਿਸ ਬੇਕਿਰਕ ਤਰੀਕੇ ਨਾਲ ਡਿਜੀਟਲ ਜਾਸੂਸੀ ਕਰਵਾਈ ਗਈ ਅਤੇ ਉਨ੍ਹਾਂ ਦੇ ਕੰਪਿਊਟਰਾਂ ਨੂੰ ਸਾਲਾਂ ਤੱਕ ਹੈਕ ਕਰਕੇ ਜਾਅਲੀ ਸਬੂਤ ਘੜੇ ਗਏ ਉਸ ਨੇ ਫੋਰੈਂਸਕ ਮਾਹਿਰਾਂ ਨੂੰ ਵੀ ਪ੍ਰੇਸ਼ਾਨ ਕਰ ਦਿੱਤਾ ਹੈ। ਉਨ੍ਹਾਂ ਨੇ ਸਪਸ਼ਟ ਦੇਖਿਆ ਕਿ 'ਇਹ ਸ਼ਖਸ (ਪੁਲਿਸ ਅਧਿਕਾਰੀ) ਦਹਿਸ਼ਤਗਰਦਾਂ ਦਾ ਪਿੱਛਾ ਨਹੀਂ ਕਰ ਰਹੇ। ਇਹ ਤਾਂ ਮਨੁੱਖੀ ਹੱਕਾਂ ਦੇ ਰਖਵਾਲਿਆਂ ਅਤੇ ਪੱਤਰਕਾਰਾਂ ਦੇ ਪਿੱਛੇ ਪਏ ਹੋਏ ਹਨ। ਇਹ ਠੀਕ ਨਹੀਂ ਹੈ।' ਸੋ ਉਨ੍ਹਾਂ ਦਾ ਅਸਲ ਸਰੋਕਾਰ ਇਹ ਹੈ ਕਿ ਬੇਕਸੂਰ ਲੋਕ ਜੇਲ੍ਹਾਂ ਵਿਚ ਸੜ ਰਹੇ ਹਨ ਅਤੇ ਉਨ੍ਹਾਂ ਨੂੰ ਨਿਆਂ ਮਿਲਣਾ ਚਾਹੀਦਾ ਹੈ। ਉਨ੍ਹਾਂ ਨੇ ਉਮੀਦ ਪ੍ਰਗਟਾਈ ਹੈ ਕਿ ਉਨ੍ਹਾਂ ਦੀ ਇਸ ਕੋਸ਼ਿਸ਼ ਨਾਲ ਕਿਸੇ ਰੂਪ 'ਚ ਨਿਆਂ ਹੋਵੇਗਾ।

6 ਜੂਨ 2018 ਨੂੰ ਪੁਣੇ ਪੁਲਿਸ ਵੱਲੋਂ ਨਾਗਪੁਰ, ਦਿੱਲੀ ਅਤੇ ਮੁੰਬਈ 'ਚ ਇੱਕੋ ਸਮੇਂ ਛਾਪੇ ਮਾਰ ਕੇ ਪੰਜ ਸ਼ਖਸੀਅਤਾਂ ਐਡਵੋਕੇਟ ਸੁਰਿੰਦਰ ਗੈਡਲਿੰਗ, ਰੋਨਾ ਵਿਲਸਨ, ਪ੍ਰੋਫੈਸਰ ਸ਼ੋਮਾ ਸੇਨ, ਸੁਧੀਰ ਢਾਵਲੇ ਅਤੇ ਮਹੇਸ਼ ਰਾਵਤ ਨੂੰ ਗ੍ਰਿਫ਼ਤਾਰ ਕਰਕੇ ਦੋਸ਼ ਲਗਾਇਆ ਗਿਆ ਸੀ ਕਿ ਭੀਮਾ-ਕੋਰੇਗਾਓਂ ਯੁੱਧ ਦੀ ਸ਼ਤਾਬਦੀ ਮਨਾਏ ਜਾਣ ਸਮੇਂ ਹੋਈ ਹਿੰਸਾ ਪਿੱਛੇ ਇਨ੍ਹਾਂ 'ਸ਼ਹਿਰੀ ਨਕਸਲੀਆਂ' ਦਾ ਹੱਥ ਸੀ। ਇਸੇ ਦੀ ਅਗਲੀ ਕੜੀ ਵਜੋਂ 28 ਅਗਸਤ 2018 ਨੂੰ ਪ੍ਰੋਫੈਸਰ ਵਰਾਵਰਾ ਰਾਓ, ਗੌਤਮ ਨਵਲੱਖਾ, ਐਡਵੋਕੇਟ ਸੁਧਾ ਭਾਰਦਵਾਜ, ਅਰੁਣ ਫ਼ਰੇਰਾ ਅਤੇ ਪ੍ਰੋਫੈਸਰ ਵਰਨੋਨ ਗੋਂਜ਼ਾਲਵੇਜ਼ ਨੂੰ ਅਤੇ ਕੋਵਿਡ ਲੌਕਡਾਊਨ ਦੌਰਾਨ ਪ੍ਰੋਫੈਸਰ ਆਨੰਦ ਤੇਲਤੁੰਬੜੇ, ਸਟੇਨ ਸਵਾਮੀ, ਪ੍ਰੋਫੈਸਰ ਹਨੀ ਬਾਬੂ ਅਤੇ ਕਬੀਰ ਕਲਾ ਮੰਚ ਦੇ ਤਿੰਨ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁਣੇ ਪੁਲਿਸ ਦੇ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਰੋਨਾ ਵਿਲਸਨ ਦੇ ਕੰਪਿਊਟਰ ਦੀ ਛਾਣਬੀਣ ਕਰਨ 'ਤੇ ਇਨ੍ਹਾਂ ਦੇ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਨਾਲ ਜੁੜੇ ਹੋਣ ਦੇ ਪੁਖ਼ਤਾ ਸਬੂਤ ਮਿਲੇ ਅਤੇ ਇਹ ਸਾਰੇ 'ਸ਼ਹਿਰੀ ਨਕਸਲੀ' ਤਾਣੇਬਾਣੇ ਦਾ ਹਿੱਸਾ ਹਨ। ਇਨ੍ਹਾਂ ਨੇ ਰੂਪੋਸ਼ ਮਾਓਵਾਦੀ ਆਗੂਆਂ ਦੇ ਆਦੇਸ਼ 'ਤੇ ਬਾਕਾਇਦਾ ਸਾਜ਼ਿਸ਼ ਘੜ ਕੇ ਭੀਮਾ-ਕੋਰੇਗਾਓਂ ਵਿਖੇ ਹਿੰਸਾ ਕਰਵਾਈ, ਜਿਸ ਲਈ ਫੰਡ ਮਾਓਵਾਦੀ ਪਾਰਟੀ ਨੇ ਦਿੱਤੇ ਅਤੇ ਇਹ ਲਿਟੇ ਵੱਲੋਂ ਰਾਜੀਵ ਗਾਂਧੀ ਦੇ ਕਤਲ ਦੀ ਤਰਜ਼ 'ਤੇ ਨਰਿੰਦਰ ਮੋਦੀ ਨੂੰ ਵੀ ਕਤਲ ਕਰਨ ਦੀ ਸਾਜ਼ਿਸ਼ ਰਚ ਰਹੇ ਸਨ।

ਪੁਲਿਸ ਅਧਿਕਾਰੀਆਂ ਨੇ ਇਹ ਕਥਿਤ ਸਬੂਤ ਅਦਾਲਤ 'ਚ ਪੇਸ਼ ਕਰਨ ਦੀ ਬਜਾਏ ਗੋਦੀ ਮੀਡੀਆ 'ਚ ਨਸ਼ਰ ਕਰਕੇ ਝੂਠੇ ਕੇਸ ਦੇ ਹੱਕ 'ਚ ਲੋਕ ਰਾਇ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਫਿਰ ਅਗਲੇਰੀ ਜਾਂਚ ਅਤੇ ਚਾਰਜ-ਸ਼ੀਟ ਦੇ ਨਾਂ ਹੇਠ ਦਹਿ ਹਜ਼ਾਰਾਂ ਪੰਨਿਆਂ ਦਾ ਝੂਠ ਦਾ ਪੁਲੰਦਾ ਤਿਆਰ ਕੀਤਾ ਗਿਆ ਤਾਂ ਜੁ ਇਹ ਇਹ ਪ੍ਰਭਾਵ ਪਾਇਆ ਜਾ ਸਕੇ ਕਿ ਇਹ ਦੋਸ਼ ਐਵੇਂ ਨਹੀਂ ਲਗਾਏ ਗਏ ਇਨ੍ਹਾਂ ਦੇ ਠੋਸ ਸਬੂਤ ਜਾਂਚ ਏਜੰਸੀਆਂ ਦੇ ਕੋਲ ਹਨ। ਮੁਲਜ਼ਮਾਂ ਵੱਲੋਂ ਇਨ੍ਹਾਂ ਕਥਿਤ ਸਬੂਤਾਂ ਨੂੰ ਰੱਦ ਕਰਨ ਤੋਂ ਇਲਾਵਾ ਪੁਲਿਸ ਦੀ ਹਿੰਸਾ ਦੇ ਅਸਲ ਸਾਜ਼ਿਸ਼ਘਾੜੇ ਭਗਵੇਂ ਆਗੂਆਂ ਨੂੰ ਬਚਾਉਣ ਲਈ ਨਹਾਇਤ ਪੱਖਪਾਤੀ ਭੂਮਿਕਾ, ਬੁੱਧੀਜੀਵੀਆਂ ਉੱਪਰ ਦਹਿਸ਼ਤਗਰਦੀ ਵਿਰੋਧੀ ਬੇਕਿਰਕ ਕਾਨੂੰਨ ਯੂ.ਏ.ਪੀ.ਏ. ਲਗਾਏ ਜਾਣ, ਸਰਕਾਰੀ ਪੱਖ ਵੱਲੋਂ ਉੱਚ ਪੱਧਰੀ ਜਾਂਚ ਦੀ ਮੰਗ ਨੂੰ ਠੁਕਰਾਏ ਜਾਣ ਅਤੇ ਮੁਲਜ਼ਮਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਕਿਸੇ ਵੀ ਹਾਲਤ 'ਚ ਜ਼ਮਾਨਤ ਨਾ ਦੇਣ ਤੋਂ ਸਪਸ਼ਟ ਹੈ ਕਿ ਇਨ੍ਹਾਂ ਕਥਿਤ ਸਬੂਤਾਂ ਨੂੰ ਘੜਨ ਦੇ ਪਿੱਛੇ ਅਸਲ ਮਨੋਰਥ ਲੋਕ ਹੱਕਾਂ ਦੇ ਰਖਵਾਲਿਆਂ ਨੂੰ ਲੰਮੇ ਸਮੇਂ ਲਈ ਜੇਲ ਵਿਚ ਸਾੜਨਾ ਅਤੇ ਤਿਲ-ਤਿਲ ਕਰਕੇ ਮਾਰਨਾ ਹੈ। ਮਹਾਰਾਸ਼ਟਰ ਸਰਕਾਰ ਵੱਲੋਂ ਇਸ ਝੂਠੇ ਕੇਸ ਬਾਰੇ ਮੁੜ ਵਿਚਾਰ ਕਰਨ ਦਾ ਸੰਕੇਤ ਦਿੱਤੇ ਜਾਣ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਇਹ ਕੇਸ ਕੌਮੀ ਜਾਂਚ ਏਜੰਸੀ ਨੂੰ ਸੌਂਪੇ ਜਾਣ ਨੇ ਇਸ ਦੀ ਪੁਸ਼ਟੀ ਕਰ ਦਿੱਤੀ। ਪਿੱਛੇ ਜਹੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਵੱਲੋਂ ਸਿਵਲ ਸੁਸਾਇਟੀ ਨੂੰ 'ਲੜਾਈ ਦਾ ਨਵਾਂ ਮੋਰਚਾ' ਕਰਾਰ ਦਿੱਤੇ ਜਾਣ ਨਾਲ ਬਿੱਲੀ ਪੂਰੀ ਤਰ੍ਹਾਂ ਥੈਲਿਓਂ ਬਾਹਰ ਆ ਗਈ।

ਬੇਸ਼ੱਕ ਦੇਸ਼-ਬਦੇਸ਼ 'ਚੋਂ ਸਮੇਂ-ਸਮੇਂ 'ਤੇ ਇਸ ਪੂਰੀ ਤਰ੍ਹਾਂ ਨਾਵਾਜਬ ਕੇਸ ਵਿਰੁੱਧ ਜ਼ੋਰਦਾਰ ਆਵਾਜ਼ ਉੱਠਦੀ ਰਹੀ ਹੈ ਪਰ ਫਾਸ਼ੀਵਾਦੀ ਹਕੂਮਤ ਉੱਪਰ ਕੋਈ ਅਸਰ ਨਹੀਂ ਹੋਇਆ। ਜਦੋਂ ਇਸ ਕੇਸ 'ਚ ਨਾਮਜ਼ਦ ਕੁਝ ਸ਼ਖਸੀਅਤਾਂ ਦੀ ਗੁਜ਼ਾਰਿਸ਼ 'ਤੇ ਕੌਮਾਂਤਰੀ ਪੱਧਰ 'ਤੇ ਪ੍ਰਵਾਨਿਤ ਫੋਰੈਂਸਿਕ ਲੈਬਾਂ ਨੇ ਕੰਪਿਊਟਰਾਂ ਦੇ ਡੇਟਾ ਦੀ ਜਾਂਚ ਕਰ ਕੇ ਜਾਅਲੀ ਸਬੂਤ ਪਲਾਂਟ ਕੀਤੇ ਜਾਣ ਦੇ ਖ਼ੁਲਾਸੇ ਕੀਤੇ ਅਤੇ ਇਜ਼ਰਾਇਲੀ ਜਾਸੂਸੀ ਸਾਫ਼ਟਵੇਅਰ ਪੈਗਾਸਸ ਰਾਹੀਂ ਆਲੋਚਕ ਆਵਾਜ਼ਾਂ ਦੀ ਡਿਜੀਟਲ ਜਾਸੂਸੀ ਦਾ ਪਰਦਾਫਾਸ਼ ਕੀਤਾ ਤਾਂ ਕੇਂਦਰੀ ਹਕੂਮਤ ਅਤੇ ਇਸ ਦੀਆਂ ਹੱਥਠੋਕਾ ਜਾਂਚ ਏਜੰਸੀਆਂ ਬੁਰੀ ਤਰ੍ਹਾਂ ਬੌਖਲਾ ਗਈਆਂ। ਹਕੂਮਤ ਕੋਲ ਮੁੱਕਰਨ ਤੋਂ ਸਿਵਾਏ ਹੋਰ ਕੋਈ ਜਵਾਬ ਨਹੀਂ ਸੀ। ਪੈਗਾਸਸ ਮਾਮਲੇ 'ਚ ਕੇਂਦਰ ਸਰਕਾਰ ਨੇ ਬੇਸ਼ਰਮੀ ਨਾਲ ਝੂਠ ਬੋਲਿਆ ਕਿ 40 ਉੱਘੇ ਪੱਤਰਕਾਰਾਂ ਸਮੇਤ ਸੈਂਕੜੇ ਸ਼ਖਸੀਅਤਾਂ ਦੇ ਫ਼ੋਨਾਂ ਨੂੰ ਪੈਗਾਸਸ ਰਾਹੀਂ ਨਿਸ਼ਾਨਾ ਬਣਾਏ ਜਾਣ ਦੀ ਰਿਪੋਰਟ ਝੂਠੀ ਹੈ। ਪੈਗਾਸਸ ਮਾਮਲਾ ਸੁਪਰੀਮ ਕੋਰਟ 'ਚ ਸੁਣਵਾਈ ਅਧੀਨ ਹੈ। ਕੌਮਾਂਤਰੀ ਪੱਧਰ 'ਤੇ ਪ੍ਰਵਾਨਿਤ ਲੈਬਾਂ ਦੀਆਂ ਰਿਪੋਰਟਾਂ ਨੂੰ ਰੱਦ ਕਰਨ ਲਈ ਇਹ ਦਲੀਲ ਦਿੱਤੀ ਗਈ ਕਿ ਭਾਰਤ ਕੋਲ ਆਪਣੀਆਂ ਫੋਰੈਂਸਕ ਲੈਬ ਹਨ, ਅਸੀਂ ਬਦੇਸ਼ੀ ਲੈਬਾਂ 'ਤੇ ਭਰੋਸਾ ਕਿਉਂ ਕਰੀਏ, ਜਦਕਿ ਕਥਿਤ ਦਹਿਸ਼ਤਵਾਦ ਦੇ ਕੇਸਾਂ ਵਿਚ ਫੋਰੈਂਸਕ ਜਾਂਚ ਲਈ ਭਾਰਤ ਸਰਕਾਰ ਉਨ੍ਹਾਂ ਹੀ ਬਦੇਸ਼ੀ ਲੈਬਾਂ ਦੀ ਮੱਦਦ ਲੈਂਦੀ ਹੈ।

ਤਕਨੀਕੀ ਮਾਹਿਰਾਂ ਦੀ ਛਾਣਬੀਣ 'ਚ ਸਾਹਮਣੇ ਆਇਆ ਸੀ ਕਿ ਨੈੱਟਵੇਅਰ ਨਾਂ ਦੇ ਹੈਕਿੰਗ ਸਾਫ਼ਟਵੇਅਰ ਦੀ ਮੱਦਦ ਨਾਲ ਰੋਨਾ ਵਿਲਸਨ ਦੇ ਲੈਪਟਾਪ ਵਿਚ 32 ਫ਼ਾਈਲਾਂ ਪਲਾਂਟ ਕੀਤੀਆਂ ਗਈਆਂ ਸਨ। ਜਦੋਂ ਵਿਲਸਨ ਨੇ ਪ੍ਰੋਫੈਸਰ ਵਰਾਵਰਾ ਰਾਓ ਦੇ ਈ-ਮੇਲ ਅਕਾਊਂਟ ਦੇ ਨਾਂ 'ਤੇ ਭੇਜੀ ਮੇਲ ਖੋਲ੍ਹੀ ਤਾਂ ਉਸ ਦਾ ਲੈਪਟਾਪ ਹੈਕ ਹੋ ਗਿਆ ਸੀ। ਜਦੋਂ ਪਿਛਲੇ ਸਾਲ ਦੀ ਵਾਸ਼ਿੰਗਟਨ ਪੋਸਟ ਨੇ ਮੈਸਾਚਿਊਸੈਟਸ ਦੀ ਇਕ ਡਿਜੀਟਲ ਫੋਰੈਂਸਕ ਕੰਪਨੀ ਆਰਸੈਨਲ ਕੰਸਲਟਿੰਗ ਦੀ ਇਕ ਰਿਪੋਰਟ ਦੇ ਨਤੀਜੇ ਪ੍ਰਕਾਸ਼ਿਤ ਕੀਤੇ, ਜਿਸ ਨੇ ਰੋਨਾ ਵਿਲਸਨ ਅਤੇ ਸੁਰਿੰਦਰ ਗੈਡਲਿੰਗ ਦੇ ਕੰਪਿਊਟਰਾਂ ਦੀਆਂ ਇਲੈਕਟ੍ਰਾਨਿਕ ਕਾਪੀਆਂ ਦੀ ਜਾਂਚ ਕੀਤੀ ਸੀ, ਤਾਂ ਉਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦੋਨਾਂ ਕੰਪਿਊਟਰਾਂ ਵਿਚ ਇਕ ਅਣਪਛਾਤੇ ਹੈਕਰ ਨੇ ਘੁਸਪੈਠ ਕੀਤੀ ਸੀ, ਅਤੇ ਉਨ੍ਹਾਂ ਦੀਆਂ ਹਾਰਡ ਡਿਸਕਾਂ ਵਿਚ ਹਿਡਨ (ਗੁਪਤ) ਫੋਲਡਰਾਂ 'ਚ ਉਨ੍ਹਾਂ ਨੂੰ ਫਸਾਉਣ ਵਾਲੇ ਦਸਤਾਵੇਜ ਰੱਖੇ ਗਏ ਸਨ। ਉਨ੍ਹਾਂ ਵਿਚ ਮੋਦੀ ਦੇ ਕਤਲ ਦੀ ਕਥਿਤ ਸਾਜ਼ਿਸ਼ ਦਾ 'ਸਬੂਤ' ਕਥਿਤ ਚਿੱਠੀ ਵੀ ਸੀ। ਇਸ ਸਾਲ ਫਰਵਰੀ 'ਚ ਕੈਲੀਫੋਰਨੀਆ ਆਧਾਰਿਤ ਸੈਂਟੀਨਲ ਵੰਨ ਨੇ ਫੋਰੈਂਸਿਕ ਅਧਿਐਨ ਤੋਂ ਬਾਦ ਰਿਪੋਰਟ ਦਿੱਤੀ ਸੀ ਕਿ ਰੋਨਾ ਵਿਲਸਨ ਦੇ ਲੈਪਟਾਪ ਨੂੰ ਹੈਕਿੰਗ ਕਰਤਾ ਸਾਈਡ ਵਿੰਡਰ ਵੱਲੋਂ 2013 ਅਤੇ 2014 'ਚ ਨਿਸ਼ਾਨਾ ਬਣਾਇਆ ਗਿਆ ਸੀ। ਉਸ ਦੇ ਲੈਪਟਾਪ ਨੂੰ ਜੂਨ 2018 'ਚ ਉਸ ਦੀ ਗ੍ਰਿਫ਼ਤਾਰੀ ਤੋਂ ਕੁਝ ਦਿਨ ਪਹਿਲਾਂ ਵੀ ਨਿਸ਼ਾਨਾ ਬਣਾਇਆ ਗਿਆ ਸੀ। ਸੈਂਟੀਨਲ ਵੰਨ ਵੱਲੋਂ ਡੇਟਾ ਫੋਰੈਂਸਿਕ ਵਿਸ਼ਲੇਸ਼ਣ ਕਰਨ 'ਤੇ ਸਾਈਡ ਵਿੰਡਰ ਦਾ ਇਕ ਹੋਰ ਹੈਕਿੰਗ ਕਰਤਾ ਮੌਡੀਫਾਈਡ ਐਲੀਫੈਂਟ ਨਾਲ ਲਿੰਕ ਸਾਬਤ ਹੋ ਗਿਆ। ਵਿਸ਼ਲੇਸ਼ਣ ਅਨੁਸਾਰ ਇਸ ਦੀਆਂ ਬੀਤੇ ਦੀਆਂ ਕਾਰਵਾਈਆਂ ਦਿਖਾਉਂਦੀਆਂ ਸਨ ਕਿ ਇਹ ਭਾਰਤੀ ਰਾਜ ਦੇ ਹਿਤਾਂ ਨਾਲ ਉੱਘੜਵੇਂ ਰੂਪ 'ਚ ਮੇਲ ਖਾਂਦੀਆਂ ਹਨ। ਪਰ ਉਪਰੋਕਤ ਵਿੱਚੋਂ ਕਿਸੇ ਵੀ ਰਿਪੋਰਟ ਵਿਚ ਪੁਣੇ ਪੁਲਿਸ ਦੀ ਭੂਮਿਕਾ ਦੀ ਸ਼ਨਾਖ਼ਤ ਨਹੀਂ ਸੀ ਹੋਈ। ਇਹ ਪਹਿਲੀ ਵਾਰ ਹੈ ਕਿ ਹਾਲੀਆ ਛਾਣਬੀਣ ਨਾਲ ਪੁਣੇ ਪੁਲਿਸ ਦਾ ਉਸ ਮਾਲਵੇਅਰ ਨਾਲ ਜੁੜੇ ਹੋਣਾ ਸਾਬਤ ਹੋ ਗਿਆ ਹੈ। ਰੋਨਾ ਵਿਲਸਨ, ਪ੍ਰੋਫੈਸਰ ਵਰਾਵਰਾ ਰਾਓ ਅਤੇ ਪ੍ਰੋਫੈਸਰ ਹਨੀ ਬਾਬੂ ਦੇ ਡਿਜੀਟਲ ਯੰਤਰਾਂ 'ਚ ਸੰਨ੍ਹ ਲਾ ਕੇ ਉਨ੍ਹਾਂ ਨੂੰ ਸੰਚਾਲਿਤ ਕਰਨ ਲਈ ਜੋ ਰਿਕਵਰੀ ਈ-ਮੇਲ ਵਰਤੀ ਗਈ ਉਸ ਵਿਚ ਪੁਣੇ ਪੁਲਿਸ ਦੇ ਉਸ ਅਧਿਕਾਰੀ ਦਾ ਨਾਂ ਸਾਹਮਣੇ ਆਇਆ ਹੈ ਜੋ ਭੀਮਾ-ਕੋਰੇਗਾਓਂ ਕੇਸ ਨਾਲ ਨੇੜਿਓਂ ਜੁੜਿਆ ਹੋਇਆ ਹੈ। ਰਿਕਵਰੀ ਈ-ਮੇਲ ਐਡਰੈੱਸ ਅਤੇ ਫ਼ੋਨ ਨੰਬਰ ਦੀ ਪੁਸ਼ਟੀ ਪੁਣੇ ਪੁਲਿਸ ਦੀ ਵੈੱਬ ਸਾਈਟ, ਪੁਲਿਸ ਡਾਇਰੈਕਟਰੀਆਂ ਅਤੇ ਹੋਰ ਸਰੋਤਾਂ ਤੋਂ ਹੋ ਗਈ ਹੈ। ਜਦੋਂ ਇਹ ਸਾਬਤ ਹੋ ਚੁੱਕਾ ਹੈ ਕਿ ਰਿਕਵਰੀ ਈ-ਮੇਲ ਅਤੇ ਫ਼ੋਨ ਨੰਬਰ ਪੁਣੇ ਸਿਟੀ ਪੁਲਿਸ ਦੇ ਕੰਟਰੋਲ ਹੇਠ ਹਨ ਤਾਂ ਹੁਣ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਮਨਘੜਤ ਭੀਮਾ-ਕੋਰੇਗਾਓਂ ਸਾਜ਼ਿਸ਼ ਸੱਤਾਧਾਰੀ ਸੰਘ ਬਰਗੇਡ ਦੇ ਇਸ਼ਾਰੇ 'ਤੇ ਪੁਣੇ ਪੁਲਿਸ ਦੇ ਅਧਿਕਾਰੀਆਂ ਨੇ ਘੜੀ ਸੀ। ਪੇਸ਼ ਕੀਤੇ ਸਬੂਤ ਕਾਨੂੰਨੀ ਤੌਰ 'ਤੇ ਨਾਵਾਜਬ ਸਾਬਤ ਹੋਣ ਨਾਲ ਪੁਲਿਸ ਵੱਲੋਂ ਪੇਸ਼ ਕੀਤਾ ਗ੍ਰਿਫ਼ਤਾਰੀਆਂ ਦਾ ਆਧਾਰ ਹੀ ਖ਼ਤਮ ਹੋ ਜਾਂਦਾ ਹੈ।

ਹੱਕਾਂ ਦੀਆਂ ਜਥੇਬੰਦੀਆਂ ਅਤੇ ਸਮੂਹ ਨਿਆਂਪਸੰਦ ਤਾਕਤਾਂ ਨੂੰ ਹੁਣ ਇਸ ਰਿਪੋਰਟ ਦੇ ਆਧਾਰ 'ਤੇ ਵਿਸ਼ਾਲ ਲੋਕ ਰਾਇ ਉਸਾਰ ਕੇ ਮੰਗ ਕਰਨੀ ਚਾਹੀਦੀ ਹੈ ਕਿ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਤੁਰੰਤ ਰੱਦ ਕੀਤਾ ਜਾਵੇ, ਜੇਲ੍ਹੀਂ ਡੱਕੇ ਬੁੱਧੀਜੀਵੀਆਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ। ਝੂਠੇ ਸਬੂਤ ਘੜਨ ਵਾਲੇ ਪੁਲਿਸ ਅਧਿਕਾਰੀਆਂ ਅਤੇ ਭੀਮਾ-ਕੋਰੇਗਾਓਂ 'ਚ ਹਿੰਸਾ ਕਰਵਾਉਣ ਵਾਲੇ ਭਗਵੇਂ ਆਗੂਆਂ ਸੰਭਾਜੀ ਭੀੜੇ ਅਤੇ ਮਿਲਿੰਦ ਏਕਬੋਟੇ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਉਨ੍ਹਾਂ ਵਿਰੁੱਧ ਮੁਕੱਦਮਾ ਚਲਾਇਆ ਜਾਵੇ।

# ਸੰਗਰੂਰ ਜ਼ਿਮਨੀ ਚੋਣ : 'ਆਪ' ਦੀ ਹਾਰ ਅਤੇ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਦੇ ਮਾਇਨੇ

ਨਵਕਿਰਨ ਸਿੰਘ ਪੱਤੀ

ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਦੇ ਐਲਾਨੇ ਨਤੀਜੇ 'ਚ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਜਿੱਤ ਹਾਸਲ ਕਰ ਲਈ ਹੈ। ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਰਪੰਚ ਗੁਰਮੇਲ ਸਿੰਘ ਘਰਾਚੋਂ ਨੂੰ ਫਸਵੇਂ ਮੁਕਾਬਲੇ ਵਿੱਚ 5822 ਵੋਟਾਂ ਨਾਲ ਹਰਾਇਆ ਹੈ। ਇਸ ਚੋਣ ਵਿੱਚ ਪਹਿਲੇ ਦੋ ਉਮੀਦਵਾਰਾਂ ਨੂੰ ਛੱਡ ਕੇ ਕਾਂਗਰਸ, ਸ੍ਰੋਮਣੀ ਅਕਾਲੀ ਦਲ (ਬਾਦਲ), ਭਾਜਪਾ ਉਮੀਦਵਾਰ ਸਮੇਤ ਸਭ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ।

ਇਹ ਚੋਣ ਆਮ ਆਦਮੀ ਪਾਰਟੀ ਸਮੇਤ ਸਾਰੀਆਂ ਰਾਜਨੀਤਕ ਧਿਰਾਂ ਲਈ ਸਿਆਸੀ ਤੌਰ 'ਤੇ ਬਹੁਤ ਜ਼ਿਆਦਾ ਅਹਿਮੀਅਤ ਰੱਖਦੀ ਹੈ। ਇਸ ਚੋਣ 'ਚ ਜਿੱਥੇ 'ਆਪ' ਦੀ ਪਿਛਲੇ 100 ਦਿਨ ਦੀ ਕਾਰਜ ਪ੍ਰਣਾਲੀ ਦੀ ਪ੍ਰੀਖਿਆ ਹੋਈ ਹੈ ਉੱਥੇ ਹੀ ਬਾਕੀ ਪਾਰਟੀਆਂ ਲਈ ਇਹ ਚੋਣ ਹੋਂਦ ਦਾ ਸਵਾਲ ਬਣੀ ਹੋਈ ਸੀ। ਜ਼ਿਆਦਾਤਰ ਜ਼ਿਮਨੀ ਚੋਣਾਂ ਖ਼ਾਸਕਰ ਜਦ ਸੱਤਾ ਹਾਸਲ ਕੀਤਿਆਂ ਥੋੜ੍ਹਾ ਸਮਾਂ ਹੀ ਹੋਇਆ ਹੋਵੇ ਸੱਤਾ ਧਿਰ ਹੀ ਜਿੱਤਦੀ ਹੈ ਪਰ 'ਆਪ' ਵੱਲੋਂ ਤਿੰਨ ਮਹੀਨੇ ਪਹਿਲਾਂ ਕੀਤੀ ਹੂੰਝਾ ਫੇਰ ਜਿੱਤ ਤੋਂ ਬਾਅਦ ਹੁਣ ਇਸ ਤਰ੍ਹਾਂ ਹਾਰਨ ਦੇ ਕਾਰਨਾਂ ਨੂੰ ਸਮਝਣਾ ਜ਼ਰੂਰੀ ਹੈ।

ਤਿੰਨ ਜ਼ਿਲ੍ਹਿਆਂ ਸੰਗਰੂਰ, ਬਰਨਾਲਾ ਤੇ ਮਲੇਰਕੋਟਲਾ ਵਿੱਚ ਹੋਈ ਇਹ ਚੋਣ ਮੁੱਖ ਮੰਤਰੀ ਸਮੇਤ ਤਿੰਨ ਅਹਿਮ ਮੰਤਰੀਆਂ ਦੇ ਵਿਧਾਨ ਸਭਾ ਹਲਕਿਆਂ ਨਾਲ ਸਬੰਧਤ ਸੀ ਤੇ ਇਹ ਹਾਰ ਮੁੱਖ ਮੰਤਰੀ ਲਈ ਨਿੱਜੀ ਤੌਰ 'ਤੇ ਨਮੋਸ਼ੀ ਦੀ ਹਾਲਤ ਹੈ ਕਿਉਂਕਿ ਸੰਗਰੂਰ ਉਸ ਦਾ ਜੱਦੀ ਹਲਕਾ/ਪਿੰਡ ਵੀ ਹੈ।

ਹਕੀਕਤ ਇਹ ਹੈ ਕਿ ਪੰਜਾਬ ਸਰਕਾਰ ਤੇ ਚੋਣ ਕਮਿਸ਼ਨ ਵੱਲੋਂ ਪੂਰਾ ਜੋਰ ਲਾਉਣ ਦੇ ਬਾਵਜੂਦ ਲੋਕਾਂ ਨੇ ਇਸ ਚੋਣ ਵਿੱਚ ਦਿਲਚਸਪੀ ਨਹੀਂ ਵਿਖਾਈ। ਇਸ ਚੋਣ ਵਿੱਚ ਸਿਰਫ 45.30 ਫੀਸਦ ਵੋਟਿੰਗ ਹੋਈ ਭਾਵ ਹਲਕੇ ਦੇ 8,57,978 ਵੋਟਰਾਂ ਨੇ ਚੋਣ ਪ੍ਰਕਿਰਿਆ ਵਿੱਚ ਹਿੱਸਾ ਹੀ ਨਹੀਂ ਲਿਆ। ਹੁਣ ਸਵਾਲ ਚੋਣ ਪ੍ਰਣਾਲੀ 'ਤੇ ਵੀ ਉੱਠਦਾ ਹੈ ਕਿ ਜਿਸ ਚੋਣ ਪ੍ਰਕਿਰਿਆ ਵਿੱਚ ਉਸ ਹਲਕੇ ਦੇ 55 ਫੀਸਦ ਦੇ ਕਰੀਬ ਵੋਟਰ ਹਿੱਸਾ ਹੀ ਨਾ ਲੈਣ ਕੀ ਉਸ ਚੋਣ ਪ੍ਰਕਿਰਿਆ ਨੂੰ ਜਮਹੂਰੀ ਚੋਣ ਪ੍ਰਕਿਰਿਆ ਕਿਹਾ ਜਾ ਸਕਦਾ ਹੈ? ਤਿੰਨਾਂ ਜ਼ਿਲ੍ਹਿਆਂ ਵਿੱਚ ਕਈ ਅਜਿਹੇ ਪਿੰਡ ਹਨ ਜਿਨ੍ਹਾਂ ਵਿੱਚ ਕਿਸੇ ਵੀ ਪਾਰਟੀ ਦਾ ਪੋਲਿੰਗ ਬੂਥ ਨਹੀਂ ਲੱਗਿਆ ਤੇ ਅਨੇਕਾਂ ਪੋਲਿੰਗ ਬੂਥਾਂ 'ਤੇ ਸੁੰਨ ਪਸਰੀ ਰਹੀ। ਇਸ ਚੋਣ 'ਚ ਜਿਹੜੇ ਵੋਟਰ ਵੋਟ ਪਾਉਣ ਪਹੁੰਚੇ ਵੀ ਉਹਨਾਂ ਵਿੱਚ ਕੁੱਝ ਤਾਂ ਰਾਜਨੀਤਕ ਪਾਰਟੀਆਂ ਦੇ ਪੱਕੇ ਵਰਕਰ ਸਨ ਤੇ ਵੋਟਰਾਂ ਦੀ ਨਰਾਜ਼ਗੀ ਇਸ ਕਦਰ ਸਾਹਮਣੇ ਆਈ ਕਿ 9 ਉਮੀਦਵਾਰਾਂ ਨਾਲੋਂ ਵੱਧ ਵੋਟਾਂ ਤਾਂ 'ਨੋਟਾ' ਨੂੰ ਪੈ ਗਈਆਂ। ਪਿਛਲੇ ਤਿੰਨ ਦਹਾਕਿਆਂ ਵਿੱਚ ਇਹ ਸਭ ਤੋਂ ਘੱਟ ਵੋਟ ਫੀਸਦੀ ਹੈ ਹਾਲਾਂਕਿ ਸਾਲ 2019 ਦੀਆਂ ਲੋਕ ਸਭਾ ਚੋਣਾਂ ਮੌਕੇ ਇਸੇ ਸੰਗਰੂਰ ਸੰਸਦੀ ਹਲਕੇ ਵਿੱਚ 72.44 ਫੀਸਦ ਪੋਲਿੰਗ ਰਿਕਾਰਡ ਕੀਤੀ ਗਈ ਸੀ।

ਇਸ ਚੋਣ ਤੋਂ ਇੱਕ ਤੱਥ ਸਾਹਮਣੇ ਆਉਂਦਾ ਹੈ ਕਿ ਲੰਘੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਲੋਕ ਆਮ ਆਦਮੀ ਪਾਰਟੀ ਨੂੰ ਜਿਤਾਉਣ ਲਈ ਵੋਟਾਂ ਪਾਉਣ ਨਹੀਂ ਗਏ ਸਨ ਬਲਕਿ ਰਵਾਇਤੀ ਪਾਰਟੀਆਂ ਤੋਂ ਬੁਰੀ ਤਰ੍ਹਾਂ ਅੱਕ ਕੇ ਉਹਨਾਂ ਨੂੰ ਹਰਾਉਣ ਲਈ ਗਏ ਸਨ ਤੇ ਇਸ ਚੋਣ ਵਿੱਚ ਵੀ ਰਾਜਨੀਤਕ ਧਿਰਾਂ ਤੋਂ ਅੱਕੇ ਜ਼ਿਆਦਾਤਰ ਲੋਕ ਵੋਟ ਪਾਉਣ ਹੀ ਨਹੀਂ ਗਏ ਤੇ ਜਿਹੜੇ ਗਏ ਉਹਨਾਂ ਦਾ ਇੱਕ ਹਿੱਸਾ 'ਆਪ' ਨੂੰ ਹਰਾਉਣ ਲਈ ਵੋਟ ਪਾਉਣ ਗਿਆ ਨਜ਼ਰ ਆਉਂਦਾ ਹੈ।

ਇਸ ਚੋਣ ਦੀ ਵੱਡੀ ਸੀਮਤਾਈ ਇਹ ਰਹੀ ਕਿ ਲੋਕਾਂ ਨਾਲ ਜੁੜੇ ਮਸਲੇ ਚਰਚਾ ਦਾ ਵਿਸ਼ਾ ਹੀ ਨਹੀਂ ਬਣੇ। ਰੇਗਿਸਤਾਨ ਬਨਣ ਵੱਲ ਵੱਧ ਰਹੇ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਸਭ ਤੋਂ ਵੱਧ ਸੰਗਰੂਰ ਖੇਤਰ ਵਿੱਚ ਵਰਤਿਆ ਜਾ ਰਿਹਾ ਹੈ ਤੇ ਇਸ ਖੇਤਰ ਵਿੱਚ ਕਰਜ਼ੇ ਕਾਰਨ ਕਿਸਾਨ, ਮਜਦੂਰ ਖ਼ੁਦਕੁਸ਼ੀਆਂ ਵੀ ਵੱਡੀ ਪੱਧਰ 'ਤੇ ਹੋ ਰਹੀਆਂ ਹਨ ਪਰ ਚੋਣਾਂ ਦੌਰਾਨ ਪਾਣੀ, ਫਸਲੀ ਵਭਿੰਨਤਾ, ਖ਼ੁਦਕੁਸ਼ੀਆਂ ਦੇ ਮਾਮਲੇ 'ਤੇ ਜਿੰਨੀ ਚਰਚਾ ਬਣਦੀ ਸੀ ਉਹ ਨਹੀਂ ਹੋਈ।

ਸੰਗਰੂਰ ਪਿਛਲੇ ਕਈ ਸਾਲਾਂ ਤੋਂ ਬੇਰੁਜ਼ਗਾਰਾਂ ਦੇ ਸੰਘਰਸ਼ਾਂ ਗੜ੍ਹ ਬਣਿਆ ਹੋਇਆ ਹੈ ਤੇ ਇਸ ਚੋਣ ਦੌਰਾਨ ਵੀ ਸੰਗਰੂਰ ਵਿਖੇ ਬੇਰੁਜ਼ਗਾਰ ਅਧਿਆਪਕਾਵਾਂ ਪਾਣੀ ਵਾਲੀ ਟੈਂਕੀ 'ਤੇ ਚੜ੍ਹੀਆਂ ਰਹੀਆਂ ਪਰ 'ਆਪ' ਸਰਕਾਰ ਨੇ ਉਹਨਾਂ ਦਾ ਮਸਲਾ ਹੱਲ ਨਹੀਂ ਕੀਤਾ ਤੇ ਨਾ ਹੀ ਰੁਜ਼ਗਾਰ ਦੇ ਮਸਲੇ 'ਤੇ ਕੋਈ ਵਿਆਪਕ ਚਰਚਾ ਇਸ ਚੋਣ ਵਿੱਚ ਛਿੜ ਸਕੀ।

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਦੀ ਮੈਂਬਰੀ ਖਤਮ ਕਰਨ ਦੀ ਨੀਤੀ, ਪੰਜਾਬ ਦਾ ਲੱਗਭੱਗ ਅੱਧਾ ਹਿੱਸਾ ਬੀਐਸਐਫ ਹਵਾਲੇ ਕਰਨ ਦੀ ਨੀਤੀ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕੇਂਦਰੀਕਰਨ ਦੀ ਨੀਤੀ, ਚੰਡੀਗੜ੍ਹ ਦਾ ਮਸਲਾ, ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ ਉਹ ਮੁੱਦੇ ਹਨ ਜਿਨ੍ਹਾਂ ਬਾਰੇ ਆਮ ਆਦਮੀ ਪਾਰਟੀ ਦਾ ਕੋਈ ਸਪੱਸ਼ਟ ਸਟੈਂਡ ਨਹੀਂ ਹੈ ਤੇ ਇਹ ਮਸਲੇ ਚੋਣਾਂ ਦੌਰਾਨ ਕਿਸੇ ਵੀ ਧਿਰ ਵੱਲੋਂ ਮੁੱਦਾ ਨਹੀਂ ਬਣਾਏ ਗਏ। ਸਾਰਤੱਤ ਵਜੋਂ ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਸੰਗਰੂਰ ਲੋਕ ਸਭਾ ਚੋਣ ਆਮ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਮੁੱਦਿਆਂ ਦੀ ਚਰਚਾ ਕੀਤੇ ਬਗੈਰ ਹੀ ਲੜੀ ਗਈ।

ਆਮ ਆਦਮੀ ਪਾਰਟੀ ਦੀ ਹਾਰ ਦਾ ਮੁੱਖ ਕਾਰਨ ਉਸਦੀ ਗੋਲਮੋਲ ਰਾਜਨੀਤਕ ਵਿਚਾਰਧਾਰਾ ਹੈ ਤੇ ਇਸਦਾ ਮੁੱਖੀ ਪਾਰਟੀ ਨੂੰ ਜਮਹੂਰੀ ਤਰੀਕੇ ਨਾਲ ਚਲਾਉਣ ਦੀ ਬਜਾਏ ਇੱਕ 'ਪ੍ਰਾਈਵੇਟ ਲਿਮਟਿਡ ਕੰਪਨੀ' ਵਾਂਗ ਚਲਾ ਰਿਹਾ ਹੈ। ਭਗਵੰਤ ਮਾਨ 'ਤੇ ਕੇਜਰੀਵਾਲ ਇਸ ਕਦਰ ਭਾਰੂ ਹੈ ਕਿ ਹਰ ਛੋਟੇ ਤੋਂ ਛੋਟਾ ਫੈਸਲਾ ਵੀ ਉਸਤੋਂ ਪੁੱਛ ਕੇ ਲੈਣਾ ਪੈਂਦਾ ਹੈ। ਪਿਛਲੀਆਂ ਚੋਣਾਂ ਦੀ ਸਮੀਖਿਆ ਤੋਂ ਪਤਾ ਚੱਲਦਾ ਹੈ ਕਿ ਪੰਜਾਬੀ ਇੱਕ ਅਜਿਹਾ ਧੜੱਲੇਦਾਰ ਆਗੂ ਚਾਹੁੰਦੇ ਹਨ ਜੋ 'ਦਿੱਲੀ' ਕੇਂਦਰਿਤ ਨਾ ਹੋਵੇ ਪਰ ਪਿਛਲੇ 100 ਦਿਨਾਂ ਵਿੱਚ ਭਗਵੰਤ ਮਾਨ 'ਤੇ ਕੇਜਰੀਵਾਲ ਦਾ ਪ੍ਰਭਾਵ ਸਪੱਸ਼ਟ ਦਿਸਿਆ ਜਿਸਨੂੰ ਪੰਜਾਬੀਆਂ ਨੇ ਪਸੰਦ ਨਹੀਂ ਕੀਤਾ।

'ਆਪ' ਆਗੂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦਾਅਵਾ ਕਰਦੇ ਸਨ ਕਿ ਇੱਕ ਵਾਰ ਹਰਾ ਪੈੱਨ ਆ ਜਾਣ ਦਿਓ ਫਿਰ ਲੋਕਾਂ ਦੇ ਮਸਲੇ ਹੱਲ ਕਰ ਦਿਆਂਗੇ। ਪਰ ਉਹ ਹਰਾ ਪੈੱਨ ਪਿਛਲੇ 100 ਦਿਨ ਵਿੱਚ ਬੇਰੁਜ਼ਗਾਰਾਂ ਦੇ ਰੁਜ਼ਗਾਰ ਲਈ ਨਹੀਂ ਚੱਲਿਆ ਬਲਕਿ ਇਸ ਸਮੇਂ ਦੌਰਾਨ ਰੁਜ਼ਗਾਰ ਮੰਗਣ 'ਤੇ ਨੌਜਵਾਨਾਂ ਦੀ ਕਈ ਵਾਰ ਖਿੱਚ ਧੂਹ ਕੀਤੀ ਗਈ, ਹਰਾ ਪੈੱਨ ਚਲਾਉਣ ਦੀ ਮੰਗ ਕਰਦਿਆਂ ਸੂਬੇ ਦੇ ਮਜਦੂਰ ਕਈ ਵਾਰ ਭਗਵੰਤ ਮਾਨ ਦੀ ਸੰਗਰੂਰ ਰਿਹਾਇਸ਼ ਅੱਗੇ ਗਏ ਪਰ ਕਦੇ ਵੀ ਉਹਨਾਂ ਦੀ ਮੰਗ ਪੂਰੀ ਨਹੀਂ ਕੀਤੀ ਗਈ। ਕੱਚੇ ਕਾਮਿਆਂ ਨੂੰ ਪੱਕੇ ਕਰਨ ਦਾ ਦਾਅਵਾ ਅਜੇ ਵੀ ਹਵਾ ਵਿੱਚ ਲਟਕਿਆ ਹੋਇਆ ਹੈ। 2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮ ਪੁਰਾਣੀ ਪੈਨਸ਼ਨ ਬਹਾਲੀ ਦੀ ਮੰਗ ਕਰ ਰਹੇ ਹਨ ਪਰ ਸਰਕਾਰ ਇਨਕਾਰੀ ਹੋ ਗਈ। ਪੰਜਾਬ ਤੋਂ ਹੋ ਰਹੇ ਪ੍ਰਵਾਸ ਦੇ ਮਸਲੇ 'ਤੇ ਮੁੱਖ ਮੰਤਰੀ ਨੇ ਚੁਟਕਲੇਬਾਜ਼ੀ ਤਾਂ ਕਰ ਦਿੱਤੀ ਕਿ ਹੁਣ 'ਅੰਗਰੇਜ਼ ਵੀ ਨੌਕਰੀ ਲੈਣ ਆਇਆ ਕਰਨਗੇ' ਪਰ ਕੋਈ ਸਾਰਥਿਕ ਹੱਲ ਕਰਨ ਦਾ ਯਤਨ ਨਹੀਂ ਕੀਤਾ। ਇੱਕ ਕਾਰਨ ਇਹ ਵੀ ਰਿਹਾ ਕਿ ਐਮਐਲਏ/ਮੰਤਰੀ ਵਰਕਰਾਂ ਦੇ ਫੋਨ ਤੱਕ ਚੱਕਣੋ ਹੱਟ ਗਏ ਸਨ। ਸਿੱਧੂ ਮੂਸੇਵਾਲਾ ਦਾ ਕਤਲ ਤੇ ਕਤਲ ਬਾਅਦ ਅੱਜ ਤੱਕ ਵੀ ਸਾਰੇ ਕਾਤਲਾਂ ਨੂੰ ਨਾ ਫੜ ਸਕਣਾ ਵੀ ਭਗਵੰਤ ਮਾਨ ਸਰਕਾਰ ਲਈ ਘਾਟੇਬੰਦ ਸਾਬਤ ਹੋਇਆ ਹੈ। ਸਰਕਾਰ ਬਨਣ ਤੋਂ ਬਾਅਦ 'ਆਪ' ਲਈ ਸਭ ਤੋਂ ਪਹਿਲੀ ਪ੍ਰੀਖਿਆ ਰਾਜ ਸਭਾ ਮੈਂਬਰਾਂ ਦੀ ਚੋਣ ਸੀ ਤੇ ਪੰਜਾਬੀਆਂ ਨੂੰ ਤਿਲਾਂਜਲੀ ਦਿੰਦਿਆਂ ਕੀਤੀ ਚੋਣ ਪੰਜਾਬੀਆਂ ਨੂੰ ਪਸੰਦ ਨਹੀਂ ਆਈ, ਸ਼ਾਇਦ ਇਸੇ ਕਾਰਨ ਰਾਜ ਸਭਾ ਮੈਂਬਰ ਸੰਗਰੂਰ ਵਿੱਚ ਚੋਣ ਪ੍ਰਚਾਰ ਲਈ ਨਹੀਂ ਉਤਾਰੇ ਗਏ।

ਇਸ ਚੋਣ ਦੇ ਜੇਤੂ ਸਿਮਰਨਜੀਤ ਸਿੰਘ ਮਾਨ ਇਸ ਤੋਂ ਪਹਿਲਾਂ 1989 ਅਤੇ 1999 ਵਿਚ ਦੋ ਵਾਰ ਲੋਕ ਸਭਾ ਚੋਣਾਂ ਜਿੱਤ ਚੁੱਕੇ ਹਨ। ਜਦੋਂ ਸਿਮਰਨਜੀਤ ਸਿੰਘ ਮਾਨ ਨੇ ਪਹਿਲੀ ਲੋਕ ਸਭਾ ਚੋਣ 1989 ਵਿੱਚ ਤਰਨ ਤਾਰਨ ਤੋਂ ਲੜੀ ਸੀ ਤਾਂ ਉਸ ਸਮੇਂ ਉਹ ਜੇਲ੍ਹ ਵਿੱਚ ਬੰਦ ਸੀ ਤੇ ਉਸ ਵੇਲੇ ਜਿੱਤ ਦਾ ਫ਼ਰਕ ਸਾਢੇ ਚਾਰ ਲੱਖ ਤੋਂ ਜ਼ਿਆਦਾ ਸੀ ਪਰ ਤਰਨ ਤਾਰਨ ਲੋਕ ਸਭਾ ਸੀਟ ਉੱਤੇ ਜਿੱਤ ਤੋਂ ਬਾਅਦ ਉਹ ਲੋਕ ਸਭਾ ਵਿੱਚ ਦਾਖਲ ਨਹੀਂ ਹੋਇਆ ਸੀ ਕਿਉਂਕਿ ਉਸ ਦੀ ਸ਼ਰਤ ਸੀ ਕਿ ਉਹ ਆਪਣੀ ਕਿਰਪਾਨ ਲੈ ਕੇ ਹੀ ਲੋਕ ਸਭਾ ਜਾਵੇਗਾ। ਉਸ ਸਮੇਂ ਸਿਮਰਨਜੀਤ ਸਿੰਘ ਮਾਨ ਤੋਂ ਇਲਾਵਾ ਉਹਨਾਂ ਦੀ ਪਾਰਟੀ ਨੇ ਲੁਧਿਆਣਾ, ਰੋਪੜ, ਫਰੀਦਕੋਟ, ਫ਼ਿਰੋਜ਼ਪੁਰ, ਸੰਗਰੂਰ, ਬਠਿੰਡਾ ਤੋਂ ਵੀ ਜਿੱਤ ਹਾਸਲ ਕੀਤੀ ਸੀ। ਉਸ ਚੋਣ ਤੋਂ ਬਾਅਦ ਸਿਮਰਨਜੀਤ ਸਿੰਘ ਮਾਨ ਨੂੰ ਯੂਨਾਈਟਿਡ ਅਕਾਲੀ ਦਲ ਦਾ ਸਾਂਝਾ ਪ੍ਰਧਾਨ ਚੁਣ ਲਿਆ ਸੀ ਪਰ ਥੋੜ੍ਹੇ ਸਮੇਂ ਵਿੱਚ ਹੀ ਸਾਂਝਾ ਅਕਾਲੀ ਦਲ ਖਿੰਡ ਗਿਆ ਸੀ ਤੇ ਸ਼੍ਰੀ ਮਾਨ ਨੇ ਆਪਣੀ ਵੱਖਰੀ ਪਾਰਟੀ ਬਣਾ ਲਈ ਸੀ ਜਿਸ ਵੱਲੋਂ ਉਹਨਾਂ 1999 ਵਿੱਚ ਸੰਗਰੂਰ ਲੋਕ ਸਭਾ ਚੋਣ ਲੜੀ ਅਤੇ ਜਿੱਤੀ ਸੀ। ਇੱਕ ਪੁਲਿਸ ਅਫਸਰ ਤੋਂ ਖਾਲਿਸਤਾਨ ਦੀ ਵਿਚਾਰਧਾਰਾ ਨਾਲ ਜੁੜ ਕੇ ਸਿਆਸਤ ਵਿੱਚ ਸਿਮਰਨਜੀਤ ਸਿੰਘ ਮਾਨ ਇੱਕ ਵੱਖਰੀ ਤਰ੍ਹਾਂ ਦੀ ਸਿਆਸਤ ਕਰਦੇ ਹਨ। ਇਹ ਵੀ ਸੱਚ ਹੈ ਕਿ ਸਿਮਰਨਜੀਤ ਸਿੰਘ ਮਾਨ ਨੂੰ ਕਦੇ ਵੀ ਲੋਕਾਂ ਦੇ ਆਰਥਿਕ ਮੁੱਦਿਆ ਲਈ ਕੋਈ ਲੰਮਾ ਸੰਘਰਸ਼ ਲੜਦਿਆਂ ਨਹੀਂ ਵੇਖਿਆ ਗਿਆ ਹੈ। ਸ਼ਹੀਦ ਭਗਤ ਸਿਘ ਬਾਰੇ ਉਹਨਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ ਹੈ। ਉਨ੍ਹਾਂ ਵੱਲੋਂ ਜਿਆਦਾਤਰ ਵਾਰ ਲੋਕ ਮੁੱਦਿਆਂ 'ਤੇ ਸੰਘਰਸ਼ ਕਰਨ ਦੀ ਬਜਾਏ ਯੂਐਨਓ ਵਰਗੀਆਂ ਅੰਤਰਰਾਸ਼ਟਰੀ ਸੰਸਥਾਵਾਂ ਕੋਲ ਉਠਾਉਣ ਦੀਆਂ ਦਲੀਲਾਂ ਵੀ ਮੁੱਖ ਤੌਰ 'ਤੇ ਹਵਾਈ ਗੱਲਾਂ ਹੀ ਹਨ। ਸਿਮਰਨਜੀਤ ਸਿੰਘ ਮਾਨ ਦਾ ਪ੍ਰਭਾਵ ਇੱਕ ਇਮਾਨਦਾਰ ਸਿੱਖ ਆਗੂ ਵਜੋਂ ਜ਼ਰੂਰ ਹੈ ਪਰ ਇਸ ਸਮੇਂ ਉਸਦੇ ਉਭਾਰ ਦਾ ਮੁੱਖ ਕਾਰਨ ਆਮ ਆਦਮੀ ਪਾਰਟੀ ਪ੍ਰਤੀ ਲੋਕਾਂ ਦੀ ਨਰਾਜ਼ਗੀ ਨਜ਼ਰ ਆਉਂਦਾ ਹੈ ਤੇ ਇੰਝ ਲੱਗਦਾ ਹੈ ਕਿ ਬੇਹੱਦ ਤੰਗ ਹਾਲਤਾਂ ਵਿੱਚ ਜਿਉਂ ਰਹੇ ਲੋਕਾਂ ਨੇ ਤਿੰਨ ਮਹੀਨੇ ਪਹਿਲਾਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਭਾਜਪਾ ਵਰਗੀਆਂ ਰਵਾਇਤੀ ਪਾਰਟੀਆਂ ਤੋਂ ਅੱਕਿਆਂ ਨੇ 'ਬਦਲਾ' ਲੈਂਦਿਆਂ 'ਬਦਲਾਅ' ਵਜੋਂ ਆਮ ਆਦਮੀ ਪਾਰਟੀ ਨੂੰ ਚੁਣਿਆ ਸੀ ਤੇ ਹੁਣ ਉਸੇ ਰੂਪ ਵਿੱਚ ਸਿਮਰਨਜੀਤ ਸਿੰਘ ਮਾਨ ਨੂੰ ਚੁਣਿਆ ਹੈ।



ਇਸ ਚੋਣ ਵਿੱਚ ਪੰਜਾਬ ਦੀ 100 ਸਾਲ ਤੋਂ ਵੱਧ ਪੁਰਾਣੀ ਖੇਤਰੀ ਪਾਰਟੀ ਦਾ ਪੰਜਵੇਂ ਸਥਾਨ 'ਤੇ ਖਿਸਕ ਜਾਣਾ ਦਰਸਾਉਂਦਾ ਹੈ ਕਿ ਇਸ ਚੋਣ ਵਿੱਚ ਸਭ ਤੋਂ ਮਾੜੀ ਹਾਲਤ ਇਸ ਪਾਰਟੀ ਦੀ ਹੀ ਬਣੀ ਹੈ। ਲੋਕ ਵਿੱਚ ਆਪਣੀ ਸਾਖ ਗੁਆ ਚੁੱਕੇ ਸ੍ਰੋਮਣੀ ਅਕਾਲੀ ਦਲ (ਬਾਦਲ) ਨੂੰ ਪਤਾ ਸੀ ਵਿਧਾਨ ਸਭਾ ਚੋਣਾਂ ਵਾਂਗ ਉਹਨਾਂ ਨੂੰ ਲੋਕਾਂ ਨੇ ਵੋਟਾਂ ਨਹੀਂ ਪਾਉਣੀਆਂ ਜਿਸ ਕਾਰਨ ਉਹਨਾਂ ਨੇ ਇਸ ਚੋਣ ਵਿੱਚ ਸਾਰੀਆਂ ਪੰਥਕ ਧਿਰਾਂ ਨੂੰ ਇਕੱਠਾ ਕਰਕੇ ਸਾਂਝਾ ਉਮੀਦਵਾਰ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਜਿਸਦੀ ਲਗਾਤਾਰਤਾ ਵਿੱਚ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਬਿਆਨ ਵੀ ਜਾਰੀ ਕੀਤੇ ਗਏ। ਇਸ ਚੋਣ ਵਿੱਚ ਅਕਾਲੀ ਦਲ (ਬਾਦਲ) ਨੇ ਬੰਦੀ ਸਿੰਘਾਂ ਦੀ ਰਿਹਾਈ ਦਾ ਉਹ ਮੁੱਦਾ ਉਠਾਇਆ ਜਿਸਨੂੰ ਸੱਤਾ ਵਿੱਚ ਰਹਿੰਦਿਆਂ ਉਹਨਾਂ ਕਦੇ ਛੂਹਿਆ ਤੱਕ ਨਹੀਂ ਸੀ। ਸੁਖਬੀਰ ਸਿੰਘ ਬਾਦਲ ਵੱਲੋਂ ਸਾਂਝੇ ਪੰਥਕ ਉਮੀਦਵਾਰ ਦੇ ਨਾਮ ਹੇਠ ਬਲਬੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਤੇ ਲੋਕਾਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਜਜ਼ਬਾਤੀ ਢੰਗ ਨਾਲ ਵੋਟਾਂ ਦੀ ਮੰਗ ਕੀਤੀ ਗਈ। ਲੋਕ ਜਾਣਦੇ ਹਨ ਕਿ ਜਦ ਪੰਜਾਬ ਤੇ ਕੇਂਦਰ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਭਾਰਤੀ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਸੀ ਤਦ ਅਕਾਲੀ ਦਲ ਨੇ ਇਹ ਮੁੱਦਾ ਕਿਉਂ ਨਹੀਂ ਉਠਾਇਆ? ਉਸ ਸਮੇਂ ਜੇਕਰ ਪ੍ਰਕਾਸ਼ ਸਿੰਘ ਬਾਦਲ ਜਾਂ ਕੇਂਦਰੀ ਮੰਤਰੀ ਰਹੀ ਹਰਸਿਮਰਤ ਕੌਰ ਬਾਦਲ ਆਪਣੀ ਭਾਈਵਾਲੀ ਵਾਲੀ ਕੇਂਦਰ ਸਰਕਾਰ ਕੋਲ ਇਹ ਮਸਲਾ ਚੁੱਕਦੇ ਤਾਂ ਮਸਲਾ ਹੱਲ ਹੋ ਸਕਦਾ ਸੀ ਤੇ ਅੱਜ ਸਾਰੇ ਬੰਦੀ ਸਿੰਘ ਆਪਣੇ ਪਰਿਵਾਰਾਂ ਵਿੱਚ ਹੁੰਦੇ। ਸੱਤਾ 'ਚ ਰਹਿੰਦਿਆਂ ਸਿਰਫ ਆਪਣੇ ਕਾਰੋਬਾਰ ਵਧਾਉਣ ਦੀ ਸੋਚ ਨੇ ਲੋਕਾਂ ਦੇ ਮਨਾਂ ਵਿੱਚੋਂ ਬਾਦਲ ਪਰਿਵਾਰ ਨੂੰ ਨਕਾਰ ਦਿੱਤਾ ਹੈ। ਕਿਸੇ ਸਮੇਂ ਪੰਜਾਬ ਅਤੇ ਸਿੱਖਾਂ ਦੇ ਹੱਕਾਂ ਦੀ ਗੱਲ ਕਰਨ ਵਾਲੀ ਇਹ ਪਾਰਟੀ ਹੁਣ ਬਾਦਲ ਪਰਿਵਾਰ ਦੀ ਇੱਕ ਨਿੱਜੀ ਕੰਪਨੀ ਵਾਂਗ ਬਣੀ ਹੋਈ ਹੈ। ਇਸ ਪਾਰਟੀ ਦੇ ਕਾਰਜਕਾਲ ਦੌਰਾਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੀਆਂ ਘਟਨਾਵਾਂ, ਬਹਿਬਲ ਕਲਾਂ-ਕੋਟਕਪੂਰਾ ਗੋਲੀਕਾਂਡ, ਸੁਮੇਧ ਸੈਣੀ ਵਰਗੇ ਪੁਲਿਸ ਅਫਸਰਾਂ ਦੀ ਪੁਸ਼ਤਪੁਨਾਹੀ ਨੇ ਪਾਰਟੀ ਦੀ ਸਾਖ਼ ਨੂੰ ਵੱਡਾ ਖ਼ੋਰਾ ਲਾਇਆ ਹੈ। ਸਿਮਰਨਜੀਤ ਸਿੰਘ ਮਾਨ ਦੀ ਜਿੱਤ ਤੋਂ ਬਾਅਦ ਇਸ ਪਾਰਟੀ ਨੂੰ ਹੋਰ ਵੀ ਝਟਕੇ ਲੱਗਣ ਦੀ ਉਮੀਦ ਹੈ।

ਖਿੰਡਾਅ ਦੇ ਹਾਲਤ ਵਿੱਚ ਪਹੁੰਚੀ ਕਾਂਗਰਸ ਦੀ ਹਾਲਤ ਵੀ ਇਹਨਾਂ ਚੋਣਾਂ ਦੌਰਾਨ ਵਾਹਵਾ ਖ਼ਰਾਬ ਰਹੀ। ਹਾਲਤ ਇਹ ਸੀ ਕਿ ਇਸਦਾ ਕੌਮੀ ਪੱਧਰ ਦਾ ਕੋਈ ਵੱਡਾ ਆਗੂ ਚੋਣ ਪ੍ਰਚਾਰ ਕਰਨ ਲਈ ਨਹੀਂ ਆਇਆ। ਕਾਂਗਰਸ ਦੇ ਚੋਣ ਪ੍ਰਚਾਰ ਤੋਂ ਇੰਝ ਲੱਗਦਾ ਸੀ ਕਿ ਜਿਵੇਂ ਕਾਂਗਰਸ ਨਹੀਂ ਬਲਕਿ ਇਕੱਲੇ ਰਾਜਾ ਵੜਿੰਗ ਤੇ ਗੋਲਡੀ ਹੀ ਚੋਣ ਲੜ ਰਹੇ ਹੋਣ, ਇਸ ਚੋਣ ਦੌਰਾਨ ਕਾਂਗਰਸ ਦੀ ਪਿਛਲੀ ਸਰਕਾਰ ਦੇ ਦੋਵੇਂ ਮੁੱਖ ਚਿਹਰੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤਾਂ ਚੋਣ ਪ੍ਰਚਾਰ ਵਿੱਚ ਆਉਣ ਦੀ ਬਜਾਏ ਵਿਦੇਸ਼ ਉਡਾਰੀ ਮਾਰ ਗਏ ਸਨ।

ਭਾਰਤੀ ਜਨਤਾ ਪਾਰਟੀ ਨੇ 'ਕਾਂਗਰਸ ਮੁਕਤ' ਭਾਰਤ ਦੇ ਏਜੰਡੇ ਤਹਿਤ ਇੱਕ ਦਿਨ ਪਹਿਲਾਂ ਕਾਂਗਰਸ ਛੱਡ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਕੇਵਲ ਸਿੰਘ ਢਿੱਲੋਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ। ਭਾਜਪਾ ਨੇ ਇਸ ਚੋਣ ਵਿੱਚ ਆਪਣੀ ਵੋਟ ਫੀਸਦੀ ਵਧਾਉਣ ਤੇ ਸ਼ਹਿਰੀ ਵੋਟਰ ਇਕੱਠੇ ਕਰਨ ਲਈ ਜ਼ੋਰ ਲਾਇਆ। ਡੇਰਾ ਸਿਰਸਾ ਦੀ ਵੋਟ ਵੀ ਭਾਜਪਾ ਉਮੀਦਵਾਰ ਨੂੰ ਪਈ ਸਮਝੀ ਜਾਂਦੀ ਹੈ। ਭਾਵੇਂ ਸਥਾਨਕ ਭਾਜਪਾ ਆਗੂ ਵੋਟ ਫੀਸਦੀ ਵਧਣ ਨੂੰ ਤਸੱਲੀਬਖ਼ਸ਼ ਕਹਿੰਦੇ ਹਨ ਪਰ ਇਹ ਤੱਥ ਮੋਦੀ-ਸ਼ਾਹ ਜੋੜੀ ਦੇ ਗਲੇ 'ਚ ਉਤਰਨਾ ਔਖਾ ਹੈ ਕਿ ਅੱਜ ਦੇ ਸਮੇਂ ਉਹਨਾਂ ਦੀ ਪਾਰਟੀ ਦੀ ਜ਼ਮਾਨਤ ਜਬਤ ਹੋ ਗਈ ਹੈ। ਬਹੁਤ ਸਾਰੇ ਕਾਰਨਾਂ ਕਰਕੇ ਭਾਜਪਾ ਦਾ ਪੰਜਾਬ ਦੀ ਸਿਆਸਤ ਵਿੱਚ ਪੈਰ ਜਮਾਉਣਾ ਨੇੜ ਭਵਿੱਖ ਵਿੱਚ ਵੀ ਸੰਭਵ ਨਹੀਂ ਲੱਗਦਾ ਹੈ।

ਹਕੀਕਤ ਇਹ ਹੈ ਕਿ ਬਹੁਤ ਸਾਰੀਆਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਪੰਜਾਬ ਇਸ ਸਮੇਂ ਸਹੀ ਰਾਜਨੀਤਕ ਬਦਲ ਦੀ ਤਲਾਸ਼ ਵਿੱਚ ਹੈ। ਰਵਾਇਤੀ ਸਿਆਸਤ ਨੂੰ ਨਕਾਰ ਕੇ ਪੰਜਾਬੀ ਸਹੀ 'ਬਦਲਾਅ' ਲੱਭ ਰਹੇ ਹਨ ਤੇ ਇਸ ਸਮੇਂ ਲੋਕ ਪੱਖੀ ਜਮਹੂਰੀ ਧਿਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਸੂਬੇ ਦੇ ਠੋਸ ਹਾਲਤਾਂ ਦਾ ਨਿਰਣਾ ਕਰਦਿਆਂ ਪੰਜਾਬੀਆਂ ਨੂੰ ਸਹੀ ਬਦਲ ਮੁਹੱਈਆ ਕਰਵਾਇਆ ਜਾਵੇ।



# ਦੂਜੇ ਪੁਸਤਕ ਮੇਲੇ ਤੇ ਕੈਲਗਰੀ ਦੇ ਪਾਠਕਾਂ ਵਲੋਂ ਦਿਖਾਇਆ ਉਤਸ਼ਾਹ !







ਕੈਲਗਰੀ: ਲੰਘੇ ਵੀਕਐਂਡ ਤੇ ਐਤਵਾਰ 12, ਜੂਨ, 2022 ਨੂੰ ਮਾਸਟਰ ਭਜਨ ਸਿੰਘ ਤੇ ਸਾਥੀਆਂ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਦੂਜਾ ਇੱਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ। ਇਸ ਮੌਕੇ ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਕਿਤਾਬਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੇ ਨਾਲ-ਨਾਲ ਆਪਣੇ ਘਰਾਂ ਵਿੱਚ ਮਿੰਨੀ ਲਾਇਬ੍ਰੇਰੀਆਂ ਵੀ ਬਣਾਉਣ ਦੀ ਲੋੜ ਹੈ। ਉਨ੍ਹਾਂ ਪਾਠਕਾਂ ਨੂੰ ਸੁਝਾਅ ਦਿੱਤਾ ਕਿ ਸਾਨੂੰ ਆਪਣੇ ਬੱਚਿਆਂ ਵਿੱਚ ਕਿਤਾਬਾਂ ਪੜ੍ਹਨ ਦਾ ਉਤਸ਼ਾਹ ਪੈਦਾ ਕਰਨਾ ਚਾਹੀਦਾ ਹੈ।ਉਨ੍ਹਾਂ ਮੀਡੀਏ ਵਲੋਂ ਕੀਤੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਪੁਸਤਕ ਮੇਲੇ ਦਾ ਉਦਘਾਟਨ ਮੰਡੀ ਮੁੱਲਾਂਪੁਰ ਤੋਂ ਲੋਕ ਕਲਾ ਮੰਚ ਦੇ ਲੇਖਕ ਤੇ ਡਾਇਰੈਕਟਰ ਹਰਕੇਸ਼ ਚੌਧਰੀ ਵਲੋਂ ਕੀਤਾ ਗਿਆ। ਉਨ੍ਹਾਂ ਜਿੱਥੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਸੰਚਾਲਕਾਂ ਵਲੋਂ ਵਿਦੇਸ਼ਾਂ ਵਿੱਚ ਅਜਿਹੇ ਪੁਸਤਕ ਮੇਲੇ ਲਗਾਉਣ ਦੀ ਸ਼ਲਾਘਾ ਕੀਤੀ, ਉਥੇ ਕਾਮਰੇਡ ਲੈਨਿਨ ਦੇ ਕਥਨ ਦੇ ਹਵਾਲੇ ਨਾਲ਼ ਪਾਠਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਲੈਨਿਨ ਨੇ ਕਿਹਾ ਸੀ ਕਿ ਮੈਨੂੰ ਆਪਣੇ ਨੌਜਵਾਨਾਂ ਦੇ ਹੱਥਾਂ ਵਿੱਚ ਕਿਤਾਬਾਂ ਤੇ ਜੁਬਾਨ ਤੇ ਗਾਣਿਆਂ ਬਾਰੇ ਦੱਸੋ ਤਾਂ ਮੈਂ ਤੁਹਾਡੇ ਦੇਸ਼ ਦਾ ਭਵਿੱਖ ਦੱਸ ਸਕਦਾ ਹਾਂ। ਬਦਕਿਸਮਤੀ ਨਾਲ਼ ਅੱਜ ਸਾਡੇ ਨੌਜਵਾਨਾਂ ਦੇ ਹੱਥਾਂ ਵਿੱਚੋਂ ਨਾ ਸਿਰਫ ਕਿਤਾਬਾਂ ਗਾਇਬ ਹੋ ਚੁੱਕੀਆਂ ਹਨ, ਸਗੋਂ ਹਥਿਆਰਾਂ, ਨਸ਼ਿਆਂ, ਗੈਂਗਵਾਰ ਦੇ ਗੀਤ ਉਨ੍ਹਾਂ ਦੀਆਂ ਜ਼ੁਬਾਨਾਂ ਤੇ ਹਨ। ਇੱਕ ਰੋਜ਼ਾ ਇਸ ਮੇਲੇ ਵਿੱਚ ਹਰ ਵਰਗ ਦੇ ਪਾਠਕਾਂ ਨੇ ਨਾ ਸਿਰਫ ਬੜੇ ਉਤਸ਼ਾਹ ਨਾਲ ਕਿਤਾਬਾਂ ਹੀ ਖਰੀਦੀਆਂ, ਸਗੋਂ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 19 ਜੂਨ, 2022 ਨੂੰ ਕਰਵਾਏ ਜਾ ਰਹੇ 11ਵੇਂ ਨਾਟਕ ਸਮਾਗਮ ਦੀਆਂ ਟਿਕਟਾਂ ਵੀ ਬੜੇ ਉਤਸ਼ਾਹ ਨਾਲ਼ ਖਰੀਦੀਆਂ। ਪ੍ਰਬੰਧਕਾਂ ਵਲੋਂ 19 ਜੂਨ ਦੇ ਨਾਟਕ ਸਮਾਗਮ ਵਿੱਚ ਪਹੁੰਚਣ ਦਾ ਸਭ ਨੂੰ ਖੁੱਲ੍ਹਾ ਸੱਦਾ ਦਿੱਤਾ। ਪੁਸਤਕ ਮੇਲੇ ਦੇ ਪ੍ਰਬੰਧਕਾਂ ਵਲੋਂ ਪਾਠਕਾਂ ਵਲੋਂ ਦਿਖਾਏ ਉਤਸ਼ਾਹ ਤੇ ਖੁਸ਼ੀ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਕਿ ਕੈਲਗਰੀ ਵਿੱਚ ਦਿਨੋਂ ਦਿਨ ਪਾਠਕਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਬੇਸ਼ਕ ਇਹ ਪੁਸਤਕ ਮੇਲਾ ਤਾਂ ਉਸੇ ਦਿਨ ਸਮਾਪਤ ਹੋ ਗਿਆ ਸੀ, ਪਰ ਮਾਸਟਰ ਜੀ ਕੋਲ਼ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ। ਤੁਸੀਂ ਮਾਸਟਰ ਭਜਨ ਸਿੰਘ ਜੀ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ ?

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE
For More Information Call:
HARCHARAN PARHAR
Cell: 403.681.8689 Email: parharinsurance@gmail.com www.parharinsurance.com



Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
New Location
Extensive experience with Revenue Canada audits, reviews etc.
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca



Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles, Tiles on Walls, Kitchen,Washroom or anywhere in Home. You can upgrade your Kitchen or Washroom
ਵਰਕਰ ਦੀ ਤੁਰੰਤ ਲੋੜ
ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Sharmanjot22@gmail.com



Harmanjot Dhudike
403-975-0006



Dalveer Purba
587-435-5600



# ਬਰੂਹਾਂ 'ਤੇ ਖੜ੍ਹੇ ਜਲਵਾਯੂ ਸੰਕਟ ਅਤੇ ਨਿਹੱਕੀ ਭਿਆਨਕ ਜੰਗ

**ਸਵਰਨ ਸਿੰਘ ਰਸੂਲਪੁਰ**



ਵਾਤਾਵਰਣ ਵਿਚ ਆ ਰਹੀਆਂ ਤਬਦੀਲੀਆਂ ਬਾਰੇ ਆਈ.ਪੀ.ਸੀ.ਸੀ. (ਵਾਤਾਵਰਣ 'ਚ ਆ ਰਹੀਆਂ ਤਬਦੀਲੀਆਂ ਸਬੰਧੀ ਕੌਮਾਂਤਰੀ ਪੈਨਲ) ਦੀ ਰਿਪੋਰਟ ਵਿਚ ਕੁੰਜੀਵਤ ਗੱਲਾਂ ਨੂੰ ਸੰਬੋਧਨ ਹੋਇਆ ਗਿਆ:

1. ਜਲਵਾਯੂ 'ਚ ਆਈਆਂ ਵੱਡੀਆਂ ਤਬਦੀਲੀਆਂ ਨਾਲ ਜਲਵਾਯੂ 'ਤੇ ਪਹਿਲਾਂ ਹੀ ਅਸਰ ਪੈ ਚੁੱਕੇ ਹਨ ਅਤੇ ਭਵਿੱਖ ਵਿਚ ਇਨ੍ਹਾਂ ਅਸਰਾਂ ਨੇ ਤੇਜ਼ੀ ਨਾਲ ਵਧਣਾ ਹੈ।

2. ਇਨ੍ਹਾਂ ਤਬਦੀਲੀਆਂ ਦੇ ਪ੍ਰਤੀਕਰਮ 'ਚ ਮਨੁੱਖੀ ਮਸਾਜ ਕਿਵੇਂ 'ਅਨੁਕੂਲਿਤ' ਹੋ ਰਹੇ ਹਨ ਅਤੇ ਅੱਗੇ ਹੋਰ ਆਉਣ ਵਾਲੀਆਂ ਭਿਆਨਕ ਤਬਦੀਲੀਆਂ ਨੂੰ ਇਹ ਕਿਵੇਂ 'ਅਨੁਕੂਲਿਤ' ਕਰਨਗੇ ਦੇ ਮੁਲਾਂਕਣ ਵਿਚ ਕਿਹਾ ਗਿਆ ਹੈ ਅੱਗੇ 'ਪ੍ਰਸਥਿਤਕ ਪ੍ਰਬੰਧਾਂ' ਨੂੰ ਮੁੜ ਪੈਰਾਂ ਸਿਰ ਕਰਨ ਵਾਲੇ ਸਮਾਜਾਂ ਨੂੰ ਸਿਰਜਣ ਲਈ ਕਿਹਾ ਹੈ ਜੋ ਸੰਭਾਵੀ ਝੱਖੜਾਂ ਦਾ ਟਾਕਰਾ ਕਰ ਸਕਣ।

ਇਸ ਰਿਪੋਰਟ ਵਿਚ ਜਲਵਾਯੂ ਸੰਕਟ ਨੂੰ ਰੋਕਣ ਲਈ ਮੂਲ ਰੁਕਾਵਟ ਕੀ ਹੈ? ਬਾਰੇ ਕੁਝ ਨਹੀਂ ਦੱਸਿਆ ਗਿਆ। ਭਾਵੇਂ ਕਿ ਆਈ.ਪੀ.ਸੀ.ਸੀ. ਦੇ ਵਿਗਿਆਨੀਆਂ ਨੇ ਅਗਲੀ ਰਿਪੋਰਟ ਵਿਚ ਸਹਿਯੋਗ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਉਹ ਕੌਮਾਂਤਰੀ ਕਾਨਫਰੰਸ ਧਰਤ ਗ੍ਰਹਿ ਨੂੰ ਤਬਾਹੀ ਵੱਲ ਲਿਜਾਂਦੇ ਰਾਹ 'ਤੇ ਕੋਈ ਰੋਕ ਨਹੀਂ ਲਾ ਸਕੀ ਅਤੇ ਉਨ੍ਹਾਂ ਵਲੋਂ ਦਿੱਤੇ ਸੁਝਾਵਾਂ 'ਤੇ ਕੋਈ ਮਾੜੀ ਕੋਟੀ ਵੀ ਕਾਰਵਾਈ ਨਹੀਂ ਹੋਈ।

ਬਿਨਾਂ ਸ਼ੱਕ, ਪ੍ਰਸਥਿਤਿਕ ਪ੍ਰਬੰਧਾਂ ਨੂੰ ਤਬਾਹੀ ਵੱਲ ਲਿਜਾਣ ਵਾਲੀ ਅਤੇ ਜਲਵਾਯੂ ਸੰਕਟ ਪੈਦਾ ਕਰਨ ਵਾਲੀ, ਸਦੀ ਤੋਂ ਵੀ ਵੱਧ ਸਮੇਂ ਤੋਂ, ਸਰਮਾਏਦਾਰਾ-ਸਾਮਰਾਜੀ ਪ੍ਰਣਾਲੀ ਹੈ। ਇਹੋ ਪ੍ਰਣਾਲੀ ਹੀ ਜਲਵਾਯੂ ਸੰਕਟ ਦੀ ਰੋਕਥਾਮ ਕਰਨ ਮੂਹਰੇ ਮੂਲ ਰੁਕਾਵਟ ਹੈ। ਇਹ ਪ੍ਰਣਾਲੀ ਅੰਨ੍ਹੇਵਾਹ ਪਥਰਾਟ ਬਾਦਲਣ 'ਤੇ ਮੁੱਖ ਰੂਪ 'ਚ ਨਿਰਭਰ ਹੈ। ਆਪਣੇ ਅੰਨ੍ਹੇ ਮੁਨਾਫਿਆਂ ਨੂੰ ਮੁੱਖ ਰੱਖਕੇ ਕੌਮਾਂਤਰੀ ਪੱਧਰ 'ਤੇ ਪੈਦਾਵਾਰ ਕਰਨ ਵਿਚੋਂ ਅੰਨ੍ਹੀ ਲੁੱਟ 'ਤੇ ਆਧਾਰਤ ਜੰਗਲ-ਜ਼ਮੀਨ ਦੀ ਤਬਾਹੀ ਰਾਹੀਂ ਇਸ ਪ੍ਰਣਾਲੀ ਨੇ ਪ੍ਰਸਥਿਤਕ ਪ੍ਰਬੰਧਾਂ ਵਿਚ ਵਿਗਾੜ ਖੜ੍ਹੇ ਕੀਤੇ ਹਨ। ਇਸ ਨੇ ਸਮੁੱਚੇ ਦੱਖਣੀ ਸੰਸਾਰ ਵਿਚ ਜ਼ਮੀਨ ਜ਼ਹਿਰੀਲੀ ਕਰ ਦਿੱਤੀ ਹੈ, ਨਦੀਆਂ ਦੇ ਪਾਣੀ ਜ਼ਹਿਰੀਲੇ ਕਰ ਦਿੱਤੇ ਹਨ, ਹਰੇ ਇਨਕਲਾਬਾਂ ਰਾਹੀਂ ਜ਼ਮੀਨਾਂ ਹੇਠਲੇ ਬੇਸਕੀਮਤੀ ਪਾਣੀ ਮੁਕਾ ਦਿੱਤੇ ਹਨ, ਗੱਲ ਕੀ ਇਥੋਂ ਦੀ ਆਬੋ ਹਵਾ ਨੂੰ ਜਿਉਣਯੋਗ ਨਹੀਂ ਛੱਡਿਆ। ਪਰ ਇਸ ਦੇ ਮਣਾਂ-ਮੂੰਹੀਂ ਮੁਨਾਫਿਆਂ ਦਾ ਚਲਣ ਜਾਰੀ ਹੈ।

ਇਹ ਪ੍ਰਣਾਲੀ ਦੱਖਣੀ ਸੰਸਾਰ ਵਿਚ ਗਰੀਬੀ ਲਿਆਈ ਹੈ। ਇਸ ਨੇ ਇਨ੍ਹਾਂ ਮੁਲਕਾਂ ਨੂੰ ਕਰਜ਼ੇ ਥੱਲੇ ਦੱਬਿਆ ਹੈ, ਸਸਤੀ ਮਜ਼ਦੂਰੀ ਲਈ ਜਬਰੀ ਬੇਕਾਰੀ ਤੇ ਬੇਰੁਜ਼ਗਾਰੀ ਕਾਇਮ ਕੀਤੀ ਹੋਈ ਹੈ। ਇਨ੍ਹਾਂ ਮੁਲਕਾਂ ਅੰਦਰਲੀਆਂ ਪ੍ਰਸਥਿਤਕ ਪ੍ਰਬੰਧਾਂ ਦੀਆਂ ਮੁਢਲੀਆਂ ਲੋੜਾਂ ਤੋਂ ਮੂੰਹ ਮੋੜ ਕੇ ਇਥੋਂ ਦੇ ਪੈਦਾਵਾਰੀ ਅਤੇ ਸਮਾਜਿਕ ਸਬੰਧਾਂ ਵਿਚ ਖਰਲ ਪਾ ਕੇ ਬੇਢਵਾਹਣ ਤੇ ਮਟੂੰਨਤਾ ਪੈਦਾ ਕਰ ਦਿੱਤੀ ਹੈ। ਇਸ ਪ੍ਰਣਾਲੀ ਦੀ ਜ਼ਿੰਦਜਾਨ ਵਾਫਰ ਕਦਰ, ਮੁਨਾਫ਼ਾ ਤੇ ਵਿੱਤੀ ਸਰਮਾਇਆ ਨੇ ਸਾਮਰਾਜੀ ਮੁਲਕਾਂ 'ਤੇ ਵੀ ਮੋੜਵਾਂ ਅਸਰ ਪਾਇਆ ਹੈ। ਇਨ੍ਹਾਂ ਸਾਮਰਾਜੀ ਮੁਲਕਾਂ ਨੇ ਵਿੱਤੀ ਸਰਮਾਏ ਦੇ ਪਹਿਚਲਣ ਰਾਹੀਂ ਤੀਜੀ ਦੁਨੀਆ 'ਚ ਪੈਦਾਵਾਰ ਨੂੰ ਸੰਗਠਿਤ ਕਰਕੇ ਘਰ ਆਪਣੇ ਮੁਲਕਾਂ ਵਿਚ ਪਰਜੀਵੀ ਅਸਾਵਾਂਪਣ ਪੈਦਾ ਕੀਤਾ ਹੈ। ਗੱਲ ਕੀ ਇਥੋਂ ਦਾ ਬੁਰਜੂਆ ਵਿੱਤੀ ਵਰਗ ਦੁਨੀਆ ਵਿਚ ਸੰਗਠਿਤ ਕੀਤੀ ਪੈਦਾਵਾਰ ਨਾਲੋਂ ਟੁੱਟਿਆ ਹੋਇਆ ਹੈ ਪਰ ਦੁਨੀਆ ਦੀ ਸਾਰੀ ਧਨ ਦੌਲਤ ਨੂੰ ਇਕੱਤਰ ਕਰੀ ਬੈਠਾ ਹੈ ਅਤੇ ਇਸੇ ਵਿੱਤੀ ਸਰਮਾਏ ਨਾਲ ਦੁਨੀਆਂ ਦੀਆਂ ਆਰਥਿਕਤਾਵਾਂ ਨੂੰ ਕਾਬੂ ਕਰੀਂ ਬੈਠਾ ਤੇ ਉਨ੍ਹਾਂ ਲੋਕਾਂ ਦੀ ਮਿਹਨਤ 'ਤੇ ਪਲਦਾ ਪਰਜੀਵੀ ਪਿਸ਼ਾਚ ਹੈ।

ਅੱਜ ਦੁਨੀਆ ਉਤੇ ਕੋਈ ਵੀ ਵਿਅਕਤੀ ਆਪਣੀ ਉਜਰਤੀ ਨੌਕਰੀ ਦਾ 'ਖ਼ੁਦ' ਆਪ ਮਾਲਕ ਨਹੀਂ ਹੈ। ਮਿਹਨਤਕਸ਼ ਲੋਕਾਂ ਨੂੰ ਭਾੜੇ 'ਤੇ ਖਰੀਦਣ ਲਈ ਨੌਕਰੀਆਂ ਜਾਂ ਸਾਮੀਆਂ ਸਰਮਾਏਦਾਰ ਕੱਢਦੇ ਹਨ ਜਾਂ ਤਾਲਾਬੰਦੀਆਂ ਰਾਹੀਂ ਇਨ੍ਹਾਂ ਨੂੰ ਖੋਹ ਲੈਂਦੇ ਹਨ। ਮਿਹਨਤਕਸ਼ ਲੋਕ ਆਪਣੀਆਂ ਨੌਕਰੀਆਂ ਦੇ ਖ਼ੁਦ ਮਾਲਕ ਨਹੀਂ ਕਿਉਂਕਿ ਉਹ ਪੈਦਾਵਾਰੀ ਸਾਧਨਾਂ ਦੀ ਮਾਲਕੀ ਤੋਂ ਸੱਖਣੇ ਹਨ। ਤੀਜੀ ਦੁਨੀਆ ਵਿਚ ਨੀਵੀਂ ਉਜਰਤ/ਉਚਤਮ ਉਤਪਾਦਕਤਾ ਵਾਲੀ ਮਿਹਨਤ ਸਾਮਰਾਜੀ ਮੁਨਾਫ਼ੇ ਦੀ ਪੈਦਾਵਾਰ ਅਤੇ ਇਕੱਤਰੀਕਰਨ ਵਿਚ ਫੈਸਲਾਕੁੰਨ ਭੂਮਿਕਾ ਨਿਭਾਉਂਦੀ ਹੈ। ਇਸ ਪ੍ਰਣਾਲੀ ਨੇ ਸੰਸਾਰ ਦੇ ਹਰੇਕ ਭਾਗ ਵਿਚ ਅਰਬਾਂ-ਖਰਬਾਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਦੜਕੇ, ਉਨ੍ਹਾਂ ਵਿਚਲੇ ਸ਼ਾਹ ਸਤ ਨੂੰ ਚੂਰਾ ਲਿਆ ਹੈ ਅਤੇ ਉਨ੍ਹਾਂ ਅੰਦਰਲੀ ਮਨੁੱਖੀ ਰੂਹਾਨੀਅਤ (ਕਲਪਨਾ ਰਾਹੀਂ ਚੜ੍ਹਦੀ ਕਲਾ 'ਚ ਰਹਿਣ ਦੀ ਸਮਰੱਥਾ) ਨੂੰ ਕੁਚਲ ਦਿੱਤਾ ਹੈ। ਅੱਜ ਮਨੁੱਖਤਾ ਦਾ ਇਕ ਬਹੁਤ ਛੋਟਾ ਭਾਗ ਹੈ ਜਿਸ ਕੋਲ ਪਹਿਲਕਦਮੀ ਅਤੇ ਸਿਰਜਣਾਤਮਿਕਤਾ ਨੂੰ ਵਿਕਸਤ ਕਰਨ ਅਤੇ ਅਮਲ ਵਿਚ ਲਿਆਉਣ ਲਈ ਹਾਲਤਾਂ ਉਪਲਬਧ ਹਨ ਅਤੇ ਇੰਜ ਕਰਨ ਦੀ ਅਜ਼ਾਦੀ ਹੈ। ਇਹ ਛੋਟਾ ਭਾਗ ਸਿਰਫ਼ ਇਸ ਪ੍ਰਣਾਲੀ ਅਧੀਨ ਹੀ ਆਪਣੀ ਪਰਜੀਵੀ ਸੇਵਾ ਪ੍ਰਦਾਨ ਕਰਦਾ ਹੈ।

ਸੋ ਇਸ ਜਲਵਾਯੂ ਸੰਕਟ ਨੂੰ ਹੱਲ ਕਰਨ ਮੂਹਰੇ ਮੂਲ ਰੁਕਾਵਟ ਇਹੀ ਪ੍ਰਣਾਲੀ ਹੈ ਜੋ ਇਸ ਸੰਕਟ ਪ੍ਰਤੀ ਕੋਈ ਦਿਲਚਸਪੀ ਨਹੀਂ ਦਿਖਾਉਂਦੀ ਨਾ ਹੀ ਕੋਈ ਫੰਡ ਮੁਹੱਈਆ ਕਰਾਉਂਦੀ ਹੈ ਸਗੋਂ ਮਨੁੱਖਤਾ ਨੂੰ ਇਸ ਧਰਤ ਗ੍ਰਹਿ ਤੋਂ ਪੂਰਨ ਰੂਪ ਤਬਾਹ ਕਰਨ ਦੀਆਂ ਗੋਂਦਾਂ ਵੀ ਗੁੰਦ ਰਹੀ ਹੈ। ਇਸ ਪ੍ਰਣਾਲੀ ਦੀਆਂ "ਸਿਰਜਣਾਤਮਿਕ" ਜੁੰਡਲੀਆਂ ਨਿਊਕਲੀਅਰ ਜੰਗ ਰਾਹੀਂ ਮਨੁੱਖਤਾ ਦਾ ਨਾਸ਼ ਕਰਨ ਦੀਆਂ ਤਰਕੀਬਾਂ ਲਾ ਰਹੀਆਂ ਹਨ ਤਾਂ ਕਿ ਮਨੁੱਖਤਾ ਦਾ ਭਿਆਨਕ ਅੰਤ ਕਰਕੇ ਇਸ ਪ੍ਰਣਾਲੀ ਨੂੰ ਬਚਾਇਆ ਜਾ ਸਕੇ।

ਹਾਂ, ਇਹ ਪ੍ਰਣਾਲੀ ਮੁਨਾਫ਼ੇ ਦੀ ਪੈਦਾਵਾਰ, ਵੰਡ ਅਤੇ ਪੂਰਤੀ ਲੀਹਾਂ ਦੇ ਚਲਣ ਰਾਹੀਂ ਦੱਖਣੀ ਸੰਸਾਰ 'ਤੇ ਪੈਣ ਵਾਲੇ ਭਿਆਨਕ ਪ੍ਰਭਾਵਾਂ ਅਧੀਨ ਪ੍ਰਸਥਿਤਕ ਪ੍ਰਣਾਲੀ ਦੇ ਵਿਗਾੜਾਂ ਦੀ ਭਰਪਾਈ ਮੁਨਾਫ਼ੇ ਦੀ ਦਰ ਨੂੰ ਘਟਾ ਕੇ ਨਹੀਂ ਸਗੋਂ ਹੋਰ ਵਧਾ ਕੇ 'ਸਿਰਜਣਾ' ਕਰ ਸਕਦੀ ਹੈ ਭਾਵ ਲੋਕਾਂ ਦੀ ਹੋਰ ਅੰਨ੍ਹੀ ਲੁੱਟ। ਗੱਲ ਕੀ ਇਹ ਪ੍ਰਣਾਲੀ ਦੱਖਣੀ ਸੰਸਾਰ ਨੂੰ ਇਕ ਪਰਜੀਵੀ ਦੀ ਤਰ੍ਹਾਂ ਚਿੰਬੜੀ ਹੋਈ ਹੈ ਜਿਸ ਨੂੰ ਪਰ੍ਹਾਂ ਲਾਹ ਕੇ ਸੁੱਟੇ ਬਿਨਾਂ ਅਤੇ ਤਬਾਹ ਕੀਤੇ ਬਿਨਾਂ ਦੱਖਣੀ ਸੰਸਾਰ ਜਾਂ ਤੀਜੀ ਦੁਨੀਆਂ ਦੇ ਲੋਕਾਂ ਦਾ ਭਲਾ ਨਹੀਂ। ਉੱਤਰੀ ਸੰਸਾਰ ਦੇ ਸਾਮਰਾਜੀ ਦੇਸ਼ਾਂ ਵਿਚਲੇ ਮਜ਼ਦੂਰਾਂ ਤੇ ਲੋਕਾਂ ਦੀ ਸਾਂਝ ਦੱਖਣੀ ਸੰਸਾਰ ਦੇ ਲੋਕਾਂ ਨਾਲ ਪਹਿਲ-ਪ੍ਰਥਮ ਵਾਲੀ ਹੈ ਭਾਵੇਂ ਕਿ ਇਸ ਪ੍ਰਣਾਲੀ ਨੇ ਇਨ੍ਹਾਂ ਨੂੰ ਵੱਖ-ਵੱਖ ਦੇਸ਼ਾਂ ਵਿਚ ਵੰਡਿਆ ਹੋਇਆ ਹੈ। ਆਪਣੇ ਸਰੀਕਾ ਭੇੜ ਵਿਚ, ਇਨ੍ਹਾਂ ਦੇਸ਼ਾਂ ਨੂੰ ਆਪਣੇ ਪ੍ਰਭਾਵ ਹੇਠ ਕਰਨ ਅਤੇ ਲੁੱਟ ਦਾ ਇਕ ਨਵਾਂ ਸੰਸਾਰ ਨਿਯਾਮ ਸਿਰਜਣ









ਲਈ ਨਾਟੋ, ਅਮਰੀਕਾ ਦੀ ਅਗਵਾਈ ਵਿਚ ਰੂਸ ਨੂੰ ਘੇਰਨ 'ਚੋਂ ਉਪਜੀ ਯੂਕਰੇਨ ਜੰਗ 'ਚ ਜਿਥੇ ਰੂਸ ਆਪਣੇ ਨਵੀਨਤਮ ਹਥਿਆਰਾਂ ਨਾਲ ਤਬਾਹੀ ਮਚਾ ਰਿਹਾ ਹੈ, ਉਥੇ ਯੂਕਰੇਨ ਦੇ ਲੋਕ ਲੜ ਰਹੇ ਹਨ। ਰੂਸ, ਜਰਮਨੀ ਅਤੇ ਅਮਰੀਕਾ ਵਿਚ ਲੋਕ ਇਸ ਪਰੌਕਸੀ ਜੰਗ ਨੂੰ ਬੰਦ ਕਰਨ ਦੀ ਮੰਗ ਕਰਦੇ ਹਨ ਜਿਨ੍ਹਾਂ ਦਾ ਕਹਿਣਾ ਹੈ ਕਿ ਇਸ ਸਰਮਾਏਦਾਰਾ ਸਾਮਰਾਜੀ ਪ੍ਰਣਾਲੀ ਦਾ ਭਵਿੱਖ ਭਿਆਨਕ ਤਬਾਹੀ ਲਿਆਉਣ ਵਾਲਾ ਤੇ ਮਨੁੱਖਤਾ ਨੂੰ ਖਤਮ ਕਰਨ ਵਾਲਾ ਹੈ ਜਦਕਿ ਮਨੁੱਖਤਾ ਲਈ ਇਕ ਆਸ ਹੈ ਕਿ ਇਸ ਦਰਿੰਦਗੀ ਭਰਪੂਰ ਪ੍ਰਣਾਲੀ ਦਾ ਖਾਤਮਾ ਕਰਕੇ, ਮਨੁੱਖਤਾ ਲਈ ਰੌਸ਼ਨੀਆਂ ਨਾਲ ਭਰਿਆ ਭਵਿੱਖ, ਕਮਿਊਨਿਜ਼ਮ ਲਈ ਘਾਲਣਾ ਕੀਤੀ ਜਾਵੇ। ਇਨ੍ਹਾਂ ਮੁਜ਼ਾਹਰਿਆਂ ਦੀ ਇਹੋ ਸ਼ਾਨ ਹੈ।

ਭਾਰਤੀ ਹਾਕਮ ਜਿਥੇ 'ਗੁੱਟ ਨਿਰਲੇਪ' ਰਹਿਣ ਦੀ ਗੱਲ ਕਰ ਰਹੇ ਹਨ ਉਥੇ ਇਨ੍ਹਾਂ ਵਲੋਂ ਯੂਕਰੇਨ ਉਤੇ ਰੂਸੀ ਹਮਲੇ ਦਾ ਵਿਰੋਧ ਕਰਨ ਤੋਂ ਆਲਾ ਕਾਨੀ ਕੀਤੀ ਗਈ ਹੈ। ਵਾਸਤਾ ਰੂਸ ਨਾਲ ਪੁਰਾਣੀ ਪੀਡੀ ਦੋਸਤੀ ਦਾ ਪਾਇਆ ਗਿਆ ਹੈ। ਅਸਲ ਵਿਚ ਯੂ.ਐਨ.ਓ. ਵਿਚ ਹਮਲੇ ਵਿਰੁੱਧ ਵੋਟ ਨਾ ਪਾਉਣ ਦਾ ਕਾਰਨ ਭਾਰਤ ਦੀ ਰੂਸ ਉਪਰ ਫੌਜੀ ਸਾਜੋ ਸਮਾਨ ਅਤੇ ਤਕਨੀਕ ਦੀ ਮੁੱਖ ਰੂਪ ਵਿਚ ਨਿਰਭਰਤਾ ਹੈ ਇਸੇ ਕਰਕੇ ਹੀ ਇਸ ਨੇ ਮਲਵੀਂ ਜੀਭ ਰਾਹੀਂ ਭਾਰਤੀ ਹਾਕਮਾਂ ਨੇ ਆਪਣੇ ਹਿੱਤਾਂ ਨੂੰ ਅੱਗੇ ਵਧਾਉਂਦਿਆਂ ਰੂਸ ਤੋਂ ਸਸਤਾ ਤੇਲ ਲੈਣ ਦੀ ਡੀਲ ਵਿਚ ਆਪਣੀ ਚੌਧਰ ਚਲਣ ਦਾ ਰਾਗ ਅਲਾਪਿਆ ਹੋਇਆ ਹੈ ਕਿ ਦੇਖੋ ਦਿਉ ਤਾਕਤਾਂ ਤੇ ਯੂਰਪੀ ਸਾਮਰਾਜੀ ਮੁਲਕ ਸਾਡੀ ਚੌਧਰ ਮੂਹਰੇ ਲਿਫ ਗਏ ਹਨ। ਮੰਨਿਆ ਜਾ ਰਿਹਾ ਹੈ ਕਿ ਦੁਨੀਆ ਵਿਚ ਭਾਰਤ ਕੋਲ ਚੌਥੇ ਨੰਬਰ ਦੀ ਫੌਜੀ ਸ਼ਕਤੀ ਹੈ ਜੋ ਜੰਗ 'ਚ ਉਲਝੇ ਸਾਮਰਾਜੀ ਗੁੱਟਾਂ ਲਈ ਨਵਾਂ ਸੰਤੁਲਨ ਬਿਠਾਉਣ ਲਈ ਅਹਿਮ ਸ਼ਕਤੀ ਹੈ। ਇਸੇ ਕਰਕੇ ਅਮਰੀਕਾ ਅਤੇ ਨਾਟੋ ਦੇਸ਼ ਇਸ ਨੂੰ ਛੋਟਾਂ ਦੇਣ ਦੇ ਵਾਅਦੇ ਕਰ ਰਹੇ ਹਨ। ਇਥੇ ਵੀ ਭਾਰਤੀ ਹਾਕਮ ਅਮਰੀਕਾ ਤੇ ਨਾਟੋ ਦੇਸ਼ਾਂ ਵਲੋਂ ਰੂਸੀ ਸਾਮਰਾਜ ਨੂੰ ਕਮਜ਼ੋਰ ਕਰਨ ਲਈ ਜੰਗ ਦੀ ਸਥਿਤੀ ਬਣਾਉਣ ਲਈ ਸਟੇਜ ਤਹਿ ਕਰਨ ਦਾ ਵਿਰੋਧ ਨਹੀਂ ਕਰ ਰਹੇ ਸਗੋਂ ਆਪਣੇ ਦਲਾਲ ਹਿੱਤਾਂ ਨੂੰ ਅੱਗੇ ਵਧਾਉਂਦਿਆਂ ਸੰਭਾਵੀ ਬੰਦਸ਼ਾਂ ਨੂੰ ਤਰਕਸ਼ੀਲ ਬਣਾਉਣ ਦੀ ਮੰਗ ਉਠਾ ਕੇ ਨਵੀਆਂ ਛੋਟਾਂ ਦੀ ਮੰਗ ਕਰ ਰਹੇ ਹਨ ਅਤੇ ਅਮਰੀਕੀ ਧੌਂਸ ਦਾ ਵਿਰੋਧ ਨਾ ਕਰਕੇ ਕੁਆਡ ਦੀਆਂ ਮਿਲਣੀਆਂ ਕੀਤੀਆਂ ਜਾ ਰਹੀਆਂ ਹਨ। ਇਥੇ ਵੀ ਰੂਸ-ਯੂਕਰੇਨ ਜੰਗ ਨਾਲ ਬਣੀ ਸਥਿਤੀ ਵਿਚ, ਅਮਰੀਕੀ ਅਗਵਾਈ ਹੇਠ ਚੀਨ ਨੂੰ ਘੇਰਨ, ਚੀਨੀ ਸਾਮਰਾਜ ਦੇ ਪਸਾਰਵਾਦੀ ਪ੍ਰਭਾਵ ਨੂੰ ਹਿੰਦ ਮਹਾਂਸਾਗਰ ਅੰਦਰੋਂ ਠੱਲਣ ਖਾਤਰ ਖਾਸ ਕਰਕੇ ਅਮਰੀਕੀ ਲੋੜਾਂ ਦੀ ਪੂਰਤੀ ਕਰਦਿਆਂ ਗੁਆਂਢੀ ਦੇਸ਼ ਚੀਨ ਨਾਲ ਬੇਲੋੜੀਆਂ ਜੰਗਾਂ ਛੇੜਨ ਦੀ ਤਿਆਰੀ ਦੇ ਫੰਦੇ 'ਚ ਚੁੱਪੀ ਧਾਰ ਕੇ ਫਸ ਰਹੇ ਹਨ।

ਉਪਰੋਕਤ ਦੋਨੋਂ ਸਥਿਤੀਆਂ 'ਚ ਭਾਰਤ ਦੀ ਵਿਦੇਸ਼ ਨੀਤੀ "ਗੁੱਟ ਨਿਰਲੇਪਤਾ" ਦੀ ਨੀਤੀ ਦੇ ਨਾਂ ਹੇਠ, ਜੰਗ 'ਚ ਉਲਝੇ ਦੋਨੋਂ ਗੁੱਟਾਂ ਦੀ ਸੇਵਾ ਕਰਨਾ ਹੈ ਨਾ ਕਿ ਯੂਕਰੇਨ ਜੰਗ ਦਾ ਹਕੀਕੀ ਵਿਰੋਧ। ਇਸ ਕਰਕੇ ਭਾਰਤੀ ਲੋਕਾਂ ਨੂੰ ਦੁਨੀਆਂ ਦੇ ਲੋਕਾਂ ਨਾਲ ਰਲ ਕੇ ਭਾਰਤੀ ਹਾਕਮਾਂ ਦੀ ਵਿਦੇਸ਼ ਨੀਤੀ ਨੂੰ ਨੰਗਾ ਕਰਦਿਆਂ ਜੰਗ ਨੂੰ ਹਕੀਕੀ ਰੂਪ 'ਚ ਬੰਦ ਕਰਨ ਦੀ ਮੰਗ ਨੂੰ ਲੈ ਕੇ ਭਾਰਤੀ ਹਾਕਮਾਂ ਦਾ ਵਿਰੋਧ ਕਰਨਾ ਚਾਹੀਦਾ ਹੈ ਕਿ ਇਹ ਕਿਵੇਂ ਇਸ ਭਿਆਨਕ ਜੰਗ ਵਿਚ "ਗੁੱਟ ਨਿਰਲੇਪਤਾ' ਦੇ ਨਾਂ ਹੇਠ ਆਪਣੇ ਲੋਟਨੂੰ ਹਿੱਤਾਂ ਨੂੰ ਅੱਗੇ ਵਧਾ ਰਹੇ ਹਨ। ਜੇਕਰ ਇਸ ਜੰਗ ਨੂੰ ਅੱਗੇ ਹੋਰ ਵਧਣ ਤੋਂ ਨਾ ਰੋਕਿਆ ਗਿਆ ਤੇ ਬੰਦ ਨਾ ਕਰਾਇਆ ਗਿਆ ਤਾਂ ਇਸ ਨੇ ਧਰਤ ਗ੍ਰਹਿ ਦੇ ਜਲਵਾਯੂ ਨੂੰ ਐਨਾ ਪ੍ਰਦੂਸ਼ਤ ਕਰ ਦੇਣਾ ਹੈ ਕਿ ਇਹ ਗ੍ਰਹਿ ਮਨੁੱਖਤਾ ਦੇ ਜਿਉਣਯੋਗ ਨਹੀਂ ਰਹਿਣਾ।

ਰੂਸ ਯੂਕਰੇਨ ਜੰਗ ਦੌਰਾਨ ਅਮਰੀਕਾ ਵਲੋਂ ਲਾਈਆਂ ਪਾਬੰਦੀਆਂ ਅਤੇ ਰੂਸ ਵਲੋਂ ਕਾਲਾ ਸਾਗਰ ਦੀਆਂ ਬੰਦਰਗਾਹਾਂ 'ਤੇ ਕਬਜ਼ਾ ਅਤੇ ਭਾਰਤ ਵਲੋਂ ਕਣਕ ਦੀ ਬਰਾਮਦ 'ਤੇ ਲਾਈ ਪਾਬੰਦੀ ਦੇ ਕਾਰਨ ਤੇਲ, ਗੈਸ, ਰਸਾਇਣਿਕ ਖਾਦ, ਕਣਕ, ਸੋਇਆਬੀਨ ਆਦਿ ਊਰਜਾ 'ਤੇ ਖਾਧ ਖੁਰਾਕ ਨੂੰ ਪਹੁੰਚਾਉਣ ਵਾਲੀਆਂ ਪੂਰਤੀ ਲੀਹਾਂ ਵਿਚਲਾ ਸੰਕਟ ਖੜ੍ਹਾ ਹੋ ਗਿਆ ਹੈ ਜਿਸ ਕਰਕੇ ਦੁਨੀਆ ਦੇ ਲੋਕਾਂ ਦੀਆਂ ਮੁਸੀਬਤਾਂ ਵਧਣ ਅਤੇ ਭੁਖਮਰੀ ਦੀ ਹਾਲਤ ਬਣਨ ਦੇ ਸੰਕੇਤ ਦਿਸਣ ਲੱਗ ਪਏ ਹਨ।

ਜੇਕਰ ਇਹ ਭੁਖਮਰੀ ਜੰਗ ਦੇ ਲਮਕਣ ਨਾਲ ਵਿਰਾਟ ਰੂਪ ਅਖਤਿਆਰ ਕਰ ਜਾਂਦੀ ਹੈ ਤਾਂ ਇਹ ਇਸ ਪ੍ਰਣਾਲੀ ਦੀ ਸਰਮਾਏਦਾਰਾ ਜਿਣਸੀ ਪ੍ਰਣਾਲੀ 'ਚੋਂ ਵਾਧੂ ਕਦਰ ਨਿਚੋੜਨ ਲਈ ਵਧੇਰੇ ਮੁਨਾਫ਼ੇ ਦੀ ਦਰ ਹਾਸਲ ਕਰਨ ਦੀ ਹੋੜ 'ਚ ਸੰਸਾਰ ਪੱਧਰੀ ਸੰਗਠਿਤ ਪੈਦਾਵਾਰ ਅਤੇ ਇਸ ਪੈਦਾਵਾਰ ਦੀ ਹਿੱਸੇਦਾਰੀ ਤੇ ਵੰਡ ਵੰਡਾਈ ਦੀਆਂ ਪੂਰਤੀ ਲੀਹਾਂ ਵਿਚਲੀ ਅਰਾਜਕਤਾ ਵਿਚੋਂ ਲਾਈਆਂ ਗਈਆਂ ਪਾਬੰਦੀਆਂ ਅਤੇ ਸਾਮਰਾਜੀ ਜੰਗ ਦੀ ਦੇਣ ਹੋਵੇਗੀ। ਇਸ ਕਰਕੇ ਇਨ੍ਹਾਂ ਪਾਬੰਦੀਆਂ ਸਮੇਤ ਸਾਮਰਾਜੀ ਜੰਗ ਨੂੰ ਬੰਦ ਕਰਾਉਣ ਲਈ ਅੱਗੇ ਆਉਣ ਦੀ ਲੋੜ ਹੈ।

ਢੌਂਗੀ 'ਗੁੱਟ ਨਿਰਲੇਪਤਾ' ਦੇ ਨਾਂ ਹੇਠ ਜੰਗ 'ਚ ਲੁਕਵੇਂ ਸ਼ਰੀਰ ਬਣ ਰਹੇ ਭਾਰਤੀ ਹਾਕਮ ਜੇਕਰ ਦੇਸ਼ ਦੇ ਅੰਦਰ ਤੇ ਬਾਹਰ ਲੋਕ ਹਮਾਇਤ ਹਾਸਲ ਕਰ ਲੈਂਦੇ ਹਨ ਤਾਂ ਇਹ ਕਿਸ਼ਤਾਂ 'ਚ ਅੱਗੇ ਵਧਾ ਰਹੇ ਹਿੰਦੂ ਸਾਵਨਵਾਦੀ ਫਾਸੀਵਾਦ ਨੂੰ ਹੋਰ ਤਕੜਾ ਕਰ ਲੈਣਗੇ ਅਤੇ ਲੋਕਾਂ ਦੇ ਹੋਰ ਬੁਨਿਆਦੀ ਹੱਕ ਖੋਹਣਗੇ ਅਤੇ ਹੋਰ ਜਾਬਰ ਰਾਜ ਦੇ ਜ਼ੋਰ ਅੰਨ੍ਹਾ ਜੁਲਮ ਢਾਹੁਣਗੇ ਅਤੇ ਅਖੀਰ ਕਿਸੇ ਇਕ ਸਾਮਰਾਜੀ ਗੁੱਟ ਦੀ ਝੋਲੀ 'ਚ ਪੈ ਕੇ ਸਾਮਰਾਜੀ ਪ੍ਰਣਾਲੀ ਨੂੰ ਮਜਬੂਤ ਕਰਨਗੇ ਜਦਕਿ ਮਨੁੱਖਤਾ ਦੀ ਇਹ ਪ੍ਰਣਾਲੀ ਦੁਸ਼ਮਣ ਹੈ। ਮਨੁੱਖਤਾ ਨੂੰ ਜਲਵਾਯੂ ਸੰਕਟ 'ਤੇ ਨਿਹੱਕੀ ਭਿਆਨਕ ਜੰਗ ਤੋਂ ਬਚਾਉਣ ਲਈ ਪਹਿਲ ਪ੍ਰਿਥਮੇ ਭਾਰਤੀ ਮਿਹਨਤਕਸ਼ ਲੋਕਾਂ ਦੀ ਦੁਨੀਆਂ ਦੀ ਮਜ਼ਦੂਰ ਜਮਾਤ ਨਾਲ ਸਾਂਝੀ ਲੜਾਈ ਹੈ ਇਸ ਗੁਰਜਦੇ ਅਧਾਰ 'ਤੇ ਭਾਰਤੀ ਹਾਕਮਾਂ ਨੂੰ ਨਵਜਮਹੂਰੀ ਇਨਕਲਾਬ ਰਾਹੀਂ ਰਾਜ ਸੱਤ੍ਹਾ 'ਚੋਂ ਪਰ੍ਹਾਂ ਕਰਕੇ ਮਨੁੱਖਤਾ ਨੂੰ ਬਚਾਉਣ 'ਚ ਅਹਿਮ ਹਿਸਾ ਪਾਉਣਾ ਸਾਡੇ ਹਿੱਸੇ ਆਇਆ ਇਕ ਮੁੱਖ ਕਾਰਜ ਹੈ।

ਬਹੁਤ ਥੋੜ੍ਹਾ, ਪਰ ਕੀਮਤੀ ਸਮਾਂ ਸਾਡੇ ਕੋਲ ਬਚਿਆ ਹੈ ਇਸ ਨੂੰ ਅਣਹੋਲ ਅਤੇ ਜ਼ਹਿਰੀਲੇ ਭਰਮ ਭੁਲੇਖਿਆਂ ਉਪਰ ਅਜਾਈਂ ਨਹੀਂ ਗੁਆਉਣਾ ਚਾਹੀਦਾ ਸਗੋਂ ਧੱੜੇ ਨਾਲ ਮਨੁੱਖਤਾ ਦੀ ਮੁਕਤੀ ਲਈ ਯਤਨ ਕਰਨੇ ਚਾਹੀਦਾ ਹੈ। ਮਨੁੱਖਤਾ ਦੀ ਮੁਕਤੀ ਦੀ ਇਹ ਮੰਗ ਮਨੁੱਖਤਾ ਕੋਲੋਂ ਧਰਤ ਗ੍ਰਹਿ ਸੰਭਾਲਣ ਵਾਲੀ ਅਤੇ ਸਾਮਰਾਜੀ ਭਿਆਨਕ ਜੰਗਾਂ ਦਾ ਸਦਾ ਲਈ ਖਾਤਮਾ ਚਾਹੁਣ ਵਾਲੀ ਕਮਿਊਨਿਜ਼ਮ ਪ੍ਰਣਾਲੀ ਨੂੰ ਅੱਗੇ ਲੈ ਕੇ ਆਉਣ ਦੀ ਮੰਗ ਕਰਦੀ ਹੈ।

# ਅਖੌਤੀ ਅਗਨੀਪੱਥ ਰੋਜ਼ਗਾਰ ਸਕੀਮ ਨੌਜਵਾਨਾਂ ਨਾਲ ਧੋਖਾ : ਤਰਕਸ਼ੀਲ ਆਗੂ ਜੀਰਖ

## ਭਾਰਤ ਸਰਕਾਰ ਦੀ ਇਹ ਸਕੀਮ ਜਮਹੂਰੀ ਸਮਾਜ ਲਈ ਘਾਤਕ ਸਿੱਧ ਹੋਵੇਗੀ



ਲੁਧਿਆਣਾ : ਹਿੰਦੀ ਸ਼ਬਦ ਤਰਕ ਦਾ ਮਤਲਬ ਹੁੰਦਾ ਹੈ ਦਲੀਲ ਅਤੇ ਦਲੀਲ ਨਾਲ ਗੱਲ ਕਰਨੇ ਵਾਲਾ ਹੁੰਦਾ ਹੈ ਤਰਕਸ਼ੀਲ। ਦਲੀਲਾਂ ਨੂੰ ਹਥਿਆਰ ਬਣਾ ਕੇ ਵਿਚਾਰਾਂ ਦੀ ਜੰਗ ਲੜਨ ਵਾਲੇ ਸੰਗਠਨ ਤਰਕਸ਼ੀਲ ਸੋਸਾਇਟੀ ਪੰਜਾਬ ਨੇ ਵੀ ਅਗਨੀ ਪੱਥ ਅਤੇ ਅਗਨੀ ਵੀਰ ਸਕੀਮਾਂ ਦਾ ਸਖਤ ਵਿਰੋਧ ਕੀਤਾ ਹੈ। ਤਰਕਸੀਲ ਸੁਸਾਇਟੀ ਪੰਜਾਬ ਨੇ ਅਗਨੀ ਪੱਥ ਅਤੇ ਅਗਨੀ ਵੀਰ ਸਕੀਮਾਂ ਦਾ ਤਿੱਖਾ ਵਿਰੋਧ ਕੀਤਾ ਹੈ। ਭਾਰਤ ਸਰਕਾਰ ਵੱਲੋਂ ਫੌਜ ਵਿੱਚ ਭਰਤੀ ਲਈ ਲਿਆਂਦੀ ਗਈ ਅਗਨੀਪੱਥ ਸਕੀਮ ਨੂੰ ਤਰਕਸ਼ੀਲ ਸੋਸਾਇਟੀ ਦੇਸ ਅਤੇ ਲੋਕਾਂ ਲਈ ਬਹੁਤ ਹਾਨੀਕਾਰਕ ਸਮਝਦੀ ਹੈ।

ਸੁਸਾਇਟੀ ਦੇ ਲੁਧਿਆਣਾ ਜ਼ੋਨ ਦੇ ਜੱਥੇਬੰਦਕ ਮੁਖੀ ਜਸਵੰਤ ਜੀਰਖ ਅਤੇ ਵਿੱਤ ਮੁਖੀ ਆਤਮਾ ਸਿੰਘ ਨੇ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਇਸ ਸਕੀਮ ਅਧੀਨ ਕੇਵਲ ਚਾਰ ਸਾਲ ਲਈ ਨੌਜਵਾਨਾਂ ਨੂੰ ਭਰਤੀ ਕੀਤਾ ਜਾਣਾ ਹੈ ਅਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਕੁਝ ਉੱਕਾ-ਪੁੱਕਾ ਪੈਸੇ ਦੇ ਕੇ ਮੁੜ ਬੇਰੁਜਗਾਰੀ ਦੀ ਭੱਠੀ ਵਿੱਚ ਸੁੱਟ ਦੇਣਾ ਹੈ।

ਇਹ ਭਾਰਤੀ ਸੈਨਿਕ ਅਦਾਰਿਆਂ ਵਿੱਚ ਵੀ ਕਾਰਪੋਰੇਟ ਮਾਡਲ ਲਾਗੂ ਕਰਨ ਦੀ ਨੀਤੀ ਹੈ। ਇਹ ਸਕੀਮ ਦੇਸ ਦੇ ਨੌਜਵਾਨਾਂ ਨੂੰ ਸਥਾਈ ਰੋਜਗਾਰ ਅਤੇ ਪੈਨਸਨ ਵਰਗੇ ਲਾਭਾਂ ਤੋਂ ਵਾਂਝਾ ਰੱਖੇਗੀ ਅਤੇ ਚਾਰ ਸਾਲ ਬਾਅਦ ਵਿਹਲੇ ਹੋਏ ਇਹ ਸਾਬਕਾ ਅਗਨੀਵੀਰ ਕਾਰਪੋਰੇਟ ਅਦਾਰਿਆਂ ਲਈ ਸਸਤੀ ਲੇਬਰ ਦਾ ਸੋਮਾ ਬਣਨ ਲਈ ਮਜਬੂਰ ਹੋਣਗੇ। ਇਸ ਤੋਂ ਵੀ ਅੱਗੇ ਦੇਸ ਵਿੱਚ ਜਿਸ ਤਰ੍ਹਾਂ ਦਾ ਫਿਰਕੂ ਧਰੁਵੀਕਰਨ ਕੀਤਾ ਜਾ ਰਿਹਾ ਹੈ ਉਸ ਵਿੱਚ ਮਾਰੂ ਹਥਿਆਰਾਂ ਦੀ ਸਿਖਲਾਈ ਪ੍ਰਾਪਤ ਕਰ ਚੁੱਕੇ, ਪਰ ਫੌਜ ਵਿਚੋਂ ਵਿਹਲੇ ਕਰ ਦਿੱਤੇ ਗਏ, ਇਨ੍ਹਾਂ ਨੌਜਵਾਨਾਂ ਵੱਲੋਂ ਜਮਹੂਰੀ ਸਮਾਜ ਲਈ ਬਹੁਤ ਮਾਰੂ ਰੋਲ ਨਿਭਾਉਣ ਦਾ ਹਕੀਕੀ ਖਤਰਾ ਹੈ ਜੋ ਹਾਕਮ ਧਿਰ ਨੂੰ ਫਿੱਟ ਬੈਠਦਾ ਹੈ।

ਇਹਨਾਂ ਅਗਨੀਵੀਰਾਂ ਨੇ ਫੌਜ ਵਿੱਚ ਬਹੁਤ ਥੋੜ੍ਹੇ ਸਮੇਂ ਲਈ ਹੀ ਰਹਿਣਾ ਹੈ ਜਿਸ ਕਰਕੇ ਉਨ੍ਹਾਂ ਵਿੱਚ ਫੌਜ ਲਈ ਲੋੜੀਂਦੀ ਪ੍ਰੋਫੈਸਨਲ ਯੋਗਤਾ ਅਤੇ ਨਿਰਪੱਖਤਾ ਨਹੀਂ ਆ ਸਕੇਗੀ ਅਤੇ ਖਦਸਾ ਹੈ ਕਿ ਇਨ੍ਹਾਂ ਨੌਜਵਾਨਾਂ ਨੂੰ ਇਸ ਅਰਸੇ ਦੌਰਾਨ ਦੇਸ-ਪ੍ਰੇਮ ਦੇ ਨਾਂ ਹੇਠ ਖਾਸ ਸਿਆਸੀ ਵਿਚਾਰਧਾਰਾ ਨਾਲ ਲੈਸ ਕਰਕੇ ਅਜਿਹੀ ਤਾਕਤ ਬਣਾ ਦਿੱਤਾ ਜਾਵੇਗਾ ਜੋ ਇਨਸਾਫ ਪਸੰਦ ਸਮਾਜ ਲਈ ਖਤਰਨਾਕ ਸਾਬਤ ਹੋ ਸਕਦੀ ਹੈ।

ਹੁਣ ਤੱਕ ਫੌਜ ਨੂੰ ਸਿਆਸਤ ਤੋਂ ਦੂਰ ਕੇਵਲ ਦੇਸ ਦੀ ਸੁਰੱਖਿਆ ਤੱਕ ਸੀਮਤ ਕਰਨ ਨੂੰ ਪ੍ਰਵਾਨਿਤ ਨੀਤੀ ਮੰਨਿਆ ਜਾਂਦਾ ਸੀ ਪਰ ਮੌਜੂਦਾ ਸਰਕਾਰ ਫੌਜ ਦੇ ਸਿਆਸੀਕਰਨ ਵੱਲ ਵਧ ਰਹੀ ਹੈ। ਮੌਜੂਦਾ ਸਰਕਾਰ ਦੇ ਇਸ ਨੀਤੀਗਤ ਫੈਸਲੇ ਨੂੰ ਰਾਜ ਕਰ ਰਹੀ ਧਿਰ ਵੱਲੋਂ ਜਾਇਜ ਠਹਿਰਾਉਣਾ ਸੁਭਾਵਿਕ ਗੱਲ ਹੈ ਪਰ ਫੌਜ ਦੇ ਜਰਨੈਲਾਂ ਵੱਲੋਂ ਇਸ ਦੀ ਵਾਜਬੀਅਤ ਆਮ ਲੋਕਾਂ ਨੂੰ ਜਚਾਉਣੀ ਫੌਜ ਦੇ ਸਿਆਸੀਕਰਨ ਵੱਲ ਜਾਣ ਦਾ ਸਬੂਤ ਹੈ।

ਇਸ ਲਈ ਸਰਕਾਰ ਤੋਂ ਸਥਾਈ ਰੁਜਗਾਰ ਦੇ ਮੁੱਦੇ ਦੇ ਨਾਲ ਨਾਲ ਜਮਹੂਰੀ ਦ੍ਰਿਸਟੀਕੋਣ ਤੋਂ ਵੀ ਅਗਨੀਪਥ ਸਕੀਮ ਦੀ ਵਾਪਸੀ ਦੀ ਮੰਗ ਕੀਤੀ ਜਾਣੀ ਬੇਹੱਦ ਜਰੂਰੀ ਹੈ। ਤਰਕਸੀਲ ਸੁਸਾਇਟੀ ਪੰਜਾਬ ਇਸ ਦੇਸ ਵਿਰੋਧੀ ਅਤੇ ਨੌਜਵਾਨਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਵਾਲੀ ਸਕੀਮ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰਦੀ ਹੈ।

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
Cell # 416-318-5032
Fax # 1-416-981-3515
365 healey Rd, Bolton, ON
Unit 19
Email : bob@dmtransport.ca
Web : www.dmtransport.ca

Hiring AZ drivers and owner operator







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph. : 403-701-4947

# ਦਰਿਆਵਾਂ ਸਮੇਤ ਸਮੁੱਚੇ ਵਾਤਾਵਰਨ ਦੇ ਪ੍ਰਦੂਸ਼ਣ ਦਾ ਜ਼ਿੰਮੇਵਾਰ ਕੌਣ ?

ਮੁਖਤਿਆਰ ਪੂਹਲਾ
9988383608



ਇਸ ਵਾਰ ਕਣਕ ਦਾ ਨਾੜ ਸੜਨ ਦੀਆਂ ਦੋ ਘਟਨਾਵਾਂ (ਬਟਾਲਾ ਨੇੜੇ ਬਿਜਲੀਵਾਲ, ਡੇਰਾਬਸੀ ਨੇੜੇ ਸੁੰਡਰਾਂ) ਵਿੱਚ ਮਨੁੱਖੀ ਜਿੰਦਗੀਆਂ ਦਾਅਤੇ ਲੱਗ ਗਈਆਂ ਸਨ। ਬਟਾਲਾ ਨੇੜੇ ਬਿਜਲੀ ਵਾਲ ਪਿੰਡ ਵਾਲੀ ਘਟਨਾ ਵਿੱਚ ਸਕੂਲੀ ਬੱਸ ਵਿੱਚ ਸਵਾਰ ਬੱਚੇ ਅੱਗ ਦੀ ਲਪੇਟ ਵਿੱਚ ਆਕੇ ਬਰੀ ਤਰ੍ਹਾਂ ਝੁਲਸੇ ਗਏ ਸਨ ਅਤੇ ਸੁੰਢਰਾਂ ਵਾਲੀ ਗਟਨਾ ਵਿੱਚ ਇੱਕ ਤਿੰਨ ਸਾਲਾ ਮਜਦੂਰ ਪ੍ਰੀਵਾਰ ਨਾਲ ਸਬੰਧਤ ਤਿੰਨ ਸਾਲ ਦੀ ਮਾਸੂਮ ਬਾਲੜੀ ਅੱਗ ਦੀ ਲਪੇਟ ਵਿੱਚ ਆਕੇ ਮੌਤ ਦਾ ਸ਼ਿਕਾਰ ਹੋ ਗਈ ਸੀ। ਇਹ ਦੋਵੇਂ ਮੰਦਭਾਗੀਆਂ ਘਟਨਾਵਾਂ ਡਾਢੀ ਚਿੰਤਾ ਦਾ ਵਿਸ਼ਾ ਹਨ। ਇਸ ਵਿੱਚੋਂ ਇੱਕ ਘਟਨਾ ਸਬੰਧਤ ਕਿਸਾਨ ਵੱਲੋਂ ਅੱਗ ਦੇ ਨਾੜ ਨੂੰ ਅੱਗ ਲਾਉਣ ਨਾਲ ਸਬੰਧਤ ਹੈ, ਜਦ ਕਿ ਦੂਜੀ ਘਟਨਾ ਝੁੱਗੀਆਂ ਵਿੱਚ ਰਹਿ ਰਹੇ 40-50 ਪਰਵਾਸੀ ਮਜਦੂਰ ਪ੍ਰੀਵਾਰਾਂ ਨੂੰ ਸਿਆਸੀ ਅਸਰ ਰਸੂਖਵਾਨ ਵਿਅਕਤੀ ਵੱਲੋਂ ਜਬਰੀ ਉਜਾੜਨ ਦੇ ਮਕਸਦ ਨਾਲ ਜੁੜੀ ਗਹਿਰੀ ਸਾਜਿਸ਼ ਦਾ ਸਿੱਟੇ ਵਜੋਂ ਸਾਹਮਣੇ ਆਈ ਹੈ। ਇਸ ਘਟਨਾ ਨਾਲ ਜੁੜਕੇ ਬਹੁਤ ਸਾਰੇ ਪ੍ਰਤੀਕਰਮ ਆਏ ਸਨ। ਵੱਡੀ ਗਿਣਤੀ ਵਿੱਚ ਪ੍ਰਤੀਕਰਮਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਨਾਲ ਜੋੜਕੇ ਮਨੁੱਖੀ ਜਾਨਾਂ ਦਾ ਖੌ ਬਣੇ ਵਾਤਾਵਰਣ ਪ੍ਰਤੀ ਫਿਕਰਮੰਦੀ ਦਾ ਇਜਹਾਰ ਜਰੂਰ ਹੋ ਰਿਹਾ ਹੈ। ਅਜਿਹਾ ਹੋਣਾ ਵੀ ਚਾਹੀਦਾ ਹੈ। ਪਰ ਇਨ੍ਹਾਂ ਪ੍ਰਤੀਕਰਮਾਂ ਵਿੱਚ ਵਾਤਾਵਰਨਿਕ ਵਿਗਾੜਾਂ ਦੇ ਜ਼ਿੰਮੇਵਾਰ ਸਿਰਫ ਤੇ ਸਿਰਫ ਕਿਸਾਨਾਂ ਨੂੰ ਫਹਿਰਾਉਣ ਦਾ ਯਤਨ ਕੀਤਾ ਗਿਆ ਹੈ। ਪ੍ਰਤੀਕਰਮ ਦੇਣ ਵਾਲੇ ਵੀ ਦੋ ਕਿਸਮ ਦੀਆਂ ਤਾਕਤਾਂ ਹਨ। ਇੱਕ ਬੀਜੇਪੀ ਅਤੇ ਹੋਰਨਾਂ ਹਾਕਮ ਜਮਾਤੀ ਵੱਲੋਂ ਖੜਾ ਕੀਤਾ ਆਈਟੀ ਸੈੱਲ ਹੈ। ਇਹ ਅਜਿਹਾ ਸਾਰਾ ਕੁੱਝ ਗਿਣਮਿਥ ਕੇ ਸਾਜਿਸ਼ ਤਹਿਤ ਕਰਦਾ ਹੈ। ਜਿਸ ਦਾ ਮਕਸਦ ਵਾਤਾਵਰਣ ਪ੍ਰਤੀ ਫਿਕਰਮੰਦੀ ਨਾਲੋਂ ਵੱਧ ਕਿਸਾਨ ਅੰਦੋਲਨ ਨੂੰ ਬਦਨਾਮ ਕਰਕੇ ਹਮਲੇ ਦੀ ਮਾਰ ਹੇਠ ਲੈਕੇ ਆਉਣਾ ਹੈ। ਸਮਾਜ ਦਾ ਇੱਕ ਹਿੱਸਾ ਹਕੀਕੀ ਰੂਪ ਵਿੱਚ ਵਾਤਾਵਰਣ ਪ੍ਰਤੀ ਫਿਕਰਮੰਦ ਹੈ ਜੋ ਸਿਰਫ ਤੇ ਸਿਰਫ ਕਿਸਾਨਾਂ ਨੂੰ ਹੀ ਵਾਤਾਵਰਣਿਕ ਵਿਗਾੜਾਂ ਲਈ ਜਿੰਮੇਵਾਰ ਨਹੀਂ ਮਿਥਦਾ ਸਗੋਂ ਮਨੁੱਖੀ ਜਿੰਦਗੀ ਤੋਂ ਲੈਕੇ ਜੀਵ-ਜੰਤੂ ਤੱਕ ਲਈ ਸੰਜੀਦਾ ਹੈ। ਇਹ ਹਿੱਸਾ ਇਹ ਵੀ ਸਮਝਦਾ ਹੈ ਕਿ ਕਿਸਾਨੀ ਸਿਰਫ ਪ੍ਰਦੂਸ਼ਨ ਫੈਲਾਉਣ ਲਈ 8% ਜਿੰਮੇਵਾਰ ਹੈ। 92% ਪ੍ਰਦੂਸ਼ਣ ਸਨਅਤਾਂ, ਪੈਟਰੋਕੈਮੀਕਲ, ਏਅਰਕੰਡੀਸ਼ਨ, ਬਲਣਸ਼ੀਲ ਪਲਾਸਟਿਕ ਕਚਰਾ, ਥਰਮਲ ਪਲਾਂਟ ਸਮੇਤ ਟਰਾਂਸਪੋਰਟ ਆਦਿ ਜਿੰਮੇਵਾਰ ਹਨ। ਵਾਤਾਵਰਣ ਦੀ ਬਰਬਾਦੀ ਲਈ ਅਸਲ ਜ਼ਿੰਮੇਵਾਰ ਕਾਰਕ ਦੀ ਪਛਾਣ ਕਰਨ ਲਈ ਇਸ ਨੂੰ ਵਿਸਥਾਰ ਵਿੱਚ ਸਮਝਣਾ ਜ਼ਰੂਰੀ ਹੈ।

ਮਈ 2018 ਵਿੱਚ ਸ਼ਰਾਬ ਦੇ ਵੱਡੇ ਵਪਾਰੀ ਚੱਢਾ ਪਰਿਵਾਰ ਦੀ ਗੁਰਦਾਸਪੁਰ ਜ਼ਿਲੇ ਦੇ ਕੀੜੀ ਅਫਗਾਨਾ ਸਥਾਨ ਤੇ ਬਿਆਸ ਦਰਿਆ ਦੇ ਕੰਢੇ ਲੱਗੀ ਖੰਡ ਮਿੱਲ ਦਾ ਇਕੱਠਾ ਹੋਇਆ ਸੀਰਾ ਰੁੜਕੇ ਜਦੋਂ ਦਰਿਆ ਵਿੱਚ ਪੈਣਾ ਸ਼ੁਰੂ ਹੋਇਆ ਤਾਂ ਇਸਨੇ ਬਿਆਸ ਦਰਿਆ ਦੇ ਪਾਣੀ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰਨਾ ਸ਼ੁਰੂ ਕਰ ਦਿੱਤਾ। ਰਾਤ ਭਰ ਵਹਿੰਦੇ ਰਹੇ ਇਸ ਜ਼ਹਿਰੀਲੇ ਮਾਦੇ ਨੇ ਹੁਣ ਤੱਕ ਦੂਸਰੇ ਦਰਿਆਵਾਂ ਦੇ ਮੁਕਾਬਲੇ ਲੱਗਭੱਗ ਸਾਫ਼ ਪਾਣੀ ਵਾਲੇ ਬਿਆਸ ਦਰਿਆ ਨੂੰ ਨਾ ਸਿਰਫ਼ ਪਲੀਤ ਕੀਤਾ। ਸਗੋਂ ਇਸ ਨਾਲ ਵੱਡੀ ਪੱਧਰ ਤੇ ਮੱਛੀਆਂ ਅਤੇ ਹੋਰ ਪਾਣੀ ਅੰਦਰਲੇ ਜੀਵਾਂ ਦਾ ਸਫ਼ਾਇਆ ਹੋ ਗਿਆ। ਜਿਸ ਕਰਕੇ ਇਸ ਨਾਲ ਦਰਿਆ ਦਾ ਪਾਣੀ ਹੋਰ ਵੱਧ ਪ੍ਰਦੂਸ਼ਿਤ ਹੋ ਗਿਆ। ਇਹ ਦੂਸ਼ਿਤ ਪਾਣੀ ਅੱਗੇ ਹਰੀਕੇ ਪੱਤਣ ਲਾਗੇ ਸਤਲੁਜ ਦਰਿਆ ਨਾਲ ਜਾ ਮਿਲਿਆ ਅਤੇ ਇੱਥੋਂ ਨਿੱਕਲੀਆਂ ਨਹਿਰਾਂ ਰਾਹੀਂ ਪੰਜਾਬ ਅਤੇ ਰਾਜਸਥਾਨ ਦੇ ਪਿੰਡਾਂ ਤੱਕ ਜਾ ਪਹੁੰਚਿਆ। ਇਨ੍ਹਾਂ ਪਿੰਡਾਂ ਦੇ ਲੋਕ ਇਨ੍ਹਾਂ ਨਹਿਰਾਂ ਰਾਹੀਂ ਨਾ ਸਿਰਫ ਆਪਣੇ ਖੇਤਾਂ ਨੂੰ ਸਿੰਜਦੇ ਹਨ ਬਲਕਿ ਇਸ ਪਾਣੀ ਨੂੰ ਵਾਟਰ ਵਰਕਸਾਂ ਰਾਹੀਂ ਪੀਣ ਲਈ ਵੀ ਵਰਤਦੇ ਹਨ। ਜਦ ਚੱਢਾ ਖੰਡ ਮਿੱਲ ਦਾ ਸੀਰੇ ਰਲਿਆ ਅਤੇ ਮੱਛੀਆਂ ਤੇ ਹੋਰ ਜੀਵ ਜੰਤੂਆਂ ਦੇ ਮਰਨ ਕਰਕੇ ਗੰਦਾ ਹੋਇਆ ਪਾਣੀ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਵੇਖਣ ਲਈ ਮਿਲਿਆ ਤਾਂ ਉਹ ਹੱਕੇ-ਬੱਕੇ ਹੋਕੇ ਰਹਿ ਗਏ। ਇਸ ਹਾਲਾਤ 'ਚ ਸਾਰੇ ਪਿੰਡਾਂ ਅੰਦਰ ਇਸ ਪਾਣੀ ਦੀ ਕਿਸੇ ਵੀ ਕੰਮ ਲਈ ਵਰਤੋਂ ਨਾ ਕਰਨ ਦਾ ਹੋਕਾ ਦੇਣ ਲਈ ਮਜ਼ਬੂਰ ਹੋਣਾ ਪਿਆ। ਲੋਕਾਂ ਨੂੰ ਕਈ ਦਿਨ ਸਾਫ਼ ਪਾਣੀ ਪੀਣ ਲਈ ਇੱਕ ਇੱਕ ਘੁੱਟ ਨੂੰ ਤਰਸਣਾ ਪਿਆ।

ਚੱਢਾ ਪਰਿਵਾਰ ਦੇ ਘਿਨਾਉਣੇ ਅਪਰਾਧ ਦੀ ਮੀਡੀਆ ਵਿੱਚ ਅਤੇ ਪੰਜਾਬ ਦੇ ਕੋਨੇ-ਕੋਨੇ ਵਿੱਚ ਚਰਚਾ ਹੋਣ ਕਰਕੇ ਇਸ ਪਰਿਵਾਰ ਵੱਲੋਂ ਆਪਣੇ ਬਚਾਅ ਲਈ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਇਸ ਮੌਕੇ ਇਨ੍ਹਾਂ ਦੇ ਨਜ਼ਦੀਕੀ ਸਬੰਧੀ ਦਿੱਲੀ ਦੇ ਮੰਨੇ ਪ੍ਰਮੰਨੇ ਸਿੱਖ ਆਗੂ ਸਰਨਾ ਭਰਾ ਇਨ੍ਹਾਂ ਦੀ ਮੱਦਦ ਲਈ ਆ ਬਹੁੜੇ। ਉਨ੍ਹਾਂ ਨੇ ਤੁਰੰਤ ਪੰਜਾਬ ਸਰਕਾਰ ਦੇ ਇੱਕ ਮੰਤਰੀ ਅਤੇ ਹੋਰ ਆਗੂਆਂ ਨੂੰ ਮਿਲਕੇ ਚੱਢਾ ਪਰਿਵਾਰ ਨੂੰ ਬਚਾਉਣ ਲਈ ਆਪਣਾ ਅਸਰ-ਰਸੂਖ ਵਰਤਿਆ। ਭਾਵੇਂ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਕਾਹਨ ਸਿੰਘ ਪੰਨੂ ਨੇ ਮੁੱਖ ਮੰਤਰੀ ਨੂੰ ਇਹ ਦੱਸਿਆ ਸੀ ਕਿ ਚੱਢਾ ਮਿੱਲ ਨੇ ਵਾਟਰ (ਪ੍ਰੀਵੈਨਸ਼ਨ ਐਂਡ ਕੰਟਰੋਲ ਪਲਿਊਸ਼ਨ ਐਕਟ, ਈਸਟ ਪੰਜਾਬ ਮੋਲਾਇਸ (ਕੰਟਰੋਲ) ਐਕਟ 1948 ਅਤੇ ਫੈਕਟਰੀ ਐਕਟ 1948 ਦੀ ਉਲੰਘਣਾ ਕੀਤੀ ਹੈ। ਇਸਦੇ ਬਾਵਜੂਦ ਸਰਕਾਰ ਨੇ ਮਿੱਲ ਨੂੰ ਸਿਰਫ 5 ਕਰੋੜ ਦਾ ਜੁਰਮਾਨਾ ਹੀ ਕੀਤਾ। ਆਪਣੇ ਪੈਸੇ ਅਤੇ ਸਿਆਸੀ ਅਸਰ ਰਸੂਖ ਦੇ ਜ਼ੋਰ ਚੱਢਾ ਪਰਿਵਾਰ ਅਨੇਕਾਂ ਜੀਵ ਜੰਤੂਆਂ ਦੀਆਂ ਜਾਨਾਂ ਲੈ ਕੇ ਅਤੇ ਇਸ ਪਾਣੀ ਦੀ ਵਰਤੋਂ ਕਰਨ ਵਾਲੇ ਲੱਖਾਂ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਕੇ ਆਪਣੇ ਖਿਲਾਫ ਫੌਜਦਾਰੀ ਕੇਸ ਤੋਂ ਬਚ ਨਿਕਲਣ ਚ ਕਾਮਯਾਬ ਹੋ ਗਿਆ। ਇਸ ਤੋਂ ਕੈਪਟਨ ਸਰਕਾਰ ਦੀ ਤੰਦਰੁਸਤ ਪੰਜਾਬ ਮੁਹਿੰਮ ਚਲਾਉਣ ਦਾ ਪਾਖੰਡ ਨੰਗਾ ਹੋ ਜਾਂਦਾ ਹੈ।

ਇਹ ਇਕੱਲੇ ਬਿਆਸ ਦਰਿਆ ਜਾਂ ਇਸ ਖੰਡ ਮਿੱਲ ਦਾ ਮਾਮਲਾ ਹੀ ਨਹੀਂ ਸਗੋਂ ਪੰਜਾਬ ਅਤੇ ਪੂਰੇ ਦੇਸ਼ ਅੰਦਰ ਵਗਦੇ ਸਭੇ ਦਰਿਆ ਅਤੇ ਫੈਕਟਰੀਆਂ ਦਾ ਵੀ ਇਹੋ ਹਾਲ ਹੈ। ਸਤਲੁਜ ਚ ਪੈਂਦੇ ਬੁੱਢੇ ਨਾਲੇ ਦਾ ਕਦੇ ਨੀਲਾ ਪਾਣੀ ਹੁੰਦਾ ਸੀ ਜੋ ਅੱਜ ਲੁਧਿਆਣੇ ਦੀਆਂ ਫੈਕਟਰੀਆਂ ਦੇ ਤੇਜ਼ਾਬੀ ਪਾਣੀ ਕਰਕੇ ਪੂਰੀ ਤਰ੍ਹਾਂ ਕਾਲੇ ਨਾਲੇ ਚ ਬਦਲ ਚੁੱਕਿਆ ਹੈ। ਜੋ












ਸਤਲੁਜ ਅਤੇ ਬਿਆਸ ਦਰਿਆ ਦੇ ਸੰਗਮ ਹਰੀਕੇ ਪੱਤਣ ਤੋਂ ਨਿੱਕਲਦੀਆਂ ਨਹਿਰਾਂ ਰਾਹੀਂ ਮਾਲਵੇ ਦੇ ਫਰੀਦਕੋਟ, ਫਾਜ਼ਿਲਕਾ, ਮੁਕਤਸਰ, ਫਿਰੋਜ਼ਪੁਰ ਅਤੇ ਰਾਜਸਥਾਨ ਨੂੰ ਕੈਂਸਰ ਰੂਪੀ 'ਵਰਦਾਨ' ਵੰਡ ਰਿਹਾ ਹੈ। ਪਿਛਲੇ ਦਿਨਾਂ ਵਿੱਚ ਜਲ ਸ੍ਰੋਤ ਵਿਭਾਗ ਨੇ ਪੱਤਰ ਜਾਰੀ ਕਰਕੇ ਨਹਿਰਾਂ ਦਾ ਪਾਣੀ ਪੀਣ ਯੋਗ ਨਾ ਹੋਣ ਦਾ ਪੱਤਰ ਜਾਰੀ ਕਰਨਾ ਇਸ ਦੀ ਸਭ ਤੋਂ ਪੁਖਤਾ ਉਦਾਹਰਣ ਹੈ। ਇਸ ਦਰਿਆ ਚ ਜਲੰਧਰ ਦੀਆਂ ਚਮੜਾ ਰੰਗਣ ਵਾਲੀਆਂ ਮਿੱਲਾਂ ਦਾ ਕੈਮੀਕਲ ਰਲਿਆ ਪਾਣੀ ਜਦ ਆ ਕੇ ਮਿਲਦਾ ਹੈ ਤਾਂ ਉਹ ਇਸਨੂੰ ਹੋਰ ਵੀ ਦੂਸ਼ਿਤ ਕਰਨ ਦਾ ਜ਼ਿੰਮੇਵਾਰ ਬਣਦਾ ਹੈ। ਇਸੇ ਕਰਕੇ ਲੋਕਾਂ ਦੇ ਦਬਾਅ ਹੇਠ ਇੱਕ ਵਾਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਲੁਧਿਆਣੇ ਦੀਆਂ ਲੱਗਭੱਗ 19 ਮਿੱਲਾਂ ਨੂੰ ਬੰਦ ਕਰਨ ਦਾ ਹੁਕਮ ਦੇ ਦਿੱਤਾ ਸੀ ਭਾਵੇਂ ਬਾਅਦ ਚ ਸਨਅਤਕਾਰਾਂ ਨੇ ਇਨ੍ਹਾਂ ਵੱਲੋਂ ਦਿੱਤੇ ਵੱਡੇ ਫੰਡ ਖਾਣ ਵਾਲੇ ਭਾਜਪਾ ਦੇ ਸਿਆਸੀ ਆਗੂਆਂ ਦੇ ਦਬਾਅ ਹੇਠ ਬਾਦਲ ਨੂੰ ਆਪਣੇ ਹੁਕਮ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ ਸੀ। ਇਸੇ ਤਰ੍ਹਾਂ ਪੰਜਾਬ ਅਤੇ ਹਰਿਆਣੇ ਚ ਵਹਿਣ ਵਾਲੇ ਬਰਸਾਤੀ ਦਰਿਆ ਘੱਗਰ ਦਾ ਪਾਣੀ ਅੱਜ ਤੋਂ ਦੋ ਦਹਾਕੇ ਪਹਿਲਾਂ ਲੋਕ ਪੀ ਸਕਦੇ ਸਨ ਪਰ ਅੱਜ ਇਸ ਵਿੱਚ ਪੰਜਾਬ ਦੇ 21 ਅਤੇ ਹਰਿਆਣੇ ਦੇ 20 ਸ਼ਹਿਰਾਂ ਦੀ ਰਹਿੰਦ-ਖੂੰਹਦ ਮਿਲਣ ਕਰਕੇ ਇਹ ਵੀ ਗੰਦੇ ਨਾਲੇ ਚ ਤਬਦੀਲ ਹੋ ਚੁੱਕਿਆ ਹੈ। ਇਹੀ ਹਾਲ ਭਾਰਤ ਦੇ ਹੋਰ ਵੱਡੇ ਦਰਿਆਵਾਂ ਜਿਨਾਂ ਵਿੱਚ ਗੰਗਾ-ਯਮੁਨਾ ਆਦਿਕ ਸ਼ਾਮਿਲ ਹਨ, ਦਾ ਹੈ ਜੋ ਬੁਰੀ ਤਰ੍ਹਾਂ ਮੈਲੇ ਹੋ ਚੁੱਕੇ ਹਨ।

ਗੱਲ ਸਿਰਫ ਪੰਜਾਬ ਅਤੇ ਦੇਸ਼ ਦੇ ਪਾਣੀਆਂ ਦੀ ਹੀ ਨਹੀਂ। ਐਥੋਂ ਦੀ ਹਵਾ ਅਤੇ ਧਰਤੀ ਦੀ ਵੀ ਇਹੋ ਕਹਾਣੀ ਹੈ। ਪਿੱਛੇ ਜਿਹੇ ਸਿਆਲ ਦੀ ਰੁੱਤ ਵਿੱਚ ਝੋਨੇ ਦੀ ਪਰਾਲੀ ਦੇ ਧੂੰਏਂ ਨੇ ਲੋਕਾਂ ਦੇ ਨੱਕ ਵਿੱਚ ਦਮ ਕਰ ਦਿੱਤਾ ਸੀ। ਕੁਦਰਤੀ ਬਾਰਸ਼ ਹੋਣ ਨਾਲ ਗਰਦ ਦੇ ਹੇਠਾਂ ਬਹਿ ਜਾਣ ਕਰਕੇ ਲੋਕਾਂ ਨੂੰ ਸੁਖ ਦਾ ਸਾਹ ਆਇਆ ਪਰ ਇਸ ਨਾਲ ਵਾਤਾਵਰਣ ਦੇ ਗੰਧਲਾ ਹੋਣ ਦੀ ਸਮੱਸਿਆ ਤੋਂ ਛੁਟਕਾਰਾ ਹਾਸਿਲ ਨਹੀਂ ਹੋਇਆ। ਵਾਤਾਵਰਣ ਦੇ ਪ੍ਰਦੂਸ਼ਿਤ ਹੋਣ ਕਰਕੇ ਮੌਸਮ ਅਤੇ ਰੁੱਤਾਂ ਵਿੱਚ ਤਬਦੀਲੀ ਹੋ ਰਹੀ ਹੈ। ਕਿਤੇ ਗਰਮੀ ਵੱਧ ਰਹੀ ਹੈ ਅਤੇ ਕਿਤੇ ਸਰਦੀ, ਕਿਤੇ ਹੜ੍ਹਚ ਆ ਰਹੇ ਹਨ ਅਤੇ ਕਿਤੇ ਸੋਕੇ ਪੈ ਰਹੇ ਹਨ। ਸਮੁੱਚੇ ਤੌਰ ਤੇ ਵਾਤਾਵਰਣ ਅੰਦਰ ਗਰਮਾਇਸ਼ ਵਧ ਰਹੀ ਹੈ। ਇੱਕ ਅੰਦਾਜ਼ਾ ਲਗਾਇਆ ਗਿਆ ਹੈ ਕਿ ਧਰਤੀ ਦਾ ਤਾਪਮਾਨ ਜਿੰਨਾ ਮਨੁੱਖ ਦੇ ਹੋਂਦ ਚ ਆਉਣ ਤੋਂ ਲੈ ਕੇ ਯੂਰਪ ਅੰਦਰ ਹੋਏ ਸਨਅਤੀ ਇਨਕਲਾਬਾਂ ਦੇ ਸਮੇਂ ਤੱਕ ਵਧਿਆ ਹੈ। ਉਨਾਂ ਯੂਰਪੀ ਇਨਕਲਾਬ ਤੋਂ ਬਾਅਦ ਦੀਆਂ ਦੋ ਸਦੀਆਂ ਵਿੱਚ ਵੱਧ ਗਿਆ ਹੈ। ਜੇਕਰ ਵਾਤਾਵਰਣ ਦੇ ਗਰਮ ਅਤੇ ਪ੍ਰਦੂਸ਼ਿਤ ਹੋਣ ਦੇ ਕਾਰਨਾਂ ਨੂੰ ਸਮਝ ਕੇ ਇਨਾਂ ਦੇ ਹੱਲ ਦਾ ਕੋਈ ਉਪਰਾਲਾ ਨਹੀਂ ਕੀਤਾ ਜਾਂਦਾ ਤਦ ਤੱਕ ਮੋਦੀ ਸਰਕਾਰ ਦੀ ਸਵੱਛ ਭਾਰਤ ਮੁਹਿੰਮ ਅਤੇ ਭਾਰਤੀ ਹਾਕਮਾਂ ਦੀਆਂ ਇਸੇ ਤਰਾਂ ਦੀਆਂ ਹੋਰ ਮੁਹਿੰਮਾਂ ਕੋਰੇ ਨਾਟਕ ਤੋਂ ਵੱਧ ਕੁੱਝ ਹੋਰ ਨਹੀਂ ਹੋਣਗੀਆਂ।

**ਵਾਤਾਵਰਣ ਦੂਸ਼ਿਤ ਹੋਣ ਦੇ ਕਾਰਨ**

ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਦਾ ਸਭ ਤੋਂ ਵੱਡਾ ਕਾਰਨ ਸਾਮਰਾਜੀ ਪ੍ਰਬੰਧਾਂ ਵੱਲੋਂ ਸਿਰਜਿਆ ਅਜੋਕਾ ਵਿਕਾਸ ਮਾਡਲ ਹੈ। ਇਹ ਮਾਡਲ ਕਿਰਤ ਦੀ ਲੁੱਟ, ਮੰਡੀਆਂ ਅਤੇ ਮੁਨਾਫਿਆਂ ਦੀ ਹੋੜ 'ਤੇ ਆਧਾਰਿਤ ਹੈ ਜਿਸ ਵਿੱਚ ਮਨੁੱਖੀ ਸਿਹਤ ਅਤੇ ਕੁਦਰਤ ਨੂੰ ਬਚਾਉਣਾ ਕੋਈ ਵੱਡੀ ਮਹੱਤਤਾ ਨਹੀਂ ਰੱਖਦਾ। ਅਖੌਤੀ ਵਿਕਾਸ ਲਈ ਮਨੁੱਖ ਅਤੇ ਕੁਦਰਤ ਸਭ ਕੁੱਝ ਨੂੰ ਦਾਅ ਤੇ ਲਾਇਆ ਜਾ ਸਕਦਾ ਹੈ ਅਤੇ ਲਾਇਆ ਜਾ ਰਿਹਾ ਹੈ। ਅਜਿਹੇ ਵਿਕਾਸ ਮਾਡਲ ਤਹਿਤ ਜੋ ਸਨਅਤੀਕਰਨ ਹੋ ਰਿਹਾ ਹੈ। ਉਸ ਨਾਲ ਵਾਤਾਵਰਣ 'ਚ ਕਾਰਬਨ ਡਾਇਆਕਸਾਈਡ, ਕਾਰਬਨ ਮੋਨੋਆਕਸਾਈਡ, ਸਲਫਰ ਡਾਇਓਆਕਸਾਈਡ ਅਤੇ ਮੀਥੇਨ ਵਰਗੀਆਂ ਗੈਸਾਂ ਜਿਨਾਂ ਨੂੰ ਗਰੀਨ ਹਾਊਸ ਗੈਸਾਂ ਕਿਹਾ ਜਾਂਦਾ ਹੈ, ਦੀ ਮਾਤਰਾ ਦਿਨ-ਬ-ਦਿਨ ਵੱਧਦੀ ਜਾ ਰਹੀ ਹੈ। ਦਿਨ ਰਾਤ ਚੱਲ ਰਹੀਆਂ ਫੈਕਟਰੀਆਂ, ਭੱਠਿਆਂ, ਥਰਮਲ ਪਲਾਂਟਾਂ ਆਦਿ ਦਾ ਧੂੰਆਂ ਅਤੇ ਬੱਸਾਂ, ਗੱਡੀਆਂ, ਕਾਰਾਂ, ਟਰੱਕ, ਟੈਂਪੂ ਅਤੇ ਹੋਰ ਵਾਹਨ ਜੋ ਡੀਜ਼ਲ ਅਤੇ ਪੈਟਰੋਲ ਨਾਲ ਚੱਲਦੇ ਹਨ, ਇਨ੍ਹਾਂ ਦਾ ਧੂੰਆਂ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਿੱਚ ਬਹੁਤ ਵੱਡਾ ਹਿੱਸਾ ਪਾ ਰਿਹਾ ਹੈ। ਫੈਕਟਰੀਆਂ ਚ ਵੱਡੇ ਪੱਧਰ ਤੇ ਬਣ ਰਿਹਾ ਪਲਾਸਟਿਕ ਦਾ ਸਮਾਨ, ਜਿਨਚਾਂ ਦੀ ਰਹਿੰਦ ਖੂੰਹਦ ਨੂੰ ਪੂਰੀ ਤਰ੍ਹਾਂ ਵਰਤੋਂ ਚ ਨਹੀਂ ਲਿਆਇਆ ਜਾਂਦਾ, ਇਹ ਵੀ ਪਾਣੀ ਅਤੇ ਧਰਤੀ ਨੂੰ ਦੂਸ਼ਿਤ ਕਰਨ ਦਾ ਕਾਰਨ ਬਣਦਾ ਹੈ। ਇੱਕ ਅੰਦਾਜ਼ੇ ਅਨੁਸਾਰ ਭਾਰਤ ਅੰਦਰ ਹਰ ਸਾਲ 16 ਲੱਖ ਟਨ ਪਲਾਸਟਿਕ ਵੇਸਟ ਪੈਦਾ ਹੁੰਦਾ ਹੈ ਜਿਨਾਂ ਵਿੱਚੋਂ ਛੋਟੇ ਲਿਫਾਫੇ ਹੀ ਬਹੁਤ ਵੱਡੀ ਸਿਰਦਰਦੀ ਦਾ ਕਾਰਣ ਬਣ ਰਹੇ ਹਨ। ਫੈਕਟਰੀਆਂ ਦਾ ਤੇਜ਼ਾਬੀ ਮਾਦਾ ਬਿਨਾਂ ਸੋਧੇ ਨਹਿਰਾਂ, ਡਰੇਨਾਂ ਅਤੇ ਦਰਿਆਵਾਂ 'ਚ ਅੰਨ੍ਹੇ ਵਾਹ ਸੁੱਟਿਆ ਜਾ ਰਿਹਾ ਹੈ ਜੋ ਇਨ੍ਹਾਂ ਦੇ ਪਾਣੀ ਨੂੰ ਜ਼ਹਿਰੀਲਾ ਬਣਾ ਰਿਹਾ ਹੈ।

ਸਾਡਾ ਚੌਗਿਰਦਾ ਪਲੀਤ ਹੋਣ ਦਾ ਦੂਸਰਾ ਵੱਡਾ ਕਾਰਨ ਖੇਤੀਬਾੜੀ ਦਾ ਤੌਰ ਤਰੀਕਾ ਹੈ। ਖੇਤੀਬਾੜੀ ਲਈ ਵੱਡੇ ਪੱਧਰ ਤੇ ਮਸ਼ੀਨਰੀ, ਰਸਾਇਣਕ ਖਾਦਾਂ, ਕੀੜੇਮਾਰ ਅਤੇ ਨਦੀਨ ਨਾਸ਼ਕ ਦਵਾਈਆਂ, ਬੀਟੀ ਅਤੇ ਸੋਧੇ ਨਵੇਂ ਨਵੇਂ ਬੀਜਾਂ ਦੀਆਂ ਕਿਸਮਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਖੇਤੀ ਦੇਸ਼ ਅਤੇ ਦੁਨੀਆਂ ਭਰ ਅੰਦਰ ਅਪਣਾਈਆਂ ਜਾ ਰਹੀਆਂ ਨੀਤੀਆਂ ਸਦਕਾ ਕਾਰਪੋਰੇਟ ਘਰਾਣਿਆਂ ਦੇ ਕਬਜ਼ੇ ਚ ਜਾ ਰਹੀ ਹੈ। ਇਹ ਨੀਤੀਆਂ ਮੰਡੀ ਅਤੇ ਮੁਨਾਫੇ ਦੁਆਲੇ ਘੁੰਮਦੀਆਂ ਹਨ। ਹਰੇ ਇਨਕਲਾਬ ਨੇ ਪੰਜਾਬ ਅਤੇ ਪੂਰੇ ਦੇਸ਼ ਅੰਦਰ ਜੋ ਹਾਲਤ ਪੈਦਾ ਕੀਤੀ ਹੈ ਉਹ ਸਾਡੇ ਸਾਹਮਣੇ ਹੈ। ਇਸ ਕਾਰਨ ਧਰਤੀ ਦੀ ਉਪਜਾਊ ਸ਼ਕਤੀ ਘਟ ਰਹੀ ਹੈ ਅਤੇ ਇਸਦੀ ਮਿੱਟੀ ਜ਼ਹਿਰੀਲੀ ਹੋ ਰਹੀ ਹੈ। ਪਾਣੀ ਡੂੰਘਾ ਜਾ ਰਿਹਾ ਹੈ। ਪੰਜਾਬ ਅੰਦਰ ਦਿਨ ਰਾਤ 16 ਲੱਖ ਟਿਊਬਵੈੱਲ ਧਰਤੀ ਚੋਂ ਪਾਣੀ ਕੱਢ ਰਹੇ ਹਨ ਜਿਸ ਕਰਕੇ ਇਸਦੇ 148 ਬਲਾਕਾਂ ਚੋਂ 110 ਬਲਾਕ ਅਜਿਹੇ ਹਨ ਜਿਨਾਂ ਅੰਦਰ ਧਰਤੀ ਹੇਠਲੇ ਪਾਣੀ ਦੀ ਵਰਤੋਂ ਸਾਰੀਆਂ ਹੱਦਾਂ ਪਾਰ ਕਰ ਗਈ ਹੈ। ਇਸਨੂੰ ਰੀਚਾਰਜ ਕਰਨ ਦਾ ਕੋਈ ਤਰੀਕਾ ਨਹੀਂ ਅਪਣਾਇਆ ਜਾ ਰਿਹਾ ਹੈ। ਨਹਿਰੀ ਪਾਣੀ ਘਟ ਗਿਆ ਹੈ ਜੋ ਪੰਜਾਬ ਅੰਦਰ ਕੁੱਲ ਪਾਣੀ ਦੀ 27 ਪ੍ਰਤੀਸ਼ਤ ਲੋੜ ਹੀ ਪੂਰਾ ਕਰਦਾ ਹੈ। ਇੱਕ ਤਾਂ ਵਾਤਾਵਰਣ 'ਚ ਆਈ ਤਬਦੀਲੀ ਸਦਕਾ ਦਰਿਆਈ ਪਾਣੀ ਦੀ ਘਾਟ ਪੈਦਾ ਹੋ ਗਈ ਹੈ ਅਤੇ ਦੂਸਰਾ ਭਾਰਤੀ ਹਾਕਮਾਂ ਦੀਆਂ ਧੱਕੇ ਅਤੇ ਵਿਤਕਰੇ ਵਾਲੀਆਂ ਨੀਤੀਆਂ ਸਦਕਾ ਪੰਜਾਬ ਨਾਲ ਕੀਤੇ ਧੱਕੇ ਅਤੇ ਵਿਤਕਰੇ ਕਰਕੇ ਇਸ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਯੋਗਾ ਪਾਣੀ ਵੀ ਵਰਤਣ ਦੀ ਇਜ਼ਾਜ਼ਤ ਨਹੀਂ ਸਗੋਂ ਉਸਨੂੰ ਧੱਕੇ ਨਾਲ ਹੋਰ ਰਾਜਾਂ ਨੂੰ ਦਿੱਤਾ ਜਾ ਰਿਹਾ ਹੈ। ਫਸਲਾਂ ਦੀ ਕਟਾਈ ਤੋਂ ਬਾਅਦ ਉਸਦੀ ਰਹਿੰਦ ਖੂੰਹਦ ਨੂੰ ਵਰਤੋਂ ਯੋਗ ਲਿਆਉਣ ਲਈ ਕੋਈ ਉਪਰਾਲਾ ਨਹੀਂ ਹੋ ਰਿਹਾ ਜਿਸ ਕਰਕੇ ਇਸ ਰਹਿੰਦ ਖੂੰਹਦ ਨੂੰ ਕਿਸਾਨਾਂ ਵੱਲੋਂ ਮਜ਼ਬੂਰੀ ਵੱਸ ਸਾੜਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਇਸਦਾ ਵਾਤਾਵਰਣ ਉੱਤੇ ਬਹੁਤ ਵੱਡੀ ਪੱਧਰ ਤੇ ਬੁਰਾ ਅਸਰ ਪੈਂਦਾ ਹੈ। ਖੇਤਬਾੜੀ ਦੇ ਇਸ ਢੰਗ ਕਰਕੇ ਅਨਾਜ, ਫਲ, ਸਬਜ਼ੀਆਂ, ਦੁੱਧ ਆਦਿਕ ਖਾਣ ਪੀਣ ਦੀਆਂ ਸਭੇ ਜ਼ਰੂਰੀ ਵਸਤਾਂ ਅੰਦਰ ਜ਼ਹਿਰਾਂ ਦੇ ਹੋ ਰਹੇ ਅਸਰ ਸਦਕਾ ਮਨੁੱਖੀ ਸਿਹਤ ਲਈ ਘਾਤਕ ਬਿਮਾਰੀਆਂ ਪਨਪ ਰਹੀਆਂ ਹਨ।

ਖੇਤੀਬਾੜੀ ਅਤੇ ਸਨਅਤੀਕਰਨ ਦੇ ਵਧਾਰੇ ਲਈ ਅਤੇ ਵੱਡੇ ਪੱਧਰ ਤੇ ਹੋ ਰਹੇ ਸ਼ਹਿਰੀਕਰਨ ਲਈ ਰੁੱਖਾਂ ਅਤੇ ਜੰਗਲਾਂ ਨੂੰ ਬੇਕਿਰਕੀ ਨਾਲ ਵੱਢਿਆ ਜਾ ਰਿਹਾ ਹੈ। ਰੁੱਖ ਆਪਣੀਆਂ ਜੜ੍ਹਾਂ ਰਾਹੀਂ ਪਾਣੀ ਨੂੰ ਜਮਾਂ ਕਰਨ ਅਤੇ ਵਾਸ਼ਪੀਕਰਨ ਰਾਹੀਂ ਪਾਣੀ ਨੂੰ ਵਾਯੂਮੰਡਲ ਵਿੱਚ ਛੱਡਣ ਦਾ ਵੱਡਾ ਸਰੋਤ ਹਨ। ਇਹ ਹਵਾ ਨੂੰ ਰੋਕਣ ਅਤੇ ਹਵਾਵਾਂ ਨੂੰ ਠੱਲ ਪਾ ਕੇ ਮੀਂਹ ਪਵਾਉਣ ਦਾ ਸਾਧਨ ਬਣਦੇ ਹਨ। ਇਨਾਂ ਦੀ ਵਾਹੋ ਦਾਹੀ ਕਟਾਈ ਸਦਕਾ ਪਹਾੜ ਨੰਗੇ ਹੋ ਰਹੇ ਹਨ, ਜੰਗਲ ਸਾਫ਼ ਹੋ ਰਹੇ ਹਨ ਜਿਸ ਕਰਕੇ ਹਨੇਰੀ, ਹੜ੍ਹਾਂ ਅਤੇ ਤੂਫਾਨਾਂ ਨਾਲ ਭਾਰੀ ਤਬਾਹੀ ਹੋ ਰਹੀ ਹੈ। ਸ਼ਹਿਰਾਂ ਅੰਦਰ ਮਕਾਨ ਉਸਾਰੀ ਦੀ ਲੋੜ ਪੂਰੀ ਕਰਨ ਲਈ ਰੇਤਾ ਬਜਰੀ ਅਤੇ ਤਰ੍ਹਾਂ-ਤਰ੍ਹਾਂ ਦੇ ਪੱਥਰਾਂ ਦੀ ਵਰਤੋਂ ਕਰਨ ਕਰਕੇ ਪਹਾੜਾਂ ਨੂੰ ਪੁੱਟਿਆ ਜਾ ਰਿਹਾ ਹੈ। ਪਾਣੀ ਦੇ ਵਹਿਣ ਦੇ ਕੰਢੇ ਜਾ ਕੇ ਘਰਾਂ ਦੀ ਬੇਵਿਉਂਤੀ ਉਸਾਰੀ ਹੋ ਰਹੀ ਹੈ। ਦਰਿਆਵਾਂ ਦੇ ਵਹਿਣ ਵਾਲੀ ਜਮੀਨ ਉਪਰ ਵੀ ਕਬਜ਼ੇ ਕਰਕੇ ਕਿਤੇ ਖੇਤੀ ਅਤੇ ਕਿਤੇ ਉਸਾਰੀ ਹੋ ਰਹੀ ਹੈ। ਵੱਡੇ ਵੱਡੇ ਸ਼ਹਿਰ ਦਰਿਆਵਾਂ ਕੰਢੇ ਉਸਰੇ ਹੋਏ ਹਨ। ਇਨਾਂ ਸ਼ਹਿਰਾਂ ਦੇ ਸੀਵਰ ਦਾ ਪਾਣੀ ਵੀ ਦਰਿਆਵਾਂ ਵਿੱਚ ਸੁੱਟ ਕੇ ਸੱਤਿਆਨਾਸ ਕੀਤਾ ਜਾ ਰਿਹਾ ਹੈ।

ਸਾਮਰਾਜੀ ਦੇਸ਼ਾਂ ਅਤੇ ਇਨ੍ਹਾਂ ਦੇ ਪਿੱਠੂਆਂ ਵੱਲੋਂ ਆਪਣੇ ਆਰਥਿਕ ਸਿਆਸੀ ਹਿਤਾਂ ਦੀ ਪੂਰਤੀ ਵਾਸਤੇ ਲਾਈਆਂ ਜੰਗਾਂ ਕਰਕੇ ਵੀ ਵੱਡੀ ਪੱਧਰ ਤੇ ਜ਼ਹਿਰੀਲੀਆਂ ਗੈਸਾਂ ਦਾ ਵਾਯੂ-ਮੰਡਲ ਵਿੱਚ ਪਸਾਰਾ ਹੋ ਰਿਹਾ ਹੈ। ਇਨਾਂ ਗਰੀਨ ਹਾਊਸ ਗੈਸਾਂ ਦੇ ਖਤਰਨਾਕ ਹੱਦ ਤੱਕ ਵਧ ਜਾਣ ਕਰਕੇ ਵਾਯੂ ਮੰਡਲ ਚ ਤਾਪਮਾਨ ਅਤੇ ਭਾਰੀ ਕਣਾਂ ਦੀ ਮਾਤਰਾ ਦਾ ਵਾਧਾ ਹਰ ਜ਼ਿੰਦਾ ਵਸਤੂ ਲਈ ਖਤਰਨਾਕ ਸਿੱਧ ਹੋ ਰਿਹਾ ਹੈ। ਇਨ੍ਹਾਂ ਸਦਕਾ ਧਰਤੀ ਦੁਆਲੇ ਉਸਰੇ ਉਜ਼ੋਨ ਗੈਸ ਸੁਰੱਖਿਆ ਕਵਚ 'ਚ ਮਘੋਰਾ ਵੱਡਾ ਹੋ ਰਿਹਾ ਹੈ। ਇਹ ਗੈਸ ਹਰ ਜਿਉਂਦੀ ਵਸਤੂ ਨੂੰ ਸੂਰਜ ਦੀਆਂ ਹਾਨੀਕਾਰਕ ਪਰਾਵੈਂਗਣੀ ਕਿਰਨਾਂ ਤੋਂ ਬਚਾਉਂਦੀ ਹੈ ਜਿਸ ਕਰਕੇ ਇਸਦੇ ਨੁਕਸਾਨ ਨਾਲ, ਜੋ ਘਾਤਕ ਸਿੱਟੇ ਨਿਕਲਣੇ ਹਨ, ਉਨਾਂ ਤੋਂ ਬਚਣਾ ਮੁਸ਼ਕਲ ਹੈ। ਮਿੱਟੀ-ਘੱਟੇ ਅਤੇ ਕਾਲਖ ਨਾਲ ਭਰੀਆਂ ਗਰੀਨ ਹਾਊਸ ਗੈਸਾਂ ਜਦੋਂ ਬਰਫ ਲੱਦੇ ਪਹਾੜਾਂ ਉੱਪਰ ਪੈਂਦੀਆਂ ਹਨ ਤਾਂ ਇਹ ਬਰਫ ਨੂੰ ਤੇਜ਼ੀ ਨਾਲ ਪਿਘਲਾਉਣ ਦਾ ਕਾਰਨ ਬਣਦੀਆਂ ਹਨ। ਅਜਿਹੀ ਗਰਮੀ ਸਦਕਾ ਧਰੁਵਾਂ ਉੱਪਰ ਜੰਮੀ ਬਰਫ ਪਿਘਲ ਰਹੀ ਹੈ। ਜਿਸ ਕਰਕੇ ਤੇਜ਼ੀ ਨਾਲ ਵਗਿਆ ਪਾਣੀ ਦਰਿਆਵਾਂ ਵਿੱਚੋਂ ਦੀ ਹੁੰਦਾ ਹੋਇਆ ਸਮੁੰਦਰਾਂ ਚ ਜਾ ਡਿੱਗਦਾ ਹੈ। ਇਸ ਨਾਲ ਸਮੁੰਦਰਾਂ ਦੀ ਸਤਾ ਉੱਪਰ ਉਠ ਰਹੀ ਹੈ ਅਤੇ ਸਮੁੰਦਰੀ ਕੰਢੇ ਵਸੇ ਦੇਸ਼ਾਂ ਲਈ ਵੱਡਾ ਖਤਰਾ ਖੜਾ ਕਰ ਰਹੀ ਹੈ। ਪਹਾੜਾਂ ਦੀ ਬਰਫ ਪਿੱਛੇ ਹਟਣ ਨਾਲ ਬਾਰਸ਼ਾਂ ਘਟ ਰਹੀਆਂ ਹਨ ਅਤੇ ਦਰਿਆਈ ਪਾਣੀਆਂ ਦੇ ਸੋਮੇ ਘਟਦੇ ਜਾ ਰਹੇ ਹਨ। ਆਲਮੀ ਸੰਸਥਾ ਪਾਲਿਸੀ ਪਲੇਟਫਾਰਮ ਆਨ ਬਇਓ ਡਾਈਵਰਸਿਟੀ ਐਂਡ ਈਕੋ ਸਿਸਟਮ ਸਰਵਿਸਜ ਨੇ ਵੱਖ ਵੱਖ ਮੁਲਕਾਂ ਦੇ 550 ਸਾਇੰਸਦਾਨਾਂ ਵੱਲੋਂ 129 ਮੈਂਬਰ ਮੁਲਕਾਂ ਦੀਆਂ 10000 ਖੋਜ ਲਿਖਤਾਂ ਦੀ ਛਾਣਬੀਣ ਕਰਕੇ ਤਿੰਨ ਸਾਲਾਂ ਵਿੱਚ ਜੋ ਰਿਪੋਰਟ ਤਿਆਰੀ ਕੀਤੀ ਉਸ ਆਧਾਰ ਤੇ ਖੁਲਾਸਾ ਕੀਤਾ ਹੈ ਕਿ 2048 ਤੱਕ ਏਸ਼ੀਆ ਪ੍ਰਸ਼ਾਂਤ ਖਿੱਤੇ ਨਾਲ ਲੱਗਦੇ ਸਮੁੰਦਰਾਂ ਵਿੱਚੋਂ ਮੱਛੀਆਂ ਦਾ ਖਾਤਮਾ ਹੋ ਜਾਵੇਗਾ। 2100 ਤੱਕ ਅਫਰੀਕੀ ਉਪ ਮਹਾਂਦੀਪ ਵਿੱਚ ਅੱਧੇ ਪੰਛੀ ਤੇ ਥਣਧਾਰੀ ਪ੍ਰਜਾਤੀਆਂ ਖਤਮ ਹੋ ਜਾਣਗੀਆਂ। 71 ਪ੍ਰਤੀਸ਼ਤ ਆਬਾਦੀ ਕੁਦਰਤੀ ਵਾਤਾਵਰਣ ਤੋਂ ਦੂਰ ਹੋ ਚੁੱਕੀ ਹੈ ਅਤੇ ਧਰਤੀ ਦਾ 58 ਪ੍ਰਤੀਸ਼ਤ ਭਾਗ ਪ੍ਰਦੂਸ਼ਣ ਤੋਂ ਪ੍ਰਭਾਵਿਤ ਹੋ ਚੁੱਕਾ ਹੈ। 2.1 ਅਰਬ ਲੋਕਾਂ ਲਈ ਪੀਣ ਵਾਲੇ ਪਾਣੀ ਤੱਕ ਪਹੁੰਚ ਨਹੀਂ। ਜੇਕਰ ਇਵੇਂ ਹਾਲਤ ਜਾਰੀ ਰਹੀ ਤਾਂ 122 ਦੇਸ਼ਾਂ ਦੀ ਅਨਾਜ ਸੁਰੱਖਿਆ ਖਤਰੇ ਵਿੱਚ ਪੈ ਜਾਵੇਗੀ। ਯੂ.ਐਨ.ਓ ਦੇ ਮੁਤਾਬਿਕ ਦੁਨੀਆਂ ਭਰ ਅੰਦਰ 70 ਲੱਖ ਲੋਕ ਹਰ ਸਾਲ ਹਵਾ ਦੇ ਪ੍ਰਦੂਸ਼ਣ ਕਾਰਨ ਮਰਦੇ ਹਨ। ਸੰਸਾਰ ਚ ਹਰ 10 ਵਿਅਕਤੀਆਂ ਚੋਂ 9 ਵਿਅਕਤੀ ਦੂਸ਼ਿਤ ਹਵਾ 'ਚ ਸਾਹ ਲੈਣ ਲਈ ਮਜਬੂਰ ਹਨ। ਭਾਰਤ ਅੰਦਰ ਇੱਕ ਲੱਖ ਵਿਅਕਤੀਆਂ ਚੋਂ 150-300 ਵਿਅਕਤੀ ਹਰ ਸਾਲ ਸਾਹ ਦੀ ਬਿਮਾਰੀ ਨਾਲ ਮਰਦੇ ਹਨ।

ਵਾਤਾਵਰਣ ਚ ਵਧ ਰਹੇ ਪ੍ਰਦੂਸ਼ਣ ਤੋਂ ਸੁਚੇਤ ਦੁਨੀਆਂ ਭਰ ਦੇ ਲੋਕ ਵਾਤਾਵਰਣ ਨੂੰ ਬਚਾਉਣ ਲਈ ਸਾਮਰਾਜੀ ਪ੍ਰਬੰਧ ਅਤੇ ਉਸਦੇ ਪਿੱਠੂਆਂ ਉਪਰ ਦਬਾਅ ਪਾ ਰਹੇ ਹਨ। ਉਨਾਂ ਦੇ ਸੰਘਰਸ਼ਾਂ ਦੇ ਦਬਾਅ ਸਦਕਾ ਵੱਖ ਵੱਖ ਦੇਸ਼ਾਂ ਦੀਆਂ ਸਰਕਾਰਾਂ ਗਰੀਨ ਹਾਊਸ ਗੈਸਾਂ ਨੂੰ ਘੱਟ ਕਰਨ ਅਤੇ ਤਾਪਮਾਨ ਨੂੰ ਵਧਣ ਤੋਂ ਰੋਕਣ ਲਈ ਲਗਾਤਾਰ ਮੁਹਿੰਮਾਂ ਅਤੇ ਕਾਨਫਰੰਸਾਂ ਕਰਨ ਦਾ ਸਿਲਸਿਲਾ ਚਲਾ ਰਹੀਆਂ ਹਨ। ਉਨ੍ਹਾਂ ਵੱਲੋਂ ਹਰ ਸਾਲ 5 ਜੂਨ ਨੂੰ ਦੁਨੀਆਂ ਭਰ ਅੰਦਰ ਵਾਤਾਵਰਣ ਬਚਾਓ ਦਿਵਸ ਮਨਾਉਣ ਦਾ ਫੈਸਲਾ ਕੀਤਾ ਹੋਇਆ ਹੈ। 1972 ਤੋਂ ਲੈ ਕੇ ਹੁਣ ਤੱਕ ਵੱਖ ਦੇਸ਼ਾਂ ਦੀਆਂ ਬਹੁਤ ਸਾਰੀਆਂ ਮੀਟਿੰਗਾਂ ਹੋ ਚੁੱਕੀਆਂ ਹਨ। ਗਰੀਨ ਹਾਊਸ ਗੈਸਾਂ ਨੂੰ 1990 ਦੇ ਪੱਧਰ ਨਾਲੋਂ 5 ਪ੍ਰਤੀਸ਼ਤ ਘੱਟ ਕਰਨ ਅਤੇ ਤਾਪਮਾਨ ਨੂੰ ਯੂਰਪੀ ਇਨਕਲਾਬ ਦੇ ਸਮੇਂ ਤੋਂ 2 ਪ੍ਰਤੀਸ਼ਤ ਤੋਂ ਜ਼ਿਆਦਾ ਨਾ ਵਧਣ ਦੇਣ ਦੇ ਫੈਸਲੇ ਕੀਤੇ ਗਏ ਹਨ ਪਰ ਇਨਾਂ ਉਪਰ ਕਿਸੇ ਨੇ ਵੀ ਬਣਦੀ ਜਿੰਮੇਵਾਰੀ ਨਹੀਂ ਨਿਭਾਈ ਜਿਸ ਕਰਕੇ ਗਰੀਨ ਹਾਊਸ ਗੈਸਾਂ ਅਤੇ ਧਰਤੀ ਦਾ ਤਾਪਮਾਨ ਘਟਣ ਦੀ ਬਜਾਏ ਵਧ ਜਾਂਦਾ ਰਿਹਾ ਹੈ। ਇਸ ਸਬੰਧੀ ਸਾਰੇ ਸਾਮਰਾਜੀ ਦੇਸ਼ ਵਿਸ਼ੇਸ਼ ਕਰ ਅਮਰੀਕਾ ਜ਼ਿੰਮੇਵਾਰ ਹੈ। ਅਮਰੀਕੀ ਸਾਮਰਾਜਵਾਦ ਧੱਕੇ ਨਾਲ ਦੁਨੀਆਂ ਅੰਦਰ ਪ੍ਰਵਾਨ ਹੋ ਰਹੀ ਇਸ ਹਕੀਕਤ ਨੂੰ ਮੰਨਣ ਤੋਂ ਇਨਕਾਰੀ ਹੈ ਕਿ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਲਈ ਸਭ ਤੋਂ ਵੱਧ ਜਿੰਮੇਵਾਰ ਸਾਮਰਾਜੀ ਦੇਸ਼ ਹਨ ਜਿਨ੍ਹਾਂ ਵਿੱਚ ਸਨਅਤੀਕਰਨ ਅੱਜ ਤੋਂ ਲਗਭਗ ਦੋ ਸਦੀਆਂ ਪਹਿਲਾਂ ਤੋਂ ਚੱਲ ਰਿਹਾ ਹੈ। ਇਸ ਕਰਕੇ ਇਨਾਂ ਦੇਸ਼ਾਂ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਕਾਰਬਨ ਨਿਕਾਸੀ ਪਛੜੇ ਦੇਸ਼ਾਂ ਦੇ ਮੁਕਾਬਲੇ ਬਹੁਤ ਘੱਟ ਕਰਨ ਅਤੇ ਪਛੜੇ ਦੇਸ਼ਾਂ ਨੂੰ ਪ੍ਰਦੂਸ਼ਣ ਤੋ ਬਚਾਅ ਲਈ ਲੋੜੀਂਦੀ ਤਕਨੀਕ ਅਤੇ ਸਰਮਾਇਆ ਮੁਹੱਈਆ ਕਰਨ। ਇਸ ਸਮਝ ਬਾਰੇ ਜਾਪਾਨ ਦੇ ਕੋਇਟਾ ਸ਼ਹਿਰ ਵਿਖੇ 1997 ਚ ਸਮਝੌਤਾ ਵੀ ਕੀਤਾ ਗਿਆ ਪਰ ਅਮਰੀਕੀ ਸਾਮਰਾਜੀਏ ਜਲਦੀ ਇਸ ਸਮਝੌਤੇ ਤੋਂ ਬਾਹਰ ਹੋ ਗਏ ਸਨ। ਉਸਨੇ ਦੁਨੀਆਂ ਭਰ ਦੇ ਦੇਸ਼ਾਂ ਵੱਲੋਂ ਆਪਣੇ ਹੋ ਰਹੇ ਵਿਰੋਧ ਨੂੰ ਦਰ ਕਿਨਾਰ ਕਰਕੇ ਕਿਸੇ ਵੀ ਜਿੰਮੇਵਾਰੀ ਨੂੰ ਓਟਣ ਤੋਂ ਇਨਕਾਰ ਕਰ ਦਿੱਤਾ ਸੀ। ਅਮਰੀਕਾ ਦੇ ਕੁਦਰਤ ਪ੍ਰਤੀ ਧਾਰੇ ਇਸ ਰਵੱਈਏ ਕਰਕੇ ਅਤੇ ਹਰ ਥਾਂ ਉਸਨੂੰ ਮਿਲ ਰਹੀ ਫਿਟਕਾਰ ਕਰਕੇ ਆਖਿਰ ਉਹ ਝੁਕਣ ਲਈ ਮਜ਼ਬੂਰ ਹੋਇਆ ਜਿਸ ਦੇ ਸਿੱਟੇ ਵਜੋਂ ਖੁਦ ਇਸਦੇ ਰਾਸ਼ਟਰਪਤੀ ਉਬਾਮਾ ਦੀ ਪਹਿਲ ਕਦਮੀ ਉੱਤੇ ਦਸੰਬਰ 2015 ਵਿੱਚ ਪੈਰਿਸ ਸਮਝੌਤਾ ਕੀਤਾ ਗਿਆ ਜਿਸ ਵਿੱਚ ਤਹਿ ਕੀਤਾ ਗਿਆ ਕਿ ਸਾਰੇ ਦੇਸ਼ ਵਾਤਾਵਰਣ ਨੂੰ ਬਚਾਉਣ ਵਾਸਤੇ ਪਹਿਲਾਂ ਕੀਤੇ ਫੈਸਲਿਆਂ ਦੇ ਪਾਬੰਦ ਹੋਣਗੇ। ਪਰ ਅਮਰੀਕਾ ਅੰਦਰ ਹੋਈਆਂ ਚੋਣਾਂ ਤੋਂ ਬਾਅਦ ਜਦ ਟਰੰਪ ਰਾਸ਼ਟਰਪਤੀ ਚੁਣਿਆ ਗਿਆ ਸੀ ਤਾਂ ਉਸਨੇ ਫਿਰ ਪੈਰਿਸ ਸਮਝੌਤੇ ਤੋਂ ਪਿੱਛੇ ਹਟਣ ਦਾ ਐਲਾਨ ਕਰ ਦਿੱਤਾ ਸੀ। ਉਸਦਾ ਕਹਿਣਾ ਸੀ ਕਿ ਵਾਤਾਵਰਣ ਤਾਂ ਵੈਸੇ ਹੀ ਕੁਦਰਤੀ ਤੌਰ ਤੇ ਸੂਰਜ ਦੀ ਵਧ ਚਮਕ ਕਰਕੇ ਗਰਮ ਹੋ ਰਿਹਾ ਹੈ। ਇਸ ਵਿੱਚ ਗਰੀਨ ਹਾਊਸ ਗੈਸਾਂ ਦਾ ਕੋਈ ਰੋਲ ਨਹੀਂ ਹੈ। ਉਸਦਾ ਕਹਿਣਾ ਹੈ ਕਿ ਜੇਕਰ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਘੱਟ ਕਰਨੀ ਹੈ ਤਾਂ ਸਾਰੇ ਦੇਸ਼ ਖਾਸ ਕਰ ਚੀਨ ਅਤੇ ਭਾਰਤ ਵੀ ਬਰਾਬਰ ਦੀ ਜਿੰਮੇਵਾਰੀ ਓਟੇ। ਉਹ ਇਸ ਤੱਥ ਨੂੰ ਅੱਖੋਂ ਓਹਲੇ ਕਰ ਰਿਹਾ ਹੈ ਕਿ ਅਮਰੀਕਾ ਭਾਰਤ ਦੇ ਮੁਕਾਬਲੇ ਚਾਰ ਗੁਣਾ ਜ਼ਿਆਦਾ ਪ੍ਰਦੂਸ਼ਣ ਪੈਦਾ ਕਰਦਾ ਹੈ। ਵਿਸ਼ਵ ਸਿਹਤ ਸੰਸਥਾ ਮੁਤਾਬਿਕ 2009 ਵਿੱਚ ਅਮਰੀਕਾ ਨੇ 5424.73 ਮਿਲੀਅਨ ਟਨ (ਮੀਟਰਿਕ) ਭਾਵ 17.67 ਟਨ ਪ੍ਰਤੀ ਵਿਅਕਤੀ ਕਾਰਬਨ ਡਾਇਆਕਸਾਈਡ ਗੈਸ ਵਾਤਾਵਰਣ ਚ ਛੱਡੀ ਜਦੋਂ ਕਿ ਭਾਰਤ ਨੇ 1602.12 ਮਿਲੀਅਨ ਟਨ ਭਾਵ ਪ੍ਰਤੀ ਵਿਅਕਤੀ 1.38 ਟਨ ਕਾਰਬਨ ਡਾਇਆਕਸਾਈਡ ਗੈਸ ਛੱਡੀ।

ਅਮਰੀਕਾ ਦੇ ਧੱਕੜ ਵਤੀਰੇ ਦਾ ਰੂਸ, ਚੀਨ ਅਤੇ ਯੂਰਪੀ ਯੂਨੀਅਨ ਦੇ ਦੇਸ਼ ਵਿਰੋਧ ਕਰ ਰਹੇ ਹਨ। ਪਰ ਇਨਾਂ ਦਾ ਵਿਰੋਧ ਜ਼ਿਆਦਾਤਰ ਇਸ ਕਰਕੇ ਨਹੀਂ ਕਿ ਉਨਾਂ ਨੂੰ ਦੁਨੀਆਂ ਦੇ ਲੋਕਾਂ ਦਾ ਸਿਹਤਮੰਦ ਕਰਨ ਦੀ ਚਿੰਤਾ ਹੈ। ਉਨਾਂ ਦਾ ਵਿਰੋਧ ਜ਼ਿਆਦਾਤਰ ਇਸ ਕਰਕੇ ਹੈ ਕਿ ਉਹ ਨਵਿਆਉਣ ਯੋਗ ਊਰਜਾ ਉੱਤੇ ਨਿਵੇਸ਼ ਕਰਕੇ ਅਮਰੀਕਾ ਦੇ ਮੁਕਾਬਲੇ ਜ਼ਿਆਦਾ ਖੱਟਣਾ ਚਾਹੁੰਦੇ ਹਨ। ਇਨ੍ਹਾਂ ਸਾਰੇ ਸਾਮਰਾਜੀ ਦੇਸ਼ਾਂ ਨੇ ਪਹਿਲਾਂ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਕੇ ਆਪਣੀਆਂ ਕੰਪਨੀਆਂ ਦੇ ਮੁਨਾਫੇ ਅਤੇ ਕਾਰੋਬਾਰ ਵਧਾਏ ਅਤੇ ਹੁਣ ਪ੍ਰਦੂਸ਼ਣ ਤੋਂ ਬਚਾਅ ਕਰਨ ਦੇ ਨਾਂ ਹੇਠ ਨਵਾਂ ਨਿਵੇਸ਼ ਕਰਕੇ ਹੋਰ ਵੱਧ ਮੁਨਾਫੇ ਅਤੇ ਕਾਰੋਬਾਰ ਵਧਾਉਣ ਦੀ ਹੋੜ ਲਾ ਰਹੇ ਹਨ।

ਹੁਣ ਜਦ ਹਾਲਾਤ ਇਹ ਬਣ ਗਏ ਹਨ ਕਿ ਪਾਣੀ ਸਿਰ ਤੋਂ ਲੰਘ ਚੁੱਕਾ ਹੈ ਤਾਂ ਵਾਤਾਵਰਣ ਵਿੱਚ ਹੋ ਰਹੇ ਵਿਗਾੜਾਂ ਨੂੰ ਰੋਕਣ ਲਈ ਫੌਰੀ ਕਦਮ ਚੁੱਕਣ ਦੀ ਸਰਕਾਰ ਤੋਂ ਮੰਗ ਕਰਨੀ ਅਤੇ ਸੰਘਰਸ਼ ਲਾਮਬੰਦ ਕਰਨਾ ਚਾਹੀਦਾ ਹੈ। ਅੰਨ੍ਹਾ ਮੁਨਾਫਾ ਕਮਾਉਣ ਦੀ ਲੋੜ ਵਿੱਚੋਂ ਸਿਰਜੇ ਸਾਮਰਾਜੀ ਖੇਤੀ ਮਾਡਲ ਦੀ ਥਾਂ ਕੁਦਰਤ ਅਤੇ ਮਨੁੱਖਤਾ ਪੱਖੀ ਬਦਲਵਾਂ ਖੇਤੀ ਮਾਡਲ ਉਸਾਰਿਆ ਜਾਣਾ ਚਾਹੀਦਾ ਹੈ। ਖੇਤੀਬਾੜੀ ਵਿਗਿਆਨੀਆਂ ਨੂੰ ਘੱਟ ਪਾਣੀ ਨਾਲ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਸਮੇਤ ਪੂਰੇ ਮੁਲਕ ਅੰਦਰ ਝੋਨੇ ਅਤੇ ਕਣਕ ਦੀ ਥਾਂ ਜੋਨਾਂ ਵਿੱਚ ਵੰਡ ਕਰਕੇ ਇਲਾਕਾ ਵਾਈਜ਼ ਖੇਤੀ ਵਿੱਚ ਫਸਲੀ ਵਿਭਿੰਨਤਾ ਨੂੰ ਲਾਗੂ ਕਰਦਿਆਂ ਪੈਦਾ ਕੀਤੀ ਜਾਣ ਵਾਲੀ ਹਰ ਫਸਲ ਦਾ ਘੱਟੋ-ਘੱਟ ਸਹਾਇਕ ਮੁੱਲ ਅਤੇ ਪੂਰੀ ਫਸਲ ਦੀ ਸਰਕਾਰੀ ਖ੍ਰੀਦ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਖੇਤੀ ਅਧਾਰਤ ਸਨਅਤਾਂ ਦੀ ਉਸਾਰੀ ਕੀਤੀ ਜਾਣੀ ਚਾਹੀਦੀ ਹੈ। ਇਨ੍ਹਾਂ ਉਦਯੋਗਾਂ ਵਿੱਚ ਸਥਾਨਕ ਲੋਕਾਂ ਨੂੰ ਰੁਜ਼ਗਾਰ ਦੇਣ ਵਿੱਚ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਪੰਜਾਬ ਵਿੱਚ ਬਿਜਲੀ ਪੈਦਾ ਕਰਨ ਲਈ ਬਾਇਓਮਾਸ ਪਲਾਂਟ ਲਗਾਕੇ ਬਿਜਲੀ ਦੀ ਘਾਟ ਪੂਰੀ ਕੀਤੀ ਜਾ ਸਕਦੀ ਹੈ ਅਤੇ ਝੋਨੇ ਦੀ ਪਰਾਲੀ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਜਿਸ ਨਾਲ ਕਿਸਾਨਾਂ ਨੂੰ ਆਰਥਿਕ ਲਾਭ ਹੋਵੇਗਾ ਅਤੇ ਮਜਦੂਰਾਂ ਨੂੰ ਰੁਜ਼ਗਾਰ ਮਿਲੇਗਾ। ਕਣਕ ਦਾ ਨਾੜ ਸਾੜਨ ਤੋਂ ਰੋਕਣ ਲਈ ਜੋਰਦਾਰ ਪ੍ਰਚਾਰ ਅਤੇ ਚੇਤਨਾ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ। ਕਿਉਂਕਿ ਕਣਕ ਦਾ ਨਾੜ ਸਾੜਨ ਤੋਂ ਬਚਿਆ ਜਾ ਸਕਦਾ ਹੈ। ਸਨਅਤਾਂ ਵੱਲੋਂ ਫੈਲਾਏ ਜਾਂਦੇ ਪ੍ਰਦੂਸ਼ਣ ਉੱਪਰ ਸਖਤੀ ਨਾਲ ਰੋਕ ਲੱਗਣੀ ਚਾਹੀਦੀ ਹੈ। ਥਰਮਲ ਊਰਜਾ ਦੀ ਥਾਂ ਸੂਰਜੀ ਅਤੇ ਪਣ ਬਿਜਲੀ ਊਰਜਾ ਵੱਲ ਵਧਿਆ ਜਾਣਾ ਚਾਹੀਦਾ ਹੈ। ਜੰਗਲਾਂ ਹੇਠ ਘਟ ਰਹੇ ਰਕਬੇ ਨੂੰ ਪੂਰਾ ਕਰਨ ਲਈ ਪਿੰਡਾਂ , ਕਸਬਿਆਂ, ਸ਼ਹਿਰਾਂ ਦੀਆਂ ਸਾਂਝੀਆਂ, ਸ਼ਾਮਲਾਤ ਜਮੀਨਾਂ ਉੱਪਰ ਦਰਖਤ ਲਗਾਏ ਜਾਣੇ ਚਾਹੀਦੇ ਹਨ। ਇਸ ਨਾਲ ਮਗਨਰੇਗਾ ਅਧੀਨ ਕਿਰਤੀਆਂ ਨੂੰ ਰੁਜ਼ਗਾਰ ਦਿੱਤਾ ਜਾ ਸਕਦਾ ਹੈ। ਅਖੌਤੀ ਵਿਕਾਸ ਮਾਡਲ ਦੀਆਂ ਤਰਜੀਹਾਂ ਅਨੁਸਾਰ ਦਰਖਤਾਂ ਦੀ ਅੰਨ੍ਹੇਵਾਹ ਕੀਤੀ ਜਾਂਦੀ ਕਟਾਈ ਤੇ ਸਖਤੀ ਨਾਲ ਰੋਕ ਲਗਾਈ ਜਾਣੀ ਚਾਹੀਦੀ ਹੈ।

ਪਾਣੀ ਜੋ ਕੁਦਰਤ ਵੱਲੋਂ ਬਖਸ਼ੀ ਅਨਮੋਲ ਦਾਤ ਹੈ, ਨੂੰ ਬਚਾਉਣ ਲਈ ਲਾਜਮੀ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਜੋ ਇਸ ਦਿਨੋ-ਦਿਨ ਗਹਿਰੇ ਹੋ ਰਹੇ ਸੰਕਟ ਦੇ ਹੱਲ ਲਈ ਸਹਾਈ ਹੋ ਸਕਦੇ ਹਨ। ਸਭ ਤੋਂ ਪਹਿਲਾਂ ਨਹਿਰਾਂ, ਸੂਇਆਂ, ਕੱਸੀਆਂ ਵਿੱਚ ਲੱਗੇ ਮੋਘਿਆਂ ਅੱਗੇ , ਪਿੰਡਾਂ, ਕਸਬਿਆਂ, ਸ਼ਹਿਰਾਂ ਪਾਣੀ ਦੀਆਂ ਨਿਕਾਸੀ ਥਾਵਾਂ 'ਤੇ ਪਾਣੀ ਨੂੰ ਰੀਚਾਰਜ ਕਰਨ ਲਈ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ ਹਨ। ਸ਼ਹਿਰਾਂ ਦੇ ਸੀਵਰੇਜ ਦੇ ਪਾਣੀ ਨੂੰ ਵਾਟਰ ਟਰੀਟਮੈਂਟ ਦੀ ਯੋਗ ਆਧੁਨਿਕ ਤਕਨੀਕ ਦੀ ਵਰਤੋਂ ਕਰਕੇ ਮੁੜ ਵਰਤੋਂ ਵਿੱਚ ਲਿਆਉਣਾ ਚਾਹੀਦਾ ਹੈ। ਸਨਅਤਾਂ ਵੱਲੋਂ ਬਿਨ੍ਹਾਂ ਸਾਫ ਕੀਤਾ ਪਾਣੀ ਧਰਤੀ ਅਤੇ ਦਰਿਆਵਾਂ ਵਿੱਚ ਸੁੱਟਣ ਤੇ ਪੂਰਨ ਪਾਬੰਦੀ ਲਾਉਣ ਦੀ ਮੰਗ ਕਰਨੀ ਚਾਹੀਦੀ ਹੈ। ਵਧੇਰੇ ਮੀਂਹਾਂ ਅਤੇ ਹੜ੍ਹਾਂ ਮੌਕੇ ਦਰਿਆਵਾਂ, ਨਹਿਰਾਂ ਦੇ ਬੇਕਾਰ ਜਾਂਦੇ, ਤਬਾਹੀ ਮਚਾਉਂਦੇ ਪਾਣੀ ਨੂੰ ਰੋਕਣ ਲਈ ਧਰਤੀ ਵਿੱਚ ਰੀਚਾਰਜ ਕਰਨ ਅਤੇ ਯੋਗ ਵਰਤੋਂ ਦੀ ਯੋਜਨਾ ਉਲੀਕੀ ਜਾਣ ਲਈ ਸੰਘਰਸ਼ ਕਰਨਾ ਚਾਹੀਦਾ ਹੈ।

ਵਾਤਾਵਰਣ ਦੀ ਰਾਖੀ ਲਈ ਵੱਖ ਵੱਖ ਸਾਮਰਾਜੀਆਂ ਅਤੇ ਉਨਾਂ ਦੇ ਪਿੱਠੂਆਂ ਦੀਆਂ ਸਰਕਾਰਾਂ ਤੋਂ ਕੋਈ ਝਾਕ ਨਹੀਂ ਰੱਖੀ ਜਾ ਸਕਦੀ। ਜੇਕਰ ਲੋਕ ਹੱਥ ਤੇ ਹੱਥ ਧਰੀ ਬੈਠੇ ਰਹਿਣਗੇ। ਇਸ ਕਾਰਜ ਲਈ ਲੋਕਾਂ ਨੂੰ ਖੁਦ ਸੰਘਰਸ਼ਾਂ ਦੇ ਰਾਹ ਪੈਕੇ ਇਨ੍ਹਾਂ ਸਰਕਾਰਾਂ ਨੂੰ ਚੌਗਿਰਦੇ ਨੂੰ ਬਚਾਉਣ ਦੇ ਕਦਮ ਚੁੱਕਣ ਲਈ ਮਜਬੂਰ ਕਰਨਾ ਪਵੇਗਾ। ਭਾਰਤ ਅੰਦਰ 1972 ਵਿੱਚ ਜੰਗਲਾਂ ਦੀ ਰਾਖੀ ਲਈ ਸ਼ੁਰੂ ਕੀਤਾ ਚਿਪਕੋ ਅੰਦੋਲਨ, ਕਰਨਾਟਕਾ 'ਚ ਇਪਕੋ ਅੰਦੋਲਨ ਅਤੇ ਮੱਧ ਭਾਰਤ 'ਚ ਆਦਿਵਾਸੀ ਲੋਕਾਂ ਅਤੇ ਮਾਓਵਾਦੀਆਂ ਦਾ ਜਲ, ਜੰਗਲ, ਜਮੀਨ ਨੂੰ ਬਚਾਉਣ ਦਾ ਸੰਘਰਸ਼, ਤਾਮਿਲਨਾਡੂ ਵਿੱਚ ਟੂਟੀਕੋਰਨ ਵਿਖੇ ਵੇਦਾਂਤਾ ਗਰੁੱਪ ਦੀ ਸਟਰਲਾਈਟ ਕੰਪਨੀ ਨੇ ਤਾਂਬੇ ਨੂੰ ਪਿਘਲਾਉਣ ਦੇ ਪਲਾਂਟ ਵੱਲੋਂ ਪ੍ਰਦੂਸ਼ਣ ਫੈਲਾਉਣ ਵਿਰੁੱਧ ਲੋਕਾਂ ਦੇ ਸੰਘਰਸ਼ ਦੀਆਂ ਉਦਾਹਰਣਾਂ ਸਾਬਿਤ ਕਰਦੀਆਂ ਹਨ ਕਿ ਲੋਕਾਂ ਦੇ ਸੰਘਰਸ਼ ਹਾਕਮਾਂ ਵਲੋਂ ਵਾਤਾਵਰਣ ਨੂੰ ਦੂਸ਼ਿਤ ਕਰਨ ਦੇ ਕਦਮਾਂ ਨੂੰ ਠੱਲ ਪਾ ਸਕਦੇ ਹਨ। ਇਨਾਂ ਸੰਘਰਸ਼ਾਂ ਦੀ ਬੇਹੱਦ ਮਹੱਤਤਾ ਦੇ ਨਾਲ ਨਾਲ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਵਾਤਾਵਰਣ ਨੂੰ ਪਲੀਤ ਕਰਨ ਦਾ ਜ਼ਿੰਮੇਵਾਰ ਇਹ ਸੰਸਾਰ ਵਿਆਪੀ ਸਾਮਰਾਜੀ ਪ੍ਰਬੰਧ ਹੈ ਜੋ ਮੁਨਾਫੇ ਅਤੇ ਸਰਮਾਏ ਦੇ ਵਧਾਰੇ ਤੇ ਅਧਾਰਤ ਹੈ। ਇਸ ਕਰਕੇ ਵਾਤਾਵਰਣ ਦੀ ਰਾਖੀ ਦੀ ਗਾਰੰਟੀ ਕਰਨ ਲਈ ਸਰਮਾਏ ਅਤੇ ਮੁਨਾਫ਼ੇ ਦੀ ਅਧਾਰਸ਼ਿਲਾ ਉੱਤੇ ਟਿਕੇ ਇਸ ਪ੍ਰਬੰਧ ਨੂੰ ਚੱਲਦਾ ਕਰਕੇ ਮਨੁੱਖੀ ਹਿੱਤਾਂ ਦੀ ਅਧਾਰਸ਼ਿਲਾ ਉਪਰ ਨਵੇਂ ਲੋਕ ਪੱਖੀ ਪ੍ਰਬੰਧ ਦੀ ਉਸਾਰੀ ਕਰਨੀ ਪਵੇਗੀ। ਜੇਕਰ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਸਰਮਾਏ ਦਾ ਇਹ ਦਾਨਵ ਪੂਰੀ ਦੁਨੀਆਂ ਸਮੇਤ ਹਰ ਜਿਉਂਦੀ ਸ਼ੈਅ ਨੂੰ ਨਿਗਲ ਜਾਵੇਗਾ।

## ਮਖੌਟਾ ਦਰ ਮਖੌਟਾ

# ਕਸ਼ਮੀਰ ’ਚ ਅਤਿ-ਰਾਸ਼ਟਰਵਾਦੀ ਵਿਰੋਧ-ਪ੍ਰਦਰਸ਼ਨਾਂ ’ਚ ਭਾਰਤੀ ਫ਼ੌਜ ਦੀ ਭੂਮਿਕਾ

-ਸ਼ਾਹਿਦ ਤਾਂਤਰੇ

*(ਸ਼੍ਰੀਨਗਰ ਤੋਂ ਸ਼ਾਹਿਦ ਤਾਂਤਰੇ ਕਾਰਵਾਂ ਦੇ ਮਲਟੀ-ਮੀਡੀਆ ਰਿਪੋਰਟਰ ਹਨ।) ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ*







23 ਦਸੰਬਰ 2021 ਦੀ ਠੰਡੀ ਸ਼ਾਮ ਨੂੰ ਲੱਗਭੱਗ 20 ਕਸ਼ਮੀਰੀ ਸ੍ਰੀਨਗਰ ਦੇ ਪ੍ਰਤਾਪ ਪਾਰਕ ਵਿਚ ਇਕ ਵਿਰੋਧ ਪ੍ਰਦਰਸ਼ਨ ਲਈ ਇਕੱਠੇ ਹੋਏ। ਛੇਤੀ ਹੀ ਦੋ ਫ਼ੌਜੀ ਟਰੱਕ ਨਜ਼ਦੀਕੀ ਰੀਗਲ ਚੌਕ ’ਤੇ ਪਹੁੰਚ ਗਏ ਅਤੇ ਉਨ੍ਹਾਂ ਤੋਂ ਉਤਰੇ ਦਰਜਨਾਂ ਸਿਪਾਹੀਆਂ ਨੇ ਪਾਰਕ ਨੂੰ ਘੇਰ ਲਿਆ। ਕੁਝ ਸਾਦੇ ਕੱਪੜਿਆਂ ਵਿਚ ਸਨ ਅਤੇ ਉਨ੍ਹਾਂ ਵਿੱਚੋਂ ਦੋ ਨੇ ਮੈਨੂੰ ਦੱਸਿਆ ਕਿ ਉਹ ਭਾਰਤੀ ਫ਼ੌਜ ਵਿਚ ਹਨ। ਹਾਲਾਂਕਿ, ਪ੍ਰਦਰਸ਼ਨਕਾਰੀ ਬੇਪ੍ਰਵਾਹ ਜਾਪਦੇ ਸਨ। ਕਸ਼ਮੀਰ ਘਾਟੀ ਵਿਚ ਫ਼ੌਜ ਆਮ ਤੌਰ ’ਤੇ ਪ੍ਰਦਰਸ਼ਨਕਾਰੀਆਂ ਨਾਲ ਕਿਵੇਂ ਪੇਸ਼ ਆਉਂਦੀ ਹੈ, ਇਹ ਉਸ ਤੋਂ ਵੱਖਰੀ ਮੰਜ਼ਰ ਸੀ।

ਕੁਝ ਪਲਾਂ ਬਾਦ, ਦੋ ਵਰਦੀਧਾਰੀ ਸਿਪਾਹੀਆਂ ਨੇ ਟਰੱਕ ਵਿੱਚੋਂ ਇਕ ਹੋਰਡਿੰਗ ਕੱਢਿਆ ਅਤੇ ਪਾਰਕ ਦੇ ਅੰਦਰ ਦੋ ਸਾਦੇ ਕੱਪੜਿਆਂ ਵਾਲੇ ਬੰਦਿਆਂ ਨੂੰ ਸੌਂਪ ਦਿੱਤਾ। ਹੋਰਡਿੰਗ ’ਤੇ ਤਿੰਨ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਸੀ: “ਆਖ਼ਿਰ ਕਬ ਤੱਕ”। ਇਸ ਲਿਖਤ ਦੇ ਪਿੱਛੇ ਖ਼ੂਨ ਦੇ ਧੱਬੇ ਸਨ। ਹੇਠਾਂ, ਹੈਸਟੈਗਾਂ ਦਾ ਹੜ੍ਹ ਆਇਆ-(ਕਸ਼ਮੀਰ ਚਾਹਤਾ ਹੈ ਤਿਰੰਗਾ), ਬੈਨਰ ’ਤੇ ‘ਕਸ਼ਮੀਰ ਦੀ ਏਕਤਾ’ ਦਾ ਸੱਦਾ ਸੀ।

ਪੰਦਰਾਂ ਕੁ ਮਿੰਟਾਂ ਬਾਅਦ, ਸਿਪਾਹੀਆਂ ਨੇ ਹੋਰਡਿੰਗ ਲਗਾ ਕੇ ਉਸ ਦੇ ਅੱਗੇ ਮੋਮਬੱਤੀਆਂ ਜਗਾ ਦਿੱਤੀਆਂ। ਵਿਰੋਧ ਪ੍ਰਦਰਸ਼ਨ ਕਰਨ ਲਈ ਪਧਾਰੇ ਲੋਕਾਂ ਵਿਚ ਸ਼ਾਮਿਲ ਸਨ: ਭਾਰਤੀ ਜਨਤਾ ਪਾਰਟੀ ਦਾ ਸਿਆਸਤਦਾਨ ਅਤੇ ਕੁਝ ਹੋਰ ਛੋਟੇ ਸਮੂਹਾਂ ਦੇ ਆਗੂ, ਆਪਣੇ ਮਾੜੇ ਸਰਵਿਸ ਰਿਕਾਰਡ ਲਈ ਜਾਣੇ ਜਾਂਦੇ ਸੇਵਾਮੁਕਤ ਸਿਵਲ ਅਧਿਕਾਰੀ ਅਤੇ ਕੁਝ ਐਸੇ ਲੋਕ ਜੋ ਪੱਤਰਕਾਰੀ ਅਤੇ ਜਨੂੰਨੀ-ਰਾਸ਼ਟਰਵਾਦੀ ਬੰਬਾਰੀ ਦਰਮਿਆਨ ਝੂਲਦੇ ਰਹਿੰਦੇ ਹਨ। ਇਕ ਫ਼ੌਜੀ ਅਧਿਕਾਰੀ, ਜਿਸ ਨੇ ਆਪਣੀ ਪਛਾਣ ਟੈਰੀਟੋਰੀਅਲ ਆਰਮੀ ਦੀ 125ਵੀਂ ਬਟਾਲੀਅਨ ਦੇ ਕਰਨਲ ਸੰਜੇ ਭਾਲੇ ਵਜੋਂ ਦੱਸੀ, ਨੇ ਇਕ ਮਸ਼ਾਲ ਜਗਾਈ ਅਤੇ ਇਹ ਪ੍ਰਦਰਸ਼ਨਕਾਰੀਆਂ ਵਿਚਲੇ ਸਭ ਤੋਂ ਵੱਧ ਜੋਸ਼ੀਲੇ ਵਿਅਕਤੀ ਨੂੰ ਸੌਂਪ ਦਿੱਤੀ। ਸਮੂਹ ਨੇ ਪੰਜ ਕੁ ਮਿੰਟ ਲਈ ਕੁਝ ਅੱਤਵਾਦ ਵਿਰੋਧੀ ਨਾਅਰੇ ਲਗਾਏ ਅਤੇ ਪਾਕਿਸਤਾਨ ਨੂੰ ਤਬਾਹ ਕਰਨ ਲਈ ਹਿੱਕ ਠੋਕੀ। ਫਿਰ ਉਹ ਦੂਰਦਰਸ਼ਨ, ਏਸ਼ੀਅਨ ਨਿਊਜ਼ ਇੰਟਰਨੈਸ਼ਨਲ, ਏਸ਼ੀਅਨ ਨਿਊਜ਼ ਨੈੱਟਵਰਕ ਅਤੇ ਮੁੱਠੀ ਭਰ ਸਥਾਨਕ ਵੈੱਬ ਪੋਰਟਲਾਂ ਦੇ ਕੈਮਰਿਆਂ ਨੂੰ ਬਾਈਟ ਦੇਣ ਲਈ ਥੋੜ੍ਹੇ ਚਿਰ ਲਈ ਰੁਕ ਗਏ।

ਪਹਿਲਾ ਭਾਸ਼ਣ ਸ਼ਾਹੀਨਾ ਭੱਟ ਨੇ ਦਿੱਤਾ ਜੋ ਸ੍ਰੀਨਗਰ ਨਗਰ ਨਿਗਮ ਦੀ ਚੁਣੀ ਹੋਈ ਮੈਂਬਰ ਹੈ। ਕਰਨਲ ਨੇ ਮਸ਼ਾਲ ਉਸੇ ਨੂੰ ਸੌਂਪ ਸੀ। ਸ਼ਾਹੀਨਾ ਨੇ ਕਿਹਾ, “ਜਦੋਂ ਵੀ ਕੋਈ ਕਤਲ ਜਾਂ ਬੇਇਨਸਾਫ਼ੀ ਹੁੰਦੀ ਹੈ, ਅਸੀਂ ਆਵਾਜ਼ ਬੁਲੰਦ ਕਰਦੇ ਹਾਂ। ਭਾਜਪਾ ਨੇ ਕਸ਼ਮੀਰ ਵਿਚ ਹਾਲਾਤ ਉੱਪਰ ਕਾਬੂ ਪਾਇਆ ਹੈ ਅਤੇ ਮੈਂ ਇੱਥੇ ਕਤਲੋ.ਗਾਰਤ ਨੂੰ ਰੋਕਣ ਲਈ ਉਨ੍ਹਾਂ ਦੀ ਸ਼ੁਕਰਗੁਜ਼ਾਰ ਹਾਂ। ਕਸ਼ਮੀਰ ਵਿਚ ਵਿਕਾਸ ਆ ਰਿਹਾ ਹੈ।” ਅੱਧੇ ਘੰਟੇ ’ਚ ਪੂਰਾ ਮਜਮਾ ਸਮੇਟਿਆ ਗਿਆ। ਚੌਥਾ ਹਿਸਾ ਨੂੰ ਛੱਡ ਕੇ ਬਾਕੀ ਮੋਮਬੱਤੀਆਂ ਬੁਝਾ ਦਿੱਤੀਆਂ ਗਈਆਂ। ਮੀਡੀਆ ਝੱਟਪਟ ਉੱਥੋਂ ਚਲਾ ਗਿਆ। ਸਾਦੇ ਕੱਪੜਿਆਂ ਵਾਲੇ ਤਿੰਨ ਸਿਪਾਹੀਆਂ ਨੇ ਹੋਰਡਿੰਗ ਲਾਹਿਆ ਅਤੇ ਲਾਗੇ ਖੜ੍ਹੇ ਫ਼ੌਜ ਦੇ ਟਰੱਕ ਵਿਚ ਸਾਂਭ ਲਿਆ।

ਇਹ ਪ੍ਰੋਗਰਾਮ ਲਾਪਤਾ ਵਿਅਕਤੀਆਂ ਦੇ ਮਾਪਿਆਂ ਦੀ ਸਭਾ ਦੁਆਰਾ ਆਯੋਜਿਤ ਵਿਰੋਧ ਪ੍ਰਦਰਸ਼ਨ ਦਾ ਇਕ ਭੱਦਾ ਨਾਟਕੀ ਰੂਪਾਂਤਰ ਜਾਪਦਾ ਸੀ। ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ, ਹਜ਼ਾਰਾਂ ਲਾਪਤਾ ਨੌਜਵਾਨ ਕਸ਼ਮੀਰੀਆਂ ਦੀਆਂ ਪਤਨੀਆਂ, ਜਿਨ੍ਹਾਂ ਨੂੰ ਅਰਧ-ਵਿਧਵਾਵਾਂ ਜਾਂ ਅਰਧ-ਬੇਵਾਏਂ ਕਿਹਾ ਜਾਂਦਾ ਹੈ, ਅਤੇ ਉਨ੍ਹਾਂ ਦੀਆਂ ਮਾਵਾਂ, ਹਰ ਮਹੀਨੇ ਦੀ 10 ਤਰੀਕ ਨੂੰ ਪ੍ਰਤਾਪ ਪਾਰਕ ਵਿਖੇ ਆਪਣੇ ਗੁੰਮ ਹੋਏ ਪਿਆਰਿਆਂ ਨੂੰ ਯਾਦ ਕਰਨ ਅਤੇ ਸਟੇਟ ਤੋਂ ਜਵਾਬ ਮੰਗਣ ਲਈ ਲਈ ਇਕੱਠੀਆਂ ਹੁੰਦੀਆਂ ਹਨ। “ਆਖ਼ਿਰ ਕਬ ਤਕ” ਵਿਰੋਧ ਪ੍ਰਦਰਸ਼ਨ ਨੇ ਉਹੀ ਖ਼ੂਨੀ ਪੰਜੇ ਵਰਤੇ ਜੋ ਆਮ ਤੌਰ ’ਤੇ ਏ.ਪੀ.ਡੀ.ਪੀ. ਦੇ ਪੋਸਟਰਾਂ ਉੱਪਰ ਛਾਪੇ ਗਏ ਹੁੰਦੇ ਹਨ।

“ਆਖ਼ਿਰ ਕਬ ਤਕ” ਵਿਰੋਧ ਪ੍ਰਦਰਸ਼ਨ ਭਾਰਤੀ ਸੁਰੱਖਿਆ ਏਜੰਸੀਆਂ ਅਤੇ ਕਸ਼ਮੀਰ ਵਿਚ ਉਨ੍ਹਾਂ ਦੀਆਂ ਕਾਰਵਾਈਆਂ ਦੇ ਇਤਿਹਾਸ ਦੀ ਮੁੜ ਵਿਆਖਿਆ ਕਰਦਾ ਜਾਪਦਾ ਹੈ। ਇਸ ਦੇ ਆਯੋਜਕਾਂ ਨਾਲ ਗੱਲਬਾਤ ਤੋਂ ਇਹੀ ਸਮਝ ਪਿਆ ਕਿ ਫ਼ੌਜ ਘਾਟੀ ਵਿਚ ਸਿਆਸਤਦਾਨਾਂ ਅਤੇ ਸੱਤਾ ਦੇ ਦਲਾਲਾਂ ਦੀ ਇਕ ਨਵੀਂ ਪੀੜ੍ਹੀ ਨੂੰ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਜਿਨ੍ਹਾਂ ਦਾ ਨਾਤੂਆ ਖੇਤਰ ਵਿਚ ਭਾਜਪਾ ਦੇ ਨਜ਼ਰੀਏ ਨਾਲ ਜੁੜਿਆ ਹੋਇਆ ਹੈ। ਉਹ ਘਾਟੀ ਨੂੰ ਅੰਤਰਰਾਸ਼ਟਰੀ ਦਰਸ਼ਕਾਂ ਦੇ ਸਾਹਮਣੇ ਇੰਞ ਪੇਸ਼ ਕਰ ਰਹੇ ਹਨ ਜਿਵੇਂ ਕਿ ਉੱਥੇ ਆਮ ਹਾਲਤ ਬਹਾਲ ਹੋ ਗਈ ਹੈ। 23 ਦਸੰਬਰ ਦੇ ਵਿਰੋਧ ਪ੍ਰਦਰਸ਼ਨਾਂ ਅਤੇ ਇਸ ਤਰ੍ਹਾਂ ਦੇ ਹੋਰ ਪ੍ਰਦਰਸ਼ਨਾਂ ਦੀ ਵਰਤੋਂ ਖ਼ੂਨ-ਖਰਾਬਾ ਹੋਣ ’ਤੇ ਹਥਿਆਰਬੰਦ ਲਸ਼ਕਰਾਂ ਅਤੇ ਲੋੜ ਪੈਣ ’ਤੇ ਸੁਰੱਖਿਆ ਬਲਾਂ ਦੀਆਂ ਹੋਰ ਸ਼ਾਖਾਵਾਂ ਤੋਂ ਤੋਂ ਇਲਜ਼ਾਮ ਹਟਾਉਣ ਲਈ ਰਣਨੀਤਕ ਤੌਰ ’ਤੇ ਕੀਤੀ ਜਾ ਰਹੀ ਹੈ। ਰਾਸ਼ਟਰੀ ਸੁਰੱਖਿਆ ਮਾਹਿਰਾਂ ਅਤੇ ਫ਼ੌਜੀ ਅਦਾਰੇ ਦੇ ਸੇਵਾਮੁਕਤ ਮੈਂਬਰਾਂ ਨੇ ਮੈਨੂੰ ਖ਼ਬਰਦਾਰ ਕੀਤਾ ਕਿ ਫ਼ੌਜ ਦੇ ਕੰਮਕਾਜ ਨੂੰ ਭਾਜਪਾ ਦੇ ਰਾਜਨੀਤਿਕ ਹਿੱਤਾਂ ਨਾਲ ਜੋੜਨਾ ਇਕ ਖ਼ਤਰਨਾਕ ਮਿਸਾਲ ਕਾਇਮ ਕਰਦਾ ਹੈ, ਜਿਸ ਦੇ ਭਾਰਤੀ ਲੋਕਤੰਤਰ ਲਈ ਗੰਭੀਰ ਨਤੀਜੇ ਹੋ ਸਕਦੇ ਹਨ।

ਭੱਟ 2018 ਦੀਆਂ ਨਗਰ ਨਿਗਮ ਚੋਣਾਂ ਵਿਚ ਕੌਂਸਲਰ ਚੁਣੀ ਗਈ ਸੀ। ਤੱਤਕਾਲੀ ਸਟੇਟ ਜੰਮੂ-ਕਸ਼ਮੀਰ ਦੀਆਂ ਦੋ ਸਭ ਤੋਂ ਵੱਡੀਆਂ ਸਿਆਸੀ ਪਾਰਟੀਆਂ ਨੈਸ਼ਨਲ ਕਾਨਫਰੰਸ ਅਤੇ ਪੀਪਲਜ ਡੈਮੋਕ੍ਰੇਟਿਕ ਪਾਰਟੀ ਨੇ ਇਨ੍ਹਾਂ ਚੋਣਾਂ ਦਾ ਬਾਈਕਾਟ ਕੀਤਾ ਸੀ। ਇਨ੍ਹਾਂ ਚੋਣਾਂ ਵਿਚ ਸਿਰਫ਼ ਚਾਰ ਫੀਸਦੀ ਵੋਟ ਪਈ ਸੀ ਜੋ ਖੇਤਰ ਦੇ ਇਤਿਹਾਸ ਵਿਚ ਸਭ ਤੋਂ ਘੱਟ ਵੋਟ ਸੀ। ਸਖ਼ਤ ਸੁਰੱਖਿਆ ਤੋਂ ਇਲਾਵਾ, ਜੋ ਕਿ ਕਸ਼ਮੀਰ ਵਿਚ ਚੋਣਾਂ ਦੀ ਇਕ ਆਮ ਖ਼ਾਸੀਅਤ ਹੈ, 2018 ਦੀਆਂ ਚੋਣਾਂ ਪੋਲਿੰਗ ਸਟੇਸ਼ਨਾਂ ਦੇ ਸਥਾਨਾਂ ਅਤੇ ਇੱਥੋਂ ਤੱਕ ਕਿ ਉਮੀਦਵਾਰਾਂ ਦੀ ਪਛਾਣ ਨੂੰ ਗੁਪਤ ਰੱਖ ਕੇ ਕਰਵਾਈਆਂ ਗਈਆਂ ਸਨ।

ਇਸ ਸਾਲ 12 ਜਨਵਰੀ ਨੂੰ ਜਦੋਂ ਮੈਂ ਭੱਟ ਨੂੰ ਉਸ ਦੇ ਦਫ਼ਤਰ ’ਚ ਮਿਲਿਆ ਤਾਂ ਉਹ ਬਹੁਤ ਖੁੱਲ੍ਹ ਕੇ ਗੱਲਾਂ ਕਰਦੀ ਸੀ। ਉਸ ਨੇ ਮੈਨੂੰ ਦੱਸਿਆ, “ਜਦੋਂ ਵੀ ‘ਆਖ਼ਿਰ ਕਬ ਤਕ’ ਪ੍ਰੋਗਰਾਮ ਹੁੰਦਾ ਹੈ, ਫ਼ੌਜੀ ਅਧਿਕਾਰੀ ਮੈਨੂੰ ਬੁਲਾਉਂਦੇ ਹਨ ਅਤੇ ਮੈਂ ਬਾਕੀਆਂ ਦੇ ਨਾਲ ਪ੍ਰੋਗਰਾਮ ਵਿਚ ਸ਼ਾਮਿਲ ਹੁੰਦੀ ਹਾਂ।” ਉਹ ਆਮ ਤੌਰ ’ਤੇ ਸ੍ਰੀਨਗਰ ਦੀਆਂ ਪ੍ਰਮੁੱਖ ਥਾਵਾਂ ਜਿਵੇਂ ਲਾਲ ਚੌਕ, ਪ੍ਰੈਸ ਐਨਕਲੇਵ, ਓਲਡ ਜ਼ੀਰੋ ਬ੍ਰਿਜ ਅਤੇ ਡਲ ਝੀਲ ’ਤੇ ਮੋਮਬੱਤੀਆਂ ਜਗਾ ਕੇ ਤਿਰੰਗਾ ਲਹਿਰਾਉਂਦੇ ਹਨ। ਭੱਟ ਨੇ ਕਿਹਾ, “ ਬੈਨਰ, ਮੋਮਬੱਤੀਆਂ, ਮਸ਼ਾਲਾਂ ਅਤੇ ਹੋਰ ਸਮਾਨ ਫ਼ੌਜ ਮੁਹੱਈਆ ਕਰਾਉਂਦੀ ਹੈ। ਕਿਉਂਕਿ ਅਸੀਂ ਉਹ ਚੀਜ਼ਾਂ ਆਪਣੀ ਜੇਬ ਵਿੱਚੋਂ ਨਹੀਂ ਖ਼ਰੀਦ ਸਕਦੇ। ‘ਵਿਰੋਧ ਪ੍ਰਦਰਸ਼ਨ’ ਵਿਚ ਅਸੀਂ ਆਪਣੇ ਹੱਥਾਂ ਵਿਚ ਝੰਡੇ ਲੈ ਕੇ ਇਹੀ ਸੁਨੇਹਾ ਦਿੰਦੇ ਹਾਂ ਕਿ ਅਸੀਂ ਭਾਰਤੀ ਹਾਂ ਅਤੇ ਅਸੀਂ ਭਾਰਤੀਆਂ ਦੇ ਰੂਪ ’ਚ ਅਮਨ-ਚੈਨ ਨਾਲ ਮਰਾਂਗੇ। ਅਸੀਂ ਇੱਥੇ ਪਾਕਿਸਤਾਨ ਦੀ ਗੰਦੀ ਰਣਨੀਤੀ ਨੂੰ ਵਧਣ-ਫੁੱਲਣ ਨਹੀਂ ਦੇਵਾਂਗੇ ਅਤੇ ਆਵਾਜ ਉਠਾਵਾਂਗੇ।”

ਭੱਟ ਨੇ ਮੈਨੂੰ ਦੱਸਿਆ ਕਿ ਫੌਜ ਦੀ ਐਕਸਵੀ ਕੋਰ ਦੇ ਮੇਜਰ ਜਨਰਲ ਐਸ.ਪੀ.ਐਸ. ਵਿਸ਼ਵਾਸਰਾਓ - ਜੋ ਘਾਟੀ ਵਿਚ ਫ਼ੌਜੀ ਕਾਰਵਾਈਆਂ ਲਈ ਜ਼ਿੰਮੇਵਾਰ ਹਨ - “ਆਖ਼ਿਰ ਕਬ ਤਕ” ਮੁਹਿੰਮ ਦੀ ਨਿਗਰਾਨੀ ਕਰਦੇ ਹਨ। ਜੰਮੂ-ਕਸ਼ਮੀਰ ਪੁਲਿਸ ਦੇ ਖੁਫੀਆ ਵਿੰਗ ਦੇ ਇਕ ਦਰਮਿਆਨੇ ਦਰਜੇ ਦੇ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ’ਤੇ ਦੱਸਿਆ ਕਿ ਹਫਟ ਚਿਨਾਰ ਸਥਿਤ 125 ਇਨਫੈਂਟਰੀ ਬਟਾਲੀਅਨ, ਜੋ ਕਿ ਤਸੀਹਾ ਕੇਂਦਰ ਵਜੋਂ ਬਦਨਾਮ ਹੈ, ਅਤੇ ਬਦਾਮੀ ਬਾਗ ਵਾਲੀ 105 ਰਾਸ਼ਟਰੀ ਰਾਈਫ਼ਲਜ਼ ਟੈਰੀਟੋਰੀਅਲ ਆਰਮੀ ਦੀਆਂ ਖ਼ਾਸ ਯੂਨਿਟ ਇਸ ਵਿਚ ਸ਼ਾਮਿਲ ਹਨ। ਭੱਟ ਨੇ ਮੈਨੂੰ ਦੱਸਿਆ, “ਜਨਰਲ ਵਿਸਵਾਸਰਾਓ ਵੀ ਵਿਰੋਧ ਕਰਨ ਲਈ ਆਉਂਦੇ ਹਨ ਪਰ ਉਹ ਹੋਰ ਅਫ਼ਸਰਾਂ ਦੇ ਨਾਲ ਹਮੇਸ਼ਾ ਸਾਦੀ ਵਰਦੀ ਵਿਚ ਹੁੰਦੇ ਹਨ। ਫ਼ੌਜ ਕੋਲ ਆਪਣਾ ਕੈਮਰਾਪਰਸਨ ਵੀ ਹੈ।”

ਭੱਟ ਨੇ ਇਸ਼ਾਰਾ ਕੀਤਾ ਕਿ “ਆਖ਼ਿਰ ਕਬ ਤਕ” ਮੁਹਿੰਮ ਪਹਿਲਾ ਪ੍ਰੋਗਰਾਮ ਨਹੀਂ ਹੈ ਜਦੋਂ ਫ਼ੌਜ ਨੇ ਅਜਿਹੇ ਪ੍ਰਦਰਸ਼ਨਾਂ ਦਾ ਆਯੋਜਨ ਕਰਨ ਲਈ ਸਿਆਸਤਦਾਨਾਂ ਨਾਲ ਮਿਲ ਕੇ ਕੰਮ ਕੀਤਾ ਹੈ। ਉਸ ਨੇ ਦੱਸਿਆ ਕਿ 2021 ਵਿਚ ਗਣਤੰਤਰ ਦਿਵਸ ’ਤੇ, ਉਹ ਉਨ੍ਹਾਂ ਪੰਜ ਨਗਰ ਨਿਗਮ ਕੌਂਸਲਰਾਂ ਵਿੱਚੋਂ ਇਕ ਸੀ ਜੋ ਵਿਸ਼ਵਾਸਰਾਓ ਦੇ ਨਾਲ ਬਦਾਮੀ ਬਾਗ਼ ਛਾਉਣੀ ਦੇ ਨਾਲ ਲੱਗਦੇ ਗੁਪਕਰ ਰੋਡ ’ਤੇ ਐੱਮ5 ਮਿਲਟਰੀ ਕੈਂਪ ’ਤੇ ਰਾਸ਼ਟਰੀ ਝੰਡਾ ਲਹਿਰਾਉਣ ਵਿਚ ਸ਼ਾਮਿਲ ਹੋਏ ਸਨ। ਸਾਨੂੰ ਫ਼ੌਜ ਦੀ ਉਚਿਤ ਪ੍ਰੋਟੋਕੋਲ ਅਤੇ ਸੁਰੱਖਿਆ ਦਿੱਤੀ ਗਈ ਸੀ। ਫਿਰ ਅਸੀਂ ਚਾਰ ਚਿਨਾਰ ਗਏ ਜੋ ਡਲ ਝੀਲ ਦੇ ਵਿਚਕਾਰ ਹੈ। ਬਾਦ ਵਿਚ ਅਸੀਂ ਸ਼ੰਕਰਾਚਾਰੀਆ ਮੰਦਿਰ ਗਏ ਅਤੇ 30,000 ਰੁਪਏ ਦੇ ਪਟਾਕੇ ਚਲਾਏ।”

ਭੱਟ ਹਾਲ ਹੀ ਵਿਚ ‘ਜੰਮੂ-ਕਸ਼ਮੀਰ ਵਿਚ ਅਪਨੀ ਪਾਰਟੀ’ ਵਿਚ ਸ਼ਾਮਿਲ ਹੋਈ ਹੈ, ਜਿਸ ਦੇ ਆਗੂ ਅਲਤਾਫ਼ ਬੁਖ਼ਾਰੀ ਅਤੇ ਗ਼ੁਲਾਮ ਹਸਨ ਮੀਰ ਹਨ। ਮੀਰ ਨੂੰ ਫ਼ੌਜ ਦਾ ਖ਼ਾਸ ਨਜ਼ਦੀਕੀ ਮੰਨਿਆ ਜਾਂਦਾ ਹੈ। 2013 ਵਿਚ, ਜਦੋਂ ਮੀਰ ਉਮਰ ਅਬਦੁੱਲਾ ਦੀ ਅਗਵਾਈ ਵਾਲੀ ਨੈਸ਼ਨਲ ਕਾਨਫਰੰਸ ਸਰਕਾਰ ਵਿਚ ਖੇਤੀਬਾੜੀ ਮੰਤਰੀ ਸੀ, ਫ਼ੌਜ ਨੇ ਆਪਣੇ ਖ਼ੁਫ਼ੀਆ ਵਿੰਗ ਰਾਹੀਂ, ਗੁਪਤ ਫੰਡਾਂ ਦੀ ਦੁਰਵਰਤੋਂ ਦੀ ਜਾਂਚ ਕੀਤੀ ਸੀ। ਇਹ ਕਥਿਤ ਤੌਰ ’ਤੇ ਪਤਾ ਲੱਗਿਆ ਸੀ ਕਿ ਮੀਰ ਨੂੰ ਸਾਬਕਾ ਫ਼ੌਜ ਮੁਖੀ ਵੀਕੇ ਸਿੰਘ ਵੱਲੋਂ ਰਾਜ ਵਿਚ ਸਰਕਾਰ ਬਦਲਣ ਦੇ ਆਦੇਸ਼ਾਂ ਤਹਿਤ 1.19 ਕਰੋੜ ਰੁਪਏ ਦਿੱਤੇ ਗਏ ਸਨ। ਵੀਕੇ ਸਿੰਘ ਅਗਲੇ ਸਾਲ ਭਾਜਪਾ ਵਿਚ ਸ਼ਾਮਿਲ ਹੋ ਗਿਆ ਸੀ।

23 ਦਸੰਬਰ ਦੇ ਪ੍ਰਦਰਸ਼ਨ ਵਿਚ ਸ਼ਾਮਲ ਜਿਸ ਹੋਰ ਵਿਅਕਤੀ ਨੂੰ ਮਸ਼ਾਲ ਦਿੱਤੀ ਗਈ ਸੀ, ਉਹ 32 ਸਾਲ ਦਾ ਜਾਵੇਦ ਬੇਗ ਸੀ, ਉਮਰ ਅਬਦੁੱਲਾ ਦਾ ਸਾਬਕਾ ਜਨ ਸੰਪਰਕ ਅਧਿਕਾਰੀ ਅਤੇ ਪੀਪਲਜ ਡੈਮੋਕਰੇਟਿਕ ਫਰੰਟ (ਸੈਕੂਲਰ) ਦਾ ਮੌਜੂਦਾ ਜਨਰਲ ਸਕੱਤਰ। ਇਹ ਫਰੰਟ ਸਾਬਕਾ ਮੰਤਰੀ ਹਕੀਮ ਯਾਸੀਨ ਦੀ ਅਗਵਾਈ ਵਾਲੀ ਇਕ ਹਾਸ਼ੀਏ ਉੱਪਰਲੀ ਸਿਆਸੀ ਪਾਰਟੀ ਹੈ। ਅਗਸਤ 2019 ਵਿਚ, ਧਾਰਾ 370 ਨੂੰ ਖਤਮ ਕਰਨ ਤੋਂ ਬਾਦ, ਬੇਗ ਨੂੰ ਕਠੋਰ ਪਬਲਿਕ ਸੇਫਟੀ ਐਕਟ ਦੇ ਤਹਿਤ ਗ੍ਰਿਫ਼ਤਾਰ ਕਰਕੇ ਵਾਰਾਨਸੀ ’ਚ ਕੈਦ ਰੱਖਿਆ ਗਿਆ ਸੀ। ਉਸ ਨੇ ਮੈਨੂੰ ਦੱਸਿਆ ਕਿ ਇਹ ਸਾਰਾ ਮਾਮਲਾ ਕਸ਼ਮੀਰ ਦੇ ਇਕ ਸਥਾਨਕ ਅਧਿਕਾਰੀ ਨੇ ਰਚਿਆ ਸੀ ਜੋ ਉਨ੍ਹਾਂ ਨਾਲ ਸਮਝੌਤਾ ਕਰਨਾ ਚਾਹੁੰਦਾ ਸੀ। ਬੇਗ ਨੇ ਕਿਹਾ ਕਿ ਜੇਲ੍ਹ ਅਧਿਕਾਰੀਆਂ ਨੇ ਉਸ ਨੂੰ ਦਹਿਸ਼ਤਗਰਦ ਕਿਹਾ। ਉਸ ਨੂੰ ਤਿੰਨ ਮਹੀਨਿਆਂ ਤੱਕ ਛੇ ਵਰਗ ਫੁੱਟ ਦੀ ਹਨੇਰੀ ਕੋਠੜੀ ਵਿਚ ਰੱਖਿਆ ਗਿਆ। ਰਿਹਾਈ ਤੋਂ ਬਾਦ, ਉਸ ਨੇ ਦਸੰਬਰ 2020 ਵਿਚ ਜ਼ਿਲ੍ਹਾ ਵਿਕਾਸ ਪ੍ਰੀਸ਼ਦ ਦੀ ਚੋਣ ਲੜੀ। ਉਸ ਨੇ ਹੱਸਦਿਆਂ ਕਿਹਾ ਕਿ ਉਸ ਨੂੰ ਤਸੱਲੀ ਦੇਣ ਵਾਲਾ ਇਨਾਮ ਪੀਪਲਜ਼ ਅਲਾਇੰਸ ਫਾਰ ਦ ਗੁਪਕਾਰ ਡੈਕਲਾਰੇਸ਼ਨ ਦੀ ਹਾਰ ਹੈ। ਇਹ ਐਲਾਨਨਾਮਾ ਖੇਤਰੀ ਖ਼ੁਦਮੁਖਤਿਆਰੀ ਅਤੇ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਦੀ ਬਹਾਲੀ ਲਈ ਬਣਾਇਆ ਗਿਆ ਗੱਠਜੋੜ ਹੈ।

ਬੇਗ ਨੇ ਦਾਅਵਾ ਕੀਤਾ ਕਿ “ਆਖ਼ਿਰ ਕਬ ਤਕ” ਪੂਰੀ ਤਰ੍ਹਾਂ ਉਸ ਦੀ ਆਪਣੀ ਪਹਿਲ ਸੀ। “ਫ਼ੌਜ ਸਿਰਫ਼ ਸੁਰੱਖਿਆ ਮੁਹੱਈਆ ਕਰਦੀ ਹੈ,” ਉਸਨੇ ਮੈਨੂੰ ਭਰੋਸਾ ਦਿਵਾਇਆ। ਲੱਗਭੱਗ ਸਾਰੇ ਵਿਰੋਧ ਪ੍ਰਦਰਸ਼ਨ ਸ੍ਰੀਨਗਰ ਦੇ ਸਭ ਤੋਂ ਕਰੜੀ ਕਿਲ੍ਹੇਬੰਦੀ ਵਾਲੇ ਖੇਤਰਾਂ ਵਿਚ ਹੋਏ ਹਨ, ਜੋ ਕਿ ਸਖਤ ਨਿਗਰਾਨੀ ਹੇਠ ਹੁੰਦੇ ਹਨ ਅਤੇ ਜਿੱਥੇ 24 ਘੰਟੇ ਵੱਡੀ ਤਾਦਾਦ ’ਚ ਫ਼ੌਜੀ ਤਾਇਨਾਤ ਰਹਿੰਦੇ ਹਨ। ਬੇਗ ਨੇ ਕਿਹਾ ਕਿ “ਆਖਿਰ ਕਬ ਤਕ” ਦਾ ਫੁਰਨਾ ਫਰਵਰੀ 2021 ਵਿਚ ਇਕ ਮਸ਼ਹੂਰ ਰੈਸਟੋਰੈਂਟ ਮਾਲਕ ਦੇ 22 ਸਾਲਾ ਪੁੱਤਰ ਆਕਾਸ਼ ਮਹਿਰਾ ਦੇ ਕਤਲ ਤੋਂ ਬਾਦ ਫੁਰਿਆ ਸੀ। ਸਰਕਾਰ ਵੱਲੋਂ ਕਿਸੇ ਵੀ ਭਾਰਤੀ ਨਾਗਰਿਕ ਨੂੰ ਇਸ ਖੇਤਰ ਦਾ ਬਾਸ਼ਿੰਦਾ ਬਣਨ ਦੀ ਇਜਾਜ਼ਤ ਦੇਣ ਵਾਲਾ ਨਵਾਂ ਕਾਨੂੰਨ ਲਾਗੂ ਕੀਤੇ ਜਾਣ ਤੋਂ ਬਾਦ ਗੈਰ-ਕਸ਼ਮੀਰੀਆਂ ਉੱਪਰ ਇਹ ਦੂਜਾ ਦਹਿਸ਼ਤਵਾਦੀ ਹਮਲਾ ਸੀ। ਇਸ ਕਾਨੂੰਨ ਕਾਰਨ ਜਨਸੰਖਿਆ ’ਚ ਤਬਦੀਲੀ ਦਾ ਖ਼ਦਸ਼ਾ ਹੈ।

“ਕਸ਼ਮੀਰ ਵਿਚ ਅਮਨ-ਚੈਨ ਇਕ ਆਨੰਦ ਹੈ,” ਬੇਗ ਨੇ ਇਹ ਕਹਿੰਦੇ ਹੋਏ ਮੈਨੂੰ ਦੱਸਿਆ ਕਿ ਅੰਦੋਲਨ ਨੇ ਸਿਰਫ਼ ਹੱਤਿਆਵਾਂ ਲਈ ਜਵਾਬਦੇਹੀ ਦੀ ਮੰਗ ਕੀਤੀ। “ਇਸ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਮੇਰਾ ਮੰਨਣਾ ਹੈ ਕਿ ਸਾਨੂੰ ਅਜਿਹਾ ਬਿਰਤਾਂਤ ਤਿਆਰ ਕਰਨਾ ਪਏਗਾ ਕਿ ਅਸੀਂ ਕਤਲੇਆਮ ਦੀ ਨਿੰਦਾ ਕਰਦੇ ਹਾਂ, ਪੀੜਤਾਂ ਦੇ ਨਾਲ ਖੜ੍ਹੇ ਹਾਂ।” ਹਾਲਾਂਕਿ, ਜਦੋਂ ਮੈਂ ਉਸ ਨੂੰ 18 ਸਾਲਾ ਸ਼ਾਹਿਦ ਏਜ਼ਾਜ ਦੇ ਕਤਲ ਬਾਰੇ ਪੁੱਛਿਆ, ਜਿਸ ਨੂੰ ਤਿੰਨ ਮਹੀਨੇ ਪਹਿਲਾਂ ਸੀ.ਆਰ.ਪੀ.ਐੱਫ. ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ, ਤਾਂ ਉਸ ਦਾ ਜਵਾਬ ਗੋਲ-ਮੋਲ ਸੀ।

ਸ਼ੁਰੂ ਵਿਚ ਸੀਆਰਪੀਐਫ ਨੇ ਦਾਅਵਾ ਕੀਤਾ ਕਿ ਏਜ਼ਾਜ, ਜੋ ਸ਼ੋਪੀਆਂ ਤੋਂ ਵਾਪਸ ਆ ਰਿਹਾ ਸੀ, ਜਿੱਥੇ ਉਹ ਸੇਬਾਂ ਦੀ ਫ਼ਸਲ ਦਾ ਕੰਮ ਕਰ ਰਿਹਾ ਸੀ, ਅਣਪਛਾਤੇ ਦਹਿਸ਼ਤਗਰਦਾਂ ਵੱਲੋਂ ਨੇੜਲੇ ਨੀਮ ਫ਼ੌਜੀ ਕੈਂਪ ਉੱਪਰ ਗੋਲੀਬਾਰੀ ਦੌਰਾਨ ਮਾਰਿਆ ਗਿਆ। ਬਾਦ ਵਿਚ ਕਿਹਾ ਗਿਆ ਕਿ ਉਹ ਜਿਸ ਵਾਹਨ ਵਿਚ ਸਵਾਰ ਸੀ, ਜਦੋਂ ਨਾਕਾਬੰਦੀ ਕਰਨ ਤੋਂ ਬਾਦ ਵੀ ਉਹ ਨਾ ਰੁਕਿਆ ਤਾਂ ਉਸ ਨੂੰ ਨਾਕਾ ਤੋੜਨ ਲਈ ਗੋਲੀ ਮਾਰ ਦਿੱਤੀ ਗਈ। ਘਟਨਾ ਬਾਰੇ ਈਮੇਲ ਕੀਤੇ ਸਵਾਲਾਂ ਦਾ ਜਵਾਬ ਨਾ ਮੈਨੂੰ ਸੀਆਰਪੀਐੱਫ ਨੇ ਦਿੱਤਾ ਅਤੇ ਨਾ ਹੀ ਜੰਮੂ ਅਤੇ ਕਸ਼ਮੀਰ ਪੁਲਿਸ ਨੇ।

ਬੇਗ ਨੇ ਮੈਨੂੰ ਦੱਸਿਆ, “ਮੈਨੂੰ ਸਰਕਾਰ ਦੀਆਂ ਸੰਸਥਾਵਾਂ ’ਤੇ ਭਰੋਸਾ ਹੈ। ਸਰਕਾਰ ਇਕ ਵੱਡੀ ਸੰਸਥਾ ਹੈ ਅਤੇ ਇਕ ਨਾਗਰਿਕ ਹੋਣ ਦੇ ਨਾਤੇ, ਸਾਨੂੰ ਸਰਕਾਰ ਦੀ ਗੱਲ ’ਤੇ ਵਿਸ਼ਵਾਸ ਕਰਨਾ ਚਾਹੀਦਾ ਹੈ। ਹੋਰ ਕੋਈ ਬਦਲ ਨਹੀਂ ਹੈ।” ਉਸ ਨੇ ਕਿਹਾ ਕਿ ਫ਼ੌਜ ਅਤੇ ਪੁਲਸ ਉਨ੍ਹਾਂ ਲਈ ਪਵਿੱਤਰ ਸੰਸਥਾਵਾਂ ਹਨ। “ਮੈਂ ਉਨ੍ਹਾਂ ’ਤੇ ਉਂਗਲ ਨਹੀਂ ਚੁੱਕ ਸਕਦਾ। ਮੈਂ ਵਿਅਕਤੀਆਂ ਵੱਲ ਉਂਗਲ ਉਠਾ ਸਕਦਾ ਹਾਂ। ਅਜਿਹੇ ਲੋਕ ਵੀ ਹੋ ਸਕਦੇ ਹਨ ਜਿਨ੍ਹਾਂ ਨੇ ਗ਼ਲਤੀਆਂ ਕੀਤੀਆਂ ਹਨ, ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਉਂਗਲ ਉਠਾਈਏ ਅਤੇ ਇਹਨਾਂ ਸੰਸਥਾਵਾਂ ’ਤੇ ਸ਼ੱਕ ਕਰਨਾ ਸ਼ੁਰੂ ਕਰ ਦੇਈਏ। ਬਿਹਤਰ ਹੈ ਕਿ ਕਸ਼ਮੀਰ ਭਾਰਤੀ ਯੂਨੀਅਨ ਨਾਲ ਰਹਿਣਾ ਸਿੱਖ ਲਵੇ। ਪੂਰੇ ਮੁਲਕ ’ਚ 25 ਕਰੋੜ ਮੁਸਲਮਾਨ ਹਨ।” ਜਦੋਂ ਮੈਂ ਉਸ ਨੂੰ ਪਿਛਲੇ ਕੁਝ ਸਾਲਾਂ ’ਚ ਮੁਲਕ ਦੇ ਹੋਰ ਹਿੱਸਿਆਂ ਵਿਚ ਮੁਸਲਮਾਨਾਂ ’ਤੇ ਹੋਏ ਵੱਖ-ਵੱਖ ਹਮਲਿਆਂ ਬਾਰੇ ਪੁੱਛਿਆ ਤਾਂ ਉਸ ਨੇ ਦਾਅਵਾ ਕੀਤਾ ਕਿ ਉਸ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਇਕ ਹੋਰ ਕੌਂਸਲਰ, ਮੁਹੰਮਦ ਆਕਿਬ ਰੇਂਜੂਸ਼ਾ ਵੀ “ਆਖਿਰ ਕਬ ਤਕ” ਵਿਰੋਧ ਸੁਰੂ ਕਰਨ ਦਾ ਪੂਰਾ ਸਿਹਰਾ ਲੈਣ ਲਈ ਬਰਾਬਰ ਉਤਸ਼ਾਹੀ ਸੀ। ਉਸ ਨੇ ਮੈਨੂੰ ਦੱਸਿਆ ਕਿ ਅਕਤੂਬਰ 2021 ਵਿਚ, ਇਸੇ ਨਾਅਰੇ ਨਾਲ 1990 ਦੇ ਦਹਾਕੇ ਦੇ ਸ਼ੁਰੂ ’ਚ ਕਸ਼ਮੀਰੀ ਪੰਡਿਤਾਂ ਨੂੰ ਉਜਾੜੇ ਜਾਣ ਦੀ ਯਾਦ ਵਿਚ ਦਿੱਲੀ ਦੇ ਜੰਤਰ-ਮੰਤਰ ਵਿਖੇ ਮੋਮਬੱਤੀਆਂ ਜਲਾ ਕੇ ਪ੍ਰਦਰਸ਼ਨ ਕੀਤਾ ਗਿਆ ਸੀ। ਉਸਨੇ ਦੱਸਿਆ, “ਮੈਂ ਹੈਰਾਨ ਸੀ ਜਦੋਂ ਉਸ ਵਿਰੋਧ ਨੂੰ ਅੰਤਰਰਾਸ਼ਟਰੀ ਪ੍ਰੈਸ ਨੇ ਕਵਰ ਕੀਤਾ। ਜਦੋਂ ਮੇਰੇ ਵਿਚਾਰ ਨੂੰ ਸਾਰਿਆਂ ਨੇ ਅਪਣਾਇਆ ਤਾਂ ਇਹ ਮੇਰੇ ਲਈ ਜਿੱਤ ਸੀ। ਇਸ ਤਰ੍ਹਾਂ ਦੇ ਪ੍ਰੋਗਰਾਮ ਭਾਰਤ ਨੂੰ ਆਲਮੀ ਪੱਧਰ ’ਤੇ ਇਹ ਦਿਖਾਉਣ ਵਿਚ ਮੱਦਦ ਕਰਦੇ ਹਨ ਕਿ ਕਸ਼ਮੀਰੀ ਨਵੀਂ ਦਿੱਲੀ ਦੇ ਰਾਜ ਤੋਂ ਖ਼ੁਸ਼ ਹਨ।

ਸਾਬਕਾ ਨੌਕਰਸਾਹ ਖਵਾਜਾ ਫਾਰੂਕ ਰੇਂਜੂਸ਼ਾਹ ਵੀ 9 ਨਵੰਬਰ ਨੂੰ ਆਯੋਜਿਤ “ਆਖਿਰ ਕਬ ਤਕ” ਵਿਰੋਧ ਪ੍ਰਦਰਸ਼ਨ ਵਿਚ

ਮੌਜੂਦ ਸੀ। ਜੋ ਗੁਲਾਮ ਨਬੀ ਆਜ਼ਾਦ ਸਰਕਾਰ ਵਿਚ ਸਾਬਕਾ ਸੂਚਨਾ ਡਾਇਰੈਕਟਰ ਰਹਿ ਚੁੱਕਾ ਸੀ। ਉਸ ਦੇ ਕਸ਼ਮੀਰੀ ਮੀਡੀਆ ਦੇ ਵੱਖ-ਵੱਖ ਵਰਗਾਂ ਨਾਲ ਵਿਆਪਕ ਸਬੰਧ ਹਨ। ਇਕ ਸੀਨੀਅਰ ਪੱਤਰਕਾਰ ਨੇ ਮੈਨੂੰ ਦੱਸਿਆ ਕਿ ਰੇਂਜੂਸ਼ਾਹ ਨੇ ਸੂਚਨਾ ਵਿਭਾਗ ਲਈ ਕਈ ਕੈਮਰੇ ਖ਼ਰੀਦੇ ਸਨ ਅਤੇ ਇਹ ਯਕੀਨੀ ਬਣਾਇਆ ਸੀ ਕਿ ਪ੍ਰੈਸ ਉਨ੍ਹਾਂ ਨੂੰ ਘਾਟੀ ਵਿਚ ਲੱਗਭੱਗ ਇਕ ਮਸੀਹਾ ਵਜੋਂ ਪੇਸ਼ ਕਰੇ। ਪੱਤਰਕਾਰ ਨੇ ਕਿਹਾ ਕਿ 2007 ਦੇ ਇਕ ਜਨਤਕ ਸਮਾਗਮ ਵਿਚ ਰੇਂਜੂਸ਼ਾਹ ਨੇ ਆਜ਼ਾਦ ਨਾਲ ਮੰਚ ਸਾਂਝਾ ਕੀਤਾ, ਜਿਸ ਨੇ ਉਨ੍ਹਾਂ ਨੂੰ ਕਿਹਾ, "ਉਹ ਮੇਰੀਆਂ ਤਸਵੀਰਾਂ ਲੈ ਰਹੇ ਹਨ ਪਰ ਛਾਪੀਆਂ ਸਿਰਫ਼ ਤੁਹਾਡੀਆਂ ਹੀ ਜਾ ਰਹੀਆਂ ਹਨ।"

ਰੇਂਜੂਸ਼ਾਹ ਇਕ ਮੁਸਲਮਾਨ ਰਾਜੇ ਦੇ ਵੰਸ਼ 'ਚੋਂ ਹੋਣ ਦਾ ਦਾਅਵਾ ਕਰਦਾ ਹੈ ਜਿਸਨੇ ਕਦੇ ਘਾਟੀ ਉੱਤੇ ਰਾਜ ਕੀਤਾ ਸੀ। 2013 ਵਿਚ ਸੇਵਾਮੁਕਤ ਹੋਣ ਤੋਂ ਬਾਅਦ ਉਹ ਖਿਚੜੀ ਕਿਸਮ ਦੇ ਪਰੈਸ਼ਰ ਗਰੁੱਪਾਂ ਦੀ ਲੀਡਰੀ ਕਰ ਰਿਹਾ ਹੈ। ਜਿਨ੍ਹਾਂ ਵਿਚ ਕਸ਼ਮੀਰ ਸੂਫੀ ਸੋਸਾਇਟੀ, ਕਸ਼ਮੀਰ ਸੋਸਾਇਟੀ ਇੰਟਰਨੈਸ਼ਨਲ, ਜਮਾਤ ਏਤਕਾਦ ਇੰਟਰਨੈਸ਼ਨਲ, ਹਜਰਤ ਬੁਲਬੁਲਸ਼ਾਹ ਇੰਟਰਨੈਸ਼ਨਲ ਸਪਿਰਚੁਅਲ ਬੋਰਡ ਅਤੇ ਕਸ਼ਮੀਰ ਡਿਵੈਲਪਮੈਂਟ ਫਰੰਟ ਸ਼ਾਮਿਲ ਹਨ। ਉਸ ਦੀਆਂ ਹਾਲੀਆ ਗਤੀਵਿਧੀਆਂ, ਜਿਨ੍ਹਾਂ ਵਿਚ ਹਿੰਦੂ-ਰਾਸ਼ਟਰਵਾਦੀ ਜਾਅਲੀ ਇਤਿਹਾਸ ਨੂੰ ਅੱਗੇ ਵਧਾਉਣਾ ਸ਼ਾਮਿਲ ਹੈ, ਅਕਸਰ ਹੀ ਕਸ਼ਮੀਰ ਵਿਚ ਧਾਰਮਿਕ ਸੰਪਰਦਾਵਾਂ ਵਿਚ ਖਲਬਲੀ ਅਤੇ ਵੰਡ ਦਾ ਕਾਰਨ ਬਣੀਆਂ ਹਨ।

ਉਹ 11 ਕਿਤਾਬਾਂ ਦਾ ਲੇਖਕ ਅਤੇ ਸੂਫੀਵਾਦ ਦਾ ਵਿਦਵਾਨ ਹੋਣ ਦਾ ਦਾਅਵਾ ਕਰਦਾ ਹੈ ਪਰ ਅਕਸਰ ਦੂਜੀਆਂ ਇਸਲਾਮੀ ਸੰਪਰਦਾਵਾਂ ਦੇ ਪੈਰੋਕਾਰਾਂ ਲਈ ਫਿਰਕੂ ਗਾਲਾਂ ਦੀ ਵਰਤੋਂ ਕਰਦਾ ਹੈ। 2007 ਵਿਚ, ਜਦੋਂ ਰੇਂਜੂਸ਼ਾਹ ਬਡਗਾਮ ਦਾ ਡਿਪਟੀ ਕਮਿਸ਼ਨਰ ਸੀ, ਉਸਨੇ ਦਾਅਵਾ ਕੀਤਾ ਕਿ ਹਿੰਦੂ ਭਗਵਾਨ ਰਾਮ ਅਯੁੱਧਿਆ ਤੋਂ ਆਪਣੇ ਵਣ ਵਾਸ ਦੌਰਾਨ ਸੁਥਾਹਰਨ ਪਿੰਡ ਵਿਚ ਰਿਹਾ ਸੀ। ਉਸ ਨੇ ਤੁਰੰਤ ਸਾਰੇ ਸਰਕਾਰੀ ਰਿਕਾਰਡ ਵਿਚ ਪਿੰਡ ਦਾ ਨਾਂ ਸੀਤਾਹਰਣ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਰੇਂਜੂਸ਼ਾਹ ਨੇ ਇਹ ਵੀ ਮੰਗ ਕੀਤੀ ਕਿ ਸ੍ਰੀਨਗਰ ਦੇ ਮਸ਼ਹੂਰ ਨਹਿਰੂ ਪਾਰਕ ਦਾ ਨਾਮ ਜੀਐਮ ਗੁਰੂ ਦੇ ਨਾਮ 'ਤੇ ਰੱਖਿਆ ਜਾਵੇ, ਜੋ ਜੇਹਲਮ ਨਦੀ ਵਿਚ ਸੈਲਾਨੀਆਂ ਨੂੰ ਬਚਾਉਂਦੇ ਹੋਏ ਸ਼ਹੀਦ ਹੋ ਗਏ ਸਨ। ਅਪ੍ਰੈਲ 2021 ਵਿਚ, ਭ੍ਰਿਸ਼ਟਾਚਾਰ ਰੋਕੂ ਬਿਊਰੋ ਨੇ ਰੇਂਜੂਸ਼ਾਹ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਰੱਖਣ ਦਾ ਕੇਸ ਦਰਜ ਕੀਤਾ ਸੀ। ਉਹ ਛੇਤੀ ਹੀ "ਆਖ਼ਿਰ ਕਬ ਤਕ" ਵਿਰੋਧ ਦਾ ਆਮ ਚਿਹਰਾ ਬਣ ਗਿਆ। ਰੇਂਜੂਸ਼ਾਹ ਨੇ ਵਿਰੋਧ ਪ੍ਰਦਰਸ਼ਨਾਂ ਵਿਚ ਆਪਣੀ ਸ਼ਮੂਲੀਅਤ ਬਾਰੇ ਮੇਰੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ।

ਸਾਜਿਦ ਯੂਸਫ਼ ਵਿਰੋਧ ਪ੍ਰਦਰਸ਼ਨਾਂ ਦਾ ਇਕ ਹੋਰ ਚਿਹਰਾ ਹੈ। ਯੂਸਫ਼ ਦੀ ਜ਼ਿੰਦਗੀ ਬਕਾਇਦਾ ਪੱਤਰਕਾਰੀ ਅਤੇ ਫ਼ੌਜ-ਪੁਲਿਸ ਦੇ ਪ੍ਰਚਾਰ ਵਿਚਕਾਰ ਝੂਲਦੀ ਰਹੀ ਹੈ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਭਾਜਪਾ ਆਗੂ ਸ਼ੇਖ ਖ਼ਾਲਿਦ ਜਹਾਂਗੀਰ ਨਾਲ ਕੰਮ ਕਰਕੇ ਕੀਤੀ ਸੀ। (3 ਮਾਰਚ ਨੂੰ, ਜਹਾਂਗੀਰ ਦੀ ਕਿਤਾਬ 'ਵ੍ਹਾਈ ਆਰਟੀਕਲ 370 ਹੈਡ ਟੂ ਗੋ' ਨੂੰ ਉਸ ਸਮੇਂ ਕਸ਼ਮੀਰ ਦੇ ਸਭ ਤੋਂ ਸੀਨੀਅਰ ਫ਼ੌਜੀ ਅਧਿਕਾਰੀ ਲੈਫਟੀਨੈਂਟ ਜਨਰਲ ਡੀ ਪੀ ਪਾਂਡੇ ਦੁਆਰਾ ਜਾਰੀ ਕੀਤਾ ਗਿਆ ਸੀ। ਪਾਂਡੇ ਨੇ ਸਮਾਗਮ ਵਿਚ ਭਾਸ਼ਣ ਦਾ ਸੰਖੇਪ ਵੇਰਵਾ ਸਾਂਝਾ ਕੀਤਾ। ਉਸ ਨੇ ਆਪਣੇ ਟੀਚੇ ਸਪਸ਼ਟ ਰੱਖੇ, ਜਿਸ ਵਿਚ "ਕਸ਼ਮੀਰੀ ਹਿੰਦੂਆਂ ਦੀ ਵਾਪਸੀ" ਵੀ ਸ਼ਾਮਿਲ ਹੈ।) ਯੂਸਫ਼ ਨੇ ਪਾਕਿਸਤਾਨ ਦੀ ਆਲੋਚਨਾ ਕਰਨ ਵਾਲੀਆਂ ਅਕਸਰ ਟੈਲੀਵਿਜ਼ਨ ਬਹਿਸਾਂ ਵਿਚ ਹਿੱਸਾ ਲੈਣ ਤੋਂ ਪਹਿਲਾਂ ਇਕ ਸ੍ਰੀਨਗਰ-ਅਧਾਰਤ ਰੋਜ਼ਾਨਾ ਅਖ਼ਬਾਰ ਕਸ਼ਮੀਰ ਥੰਡਰ ਲਈ ਸੰਖੇਪ ਕੰਮ ਵੀ ਕੀਤਾ। 2019 ਵਿਚ, ਉਸ ਨੇ ਨਿਊਜ਼ ਪੋਰਟਲ 'ਰੀਅਲ ਕਸ਼ਮੀਰ ਨਿਊਜ਼' ਦੀ ਸ਼ੁਰੂਆਤ ਕੀਤੀ, ਜਿਸ ਨੂੰ ਹਾਲ ਹੀ ਵਿਚ ਆਈਟੀਵੀ ਨੈੱਟਵਰਕ ਨੇ ਖ਼ਰੀਦ ਲਿਆ ਹੈ, ਜੋ ਕਿ ਨਿਊਜ਼ਐਕਸ ਅਤੇ ਕਈ ਖੇਤਰੀ ਚੈਨਲਾਂ ਦਾ ਮਾਲਕ ਵੀ ਹੈ। ਰੀਅਲ ਕਸ਼ਮੀਰ ਨਿਊਜ਼ ਦੀ ਮੁੱਖ ਸੰਪਾਦਕ ਯਾਨਾ ਮੀਰਚੰਦਾਨੀ ਭਾਜਪਾ-ਪੀਡੀਪੀ ਗੱਠਜੋੜ ਸਰਕਾਰ ਦੇ ਦੌਰਾਨ ਕਸ਼ਮੀਰ ਵਿਚ ਪ੍ਰਗਟ ਹੋਈ ਅਤੇ ਬਾਦ ਵਿਚ ਉਸ ਨੇ ਆਪਣਾ ਨਾਮ ਬਦਲ ਕੇ ਯਾਨਾ ਮੀਰ ਰੱਖ ਲਿਆ। ਧਾਰਾ 370 ਨੂੰ ਖ਼ਤਮ ਕੀਤੇ ਜਾਣ ਤੋਂ ਬਾਦ, ਉਹ ਇਸ ਖੇਤਰ ਬਾਰੇ ਭਾਰਤੀ ਨਿਊਜ਼ ਪੈਨਲ ਦੇ ਸ਼ੋਆਂ ਵਿਚ ਇਕ ਬਾਕਾਇਦਾ ਭਾਗੀਦਾਰ ਬਣ ਗਈ ਹੈ। ਉਹ ਨਿਯਮਿਤ ਤੌਰ 'ਤੇ ਪ੍ਰੋਗਰਾਮ "ਆਖ਼ਿਰ ਕਬ ਤਕ" ਵਿਚ ਸ਼ਾਮਿਲ ਹੁੰਦੀ ਹੈ।

"ਪਾਕਿਸਤਾਨ ਪਿਛਲੇ ਤੀਹ ਸਾਲਾਂ ਤੋਂ ਕਸ਼ਮੀਰ ਵਿਚ ਲੋਕਾਂ ਨੂੰ ਮਾਰ ਰਿਹਾ ਹੈ," ਯੂਸਫ਼ ਨੇ 15 ਜੂਨ 2021 ਨੂੰ "ਆਖ਼ਿਰ ਕਬ ਤਕ" ਵਿਰੋਧ ਪ੍ਰਦਰਸ਼ਨ ਵਿਚ ਪ੍ਰੈਸ ਨੂੰ ਦੱਸਿਆ। ਮੌਜੂਦ ਸਾਰੇ ਖ਼ਾਸ ਲੋਕਾਂ ਦੀ ਤਰ੍ਹਾਂ ਯੂਸਫ਼ ਨੇ ਫ਼ੌਜ ਨਾਲ ਨੇੜਿਓਂ ਜੁੜੇ ਹੋਏ ਪਬਲੀਸਿਟੀ ਸਟੰਟ ਦੇ ਆਪਣੇ ਹਿੱਸੇ ਵਿਚ ਭਾਗ ਲਿਆ ਸੀ। ਇਸ ਸਾਲ ਗਣਤੰਤਰ ਦਿਵਸ 'ਤੇ ਉਨ੍ਹਾਂ ਨੇ ਲਾਲ ਚੌਕ ਸਥਿਤ ਮਸ਼ਹੂਰ ਕਲਾਕ ਟਾਵਰ 'ਤੇ ਰਾਸ਼ਟਰੀ ਝੰਡਾ ਲਹਿਰਾਇਆ। ਇਸ ਘਟਨਾ ਦੀ ਫੁਟੇਜ ਜੋ ਡਰੋਨ ਨਾਲ ਸ਼ੂਟ ਕੀਤੀ ਗਈ ਸੀ, ਉਹ ਬਾਦ ਵਿਚ ਐਕਸਵੀ ਕਾਰਪਸ ਦੇ ਅਧਿਕਾਰਕ ਟਵਿੱਟਰ ਹੈਂਡਲ 'ਤੇ ਅਪਲੋਡ ਕੀਤੀ ਗਈ। ਜੁਲਾਈ 2021 ਤੋਂ ਘਾਟੀ ਵਿਚ ਡਰੋਨ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਇਕ ਈਮੇਲ ਕੀਤੇ ਸਵਾਲਨਾਮੇ ਦੇ ਜਵਾਬ ਵਿਚ ਯੂਸਫ਼ ਨੇ ਕਿਹਾ ਕਿ ਉਹ "ਆਖ਼ਿਰ ਕਬ ਤੱਕ" ਪ੍ਰੋਗਰਾਮ 'ਚ ਬਾਕਾਇਦਗੀ ਨਾਲ ਨਹੀਂ ਆਉਂਦਾ ਅਤੇ ਗਣਤੰਤਰ ਦਿਵਸ 'ਤੇ ਝੰਡਾ ਲਹਿਰਾਉਣ ਦਾ ਵਿਚਾਰ ਉਸ ਦਾ ਤੇ ਉਸ ਦੇ ਦੋਸਤ ਸਾਹਿਲ ਬਸ਼ੀਰ ਦਾ ਸੀ। ਉਸ ਨੇ ਦੱਸਿਆ, "ਅਸੀਂ ਇਸ ਦੀ ਯੋਜਨਾ ਬਹੁਤ ਪਹਿਲਾਂ ਤੋਂ ਬਣਾ ਰਹੇ ਸੀ ਕਿਉਂਕਿ ਅਸੀਂ ਸੋਚਿਆ ਸੀ ਕਿ ਲਾਲ ਚੌਕ ਤੋਂ ਦੁਨੀਆ ਨੂੰ ਇਹ ਸੰਦੇਸ਼ ਜਾਵੇਗਾ ਕਿ ਜੰਮੂ-ਕਸ਼ਮੀਰ ਵਿਚ ਭਾਰਤ ਦੇ ਵਿਚਾਰ ਦੀ ਹਮਾਇਤ ਕਰਨ ਵਾਲੇ ਕਸ਼ਮੀਰੀ ਬਹੁਤਾਤ ਵਿਚ ਹਨ।" ਉਸ ਨੇ ਕਿਹਾ ਕਿ ਫ਼ੌਜ ਨੇ ਸਿਰਫ਼ ਪ੍ਰਦਰਸ਼ਨਾਂ ਲਈ ਸੁਰੱਖਿਆ ਮੁਹੱਈਆ ਕਰਾਈ।

"ਆਖ਼ਿਰ ਕਬ ਤਕ" ਦੀ ਜ਼ਿਆਦਾਤਰ ਮੀਡੀਆ ਕਵਰੇਜ ਉਦਾਰ ਅਤੇ ਆਲੋਚਨਾਤਮਕ ਰਹੀ ਹੈ। ਟਾਈਮਜ਼ ਆਫ ਇੰਡੀਆ ਦੇ ਸਲੀਮ ਪੰਡਿਤ ਨੇ ਅਕਸਰ ਫ਼ੌਜ ਦੀ ਸ਼ਮੂਲੀਅਤ ਦਾ ਜ਼ਿਕਰ ਕੀਤੇ ਬਿਨਾਂ ਅਤੇ ਪੱਤਰਕਾਰੀ ਦੀ ਸਟੀਕਤਾ ਦੇ ਪੱਖੋਂ ਬਹੁਤ ਢਿੱਲੀ ਵਚਨਬੱਧਤਾ ਨਾਲ ਵਿਰੋਧ ਪ੍ਰਦਰਸ਼ਨਾਂ ਦੀ ਰਿਪੋਰਟ ਕੀਤੀ ਹੈ। ਮਿਸਾਲ ਲਈ, ਪੰਡਿਤ ਦੀ 10 ਮਾਰਚ ਦੀ ਇਕ ਰਿਪੋਰਟ ਲਾਲ ਚੌਕ ਵਿਚ ਇਕ ਪ੍ਰਦਰਸ਼ਨ ਬਾਰੇ ਕਹਿੰਦੀ ਹੈ ਕਿ "ਜੀਵਨ ਦੇ ਸਾਰੇ ਖੇਤਰਾਂ ਦੇ ਕਸ਼ਮੀਰੀ ਤਿੰਨ ਦਹਾਕਿਆਂ 'ਚ ਪਹਿਲੀ ਵਾਰ" ਵਿਰੋਧ ਕਰਨ ਲਈ ਇਕੱਠੇ ਹੋਏ। ਪੰਡਿਤ ਇਸ ਸਾਲ ਜਨਵਰੀ 'ਚ ਕਸ਼ਮੀਰ ਪ੍ਰੈੱਸ ਕਲੱਬ 'ਤੇ ਕਬਜ਼ਾ ਕਰਨ ਦੀ ਕਾਰਵਾਈ 'ਚ ਸ਼ਾਮਿਲ ਸੀ, ਜਿਸ ਤੋਂ ਬਾਦ ਜੰਮੂ-ਕਸ਼ਮੀਰ ਪ੍ਰਸ਼ਾਸਨ ਨੇ ਇਸ ਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਸੀ। ਉਹ ਅਕਸਰ ਹੀ ਆਪਣੇ ਇਸ ਕਬਜ਼ੇ ਦੇ ਆਲੋਚਕਾਂ ਨੂੰ ਪਾਕਿਸਤਾਨੀ ਏਜੰਟ ਕਹਿੰਦਾ ਰਿਹਾ ਹੈ।

ਇੱਥੋਂ ਤੱਕ ਕਿ ਸ੍ਰੀਨਗਰ-ਅਧਾਰਤ ਕੁਝ ਨਾਮਵਰ ਪ੍ਰਕਾਸ਼ਨਾਂ ਨੇ "ਆਖ਼ਿਰ ਕਬ ਤਕ" ਦੀ ਰਿਪੋਰਟ ਕਰਦੇ ਵਕਤ ਫ਼ੌਜ ਦੀ ਭੂਮਿਕਾ ਨੂੰ ਛੱਡ ਦਿੱਤਾ ਹੈ। ਰਾਜਨੀਤਿਕ ਟਿੱਪਣੀਕਾਰ ਇਮਾਦ ਮਖ਼ਦੂਮੀ, ਜੋ ਅਕਸਰ ਸੁਰੱਖਿਆ ਸਥਾਪਤੀ ਦੀ ਸਥਿਤੀ ਨੂੰ ਵਧਾ-ਚੜ੍ਹਾ ਕੇ ਦੱਸਦਾ ਹੈ, ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਅਤੇ ਹੋਰ ਫ਼ੌਜੀ ਕਾਰਵਾਈਆਂ ਵਿਚ ਅਕਸਰ ਨਜ਼ਰ ਆਉਂਦਾ ਹੈ। ਮਖ਼ਦੂਮੀ ਨੇ 9 ਮਈ ਨੂੰ ਲੈਫਟੀਨੈਂਟ-ਗਵਰਨਰ ਮਨੋਜ ਸਿਨਹਾ ਨਾਲ ਮੁਲਾਕਾਤ ਤੋਂ ਪੰਜ ਦਿਨ ਬਾਦ 'ਗ੍ਰੇਟਰ ਕਸ਼ਮੀਰ' ਦੇ ਸਲਾਹਕਾਰ ਸੰਪਾਦਕ ਵਜੋਂ ਅਹੁਦਾ ਸੰਭਾਲ ਲਿਆ। ਉਨ੍ਹਾਂ ਪੰਜ ਦਿਨਾਂ ਵਿਚ 'ਗ੍ਰੇਟਰ ਕਸ਼ਮੀਰ', ਜਿਸ ਨੂੰ 2019 ਤੋਂ ਸਰਕਾਰੀ ਇਸ਼ਤਿਹਾਰ ਨਹੀਂ ਮਿਲੇ ਸਨ, ਨੂੰ ਅਚਾਨਕ ਫਿਰ ਸਰਕਾਰੀ ਇਸ਼ਤਿਹਾਰ ਆਉਣੇ ਸ਼ੁਰੂ ਹੋ ਗਏ। ਮਖ਼ਦੂਮੀ ਦੀ ਨਿਯੁਕਤੀ ਤੋਂ ਬਾਦ ਇਸ ਦੀ ਸੰਪਾਦਕੀ ਨੀਤੀ ਵਿਚ ਵੱਡਾ ਬਦਲਾਅ ਦੇਖਣ ਨੂੰ ਮਿਲਿਆ। ਉਸ ਦੇ ਸ਼ਾਮਿਲ ਹੋਣ ਤੋਂ ਇਕ ਹਫ਼ਤੇ ਬਾਦ 'ਗ੍ਰੇਟਰ ਕਸ਼ਮੀਰ' ਨੇ ਆਪਣੇ ਪਹਿਲੇ ਪੰਨੇ 'ਤੇ ਫ਼ੋਟੋ ਸਮੇਤ ਇਕ ਵੱਡੀ ਤਿੰਨ ਕਾਲਮ ਦੀ ਖ਼ਬਰ ਛਾਪੀ, ਜਿਸ ਵਿਚ ਕੁਝ ਛੋਟੇ ਭਾਜਪਾ ਨੇਤਾਵਾਂ ਦੀ ਸਿਨਹਾ ਨਾਲ ਮੁਲਾਕਾਤ ਦੀ ਖ਼ਬਰ ਸੀ। ਉਸੇ ਦਿਨ, ਤਿੰਨ ਸਾਬਕਾ ਮੁੱਖ ਮੰਤਰੀਆਂ ਅਤੇ ਕਈ ਸਾਬਕਾ ਵਿਧਾਇਕਾਂ ਦੇ ਨਾਲ ਇਕ ਪ੍ਰਮੁੱਖ ਖੇਤਰੀ ਰਾਜਨੀਤਿਕ ਤਾਕਤ, ਗੁਪਕਰ ਗਠਜੋੜ ਦੇ ਇਕ ਵਫ਼ਦ ਨਾਲ ਸਿਨਹਾ ਦੀ ਮੁਲਾਕਾਤ ਦੀ ਖ਼ਬਰ ਸਿਰਫ਼ ਇਕ ਛੋਟੇ ਕਾਲਮ ਵਿਚ ਚਲਾਈ ਗਈ ਸੀ। ਨਾ ਤਾਂ ਮਖ਼ਦੂਮੀ ਅਤੇ ਨਾ ਹੀ ਗ੍ਰੇਟਰ ਕਸ਼ਮੀਰ ਨੇ ਇਸ ਬਾਬਤ ਸਵਾਲਾਂ ਦੇ ਜਵਾਬ ਦਿੱਤੇ।

ਇਕ ਸਥਾਨਕ ਪੱਤਰਕਾਰ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਮੈਨੂੰ ਦੱਸਿਆ, "ਜਦੋਂ ਵੀ ਕੋਈ ਵਿਰੋਧ ਪ੍ਰਦਰਸ਼ਨ ਹੁੰਦਾ ਹੈ, ਉਹ ਸਾਨੂੰ ਇਸ ਦੀ ਰਿਪੋਰਟਿੰਗ ਕਰਨ ਲਈ 500 ਰੁਪਏ ਦਿੰਦੇ ਹਨ। ਇਹ ਸਥਾਨਕ ਕੌਂਸਲਰ ਸਾਨੂੰ ਪੁੱਛਣ ਲਈ ਲਿਖਤੀ ਸਵਾਲਾਂ ਦੀ ਸੂਚੀ ਭੇਜ ਕੇ ਬੁਲਾਉਂਦੇ ਹਨ, ਇਹ ਲੱਗਭੱਗ ਇਕ ਨਾਟਕ ਵਰਗਾ ਹੈ, ਜਿਸ ਦੇ ਆਪਣੇ ਐਕਟਰ ਅਤੇ ਡਾਇਰੈਕਟਰ ਹੁੰਦੇ ਹਨ। ਫ਼ੌਜ ਨੇ ਨਾਟਕ ਤਿਆਰ ਕੀਤਾ ਅਤੇ ਸਥਾਨਕ ਕੌਂਸਲਰਾਂ ਨੂੰ ਉਨ੍ਹਾਂ ਦੇ ਅਨੁਸਾਰ ਕੰਮ ਕਰਨ ਦਾ ਆਦੇਸ਼ ਦਿੱਤਾ। ਇਸ ਦਾ ਉਦੇਸ਼ ਕਸ਼ਮੀਰ ਅਤੇ ਫ਼ੌਜ ਦੀ ਇਕ ਹਾਂਪੱਖੀ ਤਸਵੀਰ ਪੇਸ਼ ਕਰਨਾ ਹੈ।

"ਆਖ਼ਿਰ ਕਬ ਤਕ" ਵਿਰੋਧ ਪ੍ਰਦਰਸ਼ਨ ਉਨ੍ਹਾਂ ਭਾਰਤ ਪੱਖੀ ਨਾਗਰਿਕਾਂ ਦੇ ਪੋਟੇਮਕਿਨ ਪਿੰਡ (ਮਾਇਆ ਮਹਿਲ) ਵਜੋਂ ਕਸ਼ਮੀਰ ਦੀ ਇਕ ਬਦਲਵੀਂ ਤਸਵੀਰ ਚਿਤਰਣ ਦੀ ਕੋਸ਼ਿਸ਼ ਕਰਦਾ ਹੈ ਜੋ ਫ਼ੌਜ ਪ੍ਰਤੀ ਵਫ਼ਾਦਾਰ ਹਨ। ਆਰਟੀਕਲ 370 ਨੂੰ ਖ਼ਤਮ ਕਰਨ ਅਤੇ ਉਸ ਤੋਂ ਬਾਅਦ ਲੌਕਡਾਊਟ ਅਤੇ ਸੰਚਾਰ ਬਲੈਕਆਊਟ ਤੋਂ ਬਾਦ ਭਾਰਤ ਨੂੰ ਮਿਲੀ ਬੇਮਿਸਾਲ ਅੰਤਰਰਾਸ਼ਟਰੀ ਨਿੰਦਾ ਦੇ ਮੱਦੇਨਜ਼ਰ ਇਹ ਫ਼ੌਜ ਲਈ ਖ਼ਾਸ ਤੌਰ 'ਤੇ ਮਹੱਤਵਪੂਰਨ ਰਿਹਾ ਹੈ। ਖੇਤਰ ਦੇ ਰਾਜਨੀਤਿਕ ਇੰਤਜ਼ਾਮ ਵਿਚ ਫ਼ੌਜ ਦੀ ਵੱਧ ਰਹੀ ਭੂਮਿਕਾ ਨੂੰ ਲੁਕਾਉਣ ਲਈ ਇਕ ਨਾਗਰਿਕ ਚਿਹਰੇ ਦੀ ਲੋੜ 'ਚੋਂ ਯੋਜਨਾਬੱਧ "ਆਖ਼ਿਰ ਕਬ ਤੱਕ" ਵਿਰੋਧ ਪ੍ਰਦਰਸ਼ਨ ਦੀ ਯੋਜਨਾ ਬਣਾਈ ਗਈ।

ਇਸਦੇ ਲਈ ਫ਼ੌਜ ਨੇ ਵਿਰੋਧ ਪ੍ਰਦਰਸ਼ਨਾਂ ਵਿਚ ਆਪਣੀ ਭੂਮਿਕਾ ਨੂੰ ਗੁਪਤ ਰੱਖਣਾ ਹੁੰਦਾ ਹੈ। ਅਜਿਹਾ ਹੀ ਕੁਝ ਦਸੰਬਰ 2021 ਦੇ ਇਕ ਹੋਰ ਪ੍ਰੋਗਰਾਮ ਵਿਚ ਹੋਇਆ ਜਿਸ ਵਿਚ ਮੈਂ ਵੀ ਹਾਜ਼ਰ ਸੀ। 9 ਦਸੰਬਰ ਨੂੰ ਇਕ ਹੈਲੀਕਾਪਟਰ ਹਾਦਸੇ ਵਿਚ ਭਾਰਤ ਦੇ ਪਹਿਲੇ ਚੀਫ ਆਫ ਡਿਫੈਂਸ ਸਟਾਫ ਬਿਪਿਨ ਰਾਵਤ ਦੀ ਮੌਤ ਤੋਂ ਬਾਦ "ਆਖ਼ਿਰ ਕਬ ਤਕ" ਦੇ ਪ੍ਰਚਾਰਕਾਂ ਨੇ ਲਾਲ ਚੌਕ ਵਿਚ ਆਯੋਜਿਤ ਇਕ ਜਲੂਸ ਵਿਚ ਹਿੱਸਾ ਲਿਆ। ਇਕਦਮ ਪਾਂਡੇ ਪ੍ਰਗਟ ਹੋ ਗਿਆ ਅਤੇ ਉਡੀਕ ਕਰ ਰਹੇ ਮੀਡੀਆ ਨੂੰ ਕਿਹਾ ਕਿ ਉਸ ਨੂੰ ਕਸ਼ਮੀਰ ਦੇ ਲੋਕਾਂ 'ਚ ਸੈਨਿਕਾਂ ਦੀ ਹਮਾਇਤ ਦੇਖ ਕੇ ਖ਼ੁਸ਼ੀ ਹੋਈ ਹੈ। ਉਸ ਨੇ ਕਿਹਾ ਕਿ ਜਲੂਸ ਦੀ ਮੀਡੀਆ ਕਵਰੇਜ ਅਤੇ ਰਾਵਤ ਦੀ ਮੌਤ ਤੋਂ ਬਾਦ ਆਏ ਸ਼ੋਕ ਸੰਦੇਸ਼ਾਂ ਦੇ ਹੜ੍ਹ ਨੂੰ ਦੇਖ ਕੇ ਉਹ ਇੱਥੇ ਆਉਣ ਲਈ ਮਜਬੂਰ ਹੋਇਆ। ਉਸ ਨੇ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਕੀਤਾ ਕਿ ਜਲੂਸ ਸਾਦੇ ਕੱਪੜਿਆਂ ਵਿਚ ਉਸ ਦੇ ਆਪਣੇ ਬੰਦਿਆਂ ਦੁਆਰਾ ਆਯੋਜਿਤ ਕੀਤਾ ਗਿਆ ਸੀ। ਪ੍ਰੋਗਰਾਮ ਵਿਚ ਮੌਜੂਦ ਮੀਡੀਆ ਨੇ ਪਾਂਡੇ ਤੋਂ ਵਿਰੋਧ ਪ੍ਰਦਰਸ਼ਨਾਂ ਵਿਚ ਉਸ ਦੀ ਯੂਨਿਟ ਦੇ ਸ਼ਾਮਿਲ ਹੋਣ ਬਾਰੇ ਸਵਾਲ ਪੁੱਛਣ ਵਿਚ ਕੋਈ ਰੁਚੀ ਨਹੀਂ ਦਿਖਾਈ।

ਜਦੋਂ ਕਾਰਵਾਂ ਨੇ ਪਾਂਡੇ ਨੂੰ "ਆਖ਼ਿਰ ਕਬ ਤਕ" ਪ੍ਰੋਗਰਾਮਾਂ ਵਿਚ ਉਸ ਦੀ ਸ਼ਮੂਲੀਅਤ ਸਬੰਧੀ ਸਵਾਲ ਭੇਜਣ ਬਾਰੇ ਸੰਦੇਸ਼ ਭੇਜਿਆ, ਤਾਂ ਪਾਂਡੇ ਦੀ ਸਾਬਕਾ ਐਕਸਵੀ ਕੋਰ ਦੇ ਇਕ ਬ੍ਰਿਗੇਡੀਅਰ ਰੂਪੇਸ਼ ਮਹਿਤਾ ਨੇ ਸਾਨੂੰ ਭਾਰਤੀ ਫ਼ੌਜ ਦੇ ਪਬਲਿਕ ਇਨਫਰਮੇਸ਼ਨ ਦੇ ਵਧੀਕ ਡਾਇਰੈਕਟਰ ਜਨਰਲ ਨਾਲ ਸੰਪਰਕ ਕਰਨ ਲਈ ਕਿਹਾ। "ਆਖ਼ਿਰ ਕਬ ਤਕ" ਪ੍ਰੋਗਰਾਮ ਵਿਚ ਫ਼ੌਜ ਦੀ ਭੂਮਿਕਾ ਬਾਰੇ ਸਾਡੇ ਸਵਾਲਾਂ ਦੇ ਜਵਾਬ ਨਾ ਏਡੀਜੀਪੀਆਈ ਨੇ ਦਿੱਤੇ, ਨਾ ਹੀ ਕਸ਼ਮੀਰ ਅਤੇ ਲੱਦਾਖ ਲਈ ਫ਼ੌਜ ਦੇ ਜਨ ਸੰਪਰਕ ਅਧਿਕਾਰੀ ਅਮਰੋਨ ਮੁਸਾਵੀ ਨੇ।

ਵਿਰੋਧ ਪ੍ਰਦਰਸ਼ਨ ਲਈ ਸਿਵਲ ਫਰੰਟ ਫ਼ੌਜ ਨੂੰ ਇਸ ਗੱਲ ਦਾ ਮੌਕਾ ਦਿੰਦਾ ਹੈ ਕਿ ਜੇਕਰ ਕਦੇ ਹਿੰਸਕ ਝੜਪ ਹੋ ਜਾਂਦੀ ਹੈ ਤਾਂ ਉਹ ਜਿਸ ਨੂੰ ਚਾਹੇ ਉਸ ਉੱਪਰ ਦੋਸ਼ ਮੜ੍ਹ ਸਕੇ। 17 ਨਵੰਬਰ ਨੂੰ ਫ਼ੌਜ, ਸੀ.ਆਰ.ਪੀ.ਐਫ. ਅਤੇ ਸ੍ਰੀਨਗਰ ਪੁਲਿਸ ਨੇ ਹੈਦਰਪੋਰਾ ਵਿਚ ਇਕ ਫ਼ੌਜੀ ਕਾਰਵਾਈ ਕੀਤੀ ਜਿਸ ਵਿਚ ਚਾਰ ਲੋਕ ਮਾਰੇ ਗਏ। ਸ਼ੁਰੂ 'ਚ ਫ਼ੌਜ ਨੇ ਦਾਅਵਾ ਕੀਤਾ ਕਿ ਚਾਰ ਲੋਕ ਦਹਿਸ਼ਤਗਰਦ ਸਨ, ਪਰ ਪੀੜਤਾਂ ਵਿੱਚੋਂ ਤਿੰਨ ਦੇ ਪਰਿਵਾਰਾਂ ਨੇ ਇਸ ਤੋਂ ਇਨਕਾਰ ਕੀਤਾ। ਛੇਤੀ ਹੀ ਪੂਰੇ ਕਸ਼ਮੀਰ ਵਿਚ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ। ਇਨ੍ਹਾਂ ਵਿੱਚੋਂ ਸਭ ਤੋਂ ਵੱਡਾ 18 ਨਵੰਬਰ ਨੂੰ ਸ੍ਰੀਨਗਰ ਵਿਚ ਮੌਨ ਧਰਨਾ ਸੀ, ਜਿਸ ਵਿਚ ਉਮਰ ਅਬਦੁੱਲਾ ਸਮੇਤ ਖੇਤਰ ਦੇ ਬਹੁਤੇ ਪ੍ਰਮੁੱਖ ਸਿਆਸਤਦਾਨ ਸ਼ਾਮਿਲ ਹੋਏ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਮਾਰੇ ਗਏ ਨਾਗਰਿਕਾਂ ਦੀਆਂ ਲਾਸ਼ਾਂ ਕਬਰਾਂ ਵਿੱਚੋਂ ਕੱਢ ਕੇ ਪਰਿਵਾਰਾਂ ਨੂੰ ਦਿੱਤੀਆਂ ਜਾਣ ਅਤੇ ਇਸ ਦੀ ਨਿਆਂਇਕ ਜਾਂਚ ਕਰਵਾਈ ਜਾਵੇ।

ਅਗਲੇ ਦਿਨ ਸ੍ਰੀਨਗਰ ਵਿਚ "ਆਖ਼ਿਰ ਕਬ ਤਕ" ਵਿਰੋਧ ਪ੍ਰਦਰਸ਼ਨ ਦੀ ਇਕ ਹੋਰ ਅਜੀਬ ਝਾਕੀ ਆਯੋਜਿਤ ਕੀਤੀ ਗਈ। ਜਲੂਸ ਦੀ ਅਗਵਾਈ ਕਰ ਰਹੇ ਭੱਟ ਨੇ ਕਿਹਾ, "ਜਿਸ ਕਿਸੇ ਨੇ ਵੀ ਇਹ ਹੱਤਿਆਵਾਂ ਕੀਤੀਆਂ ਹਨ, ਉਸ ਨੂੰ ਨਿਆਂ ਦਾ ਸਾਹਮਣਾ ਕਰਨਾ ਚਾਹੀਦਾ ਹੈ, ਭਾਵੇਂ ਇਹ ਪੁਲਿਸ, ਫ਼ੌਜ ਜਾਂ ਦਹਿਸ਼ਤਗਰਦ ਕੋਈ ਵੀ ਹੋਵੇ।" ਭੱਟ ਨੇ ਇਹ ਗੱਲ ਉਦੋਂ ਕਹੀ ਜਦੋਂ ਇਹ ਲੱਗਭੱਗ ਆਮ ਸਹਿਮਤੀ ਸੀ ਕਿ ਚਾਰ ਲੋਕਾਂ ਨੂੰ ਗੋਲੀਆਂ ਪੁਲਿਸ ਅਤੇ ਫ਼ੌਜ ਵੱਲੋਂ ਮਾਰੀਆਂ ਗਈਆਂ ਸਨ। ਵਿਰੋਧ ਪ੍ਰਦਰਸ਼ਨ 'ਤੇ ਬੇਗ ਦਾ ਬਿਆਨ ਵੀ ਇਸੇ ਤਰ੍ਹਾਂ ਦਾ ਗੋਲਮੋਲ ਸੀ। ਉਸ ਨੇ ਪ੍ਰਧਾਨ ਮੰਤਰੀ ਤੋਂ ਇਸ ਘਟਨਾ ਦੀ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਕਿਉਂਕਿ ਜੋ ਹੋਇਆ ਉਹ ਅਜੇ ਤੱਕ ਵੀ ਸਪੱਸ਼ਟ ਨਹੀਂ ਹੈ। ਪਰ ਉਹ ਇਸ ਗੱਲ 'ਤੇ ਡੱਟਿਆ ਰਿਹਾ ਕਿ ਇਸ ਘਟਨਾ ਲਈ ਫ਼ੌਜ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਣਾ ਚਾਹੀਦਾ। ਉਸ ਨੇ ਕਿਹਾ, "ਫ਼ੌਜ ਅਤੇ ਪੁਲਿਸ ਪਵਿੱਤਰ ਸੰਸਥਾਵਾਂ ਹਨ, ਪਰ ਇਨ੍ਹਾਂ ਵਿਚ ਲੁਕੇ ਬਘਿਆੜਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਉਨ੍ਹਾਂ ਦੇ ਤਰਕਪੂਰਨ ਅੰਤ ਤੱਕ ਪਹੁੰਚਾਉਣ ਦੀ ਲੋੜ ਹੈ।" ਬੇਗ ਦੇ ਉਲਟ, ਭੱਟ ਵਧੇਰੇ ਸਪੱਸ਼ਟ ਤੌਰ 'ਤੇ ਪੁਲਿਸ ਨੂੰ ਦੋਸ਼ੀ ਮੰਨਦੀ ਸੀ। ਉਸ ਨੇ ਕਿਹਾ, "ਅਸੀਂ ਪੁਲਿਸ ਨੂੰ ਚੇਤਾਵਨੀ ਦੇ ਰਹੇ ਹਾਂ, ਜੇ ਕੋਈ ਮੁਕਾਬਲਾ ਸੀ ਤਾਂ ਤੁਸੀਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਿਉਂ ਨਹੀਂ ਕੀਤਾ? ਜੇਕਰ ਉਹ ਦਹਿਸ਼ਤਗਰਦ ਸਨ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਸੀ।"

ਛੇਤੀ ਹੀ ਇਹ ਸਪੱਸ਼ਟ ਹੋ ਗਿਆ ਕਿ ਪ੍ਰਦਰਸ਼ਨਕਾਰੀ ਫ਼ੌਜ ਦਾ ਮੁਸ਼ਕਿਲ ਨਾਲ ਹੀ ਜ਼ਿਕਰ ਕਰਦੇ ਹੋਏ ਪੁਲਿਸ 'ਤੇ ਸਵਾਲ ਕਿਉਂ ਉਠਾ ਰਹੇ ਸਨ। ਮੈਂ ਵਿਸ਼ਵਾਸਰਾਓ ਨੂੰ ਪ੍ਰਦਰਸ਼ਨ ਵਾਲੇ ਪਾਸੇ ਇਕ ਕੌਂਸਲਰ ਨਾਲ ਗੱਲ ਕਰਦੇ ਦੇਖਿਆ, ਜੋ ਜਲਦੀ ਹੀ ਜੋਸ਼ 'ਚ ਆ ਗਿਆ। 25 ਦਸੰਬਰ ਨੂੰ ਮੈਂ ਕੌਂਸਲਰ ਨੂੰ ਮਿਲਿਆ, ਜੋ ਕਿ ਗੁੰਮਨਾਮ ਰਹਿਣਾ ਚਾਹੁੰਦਾ ਹੈ, ਅਤੇ ਉਸ ਨੂੰ ਪੁੱਛਿਆ ਕਿ ਉਹ ਉੱਥੋਂ ਕਿਉਂ ਚਲਾ ਗਿਆ ਸੀ। ਉਸ ਨੇ ਮੈਨੂੰ ਦੱਸਿਆ ਕਿ ਵਿਸ਼ਵਾਸਰਾਓ ਨੇ "ਮੈਨੂੰ ਪੁਲਿਸ ਨੂੰ ਦੋਸ਼ੀ ਠਹਿਰਾਉਣ ਲਈ ਕਿਹਾ ਸੀ।" ਕਿ ਵਿਸ਼ਵਾਸਰਾਓ ਨੇ ਉਸ ਨੂੰ ਭੀੜ ਨੂੰ ਇਹ ਦੱਸਣ ਲਈ ਕਿਹਾ ਸੀ ਕਿ ਪੁਲਿਸ ਨੇ ਉਸ ਮੁਕਾਬਲੇ ਦੌਰਾਨ ਸਹੀ ਐੱਸ.ਓ.ਪੀ. ਦੀ ਪਾਲਣਾ ਨਹੀਂ ਕੀਤੀ ਸੀ। "ਜਦੋਂ ਫ਼ੌਜ ਵੀ ਕਾਰਵਾਈ ਵਿਚ ਸ਼ਾਮਿਲ ਸੀ ਤਾਂ ਮੈਂ ਪੁਲਿਸ ਨੂੰ ਦੋਸ਼ੀ ਕਿਉਂ ਠਹਿਰਾਵਾਂਗਾ? ਮੈਂ ਉੱਥੋਂ ਚਲਾ ਗਿਆ ਕਿਉਂਕਿ ਮੈਂ ਪੁਲਿਸ ਦੇ ਖ਼ਿਲਾਫ਼ ਨਹੀਂ ਜਾਣਾ ਚਾਹੁੰਦਾ ਸੀ," ਕੌਂਸਲਰ ਨੇ ਕਿਹਾ। ਵਿਸ਼ਵਾਸਰਾਓ ਨੇ ਕਾਰਵਾਂ ਦੇ ਕਈ ਸੰਦੇਸ਼ਾਂ ਜਾਂ ਕਾਲਾਂ ਦਾ ਜਵਾਬ ਨਹੀਂ ਦਿੱਤਾ।

ਇਨ੍ਹਾਂ ਕੌਂਸਲਰਾਂ ਅਤੇ ਭਾਜਪਾ ਦੇ ਛੋਟੇ ਆਗੂਆਂ ਨੂੰ ਸ਼ਾਮਿਲ ਕਰਨਾ ਇਸ ਖੇਤਰ ਦੀਆਂ ਵੱਡੀਆਂ ਸਿਆਸੀ ਪਾਰਟੀਆਂ ਨੂੰ ਭਾਰਤ ਸਰਕਾਰ ਵੱਲੋਂ ਗੈਰ-ਕਾਨੂੰਨੀ ਬਣਾਉਣ ਦਾ ਨਤੀਜਾ ਹੈ। ਪਿਛਲੇ ਸੱਤਰ ਸਾਲਾਂ ਵਿਚ ਭਾਰਤ ਸਰਕਾਰ ਤੇ ਫ਼ੌਜ ਨੇ ਨੈਸ਼ਨਲ ਕਾਨਫਰੰਸ ਅਤੇ ਪੀਡੀਪੀ ਦੋਵਾਂ ਦੇ ਪ੍ਰਮੁੱਖ ਮੈਂਬਰਾਂ ਨਾਲ ਗੂੜ੍ਹੇ ਸਬੰਧ ਬਣਾਏ ਹਨ। ਇਨ੍ਹਾਂ ਪਾਰਟੀਆਂ ਨੇ ਫ਼ੌਜ ਦੀਆਂ ਮੰਗਾਂ ਨੂੰ ਪੂਰਾ ਕਰਨ ਅਤੇ ਕਸ਼ਮੀਰੀ ਆਬਾਦੀ ਦੀ ਭਾਰਤ ਦੇ ਲੋਕਤੰਤਰੀ ਢਾਂਚੇ ਵਿਚ ਘੱਟੋ-ਘੱਟ ਅੰਸ਼ਕ ਤੌਰ 'ਤੇ ਨੁਮਾਇੰਦਗੀ ਯਕੀਨੀ ਬਣਾਉਣ ਦਰਮਿਆਨ ਇਕ ਚੰਗੀ ਲਕੀਰ ਖਿੱਚੀ। ਹਾਲਾਂਕਿ, ਧਾਰਾ 370 ਨੂੰ ਖ਼ਤਮ ਕਰਨ ਤੋਂ ਬਾਦ ਦੋਵਾਂ ਪਾਰਟੀਆਂ ਦੇ ਸੀਨੀਅਰ ਆਗੂਆਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ ਸੀ ਅਤੇ ਮੀਡੀਆ ਨੂੰ ਉਨ੍ਹਾਂ ਦੇ ਬਿਆਨ ਨਾ ਛਾਪਣ ਦੇ ਆਦੇਸ਼ ਦਿੱਤੇ ਗਏ ਸਨ। ਕਿਸੇ ਸਮੇਂ ਸਰਕਾਰ ਦੀ ਸਥਿਤੀ ਦੀ ਹਮਾਇਤ ਕਰਨ ਵਾਲੇ ਆਗੂਆਂ ਦੀ ਮੁਕੰਮਲ ਨਾਲਾਇਕੀ ਅਤੇ ਖ਼ਾਮੋਸ਼ੀ ਵਾਦੀ ਵਿਚ ਲੋਕ ਨੁਮਾਇੰਦਿਆਂ ਦਾ ਇਕ ਨਵਾਂ ਬੈਂਡ ਦੇ ਉਭਰਨ ਦਾ ਕਾਰਨ ਬਣੀ ਹੈ। ਇਹ ਨੁਮਾਇੰਦੇ ਸਥਾਨਕ ਹਮਾਇਤ ਦੇ ਦਬਾਓ ਤੋਂ ਮੁਕਤ ਹੋ ਕੇ ਭਾਰਤ ਸਰਕਾਰ ਅਤੇ ਇਸ ਦੀਆਂ ਹਥਿਆਰਬੰਦ ਫ਼ੌਜਾਂ ਦੇ ਬਿਰਤਾਂਤ ਨੂੰ ਅੱਗੇ ਵਧਾਉਣ ਲਈ ਆਪਣੇ ਆਪ ਨੂੰ ਸਮਰਪਿਤ ਕਰ ਸਕਦੇ ਹਨ।

"ਮੂਲ ਰੂਪ 'ਚ ਅਗਸਤ 2019 ਤੋਂ ਬਾਦ ਭਾਰਤ ਸਰਕਾਰ ਨੇ ਇੱਥੇ ਇਕ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕੀਤੀ। ਸਰਕਾਰ ਚਾਹੁੰਦੀ ਸੀ ਕਿ ਲੋਕ ਇਹ ਯਕੀਨ








ਕਰਨ ਕਿ ਮੁੱਖ ਧਾਰਾ ਦੀ ਰਾਜਨੀਤੀ, ਸਭ ਤੋਂ ਮਹੱਤਵਪੂਰਨ ਤੌਰ 'ਤੇ ਨੈਸ਼ਨਲ ਕਾਨਫਰੰਸ ਅਤੇ ਹੋਰ ਖੇਤਰੀ ਪਾਰਟੀਆਂ, ਆਪਣੀ ਵੁੱਕਤ ਗੁਆ ਚੁੱਕੀਆਂ ਹਨ।" ਇਹ ਗੱਲ ਮੈਨੂੰ ਨੈਸ਼ਨਲ ਕਾਨਫਰੰਸ ਦੇ ਸਟੇਟ ਦੇ ਬੁਲਾਰੇ ਇਮਰਾਨ ਨਬੀ ਡਾਰ ਨੇ ਕਹੀ। ਉਸ ਨੇ ਕਿਹਾ, "ਅਸੀਂ ਕਈ ਵਾਰ ਦੇਖਿਆ ਹੈ ਕਿ ਇੱਥੋਂ ਦੇ ਲੋਕ ਟੈਲੀਵਿਜਨ ਚੈਨਲਾਂ 'ਤੇ ਭਾਜਪਾ ਦੀ ਬੋਲੀ ਬੋਲਣ ਲੱਗਦੇ ਹਨ। ਉਹ ਇਹ ਬਿਰਤਾਂਤ ਸਥਾਪਤ ਕਰਨਾ ਚਾਹੁੰਦੇ ਹਨ ਕਿ ਕਸ਼ਮੀਰ ਵਿਚ ਸਥਾਨਕ ਰਾਜਨੀਤੀ ਖ਼ਤਮ ਹੋ ਗਈ ਹੈ।"

ਪੀਡੀਪੀ ਦੇ ਇਕ ਹੋਰ ਬੁਲਾਰੇ ਨਜਮੂ ਸਾਕਿਬ ਨੇ ਇਸ ਨਾਲ ਸਹਿਮਤੀ ਜ਼ਾਹਿਰ ਕੀਤੀ। "ਇਨ੍ਹਾਂ ਭਾੜੇ ਦੇ ਲੋਕਾਂ ਦੀ ਖੇਤੀ ਦੋ-ਪੱਖੀ ਸੰਦੇਸ਼ ਹੈ," ਉਸ ਨੇ ਮੈਨੂੰ ਦੱਸਿਆ। "ਪਹਿਲਾ, ਇਹ ਇਕ ਚੇਤਾਵਨੀ ਹੈ ਕਿ ਜੇਕਰ ਮਸ਼ਹੂਰ ਮੁੱਖ ਧਾਰਾ ਪਾਰਟੀਆਂ ਲੀਹ 'ਤੇ ਨਹੀਂ ਆਉਂਦੀਆਂ, ਤਾਂ ਇਕ ਬਦਲ ਪਹਿਲਾਂ ਹੀ ਤਿਆਰ ਕੀਤਾ ਜਾ ਰਿਹਾ ਹੈ। ਅਤੇ ਦੂਜਾ, ਦੁਨੀਆ ਨੂੰ ਇਹ ਦਿਖਾਉਣਾ ਹੈ ਕਿ ਕਸ਼ਮੀਰ ਵਿਚ ਹਾਲਾਤ ਆਮ ਵਰਗੇ ਹਨ। ਉਸ ਨੇ ਮੈਨੂੰ ਦੱਸਿਆ ਕਿ ਵਿਰੋਧ ਪ੍ਰਦਰਸ਼ਨਾਂ ਵਿਚ ਫ਼ੌਜ ਦੀ ਭੂਮਿਕਾ ਘਾਟੀ ਵਿਚ ਸਭ ਨੂੰ ਪਤਾ ਹੈ। ਉਸ ਨੇ ਕਿਹਾ "ਇਹ ਬਿਲਕੁਲ ਸਪੱਸ਼ਟ ਹੈ ਕਿ ਉਨ੍ਹਾਂ ਨੂੰ ਫੰਡ ਕਿੱਥੋਂ ਆਉਂਦੇ ਹਨ, ਉਹ ਕਿਵੇਂ ਕੰਮ ਕਰਦੇ ਹਨ ਅਤੇ ਉਨ੍ਹਾਂ ਦਾ ਸੁਭਾਅ ਕੀ ਹੈ। ਇਨ੍ਹਾਂ ਵਿਅਕਤੀਆਂ ਨੂੰ ਉਭਾਰਨਾ, ਜਿਨ੍ਹਾਂ ਦੇ ਅਤੀਤ ਉੱਪਰ ਸਵਾਲੀਆ ਚਿੰਨ੍ਹ ਰਿਹਾ ਹੈ, ਲੋਕਤੰਤਰ ਦੀ ਆਖ਼ਰੀ ਰਹਿੰਦ-ਖੂੰਹਦ ਨੂੰ ਖੋਖਲਾ ਕਰਨਾ ਹੈ। ਰਾਜਨੀਤੀ ਦੀ ਧਾਰਾ 'ਚ ਆਪਣੇ ਪੈਰ ਡੁਬੋ ਕੇ ਇਹ ਕੌਮੀ ਸੰਸਥਾਵਾਂ ਇਕ ਅਨਿਸ਼ਚਿਤ ਰਾਹ 'ਤੇ ਚੱਲ ਰਹੀਆਂ ਹਨ।"

ਕਈ ਡਿਫੈਂਸ ਵਿਸ਼ਲੇਸਕ ਅਤੇ ਭਾਰਤ ਦੇ ਖ਼ੁਫ਼ੀਆ ਭਾਈਚਾਰੇ ਦੇ ਸਾਬਕਾ ਮੈਂਬਰ ਵਾਦੀ ਦੀ ਰਾਜਨੀਤੀ ਵਿਚ ਫ਼ੌਜ ਦੀ ਸਿੱਧੀ ਸ਼ਮੂਲੀਅਤ ਬਾਰੇ ਚਿੰਤਤ ਨਜ਼ਰ ਆਏ। ਰਾਸਟਰੀ ਸੁਰੱਖਿਆ ਅਤੇ ਰੱਖਿਆ ਦੇ ਇਕ ਮੈਗਜੀਨ ਫੋਰਸ ਦੇ ਸੰਪਾਦਕ ਪ੍ਰਵੀਨ ਸਾਹਨੀ ਨੇ ਮੈਨੂੰ ਦੱਸਿਆ, "ਫ਼ੌਜ ਦਾ ਕੰਮ ਸਰਹੱਦਾਂ ਦੀ ਰਾਖੀ ਕਰਨਾ ਅਤੇ ਸਿਵਲ ਅਧਿਕਾਰੀਆਂ ਦੀ ਸਹਾਇਤਾ ਕਰਨਾ ਹੈ। ਇਸ ਲਈ, ਇੰਟੈੱਲ ਦੇ ਸਬੰਧ ਵਿਚ ਜੋ ਵੀ ਕੀਤਾ ਜਾਣਾ ਹੈ, ਇਹ ਸਿਵਲ ਅਥਾਰਟੀ ਦੁਆਰਾ ਕੀਤਾ ਜਾਣਾ ਚਾਹੀਦਾ ਹੈ। ਫ਼ੌਜ ਸਿਰਫ਼ ਉਨ੍ਹਾਂ ਦੀ ਮੱਦਦ ਕਰਨ ਲਈ ਹੈ। ਉਹ ਇਨ੍ਹਾਂ ਚੀਜ਼ਾਂ ਵਿਚ ਸਭ ਤੋਂ ਅੱਗੇ ਨਹੀਂ ਹੋ ਸਕਦੇ। ਇਸ ਲਈ ਜ਼ਾਹਿਰ ਹੈ ਕਿ ਫ਼ੌਜ ਆਪਣਾ ਨਹੀਂ, ਕਿਸੇ ਹੋਰ ਦਾ ਕੰਮ ਕਰ ਰਹੀ ਹੈ। ਜੇ ਤੁਸੀਂ ਕਿਸੇ ਹੋਰ ਦਾ ਕੰਮ ਕਰਦੇ ਹੋ, ਤਾਂ ਤੁਹਾਡਾ ਰਾਜਨੀਤੀਕਰਨ ਕੀਤਾ ਜਾਂਦਾ ਹੈ।"

ਸਾਹਨੀ ਨੇ ਮੈਨੂੰ ਦੱਸਿਆ ਕਿ, ਆਪਣੀਆਂ ਆਉਣ ਵਾਲੀਆਂ ਕਿਤਾਬਾਂ ਵਿੱਚੋਂ ਇਕ ਵਿਚ ਉਹ ਦਲੀਲ ਦਿੰਦਾ ਹੈ ਕਿ ਪਾਕਿਸਤਾਨੀ ਟੀਚਿਆਂ ਵਿਰੁੱਧ 2016 ਦੇ ਸਰਜੀਕਲ ਸਟਰਾਈਕ ਅਤੇ 2019 ਦੇ ਬਾਲਾਕੋਟ ਹਮਲੇ ਲਈ ਫ਼ੌਜ ਦਾ ਪ੍ਰਤੀਕਰਮ ਮੁੱਖ ਤੌਰ 'ਤੇ ਭਾਜਪਾ ਦੇ ਸਿਆਸੀ ਹਿੱਤਾਂ ਦੁਆਰਾ ਸੰਚਾਲਿਤ ਸੀ, ਨਾ ਕਿ ਫ਼ੌਜੀ ਰਣਨੀਤੀਆਂ ਦੁਆਰਾ। ਉਸ ਨੇ ਕਿਹਾ ਕਿ ਉਹ ਕਸ਼ਮੀਰ ਵਿਚ ਭਾਜਪਾ ਆਗੂਆਂ ਨੂੰ ਮੈਦਾਨ ਵਿਚ ਉਤਾਰਨ ਵਿਚ ਫ਼ੌਜ ਦੀ ਸ਼ਮੂਲੀਅਤ ਬਾਰੇ ਖ਼ਾਸ ਤੌਰ 'ਤੇ ਚਿੰਤਤ ਹਨ। ਉਸ ਨੇ ਕਿਹਾ, "ਫੌਜ ਦਾ ਕਿਸੇ ਵੀ ਪਾਰਟੀ ਦੀ ਮੱਦਦ ਕਰਨਾ ਜਾਇਜ਼ ਕੰਮ ਨਹੀਂ ਹੈ। ਭਾਰਤ ਦਾ ਮਤਲਬ ਭਾਜਪਾ ਨਹੀਂ ਹੈ।"

ਇਕ ਸੇਵਾਮੁਕਤ ਅਧਿਕਾਰੀ, ਜੋ ਭਾਰਤ ਦੇ ਸਭ ਤੋਂ ਸੀਨੀਅਰ ਖ਼ੁਫ਼ੀਆ ਦਫ਼ਤਰਾਂ ਵਿਚ ਰਹਿ ਚੁੱਕੇ ਹਨ, ਨੇ ਮੈਨੂੰ ਦੱਸਿਆ ਕਿ ਕਸ਼ਮੀਰ ਵਿਚ ਸਿਵਲ ਮਾਮਲਿਆਂ ਵਿਚ ਫ਼ੌਜ ਦੀ ਸ਼ਮੂਲੀਅਤ ਕੋਈ ਨਵੀਂ ਗੱਲ ਨਹੀਂ ਹੈ। ਉਸ ਨੇ ਕਿਹਾ, "ਮੈਂ ਸਦਭਾਵਨਾ ਵਰਗੇ ਪ੍ਰੋਗਰਾਮਾਂ ਬਾਰੇ ਜਾਣਦਾ ਹਾਂ।" 1997 ਵਿਚ, ਨਾਗਰਿਕਾਂ ਨੂੰ ਕਰੂਰ ਅਤੇ ਅੰਨ੍ਹੇਵਾਹ ਦਹਿਸ਼ਤਵਾਦ ਵਿਰੋਧੀ ਕਾਰਵਾਈਆਂ ਦੇ ਅਧੀਨ ਕਰਨ ਤੋਂ ਬਾਦ ਫ਼ੌਜ ਨੇ ਇਕ ਬਗਾਵਤ ਵਿਰੋਧੀ ਮਿਸ਼ਨ, ਅਪਰੇਸ਼ਨ ਸਦਭਾਵਨਾ, ਸ਼ੁਰੂ ਕੀਤਾ, ਜਿਸ ਵਿਚ ਸਕੂਲ ਬਣਾਉਣਾ ਅਤੇ ਨਾਗਰਿਕਾਂ ਨੂੰ ਮੁਫ਼ਤ ਭੋਜਨ ਵੰਡਣਾ ਸ਼ਾਮਿਲ ਸੀ। ਪੱਛਮੀ ਏਸ਼ੀਆ ਵਿਚ ਅਸਫ਼ਲ ਰਹੇ ਅਮਰੀਕੀ ਮਾਡਲ ਤੋਂ ਪ੍ਰੇਰਿਤ, "ਦਿਲ ਅਤੇ ਦਿਮਾਗ ਜਿੱਤਣ" ਦਾ ਪ੍ਰੋਜੈਕਟ ਅੱਜ ਵੀ ਜਾਰੀ ਹੈ, ਜਿਸ ਵਿਚ ਫ਼ੌਜ ਇਫ਼ਤਾਰ ਪਾਰਟੀਆਂ ਤੋਂ ਲੈ ਕੇ ਵਿਦਿਆਰਥੀਆਂ ਲਈ ਭਾਰਤ ਦੇ ਟੂਰ ਅਤੇ ਚੋਣਵੇਂ ਸਥਾਨਕ ਲੋਕਾਂ ਲਈ ਦਾਅਵਤਾਂ ਤੱਕ ਹਰ ਚੀਜ਼ 'ਤੇ ਲੱਖਾਂ ਰੁਪਏ ਖ਼ਰਚ ਕਰਦੀ ਹੈ। ਦਿੱਲੀ ਸਥਿਤ ਥਿੰਕ ਟੈਂਕ ਆਬਜ਼ਰਵਰ ਰਿਸਰਚ ਫਾਊਂਡੇਸ਼ਨ ਦੀ ਰਿਪੋਰਟ ਮੁਤਾਬਕ ਸਦਭਾਵਨਾ ਦਾ ਸਾਲਾਨਾ ਬਜਟ, ਜੋ ਸ਼ੁਰੂ ਵਿਚ 4 ਕਰੋੜ ਰੁਪਏ ਸੀ, 2020 ਤੱਕ ਵਧ ਕੇ 550 ਕਰੋੜ ਰੁਪਏ ਹੋ ਗਿਆ ਹੈ।

ਆਪਣੇ ਅਮਰੀਕੀ ਹਮਰੁਤਬਾ ਵਾਂਗ ਸਦਭਾਵਨਾ ਵੀ ਨਾਕਾਮ ਸਾਬਤ ਹੋਈ ਹੈ। ਸ਼ੋਪੀਆਂ, ਪੁਲਵਾਮਾ, ਕੁਪਵਾੜਾ, ਬਾਰਾਮੂਲਾ ਅਤੇ ਬਾਂਦੀਪੋਰਾ ਜ਼ਿਲ੍ਹੇ, ਜਿੱਥੇ ਸਦਭਾਵਨਾ ਪ੍ਰੋਗਰਾਮ ਸਭ ਤੋਂ ਵੱਧ ਸਰਗਰਮ ਸਨ, ਪਿਛਲੇ ਪੰਜ ਸਾਲਾਂ ਵਿਚ ਸਭ ਤੋਂ ਭਿਆਨਕ ਅੱਤਵਾਦ ਦੇ ਗਵਾਹ ਹਨ। ਮਿਸਾਲ ਲਈ, 2016 ਵਿਚ ਹਿਜ਼ਬੁਲ ਮੁਜਾਹਿਦੀਨ ਕਮਾਂਡਰ ਬੁਰਹਾਨ ਵਾਨੀ ਦੀ ਹੱਤਿਆ ਤੋਂ ਬਾਦ ਘਾਟੀ ਵਿਚ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਹੋਏ। ਉਸਦੇ ਗ੍ਰਹਿ ਜ਼ਿਲ੍ਹੇ ਅਨੰਤਨਾਗ ਵਿਚ ਹੀ 14 ਹਥਿਆਰਬੰਦ ਬਲ, ਨਾਗਰਿਕ ਅਤੇ ਦਹਿਸ਼ਤਗਰਦ ਮਾਰੇ ਗਏ। ਇਸ ਦੌਰਾਨ, ਦੱਖਣੀ ਏਸ਼ੀਆ ਦਹਿਸ਼ਤਵਾਦ ਪੋਰਟਲ ਦੇ ਅਨੁਸਾਰ, ਪੁਲਵਾਮਾ ਵਿਚ 35, ਕੁਪਵਾੜਾ ਵਿਚ 85 ਅਤੇ ਬਾਰਾਮੂਲਾ ਵਿਚ 62 ਲੋਕ ਮਾਰੇ ਗਏ।

ਸਾਬਕਾ ਖ਼ੁਫ਼ੀਆ ਅਧਿਕਾਰੀ ਨੇ ਮੈਨੂੰ ਦੱਸਿਆ ਕਿ ਹਾਲਾਂਕਿ ਫ਼ੌਜ ਨੇ ਅਤੀਤ 'ਚ ਸਿਵਲ ਮਾਮਲਿਆਂ ਵਿਚ ਦਖਲਅੰਦਾਜ਼ੀ ਕੀਤੀ ਹੈ, ਲੇਕਿਨ ਪਹਿਲਾਂ ਉਸ ਨੇ ਉਨ੍ਹਾਂ ਚੀਜ਼ਾਂ ਤੋਂ ਬਚਣ ਦੀ ਕੋਸ਼ਿਸ਼ ਕੀਤੀ ਸੀ ਜੋ ਸਪੱਸ਼ਟ ਤੌਰ 'ਤੇ ਸਿਆਸੀ ਲੱਗਦੀਆਂ ਸਨ। ਜਦੋਂ ਮੈਂ ਉਸਨੂੰ "ਆਖਿਰ ਕਬ ਤਕ" ਬਾਰੇ ਪੁੱਛਿਆ ਤਾਂ ਉਸ ਨੇ ਕਿਹਾ, "ਜਦੋਂ ਮੈਂ ਕਸ਼ਮੀਰ ਵਿਚ ਸੀ, ਮੈਂ ਕਦੇ ਵੀ ਅਜਿਹੀਆਂ ਚੀਜਾਂ ਨਹੀਂ ਦੇਖੀਆਂ ਸਨ, ਮੈਂ ਸੁਣਿਆ ਹੈ ਕਿ ਇਹ ਮੇਰੇ ਸਾਥੀਆਂ ਦੀ ਮਦਦ ਨਾਲ ਹੋ ਰਿਹਾ ਹੈ, ਇਹ ਬਹੁਤ ਦੁਖਦਾਈ ਹੈ। ਇਨ੍ਹਾਂ ਚੀਜ਼ਾਂ ਦੀ ਜ਼ਰੂਰਤ ਨਹੀਂ ਹੈ। ਇਹ ਚੀਜ਼ਾਂ ਫ਼ੌਜ ਨੂੰ ਉਸ ਦੇ ਅਸਲ ਉਦੇਸ਼ ਅਤੇ ਭੂਮਿਕਾ ਤੋਂ ਕਮਜ਼ੋਰ ਕਰਨਗੀਆਂ ਅਤੇ ਸਮਝੌਤਾ ਕਰਨਗੀਆਂ।" ਉਸ ਨੇ ਕਿਹਾ ਕਿ ਹਥਿਆਰਬੰਦ ਬਲਾਂ ਅਤੇ ਰਾਜਨੀਤਿਕ ਪਾਰਟੀਆਂ ਵਿਚਕਾਰ ਇਸ ਪੱਧਰ ਦੀ ਮਿਲੀਭੁਗਤ ਕਸ਼ਮੀਰ ਵਿਚ ਪਹਿਲਾਂ ਖੁੱਲ੍ਹੇ ਜਾਂ ਲੁਕਵੇਂ ਰੂਪ ਵਿਚ ਨਹੀਂ ਹੋਈ ਸੀ। ਇਸ ਤੋਂ ਪਹਿਲਾਂ ਕਿ ਮੈਂ ਉਸ ਨਾਲ ਆਪਣੀ ਗੱਲਬਾਤ ਖ਼ਤਮ ਕਰਦਾ, ਉਸ ਨੇ ਮੈਨੂੰ ਨਾ ਸਿਰਫ਼ ਕਸ਼ਮੀਰ ਲਈ ਬਲਕਿ ਸਮੁੱਚੇ ਭਾਰਤ ਲਈ ਸਿਵਲ ਜੀਵਨ ਵਿਚ ਫ਼ੌਜ ਦੀ ਭੂਮਿਕਾ ਦੇ ਲੰਬੇ ਸਮੇਂ ਦੇ ਪ੍ਰਭਾਵਾਂ ਬਾਰੇ ਚੇਤਾਵਨੀ ਦਿੱਤੀ। ਉਸ ਨੇ ਕਿਹਾ, "ਇਹ ਚੀਜ਼ਾਂ ਨਹੀਂ ਹੋਣੀਆਂ ਚਾਹੀਦੀਆਂ, ਕਿਉਂਕਿ ਫ਼ੌਜ 'ਤੇ ਕੋਈ ਕੰਟਰੋਲ ਨਹੀਂ ਹੋਵੇਗਾ।" "ਭਾਰਤ ਵਿਚ ਅਜਿਹਾ ਕੋਈ ਪ੍ਰਧਾਨ ਮੰਤਰੀ ਨਹੀਂ ਹੈ ਜੋ ਚਾਹੁੰਦਾ ਹੋਵੇ ਕਿ ਫ਼ੌਜ ਮੁਲਕ ਉੱਪਰ ਰਾਜ ਕਰੇ ਜਾਂ ਮਾਰਸ਼ਲ ਲਾਅ ਦੇਵੇ। ਅਸੀਂ ਪਾਕਿਸਤਾਨ ਨਹੀਂ ਬਣਨਾ ਚਾਹੁੰਦੇ ਨਾ?"

ਘਾਟੀ ਦੀ ਰਾਜਨੀਤੀ ਵਿਚ ਫ਼ੌਜ ਦੀ ਸ਼ਮੂਲੀਅਤ ਇਸ ਖੇਤਰ ਵਿਚ ਪੱਤਰਕਾਰਾਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਵਿਰੁੱਧ ਪ੍ਰਸ਼ਾਸਨ ਵੱਲੋਂ ਕੀਤੀ ਜਾ ਰਹੀ ਕਾਰਵਾਈ 'ਚ ਇਸ ਦੀ ਭੂਮਿਕਾ ਬਾਰੇ ਵੀ ਸਵਾਲ ਖੜ੍ਹੇ ਕਰਦੀ ਹੈ। "ਆਖਿਰ ਕਬ ਤਕ" ਵਿਰੋਧ ਪ੍ਰਦਰਸ਼ਨ ਦੇ ਆਮ ਹਾਜ਼ਰੀਨ ਨਾਲ ਮੇਰੀਆਂ ਬਹੁਤ ਸਾਰੀਆਂ ਗੱਲਬਾਤਾਂ ਤੋਂ ਇਹ ਸਪੱਸ਼ਟ ਹੁੰਦਾ ਹੈ। ਭੱਟ ਨੇ ਮੈਨੂੰ ਦੱਸਿਆ, "ਜੇਕਰ ਕਸ਼ਮੀਰ ਵਿਚ ਅੱਤਵਾਦੀਆਂ ਦੁਆਰਾ ਕੋਈ ਕਤਲ ਹੁੰਦਾ ਹੈ, ਤਾਂ ਅਸੀਂ ਆਪਣਾ ਸੰਦੇਸ਼ ਪਹੁੰਚਾਉਣ ਲਈ ਵਿਰੋਧ ਪ੍ਰਦਰਸ਼ਨ ਕਰਾਂਗੇ ਹੀ। ਆਪਣੀ ਡਿਊਟੀ ਨਿਭਾਉਣ ਬਦਲੇ ਪੁਲਿਸ ਵਾਲੇ ਨੂੰ ਕਿਉਂ ਮਾਰਿਆ ਜਾਵੇ? ਜਦੋਂ ਕੋਈ ਪੁਲਿਸ ਮੁਲਾਜ਼ਮ ਮਾਰਿਆ ਜਾਂਦਾ ਹੈ ਤਾਂ ਇਹ ਸਾਨੂੰ ਦੁਖੀ ਕਰਦਾ ਹੈ।" ਉਸ ਨੇ ਕਿਹਾ ਕਿ ਕਸ਼ਮੀਰ ਲਈ ਮੁੱਖ ਖ਼ਤਰਾ 'ਚਿੱਟ-ਕਾਲਰੀਏ ਦਹਿਸ਼ਤਗਰਦ' ਹਨ। ਇਹ ਇਕ ਸਿਆਸੀ ਸ਼ਬਦ ਹੈ ਜੋ ਫ਼ੌਜ ਅਤੇ ਸਰਕਾਰ ਪੱਖੀ ਪੱਤਰਕਾਰਾਂ ਦੁਆਰਾ ਉਨ੍ਹਾਂ ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਪੱਤਰਕਾਰਾਂ 'ਤੇ ਹਮਲਾ ਕਰਨ ਲਈ ਵਰਤਿਆ ਜਾਂਦਾ ਹੈ ਜੋ ਕਸ਼ਮੀਰੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ 'ਤੇ ਆਪਣੀ ਆਵਾਜ ਬੁਲੰਦ ਕਰਦੇ ਹਨ।

ਇੰਝ ਜਾਪਦਾ ਹੈ ਕਿ ਫ਼ੌਜ, ਪੁਲਿਸ ਅਤੇ ਭਾਜਪਾ ਨੇ 'ਵਾਈਟ ਕਾਲਰ ਦਹਿਸ਼ਤਵਾਦ' ਸ਼ਬਦ ਦੇ ਆਲੇ ਦੁਆਲੇ ਇਕ ਸਿਆਸੀ ਰਣਨੀਤੀ ਤਿਆਰ ਕਰਨ ਲਈ ਮਿਲ ਕੇ ਕੰਮ ਕੀਤਾ ਹੈ। ਜਨਵਰੀ ਵਿਚ ਆਰਮੀ ਮੈਨੇਜਮੈਂਟ ਸਟੱਡੀਜ਼ ਬੋਰਡ ਦੁਆਰਾ ਆਯੋਜਿਤ ਇਕ ਸਮਾਗਮ ਵਿਚ, ਜਿਸ ਵਿਚ ਪਾਂਡੇ ਦੇ ਨਾਲ-ਨਾਲ ਪੁਲਿਸ ਦੇ ਡਾਇਰੈਕਟਰ ਜਨਰਲ ਦਿਲਬਾਗ ਸਿੰਘ ਅਤੇ ਇਕ ਸੇਵਾਮੁਕਤ ਫ਼ੌਜੀ ਅਧਿਕਾਰੀ ਅਤੇ ਭਾਜਪਾ ਨੇਤਾ ਸੁਬਰਤ ਸ਼ਾਹ ਨੇ ਭਾਗ ਲਿਆ ਸੀ, ਬੁਲਾਰਿਆਂ ਨੇ 'ਓਵਰਗਰਾਊਂਡ ਵਰਕਰ' ਦੀ ਬਜਾਏ, ਜਿਸ ਦੀ ਵਰਤੋਂ ਫ਼ੌਜ ਪਹਿਲਾਂ ਕਰਦੀ ਆਈ ਸੀ, ਚਿੱਟ-ਕਾਲਰੀਏ ਦਹਿਸ਼ਤਗਰਦ ਸ਼ਬਦ ਦਾ ਜ਼ਿਕਰ ਕੀਤਾ।

ਪੰਡਿਤ ਵਰਗੇ ਪੱਤਰਕਾਰਾਂ ਨੇ ਵੀ ਆਪਣੀ ਭੂਮਿਕਾ ਨਿਭਾਈ ਹੈ। 3 ਮਾਰਚ ਨੂੰ, ਕਸ਼ਮੀਰ ਵਿਚ ਜ਼ਿਆਦਾਤਰ ਸੀਨੀਅਰ ਫ਼ੌਜੀ ਲੀਡਰਸ਼ਿਪ ਨੇ ਐਕਸਵੀ ਕੋਰ ਅਤੇ ਇੰਟਰਨੈਸ਼ਨਲ ਸੈਂਟਰ ਫਾਰ ਪੀਸ ਸਟੱਡੀਜ਼ ਦੁਆਰਾ ਬਦਾਮੀ ਬਾਗ ਵਿਖੇ ਆਯੋਜਿਤ ਇਕ ਕਾਨਫਰੰਸ ਵਿਚ ਹਿੱਸਾ ਲਿਆ। ਇਕ ਅਧਿਕਾਰੀ ਨੇ "ਵੱਖਵਾਦੀ ਲਾਬੀ ਦੇ ਲੁਕਵੇਂ ਏਜੰਡੇ" ਦਾ ਪਰਦਾਫਾਸ਼ ਕਰਨ ਲਈ ਪੰਡਿਤ ਨੂੰ ਫ਼ੌਜ ਦੇ ਪਸੰਦੀਦਾ ਸੰਪਾਦਕ ਵਜੋਂ ਪੇਸ਼ ਕੀਤਾ। ਇਕ ਜੋਸ਼ੀਲੇ ਭਾਸ਼ਣ ਵਿਚ ਪੰਡਿਤ ਨੇ "ਚਿੱਟ ਕਾਲਰੀਏ ਦਹਿਸ਼ਤਗਰਦਾਂ" ਦਾ ਜ਼ਿਕਰ ਕੀਤਾ। ਉਸ ਨੇ ਦਲੀਲ ਦਿੱਤੀ ਕਿ, ਮੁਲਕ ਦੇ ਦੁਸ਼ਮਣਾਂ ਨੂੰ "ਸੋਸਲ ਮੀਡੀਆ ਦੀ ਵਰਤੋਂ ਕਰਕੇ ਸੰਸਥਾਵਾਂ ਦਾ ਅਕਸ ਵਿਗਾੜ ਕੇ" ਮੁਸੀਬਤ ਅਤੇ ਅਸ਼ਾਂਤੀ ਪੈਦਾ ਕਰਨ ਦਾ ਕੰਮ ਸੌਂਪਿਆ ਗਿਆ ਹੈ। ਉਸ ਦਾ ਥੀਸਿਸ ਇਸ ਦਾਅਵੇ 'ਤੇ ਖ਼ਰਾ ਉੱਤਰਿਆ ਕਿ ਸੁਤੰਤਰ ਪੱਤਰਕਾਰੀ ਘਾਟੀ ਵਿਚ ਦਹਿਸ਼ਤਵਾਦ ਦਾ "ਨਵਾਂ ਪੜਾਅ" ਸੀ। ਇਹ ਪੱਤਰਕਾਰਾਂ ਅਤੇ ਕਾਰਕੁਨਾਂ ਦੇ ਪਹਿਲਾਂ ਹੀ ਉਲਝੇ ਹੋਏ ਸਮੂਹ ਲਈ ਚੰਗੀ ਗੱਲ ਨਹੀਂ ਹੈ ਜੋ ਰੋਜ਼ਾਨਾ ਹਿੰਸਾ ਦਾ ਖ਼ੁਲਾਸਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਿਨ੍ਹਾਂ ਦੀ "ਆਖ਼ਿਰ ਕਬ ਤਕ" ਵਰਗੇ ਪ੍ਰੋਗਰਾਮਾਂ ਦਾ ਆਯੋਜਨ ਕਰਨ ਵਾਲਿਆਂ ਅਤੇ ਗ਼ੈਰ-ਆਲੋਚਨਾਤਮਕ ਰਿਪੋਰਟ ਕਰਨ ਵਾਲਿਆਂ ਦੁਆਰਾ ਹੋਂਦ ਹੀ ਮਿਟਾ ਦਿੱਤੀ ਗਈ ਹੈ। ਪੰਡਤ ਨੇ ਕਾਰਵਾਂ ਦੇ ਸਵਾਲਾਂ ਦੇ ਜਵਾਬ ਨਹੀਂ ਦਿੱਤੇ।

9 ਮਈ ਨੂੰ ਐਕਸਵੀ ਕੋਰ ਦੇ ਇੰਚਾਰਜ ਵਜੋਂ ਪਾਂਡੇ ਦੇ ਆਖ਼ਰੀ ਦਿਨ, ਫ਼ੌਜ ਨੇ ਕਸ਼ਮੀਰ ਵਿਚ ਆਪਣੇ ਇਤਿਹਾਸ ਵਿਚ ਇਕ ਵਿਲੱਖਣ ਜਸ਼ਨ ਦਾ ਆਯੋਜਨ ਕੀਤਾ। ਪੂਰਾ ਦਿਨ ਉਸ ਨੇ ਵਰਦੀ ਵਿਚ ਅਤੇ ਵਧੀਆ ਨਹਿਰੂ ਜੈਕੇਟ ਵਿਚ ਉਨ੍ਹਾਂ ਦੇ ਨਾਲ ਫੋਟੋਆਂ ਖਿਚਵਾਈਆਂ ਜਿਨ੍ਹਾਂ ਦੇ ਨਾਲ ਉਹ ਇਕ ਪ੍ਰੇਰਨਾ ਦੇ ਰੂਪ ਵਿਚ ਯਾਦ ਕੀਤਾ ਜਾਣਾ ਚਾਹੁੰਦਾ ਸੀ ਅਤੇ ਜਿਨ੍ਹਾਂ ਦੇ ਨਾਲ ਉਸ ਦੇ ਬਹੁਤ ਚੰਗੇ ਸਬੰਧ ਹਨ। ਉਸ ਦੀਆਂ ਫੋਟੋਆਂ ਨੌਜਵਾਨ ਵਿਦਿਆਰਥੀਆਂ ਨਾਲ ਸਨ, ਵਜੋਂ ਦਾ ਇਕ ਹਿੱਸਾ ਜਿਸ ਦੇ ਬਾਰੇ ਉਸ ਨੇ ਆਪਣੇ ਵਿਦਾਇਗੀ ਭਾਸਣ ਵਿਚ ਲੰਮੀ ਗੱਲ ਕੀਤੀ ਸੀ। "ਇਹ ਸਮਾਂ ਹੈ ਕਿ ਤੁਸੀਂ ਜ਼ਿੰਮੇਵਾਰੀ ਸੰਭਾਲੋ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਫ਼ਲਤਾ, ਪਿਆਰ ਅਤੇ ਖ਼ੁਸ਼ੀ ਦੇ ਬੀਜ ਬੀਜੋ," ਉਸਨੇ ਕਿਹਾ। "ਤੁਸੀਂ ਉਹ ਉਮੀਦ ਹੋ, ਮੇਰੇ ਪਿਆਰੇ ਨੌਜਵਾਨ ਦੋਸਤੋ, ਅਤੇ ਮੈਂ ਤੁਹਾਨੂੰ ਸ਼ੁਭਕਾਮਨਾਵਾਂ ਦਿੰਦਾ ਹਾਂ।" ਗ੍ਰੇਟਰ ਕਸ਼ਮੀਰ ਨੇ ਇਸ ਦੀ ਸ਼ਲਾਘਾ ਕੀਤੀ ਕਿ ਕਿਵੇਂ ਉਸ ਨੇ "ਗੁੰਮਰਾਹ ਹੋਏ ਨੌਜਵਾਨਾਂ ਨੂੰ ਕੰਢੇ ਤੋਂ ਮੋੜ ਲਿਆਉਣ ਅਤੇ ਉਨ੍ਹਾਂ ਨੂੰ ਦੂਜਾ ਮੌਕਾ ਦੇਣ ਲਈ ਦ੍ਰਿੜਤਾ ਨਾਲ ਕੰਮ ਕੀਤਾ" ਅਤੇ "ਕਸ਼ਮੀਰ ਦੀਆਂ ਸਮੱਸਿਆਵਾਂ ਤੋਂ ਪਰੇ ਸੋਚਣ ਲਈ ਦਿਮਾਗ ਲਗਾਇਆ।"

"ਆਖਿਰ ਕਬ ਤਕ" ਵਿਰੋਧ ਪ੍ਰਦਰਸ਼ਨਾਂ ਵਿਚ ਹਿੱਸਾ ਲੈਣ ਵਾਲੇ ਲੱਗਭੱਗ ਸਾਰੇ ਲੋਕਾਂ ਨਾਲ ਵੀ ਫੋਟੋਆਂ ਖਿਚਵਾਈਆਂ ਗਈਆਂ। ਬੇਗ਼ ਨੇ ਉਸ ਨੂੰ ਬਦਾਮੀ ਬਾਗ਼ ਦੇ ਬਾਗ਼ੀਚੇ ਵਿਚ ਇਕ ਸ਼ਾਲ ਪਹਿਨਾਇਆ। ਦਿਨ ਦੇ ਜਸ਼ਨਾਂ ਦੇ ਸਭ ਤੋਂ ਵੱਧ ਫੋਟੋ ਖਿੱਚੇ ਗਏ ਪਲਾਂ ਵਿੱਚੋਂ ਇਕ ਵਿਚ ਪਾਂਡੇ ਫੁੱਲਾਂ ਨਾਲ ਸਜਾਈ ਇਕ ਫ਼ੌਜੀ ਜੀਪ ਵਿਚ ਸਵਾਰ ਹੋਇਆ ਜਿਸ ਨੂੰ ਕਈ ਫ਼ੌਜੀ ਅਫ਼ਸਰਾਂ ਦੇ ਨਾਲ-ਨਾਲ ਬੇਗ਼ ਅਤੇ ਯੂਸਫ਼ ਦੁਆਰਾ ਖਿੱਚਿਆ ਗਿਆ। ਇਸ ਘਟਨਾ ਦੀ ਹੋਰ ਅਧਿਕਾਰੀਆਂ ਵੱਲੋਂ ਵਿਆਪਕ ਆਲੋਚਨਾ ਕੀਤੀ ਗਈ। ਇਕ ਸੇਵਾਮੁਕਤ ਮੇਜਰ ਜਨਰਲ ਬੀਐਸ ਧਨੋਆ ਨੇ ਟਵੀਟ ਕੀਤਾ, "ਸੈਨਿਕ ਵਿਦਾਈ ਦੇ ਮੌਕੇ 'ਤੇ ਆਮ ਨਾਗਰਿਕ ਪਹਿਲਾਂ ਕਦੇ ਨਹੀਂ ਦੇਖੇ ਗਏ।" ਇਸ ਤੋਂ ਦੋ ਦਿਨ ਪਹਿਲਾਂ ਸ੍ਰੀਨਗਰ ਵਿਚ ਇਕ ਪੁਲਿਸ ਕਾਂਸਟੇਬਲ ਗ਼ੁਲਾਮ ਹਸਨ ਡਾਰ ਦੀ ਅੱਤਵਾਦੀਆਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਜ਼ਿਆਦਾਤਰ ਸਹਾਇਕ ਕਲਾਕਾਰ ਸ਼ੁਭ ਕਾਮਨਾਵਾਂ ਦੇ ਜਸ਼ਨਾਂ ਦੀ ਤਿਆਰੀ ਵਿਚ ਰੁੱਝੇ ਹੋਏ ਹੋਣ ਕਾਰਨ ਡਾਰ ਦੀ ਹੱਤਿਆ ਦੇ ਵਿਰੋਧ ਵਿਚ ਆਯੋਜਿਤ ਛੋਟੇ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਹੋ ਸਕੇ।

## ਜਾਗਣ ਦਾ ਵੇਲ਼ਾ (ਸਫ਼ਾ 2 ਦੀ ਬਾਕੀ)

ਜ਼ੋਰ ਪਾਈਏ। ਕਾਰਪੋਰੇਸ਼ਨਾਂ ਨੂੰ ਤਾਂ ਵਿਆਜ ਦੀ ਦਰ ਵਧਣ ਦਾ ਵੀ ਫਾਇਦਾ ਹੈ ਅਤੇ ਘਟਣ ਦਾ ਵੀ, ਜਦੋਂ ਵਿਆਜ ਦੀ ਦਰ ਵਧਦੀ ਹੈ ਸਟੌਕ ਮਾਰਕੀਟ ਡਿੱਗਦੀ ਹੈ, ਕੰਪਨੀਆਂ ਦੇ ਸ਼ੇਅਰਾਂ ਦੀ ਕੀਮਤ ਡਿਗਦੀ ਹੈ, ਲੋਕ ਪੈਨਿਕ ਵਿੱਚ ਆ ਕੇ ਸ਼ੇਅਰ ਵੇਚਣੇ ਸ਼ੁਰੂ ਕਰਦੇ ਹਨ ਤੇ ਕੰਪਨੀਆਂ ਲੋਕਾਂ ਦੇ ਡਰ ਦਾ ਫਾਇਦਾ ਉਠਾ ਕੇ ਸ਼ੇਅਰ ਘੱਟ ਕੀਮਤ ਤੇ ਖਰੀਦ ਲੈਂਦੀਆਂ ਹਨ। ਜਦ ਵਿਆਜ ਦੀ ਦਰ ਵਧਣ ਕਰਕੇ ਆਰਥਿਕਤਾ ਡਿੱਗਦੀ ਹੈ ਤੇ ਅਰਥਸ਼ਾਸ਼ਤਰੀ ਸਰਕਾਰ ਨੂੰ ਸਲਾਹ ਦਿੰਦੇ ਹਨ ਕਿ ਆਰਥਿਕਤਾ ਨੂੰ ਚੁੱਕਣ ਲਈ ਵਿਆਜ ਦੀ ਦਰ ਘਟਾਈ ਜਾਵੇ ਤੇ ਜਦ ਵਿਆਜ ਦੀ ਦਰ ਘਟਾਈ ਜਾਂਦੀ ਹੈ, ਪੈਸਾ ਮਾਰਕੀਟ ਵਿੱਚ ਆਉਂਦਾ ਹੈ ਜਿਸ ਨਾਲ਼ ਸਟੌਕ ਮਾਰਕੀਟ ਉਪਰ ਨੂੰ ਜਾਂਦੀ ਹੈ ਤੇ ਸ਼ੇਅਰਾਂ ਦੀ ਕੀਮਤ ਵਧਦੀ ਹੈ ਤੇ ਹੁਣ ਇਹੀ ਕੰਪਨੀਆਂ ਸਸਤੇ ਭਾਅ ਤੇ ਲਏ ਹੋਏ ਸ਼ੇਅਰ ਮਹਿੰਗੇ ਭਾਅ ਤੇ ਵੇਚ ਕੇ ਫੇਰ ਆਪਦੀਆਂ ਤਿਜ਼ੌਰੀਆਂ ਭਰ ਲੈਂਦੇ ਹਨ। ਇਸੇ ਕਰਕੇ ਹੀ ਦੁਨੀਆਂ ਦੇ ਸਿਰਫ਼ 42 ਅਰਬਪਤੀ ਦੁਨੀਆਂ ਅੱਧੀ ਦੌਲਤ ਤੇ ਕਾਬਜ਼ ਹੋ ਗਏ ਹਨ ।

ਅੱਜ ਕੱਲ ਰੂਸ ਅਤੇ ਯੂਕਰੇਨ ਦਾ ਯੁੱਧ ਹੋ ਰਿਹਾ ਹੈ। ਪਹਿਲੀ ਗੱਲ ਹੁਣ ਦੁਨੀਆਂ ਤਿੰਨ ਸਰਮਾਏਦਾਰ ਮੁਲਕਾਂ ਦੇ ਰਹਿਮੋ ਕਰਮ ਤੇ ਖੜ੍ਹੀ ਹੈ, ਇਹ ਸੰਸਾਰ ਤਿੰਨ-ਧਰੁਵੀ ਬਣ ਗਿਆ ਹੈ, ਤਿੰਨੇ ਧਰੁੱਵ ਹੀ ਸਰਮਾਏਦਾਰੀ ਦੇ ਪਹਿਰੇਦਾਰ ਹਨ। ਇਹੋ ਜਿਹੀਆਂ ਹੋਰ ਲੜਾਈਆਂ ਹੁਣ ਬਾਂਦਰ ਦੀ ਖੋਹ ਖਿੰਜ ਵਾਂਗ ਸ਼ਾਇਦ ਹੁੰਦੀਆਂ ਹੀ ਰਹਿਣਗੀਆਂ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਗੱਲ ਰੂਸ ਤੇ ਯੂਕਰੇਨ ਦੀ ਲੜਾਈ ਦੀ ਫੇਰ ਕਰਦੇ ਹਾਂ। ਇਸ ਲੜਾਈ ਨੇ ਤੇਲ ਸੰਕਟ ਪੈਦਾ ਕਰ ਦਿੱਤਾ ਹੈ, ਰੂਸ ਦੇ ਤੇਲ ਤੇ ਪਾਬੰਦੀ ਲਾਕੇ ਫਾਇਦਾ ਕਿਸਦਾ ਕੀਤਾ ਜਾ ਰਿਹਾ ਹੈ ਅਤੇ ਨੁਕਸਾਨ ਕਿਸਦਾ ਕੀਤਾ ਜਾ ਰਿਹਾ ਹੈ। ਤੇਲ ਦੀਆਂ ਕੀਮਤਾਂ ਤੀਹ ਚਾਲ਼ੀ ਪਰਸੈਂਟ ਵਧਾ ਦਿੱਤੀਆਂ ਗਈਆਂ ਹਨ, ਜਿਸਦਾ ਭਾਰ ਆਮ ਲੋਕਾਂ ਤੇ ਪੈ ਰਿਹਾ ਹੈ। ਫਾਇਦਾ ਕਿਸ ਨੂੰ ਹੋ ਰਿਹਾ ਹੈ, ਵੱਡੀਆਂ ਵੱਡੀਆਂ ਤੇਲ ਕੰਪਨੀਆਂ ਨੂੰ, ਸੰਨ 2022 ਦੇ ਪਹਿਲੇ ਤਿਮਾਹੀ ਵਿੱਚ ਸ਼ੈਲ ਕੰਪਨੀ 8 ਬਿਲੀਅਨ ਡਾਲਰ ਦਾ ਨਫ਼ਾ ਦਰਜ ਕਰਦੀ ਹੈ ਅਤੇ ਐਕਸ਼ਨ ਮੋਬਿਲ 12 ਬਿਲੀਅਨ ਦਾ ਅਤੇ ਇਸ ਤਰ੍ਹਾਂ ਹੋਰ ਵੀ ਇਮਪੀਰੀਅਲ ਆਇਲ ਜਾਂ ਹੋਰ ਕੰਪਨੀਆਂ ਖ਼ੂਬ ਹੱਥ ਰੰਗ ਰਹੀਆਂ ਹਨ। ਹੁਣ ਇਹ ਕੰਪਨੀਆਂ ਆਪਦੇ ਸੀ.ਈ.ਓ ਜਾਂ ਸ਼ੇਅਰ ਹੋਲਡਰਾਂ ਨੂੰ ਗੱਫੇ ਵਰਤਾਉਣਗੀਆਂ ਤੇ ਜੇਬਾਂ ਖਾਲੀ ਹੋ ਰਹੀਆਂ ਹਨ ਆਮ ਲੋਕਾਂ ਦੀਆਂ, ਇਹ ਹੈ ਸਿਸਟਮ ਜਦੋਂ ਤਕੜੇ ਦਾ ਸੱਤੀ ਵੀਹੀ ਸੌ ਹੁੰਦਾ ਹੈ। ਜੇਕਰ ਕਿਹਾ ਜਾਵੇ ਕਿ ਇਸ ਅਚਾਨਕ ਨਫ਼ੇ ਤੇ ਟੈਕਸ 'ਵਿੰਡਫਾਲ ਟੈਕਸ' ਲਾ ਕੇ ਲੋਕਾਂ ਨੂੰ ਥੋੜ੍ਹੀ ਬਹੁਤੀ ਰਾਹਤ ਦਿੱਤੀ ਜਾਵੇ ਤਾਂ ਇਹਨਾਂ ਦੀ ਪ੍ਰਤੀਨਿਧਤਾ ਕਰਨ ਵਾਲ਼ੇ ਇਹ ਰਾਜਨੀਤਿਕ ਲੋਕ ਸਿੱਧਾ ਹੀ ਸਿਰ ਮਾਰ ਦਿੰਦੇ ਹਨ ਕਿ ਇਹੋ ਜਿਹੀ ਗੱਲ ਨਾ ਕਰੋ ਇਹ ਤਾਂ ਸੰਭਵ ਹੀ ਨਹੀਂ ਕਿ ਅਸੀਂ ਇਹਨਾਂ ਕਾਰਪੋਰੇਟਾਂ ਦੀ ਨਰਾਜ਼ਗੀ ਮੁੱਲ ਲਈਏ। ਬਹੁਤੀ ਵਾਰ ਜੇਕਰ ਇਹਨਾਂ ਕੰਪਨੀਆਂ ਤੋਂ ਰੋਆਲਿਟੀ ਲਈ ਵੀ ਗਈ ਤਾਂ ਸਾਡੀਆਂ ਸਰਕਾਰਾਂ ਨੇ ਸਬਸਿਡੀਆਂ ਦੇ ਰੂਪ ਵਿੱਚ ਉਹ ਰੋਆਲਿਟੀ ਵਾਪਸ ਵੀ ਕਰ ਦਿੱਤੀ।

ਥੋੜ੍ਹਾ ਜਿਹਾ ਕਰੋਨਾ ਕਾਲ ਦੀ ਗੱਲ ਕਰੀਏ ਤਾਂ ਡਰੱਗ ਕੰਪਨੀਆਂ ਨੇ ਇਸ ਦੌਰ ਵਿੱਚ ਖ਼ੂਬ ਹੱਥ ਰੰਗ ਲਏ ਹਨ। ਹਰ ਨਵੀਂ ਦਵਾਈ ਦਾ ਫਾਰਮੂਲਾ ਪੇਟੈਂਟ ਕਰਵਾ ਲੈਂਦੀਆਂ ਹਨ, ਨਹੀਂ ਤਾਂ ਜੇਕਰ ਦਵਾਈ ਬਣਾਉਣ ਦਾ ਫਾਰਮੂਲਾ ਜਨਤਕ ਹੋ ਜਾਵੇ ਤਾਂ ਲੋਕਾਂ ਨੂੰ ਦਵਾਈਆਂ ਬਹੁਤ ਹੀ ਸਸਤੀਆਂ ਮਿਲ਼ ਸਕਦੀਆਂ ਹਨ। ਡਰੱਗ ਕੰਪਨੀਆਂ, ਸਰਕਾਰਾਂ ਤੋਂ ਵੱਡੀਆਂ ਵੱਡੀਆਂ ਸਬਸਿਡੀਆਂ ਲੈਂਦੀਆਂ ਹਨ ਤਾਂ ਕਿ ਉਹ ਦਵਾਈਆਂ ਰਿਸਰਚ ਕਰਕੇ ਬਣਾਈਆਂ ਜਾਣ ਜਿਸ ਨਾਲ਼ ਲੋਕਾਂ ਨੂੰ ਰੋਗਾਂ ਤੋਂ ਛੁਟਕਾਰਾ ਮਿਲ਼ ਜਾਵੇ ਪਰ ਅਸਲ ਵਿੱਚ ਉਹ ਇਸ ਤਰ੍ਹਾਂ ਦੀਆਂ ਦਵਾਈਆਂ ਬਣਾਉਂਦੀਆਂ ਹਨ ਜਿਸ ਨਾਲ਼ ਰੋਗੀ ਨੂੰ ਪੱਕਾ ਗਾਹਕ ਬਣਾ ਲਿਆ ਜਾਵੇ, ਜਿਵੇਂ ਬੀ.ਪੀ., ਕਲੱਸਟਰੌਲ ਜਾਂ ਡਾਇਆਬੈਟਿਕ ਵਗੈਰਾ ਦੀਆਂ ਗੋਲ਼ੀਆਂ ਪੱਕੀਆਂ ਹੀ ਲਾ ਦਿੱਤੀਆਂ ਜਾਂਦੀਆਂ ਹਨ, ਹੋਰ ਤਾਂ ਹੋਰ ਇਹ ਡਰੱਗ ਕੰਪਨੀਆਂ ਡਾਕਟਰ ਵਗੈਰਾ ਨੂੰ ਸਿਰਫ਼ ਉਹਨਾਂ ਦੀਆਂ ਦਵਾਈਆਂ ਰਿਕਮੈਂਡ ਕਰਨ ਲਈ ਤੋਹਫੇ ਵਗੈਰਾ ਵੀ ਦਿੰਦੀਆਂ ਹਨ। ਇੱਕ ਰਿਸਰਚ ਦੇ ਮੁਤਾਬਿਕ ਬਹੁਤੇ ਹੋਮਲੈਸ ਲੋਕ ਇਹਨਾਂ ਡਰੱਗ ਕੰਪਨੀਆਂ ਦੀਆਂ ਦਵਾਈਆਂ ਦੇ ਹੀ ਪੈਦਾ ਕੀਤੇ ਹਨ। ਇਹਨਾਂ ਕਾਰਪੋਰੇਸ਼ਨਾਂ ਨੇ ਸਮੁੰਦਰ ਨੂੰ ਪਲਾਸਟਿਕ ਅਤੇ ਜ਼ਹਿਰੀਲੇ ਕੈਮੀਕਲਾਂ ਦੀ ਡੰਪਿੰਗ ਗਰਾਊਂਡ ਬਣਾ ਦਿੱਤਾ ਹੈ, ਇਹਨਾਂ ਕਾਰਪੋਰੇਸ਼ਨਾਂ ਨੇ ਮੈਗਾ ਫਾਰਮਾਂ ਦੇ ਨਾਂ 'ਤੇ ਜੰਗਲਾਂ ਦਾ ਸਫਾਇਆ ਕਰ ਦਿੱਤਾ ਹੈ, ਖਣਿਜ ਪਦਾਰਥਾਂ ਨੂੰ ਕੱਢਣ ਲਈ ਪਹਾੜਾਂ ਦਾ ਅਤੇ ਧਰਤੀ ਦਾ ਸੀਨਾਂ ਫਰੋਲ਼ਿਆ ਜਾ ਰਿਹਾ ਹੈ। ਜੇਕਰ ਇਸ ਕਾਰਪੋਰੇਟ ਗਰੀਡ ਨੂੰ ਨੱਥ ਨਾ ਪਾਈ ਗਈ ਧਰਤੀ ਤੇ ਵਸਦੀ ਸਾਰੀ ਜ਼ਿੰਦਗੀ ਅਗਲੀ ਸਦੀ ਨਹੀਂ ਦੇਖ ਸਕੇਗੀ। ਅੱਜ ਸਰਮਾਏਦਾਰ ਮੁਲਕਾਂ ਨੂੰ ਜਾਣ ਲਈ ਦੁਨੀਆਂ ਭਰ ਵਿੱਚ ਦੌੜ ਲੱਗੀ ਹੋਈ ਹੈ, ਪਰ ਰਾਹ ਇਹਨਾਂ ਮੁਲਕਾਂ ਦਾ ਵੀ ਲੋਕ ਵਿਰੋਧੀ ਜਾਂ ਕਾਰਪੋਰੇਟ ਪੱਖੀ ਹੀ ਹੈ। ਜਿਉਂ ਜਿਉਂ ਕਮਿਊਨਿਜਮ ਦਾ ਡਰ ਘਟ ਰਿਹਾ ਹੈ ਤਿਉਂ ਤਿਉਂ, ਦੂਜੀ ਸੰਸਾਰ ਜੰਗ ਤੋਂ ਬਾਦ 'ਕਮਿਊਨਿਜਮ ਦੇ ਡਰ ਕਾਰਨ' ਦਿੱਤੀਆਂ ਸਹੂਲਤਾਂ ਕਾਮਿਆਂ ਤੋਂ ਵਾਪਸ ਲਈਆਂ ਜਾ ਰਹੀਆਂ ਹਨ। ਬੜੀ ਜਲਦੀ ਹੀ ਲੋਕਾਂ ਦੀ ਹਾਲਤ, ਕਮਿਊਨਿਜਮ ਤੋਂ ਪਹਿਲਾਂ ਵਾਲ਼ੀ ਕਰਨ ਤੇ ਇਹ ਕਾਰਪੋਰੇਟ ਤੁਲੇ ਹੋਏ ਹਨ।

## ਅਸੀਂ ਬਹੁਤ ਬੁਰੀ ਤਰ੍ਹਾਂ ਵਿਅਕਤੀਵਾਦੀ ਨਾਇਕਤਵ ਦਾ ਸ਼ਿਕਾਰ ਹਾਂ..

(ਸਫ਼ਾ 4 ਦੀ ਬਾਕੀ)


ਤਰ੍ਹਾਂ ਸਭਿਅਕ ਨਹੀਂ ਅਤੇ ਨਾ ਹੀ ਸਾਡੀ ਸਦੀਆਂ ਦੀ ਅਦਬੀ ਵਿਰਾਸਤ ਨਾਲ ਕਿਤੇ ਜੁੜਦਾ ਹੈ। ਬਸ ਉਸ ਦੇ ਆਪਣੇ ਸਟਾਈਲ ਦੇ ਮੁਤਾਬਕ ਇਸ ਗੀਤ ਵਿਚ ਵੀ ਉਹ ਹੈਂਕੜੀ ਮੈਟਾਫਰ ਵਰਤ ਕੇ ਇਕ ਸਨਸਨੀ ਪੈਦਾ ਕਰਦਾ ਹੈ। ਤੇ ਅਸੀਂ ਇਸ ਗੀਤ ਵਾਲੇ ਗਾਇਕ ਨੂੰ ਤਰਥੱਲੀ ਮਚਾਉਣ ਵਾਲਾ ਨਾਇਕ ਤਸਲੀਮ ਕਰ ਕੇ ਆਪਣੇ ਹਿੱਸੇ ਦਾ ਸੰਘਰਸ਼ ਕਰਨ ਤੋਂ ਭੱਜ ਰਹੇ ਹਾਂ। ਕਮਾਲ ਦੀ ਗੱਲ ਇਹ ਹੈ ਅਸੀਂ ਸਾਰੇ ਇਸ ਗੀਤ ਤੇ ਇੰਝ ਰੀਐਕਟ ਕਰ ਰਹੇ ਹਾਂ ਜਿਵੇਂ ਇਸ ਗੀਤ ਤੋਂ ਬਾਅਦ ਤਾਂ ਸਾਰਾ ਕੁਝ ਰਾਤੋ ਰਾਤ ਬਦਲ ਜਾਏਗਾ। ਐਸ ਵਾਈ ਐਲ ਦਾ ਮੁੱਦਾ ਹੀ ਖਤਮ ਹੋ ਜਾਏਗਾ ਤੇ ਬੰਦੀ ਸਿੰਘ ਰਿਹਾ ਹੋ ਜਾਣਗੇ ? ਸਾਰਾ ਕੁਝ ਠੀਕ ਹੋ ਜਾਏਗਾ। ਕੀ ਪੰਜਾਬ ਦੀ ਮੁਕਤੀ ਲਈ ਸਿਰਫ਼ ਇਹੀ ਦੋ ਮੁੱਦੇ ਹਨ ? ਮੰਨਿਆ ਕਿ ਇਹ ਵੀ ਮੁੱਦੇ ਹਨ, ਪਰ ਲੱਖਾਂ ਲੋਕਾਂ ਦੀ ਰੋਜ਼ੀ ਰੋਟੀ ਦੇ ਜੋ ਮੁੱਦੇ ਹਨ, ਉਹ ਕਿੱਧਰ ਗਏ ? ਨੌਜਵਾਨਾਂ ਦੇ ਰੁਜ਼ਗਾਰ ਦੇ ਮੁੱਦੇ ਹਨ, ਉਹ ਕਿਧਰ ਗਏ, ਕਿਰਤ ਕਨੂੰਨਾਂ ਰਾਹੀਂ ਮਜ਼ਦੂਰਾਂ ਦੇ ਗਲ ਘੁੱਟਣ ਦੇ ਮੁੱਦੇ ਹਨ, ਸਿੱਖਿਆ ਤੇ ਸਿਹਤ ਦੇ ਸੰਕਟ ਹਨ, ਉਹ ਕਿਧਰ ਗਏ.. ਕਿਸਾਨੀ ਦਾ ਖੁਦਕੁਸ਼ੀਆਂ ਦਾ ਮੁੱਦਾ ਕਿਧਰ ਗਿਆ..ਫਸਲੀ ਚੱਕਰ ਬਦਲਣ ਦਾ ਮੁੱਦਾ ਕਿਧਰ ਗਿਆ...ਵਾਤਾਵਰਨ ਦੇ ਵੱਡੇ ਸੰਕਟ ਹਨ, ਉਹ ਕਿਧਰ ਗਏ..ਪੰਜਾਬ ਬੌਧਿਕ ਦੀਵਾਇਲੀਏਪਣ ਦਾ ਸ਼ਿਕਾਰ ਹੋਇਆ ਹੈ, ਉਹ ਮੁੱਦੇ ਕਿੱਧਰ ਗਏ..ਫਿਰਕਾਪ੍ਰਸਤੀ ਦੇ ਨਾਂ ਤੇ ਸਮਾਜ ਨੂੰ ਟੁਕੜੇ ਟੁਕੜੇ ਕੀਤਾ ਜਾ ਰਿਹਾ ਹੈ, ਉਹ ਮੁੱਦੇ ਕਿਧਰ ਗਏ.. ਕਿਉਂਕਿ ਇਹਨਾਂ ਮੁੱਦਿਆਂ ਨਾਲ ਵਿਊ, ਲਾਈਕ ਤੇ ਬਿਜ਼ਨਸ ਨਹੀਂ ਮਿਲਦਾ। ਇਹਨਾਂ ਮੁੱਦਿਆਂ ਤੇ ਪੰਜਾਬ ਨੂੰ ਇਮੋਸ਼ਨਲ ਨਹੀਂ ਕੀਤਾ ਜਾ ਸਕਦਾ। ਅਜਿਹੇ ਗੀਤ ਪੰਜਾਬ ਦੀ ਵੱਡੀ ਲੜਾਈ ਦਾ ਕੁਝ ਖਾਸ ਮੁੱਦਿਆਂ ਤੇ ਧੁਰਵੀਕਰਨ ਕਰਦੇ ਹਨ ਜਿਸ ਕਰਕੇ ਅਸੀਂ ਪਹਿਲਾਂ ਵੀ ਮਾਰ ਖਾਧੀ ਹੈ, ਤੇ ਹੁਣ ਵੀ ਖਾਵਾਂਗੇ..ਇਹਨਾਂ ਬਾਕੀ ਮੁੱਦਿਆਂ ਨੂੰ ਮੁਖਾਤਬ ਹੋਣ ਵਾਲੇ ਸਾਡੇ ਕੋਲ ਕਿਹੜੇ ਗੀਤ ਹਨ ਤੇ ਕਿੰਨੇ ਗੀਤ ਹਨ ?

ਦੋਸਤੋ ! ਆਓ ਵਿਅਕਤੀਵਾਦੀ ਨਾਇਕਤਵ (individual heroism) 'ਚੋਂ ਬਾਹਰ ਨਿੱਕਲੀਏ। ਸਾਡੀ ਮੁਕਤੀ ਦਾ ਮਾਡਲ ਸਮੂਹਕ ਚੇਤਨਾ ਅਤੇ ਸਮੂਹਕ ਸੰਘਰਸ਼ ਵਿੱਚੋਂ ਨਿਕਲਣਾ ਹੈ, ਨਾ ਕਿ ਨਿੱਜੀ ਤੌਰ ਤੇ ਹਥਿਆਰ ਚੁੱਕਣ ਜਾਂ ਹਥਿਆਰਾਂ ਨੂੰ ਪਰਮੋਟ ਕਰਨ ਵਾਲੇ ਜਾਂ ਵਿਅਕਤੀਵਾਦੀ ਨਾਇਕਤਵ ਨੂੰ ਪਰੋਮਟ ਕਰਨ ਵਾਲੇ ਗੀਤਾਂ ਨਾਲ ਨਿਕਲਣਾ। ਇਸ ਦੇ ਲਈ ਆਪਣੀ ਮਿੱਟੀ 'ਚੋਂ ਪੈਦਾ ਹੋਏ ਸਮੂਹਕ ਸੰਘਰਸ਼ਾਂ ਤੋਂ ਪ੍ਰੇਰਨਾ ਲੈਣੀ ਪਏਗੀ ਅਤੇ ਇਸ ਦੇ ਨਾਲ-ਨਾਲ ਦੁਨੀਆਂ ਭਰ ਵਿਚ ਜੂਝ ਰਹੇ ਲੋਕਾਂ, ਮਾਡਲਾਂ ਤੇ ਵਿਚਾਰਧਾਰਾਵਾਂ ਤੋਂ ਸੇਧ ਲੈਣੀ ਪਵੇਗੀ। ਪਹਿਲਾਂ ਦੁਸ਼ਮਣ ਵੀ ਸਥਾਨਕ ਸੀ ਅਤੇ ਲੜਾਈਆਂ ਵੀ ਸਥਾਨਕ ਸੀ। ਹੁਣ ਇਸ ਵੇਲੇ ਸਾਮਰਾਜੀ ਸੱਤਾ ਅਤੇ ਸਾਮਰਾਜੀ ਆਰਥਿਕਤਾ ਤੇ ਕਾਬਜ਼ ਕਾਰਪੋਰੇਟ ਦਾ ਕਿਰਦਾਰ ਵੀ ਗਲੋਬਲੀ ਹੈ ਤੇ ਇਸ ਦੇ ਖਿਲਾਫ਼ ਸੰਘਰਸ਼ ਵੀ ਗਲੋਬਲੀ ਵਿਜ਼ਨ ਅਤੇ ਗਲੋਬਲੀ ਸਮਝ 'ਚੋਂ ਪੈਦਾ ਹੋਣਗੇ। ਦੁਨੀਆਂ ਭਰ ਵਿਚ ਅੱਜ ਦੇ ਯੁੱਗ ਵਿਚ ਵਿਵਸਥਾਵਾਂ ਨੂੰ ਦਰੁਸਤ ਅਤੇ ਮਜ਼ਬੂਤ ਅਤੇ ਲੋਕਪੱਖੀ ਕਰਨ ਲਈ ਸੰਘਰਸ਼ ਕਰਨ ਦੀ ਲੋੜ ਹੈ ਅਤੇ ਇਸ ਨੂੰ ਖ਼ਤਰਾ ਪੈਦਾ ਕਰਨ ਵਾਲੀਆਂ ਤਾਕਤਾਂ ਨੂੰ ਪਛਾਨਣ ਦੀ ਲੋੜ ਹੈ..ਵਿੰਭਿਨਤਾਵਾਂ ਦਾ ਸਤਿਕਾਰ ਕਰਦੇ ਹੋਏ ਇਹਨਾਂ ਦੇ ਨਾਲ ਜਿਉਣ ਦਾ ਸਲੀਕਾ ਸਿੱਖਣ ਦਾ ਦੌਰ ਹੈ ਤੇ ਇਹ ਉਧਾਰੇ ਨਾਇਕਾਂ ਜਾਂ ਫਿਲਮਾਂ ਜਾਂ ਗੀਤਾਂ ਦੇ ਸਿਰ ਤੇ ਰਾਤੋ ਰਾਤ ਨਹੀਂ ਹੋਣਾ। ਹਥਿਆਰਾਂ ਦੇ ਮਾਮਲੇ ਵਿਚ ਤਾਂ ਅੱਜ ਦੀਆਂ ਸੱਤਾਵਾਂ ਬਹੁਤ ਤਾਕਤਵਰ ਹਨ। ਪਬਲਿਕ ਓਪੀਨੀਅਨ ਅਤੇ ਜਨ ਸ਼ਕਤੀ ਅਤੇ ਜਨ ਚੇਤਨਾ ਨਾਲ ਲੈਸ ਹੋ ਕੇ ਲੰਮੀ ਲੜਾਈ ਲੜਨ ਦਾ ਮਾਦਾ ਲੈ ਕੇ ਕੀਤੇ ਜਾਣ ਵਾਲੇ ਸੰਘਰਸ਼ ਹੀ ਭਵਿੱਖ ਦੀ ਮੁਕਤੀ ਦੇ ਮਾਡਲ ਹਨ।

# ਬੁਲਡੋਜ਼ਰ ਰਾਜ ਦਾ 'ਨਿਆਂ': ਮਜ਼ਲੂਮਾਂ ਨੂੰ ਦੋਸ਼ੀਆਂ ਵਜੋਂ ਸਜ਼ਾਵਾਂ



ਬੂਟਾ ਸਿੰਘ ਮਹਿਮੂਦਪੁਰ
94634-74342



ਕਾਨਪੁਰ ਅਤੇ ਸਹਾਰਨਪੁਰ ਦੇ ਮੁਸਲਮਾਨ ਘਰਾਂ ਉੱਪਰ ਬੁਲਡੋਜ਼ਰ ਚਲਾ ਕੇ ਮਹੰਤ ਅਦਿੱਤਿਆਨਾਥ ਸਰਕਾਰ ਦੀ ਮੁਸਲਮਾਨ ਵਿਰੋਧੀ ਬਦਲਾਖ਼ੋਰ ਜ਼ਿਹਨੀਅਤ ਸੰਤੁਸ਼ਟ ਨਹੀਂ ਹੋਈ। ਹੁਣ ਹਿੰਸਾ ਦੇ ਕਥਿਤ ਦੋਸ਼ੀਆਂ ਨੂੰ ਸਬਕ ਸਿਖਾਉਣ ਦੇ ਰਾਜਨੀਤਕ ਹਥਿਆਰ ਬੁਲਡੋਜ਼ਰ ਨੇ 12 ਜੂਨ ਨੂੰ ਇਲਾਹਾਬਾਦ ਦੇ ਇਕ ਮੁਸਲਿਮ ਆਗੂ ਜਾਵੇਦ ਮੁਹੰਮਦ ਦੇ ਘਰ ਨੂੰ ਮਲ਼ਬੇ ਦਾ ਢੇਰ ਬਣਾ ਦਿੱਤਾ।

ਯੂ ਪੀ ਪੁਲਿਸ ਅਨੁਸਾਰ ਜਾਵੇਦ 10 ਹੋਰ ਵਿਅਕਤੀਆਂ ਸਮੇਤ ਉਸ ਕਥਿਤ ਹਿੰਸਾ ਦਾ ਮੁੱਖ ਸਾਜ਼ਿਸ਼ਘਾੜਾ ਹੈ ਜੋ ਪੈਗ਼ੰਬਰ ਹਜ਼ਰਤ ਮੁਹੰਮਦ ਬਾਰੇ ਭਾਜਪਾ ਦੇ ਬੁਲਾਰਿਆਂ ਦੀਆਂ ਟਿਪਣੀਆਂ ਵਿਰੁੱਧ ਵਿਰੋਧ ਪ੍ਰਦਰਸ਼ਨਾਂ ਦੌਰਾਨ ਇਲਾਹਾਬਾਦ 'ਚ ਹੋਈ। ਜਾਵੇਦ ਵੈਲਫੇਅਰ ਪਾਰਟੀ ਆਫ਼ ਇੰਡੀਆ ਦਾ ਆਗੂ ਅਤੇ ਸੀਏਏ ਵਿਰੋਧੀ ਪ੍ਰਦਰਸ਼ਨਾਂ ਦਾ ਇਕ ਮੁੱਖ ਚਿਹਰਾ ਰਿਹਾ ਹੈ। ਉਸ ਦੀ ਧੀ ਆਫ਼ਰੀਨ ਫ਼ਾਤਿਮਾ ਜੇ.ਐੱਨ.ਯੂ. ਦੀ ਵਿਦਿਆਰਥੀ ਆਗੂ ਹੈ ਜੋ ਹਰ ਬੇਇਨਸਾਫ਼ੀ ਵਿਰੁੱਧ ਜੂਝਣ ਵਾਲੀ ਬੇਖ਼ੌਫ਼ ਆਵਾਜ਼ ਹੈ। ਜਾਵੇਦ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਦੀ ਪਤਨੀ ਅਤੇ ਇਕ ਧੀ ਨੂੰ 30 ਘੰਟੇ ਤੱਕ ਗ਼ੈਰਕਾਨੂੰਨੀ ਤੌਰ 'ਤੇ ਪੁਲਿਸ ਹਿਰਾਸਤ ਵਿਚ ਰੱਖਿਆ ਗਿਆ। ਜਾਵੇਦ ਅਜੇ ਵੀ ਪੁਲਿਸ ਹਿਰਾਸਤ 'ਚ ਹੈ। ਸਰਕਾਰੀ ਰਿਪੋਰਟਾਂ ਅਨੁਸਾਰ ਇਲਾਹਾਬਾਦ 'ਚ ਕੀਤੀਆਂ 92 ਗ੍ਰਿਫ਼ਤਾਰੀਆਂ ਸਮੇਤ ਫ਼ਿਰੋਜ਼ਾਬਾਦ, ਅੰਬੇਡਕਰ ਨਗਰ, ਮੁਰਾਦਾਬਾਦ, ਸਹਾਰਨਪੁਰ, ਹਾਥਰਸ, ਅਲੀਗੜ੍ਹ, ਜਾਲੌਨ ਤੋਂ ਹੁਣ ਤੱਕ ਸਵਾ ਤਿੰਨ ਸੌ ਦੇ ਕਰੀਬ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜ਼ਾਹਿਰ ਹੈ ਕਿ ਇਨ੍ਹਾਂ ਵਿੱਚੋਂ ਹੋਰ ਕਥਿਤ ਦੋਸ਼ੀਆਂ ਦੇ ਘਰ ਵੀ ਬੁਲਡੋਜ਼ਰਾਂ ਨਾਲ ਢਾਹੇ ਜਾ ਸਕਦੇ ਹਨ।

ਨਫ਼ਰਤ ਭੜਕਾਊ ਸੰਘ ਬਰਗੇਡ ਦੇ ਬੁਲਾਰਿਆਂ ਨੂਪੁਰ ਸ਼ਰਮਾ ਅਤੇ ਨਵੀਨ ਜਿੰਦਲ ਵੱਲੋਂ ਪਿਛਲੇ ਦਿਨੀਂ ਮੁਸਲਿਮ ਜਗਤ ਦੇ ਸਤਿਕਾਰਤ ਪੈਗ਼ੰਬਰ ਮੁਹੰਮਦ ਬਾਰੇ ਜੋ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਗਈਆਂ ਸਨ ਉਨ੍ਹਾਂ ਨੂੰ ਲੈ ਕੇ ਮੁਸਲਿਮ ਭਾਈਚਾਰੇ ਵਿਚ ਬੇਹੱਦ ਗੁੱਸਾ ਹੈ। ਨਫ਼ਰਤ ਭੜਕਾਊ ਸਿਆਸਤ ਵਿਰੁੱਧ 10 ਜੂਨ ਨੂੰ ਜੁੰਮੇ ਦੇ ਦਿਨ ਉੱਤਰ ਪ੍ਰਦੇਸ਼ ਸਮੇਤ ਪੂਰੇ ਮੁਲਕ ਵਿਚ ਮੁਸਲਮਾਨ ਭਾਈਚਾਰੇ ਨੇ ਜੋ ਵਿਆਪਕ ਰੋਸ ਮੁਜ਼ਾਹਰੇ ਕੀਤੇ, ਉਨ੍ਹਾਂ ਤੋਂ ਸੰਘ ਬਰਗੇਡ ਬਹੁਤ ਜ਼ਿਆਦਾ ਬੌਖਲਾ ਗਿਆ। ਕੁਝ ਥਾਵਾਂ 'ਤੇ ਮਾਮੂਲੀ ਹਿੰਸਾ ਵੀ ਹੋਈ, ਇਲਾਹਾਬਾਦ ਦੇ ਇਕ ਇਲਾਕੇ 'ਚ ਮੁਜ਼ਾਹਰਾਕਾਰੀਆਂ ਨੇ ਪੁਲਿਸ ਉੱਪਰ ਪਥਰਾਓ ਕੀਤਾ। ਇਹ ਸਧਾਰਣ ਪ੍ਰਤੀਕਰਮ ਸੀ। ਮਹੰਤ ਅਦਿੱਤਿਆਨਾਥ ਸਰਕਾਰ ਨੇ ਇਸ ਕਥਿਤ ਹਿੰਸਾ ਦੇ ਬਹਾਨੇ 'ਮਿਸਾਲੀ ਸਜ਼ਾਵਾਂ' ਦੇਣ ਲਈ ਘੱਟਗਿਣਤੀ ਮੁਸਲਿਮ ਭਾਈਚਾਰੇ ਦੇ ਉਨ੍ਹਾਂ ਆਗੂਆਂ ਦੇ ਘਰ ਤੋੜਨੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਨੇ ਨਾਗਰਿਕਤਾ ਸੋਧ ਕਾਨੂੰਨ ਅਤੇ ਨਾਗਰਿਕ ਰਜਿਸਟਰ ਦੀ ਭਗਵੀਂ ਫਿਰਕਾਪ੍ਰਸਤ ਸਾਜ਼ਿਸ਼ ਵਿਰੁੱਧ ਅੰਦੋਲਨ ਵਿਚ ਆਗੂ ਭੂਮਿਕਾ ਨਿਭਾਈ ਸੀ। ਜਾਵੇਦ ਨੂੰ ਮੁੱਖ ਸਾਜ਼ਿਸ਼ਘਾੜਾ ਕਰਾਰ ਦੇ ਕੇ ਉਸ ਘਰ ਉੱਪਰ ਬੁਲਡੋਜ਼ਰ ਚਲਾ ਦਿੱਤਾ ਗਿਆ ਜੋ ਕਿ ਉਸ ਦੇ ਨਾਮ ਵੀ ਨਹੀਂ ਹੈ। ਇਹ ਜਾਵੇਦ ਦੀ ਪਤਨੀ ਦੇ ਨਾਮ ਹੈ, ਪਰ ਨੋਟਿਸ ਉਸ ਦੀ ਬਜਾਏ ਜਾਵੇਦ ਦੇ ਨਾਮ 'ਤੇ ਜਾਰੀ ਕਰਨਾ ਆਪਣੇ ਆਪ ਵਿਚ ਹੀ ਗ਼ੈਰਕਾਨੂੰਨੀ ਹੈ। ਘਰ ਢਾਹਿਆ ਵੀ ਉਦੋਂ ਗਿਆ ਜਦੋਂ ਪਰਿਵਾਰ ਪੁਲਿਸ ਹਿਰਾਸਤ 'ਚ ਹੈ।

ਘਰ ਦੀ ਉਸਾਰੀ ਗ਼ੈਰਕਾਨੂੰਨੀ ਐਲਾਨ ਦਿੱਤੀ ਗਈ। ਨੋਟਿਸ ਰਾਤ ਨੂੰ ਜਾਰੀ ਕੀਤਾ ਗਿਆ ਤਾਂ ਜੁ ਪਰਿਵਾਰ ਅਦਾਲਤ ਤੱਕ ਪਹੁੰਚ ਕਰਕੇ ਕਾਨੂੰਨੀ ਚਾਰਾਜੋਈ ਨਾ ਕਰ ਸਕੇ। ਜੇ ਘਰ ਦੀ ਉਸਾਰੀ ਗ਼ੈਰਕਾਨੂੰਨੀ ਸੀ ਤਾਂ ਐਨੇ ਸਾਲਾਂ ਤੋਂ ਮੁਕਾਮੀ ਪ੍ਰਸ਼ਾਸਨ ਅਤੇ ਸਰਕਾਰ ਚੁੱਪ ਕਿਉਂ ਸੀ। ਬਾਕਾਇਦਾ ਪ੍ਰਕਿਰਿਆ ਅਪਣਾਉਣ ਦੀ ਬਜਾਏ ਹੁਣ ਅਚਾਨਕ ਗ਼ੈਰਕਾਨੂੰਨੀ ਤਰੀਕਾ ਅਖ਼ਤਿਆਰ ਕਰਨ ਦੀ ਜ਼ਰੂਰਤ ਉਦੋਂ ਹੀ ਕਿਉਂ ਪਈ ਜਦੋਂ ਮੁਸਲਮਾਨ ਘੱਟਗਿਣਤੀ ਰੋਸ ਪ੍ਰਗਟਾਉਣ ਲਈ ਸੜਕਾਂ ਉੱਪਰ ਆਈ ਹੋਈ ਹੈ। ਜਹਾਂਗੀਰਪੁਰੀ (ਦਿੱਲੀ), ਖ਼ਰਗੋਨ (ਮੱਧ ਪ੍ਰਦੇਸ਼), ਅਤੇ ਉੱਤਰ ਪ੍ਰਦੇਸ਼ ਦੇ ਸਹਾਰਨਪੁਰ, ਕਾਨਪੁਰ, ਇਲਾਹਾਬਾਦ ਵਿਚ ਇਕ ਸਾਫ਼ ਪੈਟਰਨ ਦੇਖਿਆ ਜਾ ਸਕਦਾ ਹੈ। ਪਹਿਲਾਂ ਹਿੰਸਾ ਦੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਣ ਦੇ ਹਕੂਮਤੀ ਐਲਾਨ ਕਰਕੇ ਦਹਿਸ਼ਤ ਅਤੇ ਡਰ ਫੈਲਾਓ ਅਤੇ ਆਪਣੇ ਹੱਕ 'ਚ ਬਹੁਗਿਣਤੀ ਫਿਰਕੇ ਦੀ ਰਾਏ ਬਣਾਓ। ਫਿਰ ਕਿਸੇ ਵੀ ਘਟਨਾ ਦੇ ਬਹਾਨੇ ਮੁਸਲਿਮ ਘਰਾਂ-ਦੁਕਾਨਾਂ ਨੂੰ ਗ਼ੈਰਕਾਨੂੰਨੀ ਉਸਾਰੀਆਂ ਕਰਾਰ ਦੇ ਕੇ ਅਚਾਨਕ ਅਣਉੱਚਿਤ ਤਰੀਕੇ ਨਾਲ ਗ਼ੈਰਕਾਨੂੰਨੀ ਦਾ ਨੋਟਿਸ ਜਾਰੀ ਕਰੋ ਅਤੇ ਪੁਲਿਸ ਫੋਰਸ ਦੇ ਜ਼ੋਰ ਬੁਲਡੋਜ਼ਰ ਚਲਾ ਦਿਓ। ਬੁਲਡੋਜ਼ਰ ਰਾਜ ਦਾ ਅਗਰਦੂਤ ਅਦਿੱਤਿਆਨਾਥ ਜਿਸ ਨੇ 2020 ਦੇ ਸ਼ੁਰੂ 'ਚ ਸੀਏਏ-ਐੱਨਆਰਸੀ-ਐੱਨਪੀਆਰ ਦਾ ਵਿਰੋਧ ਕਰਨ ਵਾਲੇ ਅੰਦੋਲਨਕਾਰੀਆਂ ਦੀਆਂ ਤਸਵੀਰਾਂ ਵਾਲੇ ਹੋਰਡਿੰਗ ਅਤੇ ਪੋਸਟਰ ਜਨਤਕ ਥਾਵਾਂ ਉੱਪਰ ਲਗਵਾ ਕੇ ਫ਼ਰਮਾਨ ਜਾਰੀ ਕਰ ਦਿੱਤਾ ਸੀ ਕਿ ਧਰਨੇ-ਪ੍ਰਦਰਸ਼ਨਾਂ ਦੌਰਾਨ ਹੋਏ ਕਥਿਤ ਨੁਕਸਾਨ ਦਾ ਹਰਜ਼ਾਨਾ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰਕੇ ਵਸੂਲਿਆ ਜਾਵੇਗਾ। ਹਾਈਕੋਰਟ ਦੇ ਆਦੇਸ਼ 'ਤੇ ਇਹ ਹੋਰਡਿੰਗ ਅਤੇ ਪੋਸਟਰ ਹਟਾਉਣੇ ਪਏ ਅਤੇ ਸੁਪਰੀਮ ਕੋਰਟ ਨੇ ਪ੍ਰਸ਼ਾਸਨ ਨੂੰ ਪ੍ਰਦਰਸ਼ਨਕਾਰੀਆਂ ਤੋਂ ਵਸੂਲੇ ਕਰੋੜਾਂ ਰੁਪਏ ਉਨ੍ਹਾਂ ਨੂੰ ਮੋੜਨ ਦਾ ਆਦੇਸ਼ ਦਿੱਤਾ। ਭਗਵੇਂ ਹੁਕਮਰਾਨ ਅਦਾਲਤੀ ਆਦੇਸ਼ਾਂ ਨੂੰ ਟਿੱਚ ਸਮਝਦੇ ਹਨ, ਹੁਣ ਉਨ੍ਹਾਂ ਨੇ ਬਹਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਕਿ ਉਸਾਰੀਆਂ ਗ਼ੈਰਕਾਨੂੰਨੀ ਹਨ।

ਕਥਿਤ ਹਿੰਸਾ ਕਿਸ ਨੇ ਕੀਤੀ, ਉਸ ਦੇ ਸਾਜ਼ਿਸ਼ ਘਾੜੇ ਕੌਣ ਸਨ, ਇਸ ਦੇ ਸਬੂਤ ਕੀ ਹਨ, ਲਾਏ ਗਏ ਇਲਜ਼ਾਮਾਂ ਨੂੰ ਸਾਬਤ ਕਰਕੇ ਦੋਸ਼ੀ ਨੂੰ ਸਜ਼ਾ ਦੇਣ ਦਾ ਬਾਕਾਇਦਾ ਤੌਰ 'ਤੇ ਸਥਾਪਿਤ ਕਾਨੂੰਨੀ ਤਰੀਕਾ ਹੈ। ਮਹਿਜ਼ ਇਲਜ਼ਾਮ ਲਗਾਉਣ ਨਾਲ ਕੋਈ ਦੋਸ਼ੀ ਸਾਬਤ ਨਹੀਂ ਹੋ ਜਾਂਦਾ। ਪਰ ਆਰਐੱਸਐੱਸ-ਭਾਜਪਾ ਰਾਜ ਨੇ ਕਾਨੂੰਨੀ ਪ੍ਰਕਿਰਿਆ ਰਾਹੀਂ ਦੋਸ਼ ਸਿੱਧ ਕਰਕੇ ਸਜ਼ਾਵਾਂ ਦੇਣ ਦੇ ਉਚਿਤ ਅਮਲ ਦੀਆਂ ਧੱਜੀਆਂ ਉਡਾ ਕੇ ਪੁਲਿਸ ਨੂੰ ਹੀ ਜੱਜ ਬਣਾ ਦਿੱਤਾ ਗਿਆ ਹੈ। ਇਹ ਸਜ਼ਾਵਾਂ ਦੇਣ ਦਾ ਬਦਲਾਲਊ ਫਾਸ਼ੀਵਾਦੀ ਰਸਤਾ ਹੈ। ਅਦਿੱਤਿਆਨਾਥ ਹਿੰਸਾ ਕਰਨ ਵਾਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਣ ਅਤੇ ਉਨ੍ਹਾਂ ਦੇ ਘਰ ਅਤੇ ਜਾਇਦਾਦਾਂ ਤੋੜਨ ਦੇ ਫ਼ਰਮਾਨ ਜਾਰੀ ਕਰ ਰਿਹਾ ਹੈ। ਪੁਲਿਸ ਅਧਿਕਾਰੀਆਂ ਨੇ ਜਾਵੇਦ ਨੂੰ ਹਿੰਸਾ ਦਾ 'ਮਾਸਟਰਮਾਈਂਡ' ਕਰਾਰ ਦਿੱਤਾ ਹੈ। ਜਦਕਿ ਨੋਟਿਸ ਗ਼ੈਰਕਾਨੂੰਨੀ ਉਸਾਰੀ ਦਾ ਜਾਰੀ ਕੀਤਾ ਗਿਆ। ਆਫ਼ਰੀਨ ਫ਼ਾਤਿਮਾ ਨੇ 11 ਜੂਨ ਦੀ ਰਾਤ ਨੂੰ ਹੀ ਵੀਡੀਓ ਸੰਦੇਸ਼ ਰਾਹੀਂ ਆਪਣਾ ਘਰ ਤੋੜੇ ਜਾਣ ਦਾ ਖ਼ਦਸ਼ਾ ਜ਼ਾਹਿਰ ਕੀਤਾ ਸੀ। ਜੋ ਕਿ ਅਗਲੇ ਦਿਨ ਸੱਚ ਹੋ ਗਿਆ। ਦਰਅਸਲ, ਹਿੰਸਾ ਦੇ ਮਾਸਟਰ ਮਾਈਂਡ ਦਾ ਪ੍ਰਚਾਰ ਮੁਸਲਮਾਨਾਂ ਵਿਰੁੱਧ ਬਹੁਗਿਣਤੀ ਲੋਕ ਰਾਇ ਤਿਆਰ ਕਰਨ ਲਈ ਕੀਤਾ ਜਾਂਦਾ ਹੈ। ਗ਼ੈਰਕਾਨੂੰਨੀ ਉਸਾਰੀ ਦਾ ਪ੍ਰਚਾਰ ਇਸ ਬਦਲਾਲਊ ਕਾਰਵਾਈ ਉੱਪਰ ਪਰਦਾ ਪਾਉਣ ਦਾ ਸ਼ਾਤਰ ਤਰੀਕਾ ਹੈ। ਇਹ ਕੋਈ ਨਾ ਕੋਈ ਬਹਾਨਾ ਬਣਾ ਕੇ ਘੱਟਗਿਣਤੀ ਮੁਸਲਿਮ ਭਾਈਚਾਰੇ ਦੀ ਆਵਾਜ਼ ਨੂੰ ਦਬਾਉਣ ਅਤੇ ਉਨ੍ਹਾਂ ਨੂੰ ਦਹਿਸ਼ਤਜ਼ਦਾ ਕਰਕੇ ਬਹੁਗਿਣਤੀ ਦੀ ਧੌਂਸ ਰਾਹੀਂ ਉਨ੍ਹਾਂ ਨੂੰ ਬੇਵਸ ਦੋਮ ਦਰਜੇ ਦੇ ਨਾਗਰਿਕ ਬਣਾਉਣ ਦੇ ਭਗਵੇਂ ਪ੍ਰੋਜੈਕਟ ਦਾ ਹਿੱਸਾ ਹੈ। ਯੂ.ਪੀ., ਗੁਜਰਾਤ, ਮੱਧ ਪ੍ਰਦੇਸ਼ ਅਤੇ ਦਿੱਲੀ ਵਿਚ ਬੁਲਡੋਜ਼ਰ ਰਾਜ ਪਹਿਲਾਂ ਹੀ ਬਹੁਤ ਸਾਰੇ ਮੁਸਲਮਾਨਾਂ ਪਰਿਵਾਰਾਂ ਨੂੰ ਆਰਥਕ ਤੌਰ 'ਤੇ ਦਰੜ ਚੁੱਕਾ ਹੈ।

ਗੋਦੀ ਮੀਡੀਆ ਸੰਘ ਬਰਗੇਡ ਵੱਲੋਂ ਘੜੇ ਝੂਠੇ ਬਿਰਤਾਂਤ ਨੂੰ ਪ੍ਰਚਾਰਨ 'ਚ ਪਿੱਛੇ ਨਹੀਂ ਰਹਿਣਾ ਚਾਹੁੰਦਾ। ਮੀਡੀਆ ਟਰਾਇਲ ਨੇ ਜਸ਼ਨੀਂ ਰਿਪੋਰਟਾਂ ਟੈਲੀਕਾਸਟ ਕੀਤੀਆਂ: 'ਮਾਸਟਰਮਾਈਂਡ ਨੂੰ ਮੁੱਲ ਚੁਕਾਉਣਾ ਪਿਆ', 'ਬੁਲਡੋਜ਼ਰ ਜਸਟਿਸ ਟਾਈਮ', 'ਉਹ ਕਾਰਵਾਈ ਨੂੰ ਭੁੱਲ ਨਹੀਂ ਸਕਣਗੇ', ਮੁੱਖ ਮੰਤਰੀ ਦੀ ਨੋ ਟੌਲਰੈਂਸ ਪਾਲਿਸੀ', 'ਕਾਨਪੁਰ ਕੇ ਬਾਦ ਪ੍ਰਯਾਗਰਾਜ ਮੇਂ ਬੁਲਡੋਜ਼ਰ ਐਕਸ਼ਨ', 'ਬੁਲਡੋਜਰ ਸੇ ਪ੍ਰਹਾਰ, ਯੋਗੀ ਕਾ ਸੰਦੇਸ਼ ਤੈਯਾਰ'। ਨਾਲ ਹੀ ਗੋਦੀ ਮੀਡੀਆ ਦੇ ਐਂਕਰਾਂ ਨੇ ਆਫ਼ਰੀਨ ਫ਼ਾਤਿਮਾ ਦੀਆਂ ਜੇ.ਐੱਨ.ਯੂ. ਦੀਆਂ ਸਰਗਰਮੀਆਂ ਨੂੰ ਸਨਸਨੀਖ਼ੇਜ਼ ਮੁੱਦਾ ਬਣਾ ਕੇ ਇਹ ਝੂਠ ਫੈਲਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਉਸ ਦੇ ਬਾਰੇ ਹੈਰਤਅੰਗੇਜ਼ ਖ਼ੁਲਾਸੇ ਹੋ ਰਹੇ ਹਨ। ਜੱਗ ਜ਼ਾਹਿਰ ਤੱਥਾਂ ਨੂੰ ਖ਼ੁਲਾਸੇ ਦੱਸ ਕੇ ਇਲਾਹਾਬਾਦ ਹਿੰਸਾ ਦੀਆਂ ਤਾਰਾਂ ਜੇ.ਐੱਨ.ਯੂ. ਨਾਲ ਜੁੜੀਆਂ ਹੋਣ ਦਾ ਬਿਰਤਾਂਤ ਘੜਿਆ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਆਫ਼ਰੀਨ ਸ਼ਾਹੀਨ ਬਾਗ਼ ਮੋਰਚੇ ਵਿਚ ਸਰਗਰਮ ਰਹੀ ਹੈ ਅਤੇ ਉਹ ਸ਼ਰਜ਼ੀਲ ਇਮਾਮ ਦੇ ਸੰਪਰਕ 'ਚ ਸੀ; ਉਹ ਜੇ.ਐੱਨ.ਯੂ. ਵਿਚ ਅਫ਼ਜ਼ਲ ਗੁਰੂ ਦੇ ਹੱਕ 'ਚ ਨਾਅਰੇਬਾਜ਼ੀ ਕਰਦੀ ਸੀ ਅਤੇ ਰਾਜਧ੍ਰੋਹੀ ਕਾਰਵਾਈਆਂ 'ਚ ਸ਼ਾਮਿਲ ਸੀ। ਕਿ ਉਹ 'ਟੁਕੜੇ-ਟੁਕੜੇ ਗੈਂਗ' ਦੀ ਤਜ਼ਰਬੇਕਾਰ ਮੈਂਬਰ ਹੈ, ਉਸ ਨੇ ਹੀ ਆਪਣੇ ਪਿਤਾ ਨੂੰ ਸਲਾਹ ਦਿੱਤੀ ਹੋਵੇਗੀ ਕਿ ਹਿੰਸਾ ਕਿਵੇਂ ਭੜਕਾਉਣੀ ਹੈ। ਖ਼ਦਸ਼ਾ ਇਹ ਹੈ ਕਿ ਜਿਵੇਂ ਉਮਰ ਖ਼ਾਲਿਦ, ਦੇਵਾਂਗਨਾ ਕਲੀਤਾ, ਨਤਾਸ਼ਾ ਨਰਵਾਲ ਅਤੇ ਯੂਨੀਵਰਸਿਟੀਆਂ ਦੇ ਹੋਰ ਸਰਗਰਮ ਵਿਦਿਆਰਥੀਆਂ ਨੂੰ ਦਿੱਲੀ ਹਿੰਸਾ ਦਾ ਝੂਠਾ ਸਾਜ਼ਿਸ਼ ਕੇਸ ਬਣਾ ਕੇ ਜੇਲ੍ਹਾਂ ਵਿਚ ਸਾੜਿਆ ਗਿਆ, ਆਉਣ ਵਾਲੇ ਦਿਨਾਂ 'ਚ ਪੁਲਿਸ ਯੂ.ਪੀ. ਦੀਆਂ ਘਟਨਾਵਾਂ ਨੂੰ ਇਕ ਨਵੀਂ ਸਾਜ਼ਿਸ਼ ਕਰਾਰ ਦੇ ਕੇ ਅਤੇ ਆਫ਼ਰੀਨ ਫ਼ਾਤਿਮਾ ਨੂੰ ਇਸ ਦੀ ਮੁੱਖ ਸਾਜ਼ਿਸ਼ਘਾੜਾ ਬਣਾ ਕੇ ਉਸ ਨੂੰ ਅਤੇ ਹੋਰ ਇਨਸਾਫ਼ਪਸੰਦ ਆਵਾਜ਼ਾਂ ਨੂੰ ਵੀ ਜੇਲ੍ਹਾਂ 'ਚ ਡੱਕ ਸਕਦੀ ਹੈ।

'ਅਗਨੀਪੱਥ' ਸਕੀਮ ਵਿਰੁੱਧ ਹਿੰਸਾ ਕਰਨ ਵਾਲੇ ਪ੍ਰਦਰਸ਼ਨਕਾਰੀਆਂ ਵਿਰੁੱਧ ਯੋਗੀ ਹਕੂਮਤ ਦਾ ਰਵੱਈਆ ਬਿਲਕੁਲ ਵੱਖਰਾ ਹੈ। ਇਸ ਤੋਂ ਵੀ ਸਾਬਤ ਹੁੰਦਾ ਹੈ ਕਿ ਬੁਲਡੋਜ਼ਰ ਕਾਰਵਾਈ ਸਪਸ਼ਟ ਤੌਰ 'ਤੇ ਮੁਸਲਿਮ ਵਿਰੋਧੀ ਹੈ। ਜਿੱਥੋਂ ਤੱਕ ਹਿੰਸਾ ਦਾ ਸਵਾਲ ਹੈ, ਸਭ ਤੋਂ ਵੱਧ ਖ਼ੂੰਖ਼ਾਰ ਹਿੰਸਕ ਤਾਕਤ ਭਾਜਪਾ ਅਤੇ ਇਸ ਦਾ ਸੰਘ ਪਰਿਵਾਰ ਹੈ। ਭਾਜਪਾ ਅਤੇ ਹੋਰ ਹਿੰਦੂਤਵੀ ਜਥੇਬੰਦੀਆਂ ਦੇ ਆਗੂ ਅਤੇ ਬੁਲਾਰੇ ਖ਼ੁੱਲ੍ਹੇਆਮ ਨਫ਼ਰਤ ਫੈਲਾਉਂਦੇ ਦੇਖੇ ਜਾ ਸਕਦੇ ਹਨ। ਜੇ ਪੈਮਾਨਾ ਹਿੰਸਾ ਦਾ ਯੋਜਨਾਘਾੜਾ ਹੋਣਾ ਅਤੇ ਦਹਿਸ਼ਤਵਾਦ ਦੀ ਹਮਾਇਤ ਹੈ ਤਾਂ ਸਭ ਤੋਂ ਪਹਿਲਾਂ ਕਾਰਵਾਈ ਯਤੀ ਨਰਸਿੰਘਾਨੰਦ ਵਰਗੇ ਉਨ੍ਹਾਂ ਨਕਲੀ ਸੰਤਾਂ-ਮਹੰਤਾਂ ਵਿਰੁੱਧ ਹੋਣੀ ਚਾਹੀਦੀ ਸੀ ਜੋ ਹਿੰਦੂਆਂ ਨੂੰ ਹਥਿਆਰਬੰਦ ਹੋ ਕੇ ਬਦਲਾ ਲੈਣ, ਮੁਸਲਮਾਨਾਂ ਦਾ ਕਤਲੇਆਮ ਕਰਨ ਅਤੇ ਮੁਸਲਮਾਨ ਔਰਤਾਂ ਦੇ ਬਲਾਤਕਾਰ ਕਰਨ ਦੇ ਸੱਦੇ 'ਧਰਮਸੰਸਦਾਂ' ਆਯੋਜਿਤ ਕਰਕੇ ਦਿੰਦੇ ਹਨ। ਇਹ ਸੱਦੇ ਅਕਸਰ ਹੀ ਭਾਜਪਾ ਦੇ ਆਗੂਆਂ ਅਤੇ ਮੰਤਰੀਆਂ ਦੀ ਹਾਜ਼ਰੀ ਅਤੇ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ 'ਚ ਦਿੱਤੇ ਜਾਂਦੇ ਹਨ। ਫਿਰਕੂ ਨਾਗਰਿਕਤਾ ਸੋਧ ਕਾਨੂੰਨ ਅਤੇ ਨਾਗਰਿਕ ਰਜਿਸਟਰ ਵਿਰੁੱਧ ਜਾਇਜ਼ ਅੰਦੋਲਨਾਂ ਨੂੰ ਕੁਚਲਣ ਲਈ ਭਾਜਪਾ ਦੇ ਆਗੂਆਂ ਕਪਿਲ ਮਿਸ਼ਰਾ ਅਤੇ ਅਨੁਰਾਗ ਠਾਕੁਰ ਆਦਿ ਨੇ ਨਾ ਸਿਰਫ਼ 'ਦੇਸ਼ ਕੇ ਗ਼ਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ' ਦੇ ਸੱਦੇ ਦੇ ਕੇ ਜਨੂੰਨੀ ਹਜੂਮਾਂ ਨੂੰ ਪ੍ਰਦਰਸ਼ਨਕਾਰੀਆਂ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਮੁਸਲਮਾਨ ਔਰਤਾਂ/ਲੜਕੀਆਂ ਅਤੇ ਪੁਰਅਮਨ ਇਨਸਾਫ਼ਪਸੰਦ ਨਾਗਰਿਕ ਸ਼ਾਮਿਲ ਸਨ, ਉੱਪਰ ਹਮਲੇ ਕਰਨ ਲਈ ਉਕਸਾਇਆ ਸਗੋਂ ਸਮਾਜ ਵਿਰੋਧੀ ਅਨਸਰਾਂ ਅਤੇ ਗੁੰਡਿਆਂ ਨੂੰ ਲਾਮਬੰਦ ਕਰਕੇ ਉਨ੍ਹਾਂ ਦੀ ਅਗਵਾਈ ਵੀ ਕੀਤੀ। ਆਰ.ਐੱਸ.ਐੱਸ. ਅਤੇ ਇਸ ਦੀਆਂ ਫਰੰਟ ਜਥੇਬੰਦੀਆਂ ਦੀਆਂ ਹਿੰਸਕ ਪੈੜਾਂ 1947 ਦੀ ਫਿਰਕੂ ਵੰਡ, ਮਹਾਤਮਾ ਗਾਂਧੀ ਦੇ ਕਤਲ ਤੋਂ ਲੈ ਕੇ ਅਸਾਮ ਦੇ ਨੇਲੀ ਕਤਲੇਆਮ, 1984 'ਚ ਸਿੱਖਾਂ ਦੇ ਕਤਲੇਆਮ, ਬਾਬਰੀ ਮਸਜਿਦ ਢਾਹੇ ਜਾਣ, ਗੁਜਰਾਤ ਕਤਲੇਆਮ (2002), ਪੂਰਬ-ਉੱਤਰੀ ਦਿੱਲੀ ਦੀ ਹਿੰਸਾ (ਫਰਵਰੀ 2020) ਅਤੇ ਹਜੂਮੀ ਕਤਲਾਂ ਤੱਕ ਦੇਖੀਆਂ ਜਾ ਸਕਦੀਆਂ ਹਨ। ਕੁਝ ਮਹੀਨੇ ਪਹਿਲਾਂ ਰਾਮ ਨੌਮੀ ਦੇ ਮੌਕੇ 'ਤੇ ਦਿੱਲੀ ਦੇ ਜਹਾਂਗੀਰਪੁਰੀ ਇਲਾਕੇ ਅਤੇ ਮੁਲਕ ਦੇ ਹੋਰ ਹਿੱਸਿਆਂ 'ਚ ਕੱਢੇ ਗਏ ਜਲੂਸਾਂ 'ਚ ਭਗਵੀਂ ਹਿੰਸਾ ਅਤੇ ਨਫ਼ਰਤ ਦਾ ਮੁਜ਼ਾਹਰਾ ਪੂਰੀ ਦੁਨੀਆ ਨੇ ਦੇਖਿਆ। ਸਾਧਵੀ ਪ੍ਰੱਗਿਆ ਅਤੇ ਹੋਰ ਭਗਵੇਂ ਆਗੂਆਂ ਤੇ ਕਾਰਕੁੰਨਾਂ ਦੀ ਦਹਿਸ਼ਤਵਾਦੀ ਭੂਮਿਕਾ ਜੱਗ ਜ਼ਾਹਿਰ ਹੈ ਜਿਨ੍ਹਾਂ ਨੇ ਸਮਝੌਤਾ ਐਕਸਪ੍ਰੈੱਸ ਅਤੇ ਹੋਰ ਬੰਬ ਕਾਂਡਾਂ ਨੂੰ ਅੰਜਾਮ ਦੇ ਕੇ ਸੈਂਕੜੇ ਮਾਸੂਮ ਲੋਕਾਂ ਦੀਆਂ ਜਾਨਾਂ ਲਈਆਂ। ਲਖੀਮਪੁਰ ਖੀਰੀ 'ਚ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਗੱਡੀਆਂ ਹੇਠ ਕੁਚਲ ਕੇ ਮਾਰਨ ਵਾਲੇ ਅਜੈ ਮਿਸ਼ਰਾ ਟੈਨੀ ਦੇ ਘਰ ਵੱਲ ਅਦਿੱਤਿਆਨਾਥ ਦਾ ਬੁਲਡੋਜ਼ਰ ਮੂੰਹ ਨਹੀਂ ਕਰੇਗਾ ਕਿਉਂਕਿ ਸੰਘ ਬਰਗੇਡ ਦਾ ਆਪਣਾ ਗੁੰਡਾ ਹੈ। ਭਗਵੀਂ ਹਕੂਮਤ ਇਨ੍ਹਾਂ ਤਮਾਮ ਦਹਿਸ਼ਤਵਾਦੀਆਂ ਦੀਆਂ ਕਾਰਵਾਈਆਂ ਦੀ ਰਾਜਸੀ ਅਤੇ ਰਾਜਕੀ ਪੁਸ਼ਤਪਨਾਹੀ ਕਰਦੀ ਹੈ। ਕਦੇ ਕਿਸੇ ਇਕ ਵੀ ਹਿੰਦੂ ਦੰਗਈ ਜਾਂ ਦਹਿਸ਼ਤੀ ਸਰਗਨੇ ਵਿਰੁੱਧ ਕਾਨੂੰਨੀ ਕਾਰਵਾਈ ਨਹੀਂ ਹੋਈ।

ਹੁਣ ਉਡੀਕਣ ਦਾ ਵਕਤ ਨਹੀਂ ਹੈ। ਬੁਲਡੋਜ਼ਰ ਰਾਹੀਂ ਗ਼ੈਰਅਦਾਲਤੀ ਸਜ਼ਾਵਾਂ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਇਨਸਾਫ਼ਪਸੰਦ ਤਾਕਤਾਂ ਨੂੰ ਇਸ ਬੁਲਡੋਜ਼ਰ ਨੀਤੀ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣ ਅਤੇ ਬੁਲਡੋਜ਼ਰ ਰਾਜ ਨੂੰ ਠੱਲ ਪਾਉਣ ਲਈ ਸੜਕਾਂ ਉੱਪਰ ਆਉਣਾ ਚਾਹੀਦਾ ਹੈ। ਸੰਵਿਧਾਨ ਦੀ ਧਾਰਾ 21 ਅਨੁਸਾਰ ਰੈਣ-ਬਸੇਰਾ ਨਾਗਰਿਕ ਦਾ ਬੁਨਿਆਦੀ ਹੱਕ ਹੈ। ਦਰਅਸਲ ਬੁਲਡੋਜ਼ਰ ਕਿਸੇ ਮੁਸਲਮਾਨ ਦੇ ਘਰ ਉੱਪਰ ਨਹੀਂ ਦਰਅਸਲ ਨਾਗਰਿਕ ਦੇ ਸੁਰੱਖਿਅਤ ਰੈਣ-ਬਸੇਰੇ ਦੇ ਬੁਨਿਆਦੀ ਹੱਕ ਉੱਪਰ ਚਲਾਇਆ ਜਾ ਰਿਹਾ ਹੈ। ਜੋ ਬੁਲਡੋਜ਼ਰ ਅੱਜ ਮੁਸਲਮਾਨ ਆਗੂਆਂ/ਕਾਰਕੁੰਨਾਂ ਦੇ ਘਰਾਂ ਉੱਪਰ ਚੱਲ ਰਿਹਾ ਹੈ ਇਹ ਇੱਥੇ ਰੁਕਣ ਵਾਲਾ ਨਹੀਂ ਹੈ। ਉਹ ਦਿਨ ਦੂਰ ਨਹੀਂ ਜਦੋਂ ਕੱਲ੍ਹ ਕਲੋਤਰ ਨੂੰ ਇਹ ਬੁਲਡੋਜ਼ਰ ਮੁਲਕ ਦੇ ਕਿਸੇ ਵੀ ਹਿੱਸੇ ਵਿਚ ਕਿਸੇ ਵੀ ਕਿਸਾਨ ਮਜ਼ਦੂਰ, ਵਿਦਿਆਰਥੀ ਜਾਂ ਮੁਲਾਜ਼ਮ ਜਥੇਬੰਦੀ ਦੇ ਆਗੂ/ਕਾਰਕੁੰਨ ਦੇ ਘਰ ਨੂੰ ਮਲਬੇ ਦਾ ਢੇਰ ਬਣਾਉਣ ਲਈ ਪਹੁੰਚ ਜਾਵੇਗਾ।

# ਔਰਤਾਂ ਤੋਂ ਬਗੈਰ ਕੋਈ ਜਨਤਕ ਅੰਦੋਲਨ ਨਹੀਂ ਹੋ ਸਕਦਾ-ਜੀਤਾ ਕੌਰ

27-28 ਮਈ 2007 ਨੂੰ ਦਿੱਲੀ 'ਚ ਪਾਰਟੀ ਦੇ ਕੇਂਦਰੀ ਦਫਤਰ ਵਿੱਚ ਜੀਤਾ ਕੌਰ ਨਾਲ ਗੱਲਬਾਤ ਹੋਈ, ਜੋ ਆਖਰੀ ਇੰਟਰਵਿਊ ਸਿੱਧ ਹੋਈ, ਕਿਉਂਕਿ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦੇ ਆਖਰੀ ਪੜਾਅ ਨਾਲ ਜੂਝ ਰਹੀ ਇਹ ਦਲੇਰ ਔਰਤ ਇਸ ਮੁਲਾਕਾਤ ਦੇ ਕੁਝ ਦਿਨਾਂ ਬਾਅਦ 23 ਜੂਨ ਨੂੰ ਸਦੀਵੀ ਵਿਛੋੜਾ ਦੇ ਗਈ। ਅੱਜ ਉਹਨਾਂ ਦੀ ਤੇਰਵੀਂ ਬਰਸੀ ਮੌਕੇ ਉਹਨਾਂ ਨੂੰ ਚੇਤੇ ਕਰਦਿਆਂ ਉਹਨਾਂ ਨਾਲ ਹੋਈ ਇਹ ਆਖਰੀ ਗੱਲਬਾਤ ਇਕ ਵਾਰ ਫੇਰ ਪਾਠਕਾਂ, ਸਰੋਤਿਆਂ ਦੇ ਰੂਬਰੂ ਕਰ ਰਹੇ ਹਾਂ। -ਹਰਭਗਵਾਨ ਭੀਖੀ





**ਸਵਾਲ- ਕਾਮਰੇਡ ਜੀਤਾ ਕੌਰ ਜੀ, ਆਪਣੇ ਪਿਛੋਕੜ ਬਾਰੇ ਕੁਝ ਦੱਸੋ?**

**ਜੁਆਬ-** 2 ਫਰਵਰੀ 1959 ਨੂੰ ਮੇਰਾ ਜਨਮ ਹੋਇਆ ਸੀ, ਮਾਂ ਸੁਰਜੀਤ ਕੌਰ ਤੇ ਪਿਤਾ ਰਤਨ ਸਿੰਘ ਪੱਕੇ ਤੌਰ 'ਤੇ ਗੋਰਖਪੁਰ (ਯੂ ਪੀ) ਰਹਿੰਦੇ ਸਨ, ਪਰ ਸਾਡਾ ਪਰਿਵਾਰਕ ਪਿਛੋਕੜ ਗੁਰਦਾਸਪੁਰ ਜ਼ਿਲ੍ਹੇ ਦਾ ਬਟਾਲਾ ਹਲਕਾ ਹੈ। ਅਸੀਂ ਛੇ ਭੈਣ ਭਰਾ ਸੀ, ਮੈਂ ਇੱਕ ਭੈਣ ਤੇ ਇੱਕ ਭਰਾ ਤੋਂ ਛੋਟੀ ਹਾਂ, ਮੇਰੇ ਇੱਕ ਭਰਾ ਦੀ ਪਿੱਛੇ ਜਿਹੇ ਰੇਲ ਹਾਦਸੇ 'ਚ ਮੌਤ ਹੋ ਗਈ ਸੀ।

**ਸਵਾਲ- ਤੁਹਾਡਾ ਪਰਿਵਾਰ ਪੰਜਾਬ ਛੱਡ ਕੇ ਗੋਰਖਪੁਰ ਕਿਵੇਂ ਰਹਿਣ ਲੱਗਿਆ, ਕੋਈ ਖਾਸ ਵਜਾ ਸੀ?**

**ਜੁਆਬ-** ਅਸਲ 'ਚ ਮੇਰੇ ਤਿੰਨ ਚਾਚੇ ਪਹਿਲਾਂ ਹੀ ਲਖਨਊ ਰਹਿੰਦੇ ਸਨ, ਜਦੋਂ ਕਿ ਮੇਰੇ ਮਾਪੇ ਆਪਣੇ ਵਿਆਹ ਤੋਂ ਬਾਅਦ ਬਟਾਲਾ ਛੱਡ ਕੇ ਲਖਨਊ ਗਏ ਸਨ। ਇੱਥੇ ਮੇਰੇ ਪਿਤਾ ਜੀ ਨੇ ਸਾਈਕਲ ਫੈਕਟਰੀ ਚ ਕੰਮ ਕੀਤਾ, ਮੇਰੇ ਵੱਡੇ ਭਰਾ ਦਾ ਜਨਮ ਵੀ ਲਖਨਊ 'ਚ ਹੀ ਹੋਇਆ ਸੀ। 1950 ਵਿੱਚ ਮੇਰੇ ਦਾਦਾ ਜੀ ਦੇ ਕਹਿਣ ਤੇ ਮੇਰੇ ਮਾਪੇ ਪੱਕੇ ਤੌਰ ਤੇ ਹੀ ਗੋਰਖਪੁਰ ਚਲੇ ਗਏ। ਇੱਥੇ ਮੇਰੇ ਪਿਤਾ ਜੀ ਰਾਜਨੀਤੀ ਅਤੇ ਗੁਰਦੁਆਰਾ ਕਮੇਟੀ ਨਾਲ ਜੁੜੇ।

**ਸਵਾਲ- ਆਪਣੀ ਪੜ੍ਹਾਈ ਬਾਰੇ ਕੁਝ ਦੱਸੋ?**

**ਜੁਆਬ-** ਮੈਂ ਬਾਲ ਵਿਕਾਸ ਸਕੂਲ ਤੋਂ ਮੈਟ੍ਰਿਕ ਅਤੇ ਇਮਾਮਵਾੜਾ ਮੁਸਲਿਮ ਕਾਲਜ ਗੋਰਖਪੁਰ ਤੋਂ ਪ੍ਰੈਪ ਕੀਤੀ ਅਤੇ 1979 ਚ ਗੋਰਖਪੁਰ ਯੂਨੀਵਰਸਿਟੀ ਤੋਂ ਬੀਏ ਦੀ ਡਿਗਰੀ ਲਈ ਸੀ।

**ਸਵਾਲ- ਕੀ ਤੁਸੀਂ ਇਸ ਤੋਂ ਅੱਗੇ ਪੜ੍ਹਨ ਦੀ ਕੋਸ਼ਿਸ਼ ਕੀਤੀ?**

**ਜੁਆਬ-** ਬੀ ਏ ਕਰਨ ਤੋਂ ਬਾਅਦ ਮੈਂ ਗੋਰਖਪੁਰ ਯੂਨੀਵਰਸਿਟੀ ਵਿੱਚ ਰਾਜਨੀਤੀ ਸ਼ਾਸਤਰ ਦੀ ਐਮ ਏ ਵਿੱਚ ਦਾਖਲਾ ਲੈ ਲਿਆ, ਪਰ ਮੇਰੇ ਪਿਤਾ ਜੀ ਚਾਹੁੰਦੇ ਸਨ ਕਿ ਮੈਂ ਆਈ ਏ ਐਸ, ਜਾਂ ਪੀ ਸੀ ਐਸ ਦੀ ਤਿਆਰੀ ਕਰਾਂ ਤੇ ਉੱਚ ਅਫਸਰ ਬਣਾਂ। ਪਿਤਾ ਜੀ ਨੇ ਇਸ ਦੀ ਤਿਆਰੀ ਲਈ ਮੇਰੀ ਟਿਊਸ਼ਨ ਰਖਵਾ ਦਿੱਤੀ। ਮੈਨੂੰ ਟਿਊਸ਼ਨ ਪੜ੍ਹਾਉਣ ਵਾਲਾ ਮੁੰਡਾ ਪੰਡਤਾਂ ਦਾ ਸੀ ਤੇ ਉਹ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਾ ਟੌਪਰ ਸੀ। ਇਸ ਟਿਊਸ਼ਨ ਦੌਰਾਨ ਸਾਡੇ ਦੋਵਾਂ ਦਰਮਿਆਨ ਦੋਸਤੀ ਹੋਈ, ਜੋ ਬਾਅਦ ਵਿੱਚ ਇਕੱਠੇ ਜਿਉਣ ਮਰਨ ਦੀਆਂ ਕਸਮਾਂ ਵਿੱਚ ਬਦਲ ਗਈ। ਸਾਡਾ ਪਿਆਰ ਅਜੇ ਪੁੰਗਰਿਆ ਹੀ ਸੀ ਕਿ ਘਰ ਵਿੱਚ ਭਿਣਕ ਪੈ ਗਈ। ਬੱਸ ਫੇਰ ਕੀ ਸੀ.., ਮੇਰੀ ਕੁੱਟਮਾਰ ਹੋਈ, ਯੂਨੀਵਰਸਿਟੀ ਤੇ ਟਿਊਸ਼ਨ ਦੋਵਾਂ ਥਾਵਾਂ ਤੋਂ ਪੜ੍ਹਨੋਂ ਹਟਾ ਲਿਆ ਗਿਆ, ਮੇਰੀ ਐਮ ਏ ਦੀ ਪੜ੍ਹਾਈ ਅਧਵਾਟੇ ਹੀ ਛੁੱਟ ਗਈ।

**ਸਵਾਲ- ਫੇਰ ਤੁਹਾਡੇ ਇਕੱਠੇ ਜਿਉਣ ਮਰਨ ਵਾਲੇ ਵਾਅਦੇ..??**

**ਜੁਆਬ-** ਮੈਂ ਵੀ ਹੋਰ ਕੁੜੀਆਂ ਵਾਂਗ ਆਪਣੇ ਪਿਆਰ ਨੂੰ ਹਾਸਲ ਕਰਨਾ ਚਾਹੁੰਦੀ ਸੀ, ਇਸ ਚਾਹਤ ਕਾਰਨ ਹੀ ਮੈਂ ਘਰੋਂ ਜਿਵੇਂ ਕਿਵੇਂ ਘਰੋਂ ਨਿਕਲੀ ਤੇ ਆਪਣੇ ਦੋਸਤ ਨੂੰ ਮਿਲੀ, ਸਾਰੀ ਸਥਿਤੀ ਬਾਰੇ ਗੱਲ ਕੀਤੀ ਤਾਂ ਉਸ ਨੇ ਸੁਝਾਅ ਦਿੱਤਾ ਕਿ ਘਰੋਂ ਭੱਜ ਕੇ ਵਿਆਹ ਕਰਵਾ ਲੈਂਦੇ ਹਾਂ। ਮੈਂ ਉਸ ਦੇ ਇਸ ਸੁਝਾਅ ਨਾਲ ਸਹਿਮਤ ਨਹੀਂ ਸੀ, ਕਿਉਂਕਿ ਮੈਂ ਤਾਂ ਸਮਾਜ ਦੀਆਂ ਅੱਖਾਂ ਚ ਅੱਖਾਂ ਪਾ ਕੇ ਆਪਣੀ ਜ਼ਿੰਦਗੀ ਦਾ ਫੈਸਲਾ ਕਰਨਾ ਚਾਹੁੰਦੀ ਸੀ। ਮੈਂ ਉਹਨੂੰ ਕਿਹਾ ਕਿ ਆਪਣੇ ਘਰ ਜਾ ਕੇ ਮਾਪਿਆਂ ਨਾਲ ਗੱਲ ਕਰ, ਪਰ ਉਹ ਡਰ ਗਿਆ ਤੇ ਮੇਰੀ ਇਸ ਗੱਲ ਨਾਲ ਸਹਿਮਤ ਨਾ ਹੋਇਆ। ਉਸ ਦੇ ਡਰ ਕੇ ਪਾਸਾ ਵੱਟ ਜਾਣ ਕਾਰਨ ਮੈਨੂੰ ਬਹੁਤ ਠੇਸ ਵੱਜੀ, ਮੈਂ ਬੁਰੀ ਤਰ੍ਹਾਂ ਨਿਰਾਸ਼ ਹੋ ਗਈ, ਟੁੱਟ ਗਈ। ਮੈਨੂੰ ਮਰਦਾਂ ਨਾਲ ਨਫਰਤ ਜਿਹੀ ਹੋ ਗਈ, ਮੇਰੇ ਵਿਆਹ ਨਾ ਕਰਵਾਉਣ ਦੇ ਫੈਸਲੇ ਪਿੱਛੇ ਇਸੇ ਘਟਨਾ ਦਾ ਵੱਡਾ ਹੱਥ ਹੈ।

**ਸਵਾਲ- ਇਹਦਾ ਮਤਲਬ ਪਿਆਰ ਤੇ ਪੜ੍ਹਾਈ ਦੋਵੇਂ ਖੁੱਸ ਗਏ?**

**ਜੁਆਬ-** ਪ੍ਰੇਮੀ ਦਾ ਸਾਥ ਤਾਂ ਭਾਵੇਂ ਛੁੱਟ ਗਿਆ, ਪਰ ਪੜ੍ਹਾਈ ਮੇਰੀ ਜ਼ਿੰਦਗੀ ਤੋਂ ਕਦੇ ਵੱਖ ਨਹੀਂ ਹੋਈ। ਘਰ ਰਹਿੰਦਿਆਂ ਮੈਂ ਆਪਣੇ ਆਪ ਨੂੰ ਸਾਹਿਤ ਨਾਲ ਜੋੜ ਲਿਆ, ਕਾਦੰਮਨੀ ਵਰਗੇ ਸਾਹਿਤਕ ਪਰਚੇ ਘਰ ਆਉਂਦੇ ਸਨ, ਮੈਂ ਪੜ੍ਹਦੀ ਰਹਿੰਦੀ, ਹੋਰ ਉਸਾਰੂ ਸਾਹਿਤ ਨਾਲ ਜੁੜਦੀ ਗਈ। ਚੁੱਪ ਰਹਿਣਾ ਤੇ ਪੜ੍ਹਦੇ ਰਹਿਣਾ ਮੇਰੀ ਆਦਤ ਬਣ ਗਈ। ਕੁਝ ਚਿਰ ਮਗਰੋਂ ਮੇਰੇ ਪ੍ਰੇਮ ਪ੍ਰਸੰਗ ਦੀ ਘਰ ਚ ਚਰਚਾ ਬੰਦ ਹੋ ਗਈ, ਮਾਹੌਲ ਆਮ ਵਰਗਾ ਹੋਣ ਲੱਗਿਆ। ਮੇਰੀ ਲਗਾਤਾਰ ਪੜ੍ਹਨ ਦੀ ਰੁਚੀ ਨੂੰ ਵੇਖ ਕੇ ਹੀ ਮੇਰੇ ਭਰਾਵਾਂ ਖਾਸ ਕਰਕੇ ਸਤਨਾਮ ਵੱਲੋਂ ਪਰਿਵਾਰ ਉੱਤੇ ਮੈਨੂੰ ਮੁੜ ਪੜ੍ਹਨ ਲਈ ਪਾਏ ਗਏ ਦਬਾਅ ਕਾਰਨ ਹੀ ਮੈਂ ਮੁੜ ਹਿੰਦੀ ਸਾਹਿਤ ਦੀ ਐਮ ਏ 'ਚ ਦਾਖਲਾ ਲੈ ਲਿਆ।

**ਸਵਾਲ- ਰਾਜਨੀਤੀ ਦੀ ਚੇਟਕ ਕਿਵੇਂ ਲੱਗੀ?**

**ਜੁਆਬ-** ਸਾਡੇ ਘਰ 'ਚ ਹੀ ਰਾਜਨੀਤਕ ਮਹੌਲ ਸੀ। ਮੇਰੇ ਪਿਤਾ ਸ. ਰਤਨ ਸਿੰਘ ਭਾਰਤੀ ਕ੍ਰਾਂਤੀ ਦਲ ਦੇ ਸਰਗਰਮ ਆਗੂ ਸਨ, ਇਸ ਪਾਰਟੀ ਦੀ ਟਿਕਟ ਤੋਂ ਉਹਨਾਂ ਨੇ ਦੋ ਵਾਰ ਵਿਧਾਨ ਸਭਾ ਦੀ ਚੋਣ ਲਈ ਲੜੀ, ਜਦੋਂਕਿ ਤੀਜੀ ਵਾਰ ਕਾਂਗਰਸੀਆਂ ਨੇ ਮੇਰੇ ਪਿਤਾ ਜੀ ਦਾ ਐਕਸੀਡੈਂਟ ਕਰਵਾ ਦਿੱਤਾ। ਜਿਸ ਵਿੱਚ ਸਿਰ ਤੇ ਸੱਟ ਲੱਗਣ ਕਾਰਨ ਉਹਨਾਂ ਦਾ ਦਿਮਾਗੀ ਸੰਤੁਲਨ ਵਿਗੜ ਗਿਆ। ਘਰ ਵਿੱਚ ਲਗਾਤਾਰ ਰਾਜਨੀਤਕ ਚਰਚਾ ਚੱਲਣ ਕਾਰਨ ਮੇਰੀ ਰਾਜਨੀਤੀ ਵਿਚ ਡੂੰਘੀ ਦਿਲਚਸਪੀ ਬਣਦੀ ਗਈ, ਪਰ ਮੈਂ ਕਦੇ ਵੀ ਪਿਤਾ ਜੀ ਦੀ ਪਾਰਟੀ ਰਾਜਨੀਤੀ ਨਾਲ ਸਹਿਮਤ ਨਾ ਹੋ ਸਕੀ।

**ਸਵਾਲ- ਤੁਹਾਡਾ ਖੱਬੀ ਰਾਜਨੀਤੀ ਨਾਲ ਜੁੜਨ ਦਾ ਸਬੱਬ ਕਿਵੇਂ ਬਣਿਆ?**

**ਜੁਆਬ-** ਗੋਰਖਪੁਰ ਵਿੱਚ ਇੱਕ ਸਿਲਸਿਲਾ ਨਾਟਕ ਮੰਚ ਚਲਦਾ ਸੀ, ਇਸ ਵਿੱਚ ਇਕ ਲੜਕੀ ਕੰਮ ਕਰਦੀ ਸੀ, ਸਵਿਤਾ ਤਿਵਾੜੀ, ਇੱਕ ਦਿਨ ਸਵਿਤਾ ਯੂਨੀਵਰਸਿਟੀ ਅੰਦਰ ਜਾਗ੍ਰਿਤ ਮਹਿਲਾ ਪ੍ਰੀਸ਼ਦ ਨਾਮ ਦੀ ਜਥੇਬੰਦੀ ਬਣਾਉਣ ਲਈ ਮੇਰੀ ਕਲਾਸ ਦੀਆਂ ਲੜਕੀਆਂ ਨੂੰ ਕਹਿਣ ਆਈ, ਮੈਂ ਪੁੱਛ ਲਿਆ, ਕੀ ਮੈਂ ਵੀ ਮੀਟਿੰਗ ਵਿੱਚ ਆ ਸਕਦੀ ਹਾਂ?

ਹਾਂ ਵਿੱਚ ਜੁਆਬ ਮਿਲਿਆ, ਤਾਂ ਮੈਂ ਵੀ ਮੀਟਿੰਗ ਵਿਚ ਚਲੀ ਗਈ, ਮੈਨੂੰ ਗੱਲਬਾਤ ਚੰਗੀ ਲੱਗੀ, ਤੇ ਜਿਸ ਕਰਕੇ ਮੈਂ ਜਾਗ੍ਰਿਤੀ ਮਹਿਲਾ ਪ੍ਰੀਸ਼ਦ ਦੀ ਮੈਂਬਰ ਬਣ ਗਈ। ਬੱਸ ਉਹ ਦਿਨ ਤੇ ਆਹ ਦਿਨ।

**ਸਵਾਲ- ਤੁਸੀਂ ਸੀ ਪੀ ਆਈ ਐਮ ਐਲ ਲਿਬਰੇਸ਼ਨ ਨਾਲ ਕਦੋਂ ਜੁੜੇ?**

**ਜੁਆਬ-** ਅਸਲ ਵਿੱਚ ਜਾਗ੍ਰਿਤੀ ਮਹਿਲਾ ਪ੍ਰੀਸ਼ਦ ਵਿਚਾਰਧਾਰਕ ਤੌਰ 'ਤੇ ਸੀ ਪੀ ਆਈ ਐਮ ਐਲ ਲਿਬਰੇਸ਼ਨ ਨਾਲ ਜੁੜੀ ਹੋਈ ਜਥੇਬੰਦੀ ਸੀ, ਜਿਸਦਾ ਮੈਨੂੰ ਬਾਅਦ ਵਿੱਚ ਪਤਾ ਲੱਗਿਆ, ਉਸ ਸਮੇਂ ਪਾਰਟੀ ਅੰਡਰਗਰਾਊਂਡ ਸੀ ਅਤੇ ਇੰਡੀਅਨ ਪੀਪਲਜ਼ ਫਰੰਟ ਇਸ ਦਾ ਖੁੱਲਾ ਫਰੰਟ ਸੀ। ਮੈਂ ਪ੍ਰੀਸ਼ਦ ਰਾਹੀਂ 1983-84 'ਚ ਆਈ ਪੀ ਐਫ ਦੀ ਅਤੇ 1986 'ਚ ਸੀ ਪੀ ਆਈ ਐਮ ਐਲ ਲਿਬਰੇਸ਼ਨ ਦੀ ਮੈਂਬਰ ਬਣ ਗਈ ਸੀ।

**ਸਵਾਲ- ਤੁਸੀਂ ਸਰਗਰਮ ਸਿਆਸਤ ਚ ਕਦੋਂ ਆਏ?**

**ਜੁਆਬ-** ਜਦੋਂ ਮੈਂ ਗੋਰਖਪੁਰ ਯੂਨੀਵਰਸਿਟੀ ਵਿੱਚ ਐਮ ਏ ਹਿੰਦੀ ਸਾਹਿਤ ਕਰ ਰਹੀ ਸੀ, ਉਸ ਸਮੇਂ ਭਾਵੇਂ ਜਾਗ੍ਰਿਤੀ ਮਹਿਲਾ ਪ੍ਰੀਸ਼ਦ ਰਾਹੀਂ ਆਈ ਪੀ ਐਫ ਨਾਲ ਜੁੜ ਚੁੱਕੀ ਸੀ, ਲੇਕਿਨ ਸਰਗਰਮ ਰਾਜਨੀਤੀ ਚ ਲੈ ਕੇ ਆਉਣ ਦਾ ਸਿਹਰਾ ਅਜਾਦੀ ਘੁਲਾਟੀਏ ਕਾਮਰੇਡ ਰਾਮਬਲੀ ਪਾਂਡੇ ਨੂੰ ਜਾਂਦਾ ਹੈ। ਉਹ ਮੈਨੂੰ ਆਪਣੀ ਮੋਪਿਡ ਤੇ ਬਿਠਾ ਕੇ ਪਿੰਡਾਂ ਚ ਮੀਟਿੰਗਾਂ ਕਰਵਾਉਣ ਲੈ ਜਾਂਦੇ। ਮੇਰੇ ਇਸ ਤਰ੍ਹਾਂ ਮੀਟਿੰਗਾਂ ਕਰਵਾਉਣ ਜਾਣ, ਉਹ ਵੀ ਇਕ ਮਰਦ ਸਾਥੀ ਨਾਲ ਇਕੱਲਿਆਂ ਜਾਣ ਕਾਰਨ ਘਰ ਚ ਹੰਗਾਮਾ ਹੋ ਗਿਆ, ਮੈਂ ਘਰ ਛੱਡ ਕੇ ਕਿਸੇ ਮਹਿਲਾ ਕਾਮਰੇਡ, ਸ਼ਾਇਦ ਸਵਿਤਾ ਤਿਵਾੜੀ ਦੇ ਘਰ ਰਹਿਣ ਲੱਗ ਪਈ। ਇਨਕਲਾਬੀ ਵਿਚਾਰਾਂ ਦੀ ਲੱਗੀ ਸਰਗਰਮ ਚੇਟਕ ਨੇ ਮੈਨੂੰ ਘਰ ਬਾਰ ਛੱਡ ਕੇ ਪੇਸ਼ੇਵਰ ਇਨਕਲਾਬੀ ਬਣਨ ਵੱਲ ਤੋਰ ਦਿੱਤਾ।

**ਸਵਾਲ- ਕੀ ਘਰ ਵਿੱਚ ਤੁਹਾਡੇ ਵਿਚਾਰਾਂ ਦਾ ਕਿਸੇ ਨੇ ਸਮਰਥਨ ਕੀਤਾ?**

**ਜੁਆਬ-** ਘਰ ਵਿੱਚ ਰਾਜਨੀਤਕ ਮਹੌਲ ਹੋਣ ਸਦਕਾ, ਰਾਜਨੀਤਕ ਸੂਝ ਤਾਂ ਸਭ ਨੂੰ ਸੀ, ਮੇਰੇ ਵਿਚਾਰਾਂ ਨੂੰ ਵੀ ਜਾਣਦੇ ਸਨ, ਪਰ ਪੂਰਾ ਪਰਿਵਾਰ ਮੇਰੇ ਨਕਸਲੀ ਲਹਿਰ ਨਾਲ ਜੁੜਨ ਕਾਰਨ ਡਰਦਾ ਸੀ। ਮਾਂ ਦਾ ਝੁਕਾਅ ਮੇਰੇ ਪੱਖ ਚ ਹੁੰਦਾ, ਪਰ ਸਮਾਜ ਦੀ ਪਿਛਾਖੜੀ ਸੋਚ ਤੇ ਸਮਾਜਿਕ ਦਾਬਾ ਮੇਰੀ ਮਾਂ ਦੇ ਮੇਰੇ ਪੱਖੀ ਵਿਚਾਰਾਂ ਨੂੰ ਖੁੱਲੇਆਮ ਉਜਾਗਰ ਕਰਨ ਤੋਂ ਰੋਕ ਦਿੰਦਾ। ਫੇਰ ਵੀ ਤਮਾਮ ਵਿਰੋਧਾਂ ਦੇ ਬਾਵਜੂਦ ਮੈਂ ਆਪਣੇ ਵਿਚਾਰਾਂ ਤੇ ਅਡੋਲ ਰਹੀ। ਕੁਝ ਸਮੇਂ ਬਾਅਦ ਮਾਂ ਦੀ ਮੌਤ ਹੋ ਗਈ। ਉਸ ਸਮੇਂ ਮੇਰੇ ਨਾਲ ਦੁੱਖ ਵੰਡਾਉਣ ਲਈ ਕਾਮਰੇਡ ਕ੍ਰਿਸ਼ਨਾ ਅਧਿਕਾਰੀ ਤੇ ਹੋਰ ਪਾਰਟੀ ਆਗੂ ਸਾਡੇ ਘਰ ਪੁੱਜੇ, ਲੀਡਰਾਂ ਦੇ ਘਰ ਆਉਣ ਜਾਣ ਨਾਲ ਪਰਿਵਾਰ ਪ੍ਰਭਾਵਿਤ ਹੋਇਆ ਤੇ ਮੈਨੂੰ ਵੀ ਕਹਿਣ ਲੱਗ ਪਏ ਕਿ ਆਪਣੀ ਘੋਕੋ ਤਾਂ ਲੀਡਰ ਬਣ ਗਈ ਹੈ।

**ਸਵਾਲ-ਘੋਕੋ ਮਤਲਬ?**

**ਜੁਆਬ-** ਘੋਕੋ ਮੇਰਾ ਘਰੇਲੂ ਨਾਂ ਹੈ, ਮੇਰੇ ਸੰਗੀ ਸਾਥੀ ਤੇ ਵਿਦਿਆਰਥੀ ਮੈਨੂੰ ਅਕਸਰ ਏਸੇ ਨਾਂ ਨਾਲ ਬੁਲਾਉਂਦੇ ਸਨ।

**ਸਵਾਲ- ਕਾਮਰੇਡ ਜੀ, ਤੁਸੀਂ ਕਮਿਊਨਿਸਟ ਪਾਰਟੀ ਨਾਲ ਲਗਭਗ ਉਸ ਦੌਰ 'ਚ ਜੁੜੇ ਜਦੋਂ ਸੋਵੀਅਤ ਸੰਘ ਦੇ ਪਤਨ ਨਾਲ ਮਾਰਕਸਵਾਦ ਦਾ ਅੰਤ ਪ੍ਰਚਾਰਿਆ ਜਾ ਰਿਹਾ ਸੀ, ਇਸ ਪ੍ਰਚਾਰ ਨੂੰ ਤੁਸੀਂ ਕਿਵੇਂ ਲਿਆ?**

**ਜੁਆਬ-** ਪਹਿਲੀ ਗੱਲ ਮਾਰਕਸਵਾਦ ਇਕ ਵਿਗਿਆਨਕ ਵਿਚਾਰਧਾਰਾ ਹੈ, ਤੇ ਵਿਗਿਆਨ ਦਾ ਕਦੇ ਅੰਤ ਨਹੀ ਹੁੰਦਾ, ਦੂਜੀ ਗੱਲ ਦੋ ਧਰੁਵੀ ਸੰਸਾਰ ਅੰਦਰ ਸਾਮਰਾਜਵਾਦ ਦੇ ਖਿਲਾਫ ਸੋਵੀਅਤ ਸੰਘ ਦਾ ਸਮਾਜਵਾਦੀ ਮਾਡਲ ਇੱਕ ਚੁਣੌਤੀ ਸੀ, ਇਸ ਚੁਣੌਤੀ ਅਤੇ ਸਮਾਜਵਾਦੀ ਮਾਡਲ ਨੂੰ ਤਹਿਸ ਨਹਿਸ ਕਰਨ ਲਈ ਸਾਰੇ ਸਾਮਰਾਜੀ ਅਤੇ ਪਿਛਾਖੜੀ ਦੇਸ਼ ਇੱਕਜੁਟ ਸਨ। ਤੀਜੀ ਗੱਲ ਕਾਮਰੇਡ ਲੈਨਿਨ ਅਤੇ ਸਟਾਲਿਨ ਦੀ ਮੌਤ ਤੋਂ ਬਾਅਦ ਆਈ ਲੀਡਰਸ਼ਿਪ ਹੀ (ਖਰੁਸ਼ਚੋਵ ਵਰਗੇ) ਮਾਰਕਸਵਾਦੀ ਫਲਸਫੇ ਤੋਂ ਥਿੜਕੀ ਸੀ ਨਾ ਕਿ ਮਾਰਕਸਵਾਦ ਦੀ ਸਾਰਥਿਕਤਾ ਖਤਮ ਹੋਈ ਸੀ, ਬਾਕੀ ਮੈਂ ਭਾਰਤ ਦੀ ਕਮਿਊਨਿਸਟ ਪਾਰਟੀ ਨਾਲ ਜੁੜੀ ਹਾਂ, ਜੋ ਕਿ ਲੋਕਾਂ ਦੀ ਬੰਦ-ਖਲਾਸੀ ਲਈ ਜੱਦੋ ਜਹਿਦ ਕਰ ਰਹੀ ਹੈ। ਸਾਮਰਾਜੀ ਨੀਤੀਆਂ ਖਿਲਾਫ ਜੋ ਲਗਾਤਾਰ ਸੰਘਰਸ਼ ਉੱਠ ਰਹੇ ਹਨ, ਇਹ ਕਮਿਊਨਿਸਟ ਲਹਿਰ ਲਈ ਹਾਂਪੱਖੀ ਵਰਤਾਰਾ ਹੈ।

**ਸਵਾਲ- ਕੀ ਉਸ ਸਮੇਂ ਇੰਡੀਅਨ ਪੀਪਲਜ਼ ਫਰੰਟ ਨੂੰ ਭੰਗ ਕਰਨਾ ਤੇ ਪਾਰਟੀ ਨੂੰ ਸਾਹਮਣੇ ਲਿਆਉਣਾ ਦਰੁਸਤ ਫੈਸਲਾ ਸੀ?**

**ਜੁਆਬ-** ਬਿਲਕੁਲ ਠੀਕ ਸੀ। ਜਦੋਂ ਰੂਸ ਦੇ ਪਤਨ ਤੋਂ ਬਾਅਦ ਕਮਿਊਨਿਸਟ ਵਿਚਾਰਧਾਰਾ ਦਾ ਅੰਤ ਦਰਸਾਇਆ ਜਾ ਰਿਹਾ ਸੀ ਅਤੇ ਸੀ ਪੀ ਆਈ ਤੇ ਸੀ ਪੀ ਐਮ ਵਰਗੀਆਂ ਸੋਧਵਾਦੀ ਪਾਰਟੀਆਂ ਡਿਫੈਂਸਿਵ ਹੋ ਕੇ ਪਾਰਟੀ ਦਾ ਨਾਮ ਤੱਕ ਬਦਲਣ ਬਾਰੇ ਸੋਚ ਰਹੀਆਂ ਸਨ, ਪੂਰੀ ਦੁਨੀਆ 'ਚ ਕਾਮਰੇਡਾਂ ਖਿਲਾਫ ਮਹੌਲ ਸਿਰਜਿਆ ਜਾ ਰਿਹਾ ਸੀ, ਉਸ ਦੌਰ ਵਿੱਚ ਸੀ ਪੀ ਆਈ ਐਮ ਐਲ ਲਿਬਰੇਸ਼ਨ ਦੇ ਸਾਹਮਣੇ ਆ ਕੇ ਮਾਰਕਸਵਾਦ, ਲੈਨਿਨਵਾਦ ਦਾ ਝੰਡਾ ਬੁਲੰਦ ਕਰਨਾ ਕਾਫੀ ਦਲੇਰੀ ਤੇ ਦ੍ਰਿੜਤਾ ਭਰਿਆ ਕੰਮ ਸੀ।

ਦੂਜਾ, ਨਕਸਲੀ ਲਹਿਰ ਤੇ ਹੋਏ ਹਕੂਮਤੀ ਜਬਰ ਤੋਂ ਬਾਅਦ ਖਿੰਡ ਪੁੰਡ ਗਈ ਅਤੇ ਪਾਟੋਧਾੜ ਦਾ ਸ਼ਿਕਾਰ ਹੋਈ ਲਹਿਰ ਨੂੰ ਮੁੜ ਪੈਰਾਂ ਸਿਰ ਤੇ ਇਕਜੁਟ ਕਰਨ ਦੇ ਉਦੇਸ਼ ਨਾਲ ਹੀ ਪੀਪਲਜ਼ ਫਰੰਟ ਦੀ ਸਥਾਪਨਾ ਕੀਤੀ ਗਈ ਸੀ, ਕਾਫੀ ਹੱਦ ਤੱਕ ਆਈ ਪੀ ਐਫ ਆਪਣੇ ਮਿਸ਼ਨ ਚ ਸਫਲ ਰਿਹਾ। ਆਈ ਪੀ ਐਫ ਤੇ ਚਲਦਿਆਂ ਹੀ ਵਿਲੋਪਵਾਦ (ਖਾਤਮੇਵਾਦ) ਵਰਗੇ ਵਿਚਾਰ ਆਏ, ਜਿਹਨਾਂ ਖਿਲਾਫ ਸਖਤੀ ਨਾਲ ਨਜਿੱਠਿਆ ਗਿਆ, ਵਿਲੋਪਵਾਦ ਖਿਲਾਫ ਚੱਲੀ ਮੁਹਿੰਮ ਦੌਰਾਨ ਹੀ ਪਾਰਟੀ ਨੂੰ ਆਪਣਾ ਇੱਕ ਸੀਨੀਅਰ ਲੀਡਰ ਵੀ ਕੱਢਣਾ ਪਿਆ ਸੀ।

**ਸਵਾਲ- ਕੀ ਤੁਸੀਂ ਪਾਰਟੀ ਦੇ ਚੋਣਾਂ ਲੜਨ ਦੇ ਫੈਸਲੇ ਨਾਲ ਸਹਿਮਤ ਹੋ?**

**ਜੁਆਬ-** ਬੇਸ਼ੱਕ ਪਾਰਟੀ ਹਥਿਆਰਬੰਦ ਇਨਕਲਾਬ ਦੀ ਡਟਵੀਂ ਹਾਮੀ ਹੈ, ਪਰ ਜਿਸ ਦੇਸ਼ ਅੰਦਰ ਵੱਖ ਵੱਖ ਧਰਮਾਂ, ਜਾਤਾਂ, ਨਸਲਾਂ, ਭਾਸ਼ਾਵਾਂ, ਤੇ ਰੰਗਾਂ ਦੇ ਲੋਕ ਹੋਣ ਅਤੇ ਉਹਨਾਂ ਨੂੰ ਸਮੋਣ ਵਾਲੀ ਇੱਕ ਪਾਰਲੀਮੈਂਟ ਹੋਵੇ, ਫੇਰ ਤੁਸੀਂ ਭਲਾਂ ਚੋਣਾਂ ਨੂੰ ਨਜਰਅੰਦਾਜ ਕਿਵੇਂ ਕਰ ਸਕਦੇ ਹੋ। ਸਵਾਲ ਇਹ ਨਹੀ ਕਿ ਤੁਸੀਂ ਚੋਣਾਂ ਲੜਦੇ ਹੋ ਜਾਂ ਬਾਈਕਾਟ ਕਰਦੇ ਹੋ, ਸਵਾਲ ਇਹ ਹੈ ਕਿ ਤੁਹਾਡੇ ਵਲੋਂ ਲਿਆ ਗਿਆ ਫੈਸਲਾ ਮਾਰਕਸਵਾਦੀ/ਲੈਨਿਨਵਾਦੀ ਦ੍ਰਿਸ਼ਟੀਕੋਣ ਮੁਤਾਬਕ ਹੈ ਜਾਂ ਨਹੀਂ? ਜੇਕਰ ਤੁਸੀਂ ਮਾਰਕਸਵਾਦੀ/ਲੈਨਿਨਵਾਦੀ ਦ੍ਰਿਸ਼ਟੀਕੋਣ ਤੋਂ ਚੋਣਾਂ ਚ ਸ਼ਮੂਲੀਅਤ ਕਰਦੇ ਹੋ ਤਾਂ ਤੁਸੀਂ ਚੋਣ ਅਖਾੜੇ ਨੂੰ ਆਪਣੇ ਮਿਸ਼ਨ ਦੇ ਹੱਕ ਵਿੱਚ ਕਿਸੇ ਹੱਦ ਤੱਕ ਭੁਗਤਾਅ ਸਕਦੇ ਹੋ, ਜੇ ਨਹੀਂ ਤਾਂ ਤੁਹਾਡਾ ਹਾਲ ਵੀ ਸੀ ਪੀ ਆਈ ਤੇ ਸੀ ਪੀ ਐਮ ਵਰਗਾ ਹੀ ਹੋਵੇਗਾ।

**ਸਵਾਲ- ਤੁਸੀਂ ਬਤੌਰ ਲੀਡਰ ਕਦੋਂ ਸਾਹਮਣੇ ਆਏ?**

**ਜੁਆਬ-** 1986 ਵਿੱਚ ਯੂ ਪੀ ਬੀਰ ਬਹਾਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਵੱਲੋਂ ਰਾਮਗੜ੍ਹ ਤਾਲ ਪ੍ਰੋਜੈਕਟ ਲਈ 1050 ਏਕੜ ਜ਼ਮੀਨ ਜਬਰੀ ਇਕਵਾਇਰ ਕਰਨ ਖਿਲਾਫ ਮਜਦੂਰਾਂ ਤੇ ਕਿਸਾਨਾਂ ਦਾ ਜਬਰਦਸਤ ਅੰਦੋਲਨ ਹੋਇਆ, ਮੈਂ ਉਸ ਸਮੇਂ ਆਈ ਪੀ ਐਫ ਦੀ ਜ਼ਿਲ੍ਹਾ ਕਨਵੀਨਰ ਸੀ, ਆਈ ਪੀ ਐਫ ਦੀ ਅਗਵਾਈ ਹੇਠ ਉਜਾੜੇ ਖਿਲਾਫ ਚੱਲੇ ਇਸ ਸੰਘਰਸ਼ ਦੀ ਅਗਵਾਈ ਮੈਂ ਕੀਤੀ, ਮੈਂ ਉਸ ਵਕਤ ਵਧੇਰੇ ਐਜੀਟੇਟਰ ਹੁੰਦੀ ਸੀ, ਸਰਕਾਰ ਨੇ ਇਸ ਘੋਲ ਨੂੰ ਕੁਚਲਣ ਲਈ ਹਰ ਤਰਾਂ ਦਾ ਵਹਿਸ਼ੀ ਜੁਲਮ ਯਤਨ ਕੀਤਾ, ਇਸ ਘੋਲ ਚ ਹੀ ਮੇਰੀ ਪਹਿਲੀ ਗ੍ਰਿਫਤਾਰੀ ਹੋਈ, ਮੈਨੂੰ ਬਗੈਰ ਲੇਡੀ ਪੁਲਸ ਦੇ ਹਵਾਲਾਤ ਚ ਰੱਖਿਆ, ਬੇਸ਼ੱਕ ਅਗਲੇ ਦਿਨ ਮੈਂ ਜਮਾਨਤ ਤੇ ਆ ਗਈ, ਪਰ ਪੁਲਸ ਇਸ ਗੱਲ ਤੋਂ ਡਰਦੀ ਰਹੀ ਕਿ ਬਗੈਰ ਲੇਡੀ ਪੁਲਸ ਦੇ ਨੌਜਵਾਨ ਕੁੜੀ ਨੂੰ ਹਵਾਲਾਤ ਚ ਰੱਖਣ ਉੱਤੇ ਕਾਮਰੇਡ ਕੋਈ ਨਵਾਂ ਬਖੇੜਾ ਨਾ ਖੜ੍ਹਾ ਕਰ ਦੇਣ। ਹਵਾਲਾਤ ਚੋਂ ਬਾਹਰ ਆ ਕੇ ਮੈਂ ਫੇਰ ਮੈਦਾਨ 'ਚ ਡਟ ਗਈ, ਸਮੁੱਚਾ ਰਾਮਗੜ੍ਹ ਤਾਲ ਅੰਦੋਲਨ ਮੇਰੇ ਦੁਆਲੇ ਕੇਂਦਰਿਤ ਹੋ ਗਿਆ, ਸਰਕਾਰ ਇਹ ਸਮਝ ਗਈ ਕਿ ਇਸ ਅੰਦੋਲਨ ਨੂੰ ਕੁਚਲਣ ਲਈ ਜੀਤਾ ਕੌਰ ਨੂੰ ਰੋਕਣਾ ਜ਼ਰੂਰੀ ਹੈ, ਪੁਲਸ ਨੇ ਮੇਰੇ ਖਿਲਾਫ ਹਰ ਹਥਕੰਡਾ ਵਰਤਿਆ, ਇੱਥੋਂ ਤੱਕ ਕਿ ਸਰਕਾਰ ਤੇ ਪੁਲਸ ਨੇ ਮੇਰੇ ਖਿਲਾਫ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਜੀਤਾ ਕੌਰ ਤਾਂ ਪੰਜਾਬ ਤੋਂ ਆਈ ਅੱਤਵਾਦੀ ਹੈ, ਪਰ ਪੁਲਸ ਤੇ ਸਰਕਾਰ, ਮਜਦੂਰਾਂ, ਕਿਸਾਨਾਂ ਦੇ ਇਸ ਅੰਦੋਲਨ ਨੂੰ ਕੁਚਲ ਨਾ ਸਕੀ। ਇੱਕ ਕੁਆਰੀ ਮੁਟਿਆਰ ਪੰਜਾਬੀ ਕੁੜੀ ਵਲੋਂ ਇੰਝ ਡਟ ਕੇ ਅਗਵਾਈ ਕਰਨ ਤੇ ਹਰ ਜਬਰ ਜੁਲਮ ਨਾਲ ਆਢਾ ਲਾਉਣ ਸਦਕਾ, ਮੈਂ ਯੂ ਪੀ ਵਿੱਚ ਵੱਡੀ ਚਰਚਾ ਦਾ ਵਿਸ਼ਾ ਬਣ ਗਈ ਸਾਂ, ਮੈਨੂੰ ਇਸ ਘੋਲ ਨੇ ਸਥਾਪਿਤ ਲੀਡਰ ਵਜੋਂ ਅੱਗੇ ਲਿਆਂਦਾ। ਰਾਮਗੜ੍ਹ ਦੇ ਅੰਦੋਲਨ ਤੇ ਚਲਦਿਆਂ ਹੀ ਜੂਨੀਅਰ ਡਾਕਟਰਾਂ ਦਾ ਸੰਘਰਸ਼ ਉੱਠਿਆ ਅਤੇ ਇਕ ਪੁਲਸ ਅਧਿਕਾਰੀ ਵਲੋਂ ਹੋਲੀ ਵਾਲੇ ਦਿਨ ਸ਼ਰੇਆਮ ਇਕ ਨੌਜਵਾਨ ਨੂੰ ਗੋਲੀ ਮਾਰ ਕੇ ਕਤਲ ਕਰ ਦੇਣ ਖਿਲਾਫ ਤਿੱਖਾ ਸੰਘਰਸ਼ ਚੱਲਿਆ, ਜਿਸ ਦੀ ਅਗਵਾਈ ਏ ਵੀ ਬੀ ਪੀ ਨੇ ਕੀਤੀ, ਲੇਕਿਨ ਮੈਨੂੰ ਇਹਨਾਂ ਅੰਦੋਲਨਾਂ ਦੀ ਅਗਵਾਈ ਕਰਨ ਲਈ ਵਿਸ਼ੇਸ਼ ਤੌਰ ਤੇ ਬੁਲਾਇਆ ਜਾਂਦਾ ਰਿਹਾ।

**ਸਵਾਲ-ਤੁਸੀਂ ਪਹਿਲੀ ਵਾਰ ਜੇਲ ਕਦੋਂ ਗਏ?**

**ਜੁਆਬ-** ਰਾਮਗੜ੍ਹ ਤਾਲ ਅੰਦੋਲਨ ਦੌਰਾਨ ਮੈਨੂੰ ਪੁਲਸ ਨੇ ਕਈ ਵਾਰ ਗ੍ਰਿਫਤਾਰ ਕੀਤਾ, ਇਸ ਅੰਦੋਲਨ ਦੌਰਾਨ ਹੀ ਮੈਂ ਪਹਿਲੀ ਵਾਰ ਜੇਲ ਯਾਤਰਾ ਕੀਤੀ ਅਤੇ ਮੈਨੂੰ ਕਈ ਦਿਨ ਗੋਰਖਪੁਰ ਦੀ ਬਿਸਮਿਲ ਜੇਲ 'ਚ ਬੰਦ ਰੱਖਿਆ ਗਿਆ।

**ਸਵਾਲ- ਇਸ ਅੰਦੋਲਨ ਦੌਰਾਨ ਵਾਪਰੀ ਕੋਈ ਵਿਸ਼ੇਸ਼ ਗੱਲ?**

**ਜੁਆਬ-** ਹਾਂ ਹੈ, ਰਾਮਗੜ੍ਹ ਤਾਲ ਅੰਦੋਲਨ ਕਾਫੀ ਲੰਮਾ ਹੋ ਗਿਆ, ਅਸੀਂ ਇਸ ਨੂੰ ਕਨੂੰਨੀ ਨੁਕਤਾ ਨਿਗਾਹ ਤੋਂ ਵੀ ਲੜਨਾ ਬਿਹਤਰ ਸਮਝਿਆ, ਇਸ ਲਈ ਅਸੀਂ ਕਾਮਰੇਡ ਸਵਿਤਾ ਤਿਵਾੜੀ ਐਡਵੋਕੇਟ ਦੀ ਮਦਦ ਲਈ, ਲੇਕਿਨ ਕੁਝ ਸਮੇਂ ਬਾਅਦ ਕਾਨੂੰਨੀ ਲੜਾਈ ਲੜਨ ਲਈ ਉਸ ਨੇ ਪੈਸੇ ਮੰਗਣੇ ਸ਼ੁਰੂ ਕਰ ਦਿੱਤੇ, ਹੌਲੀ ਹੌਲੀ ਪੈਸਾ ਉਸ ਦੀ ਕਮਜ਼ੋਰੀ ਬਣ ਗਿਆ ਤੇ ਆਖਰ ਉਸ ਦਾ ਵਿਚਾਰਧਾਰਕ ਪਤਨ ਹੋ ਗਿਆ।

**ਸਵਾਲ- ਤੁਸੀਂ ਕਿਹੜੀਆਂ ਕਿਹੜੀਆਂ ਸਟੇਟਾਂ ਵਿੱਚ ਕੰਮ ਕੀਤਾ?**

**ਜੁਆਬ-** ਮੈਂ ਇੰਡੀਅਨ ਪੀਪਲਜ਼ ਫਰੰਟ ਦੀ ਗੋਰਖਪੁਰ ਜ਼ਿਲ੍ਹੇ ਦੀ ਕਨਵੀਨਰ ਸੀ, ਲੇਕਿਨ ਜਲਦੀ ਹੀ ਮੇਰੀਆਂ ਸਰਗਰਮੀਆਂ ਨੂੰ ਵੇਖਦਿਆਂ ਮੈਨੂੰ ਆਈ ਪੀ ਐਫ ਦੀ ਸੂਬਾ ਸਕੱਤਰ ਬਣਾ ਲਿਆ ਗਿਆ, ਮੈਂ ਲਖਨਊ ਰਹਿਣ ਲੱਗ ਪਈ, ਇੱਥੇ ਹੀ ਮੇਰਾ ਸੰਪਰਕ ਕਾਮਰੇਡ ਅਜੰਤਾ ਲੋਹਿਤ ਨਾਲ ਹੋਇਆ, ਜਿਸ ਨੂੰ ਮੈਂ ਪ੍ਰੇਰ ਕੇ ਪਾਰਟੀ 'ਚ ਲੈ ਆਂਦਾ, ਜੋ ਬਾਅਦ ਚ ਪਾਰਟੀ ਦੇ ਪ੍ਰਮੁੱਖ ਲੀਡਰ ਬਣੇ, (ਕਾਮਰੇਡ ਅਜੰਤਾ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਕਾਰਨ ਕਾਮਰੇਡ ਜੀਤਾ ਕੌਰ ਤੋਂ ਇਕ ਮਹੀਨਾ ਪਹਿਲਾਂ ਸਦੀਵੀ ਵਿਛੋੜਾ ਦੇ ਗਏ ਸਨ।)

ਉੱਤਰ ਪ੍ਰਦੇਸ਼ ਵਿਚ ਔਰਤਾਂ ਨੂੰ ਜਥੇਬੰਦ ਕਰਨ ਦਾ ਵੱਡਾ ਕੰਮ ਆਪਣੇ ਹੱਥ ਲਿਆ ਅਤੇ ਆਲ ਇੰਡੀਆ ਪ੍ਰੋਗਰੈਸਿਵ ਐਸੋਸੀਏਸ਼ਨ (ਏਪਵਾ) ਨੂੰ ਜਥੇਬੰਦ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ, ਤੇ 1992 ਵਿੱਚ ਸੂਬਾ ਕਾਨਫਰੰਸ ਕੀਤੀ। ਇਸ ਤੋਂ ਬਾਅਦ ਏਪਵਾ ਦੀ ਕੌਮੀ ਕਾਨਫਰੰਸ ਹੋਣੀ ਸੀ, ਏਪਵਾ ਆਗੂ ਕਾਮਰੇਡ ਕੁਮੁਦਨੀਪਤੀ ਦੇ ਗਰਭਵਤੀ ਹੋਣ ਕਾਰਨ ਇਸ ਕਾਨਫਰੰਸ ਦੀ ਤਿਆਰੀ ਲਈ ਮੈਨੂੰ ਦਿੱਲੀ ਬੁਲਾ ਲਿਆ ਗਿਆ, ਕਾਨਫਰੰਸ ਦੌਰਾਨ ਮੈਨੂੰ ਏਪਵਾ ਦੀ ਕੌਮੀ ਪ੍ਰਚਾਰ ਸਕੱਤਰ ਚੁਣ ਲਿਆ ਗਿਆ, ਜਿਸ ਕਰਕੇ ਮੇਰਾ ਦਿੱਲੀ ਰੁਕਣਾ ਜਰੂਰੀ ਹੋ ਗਿਆ, ਮੈਂ 1994-2001 ਤੱਕ ਦਿੱਲੀ ਰਹੀ। ਇਸ ਸਮੇਂ ਦੌਰਾਨ ਮੈਂ ਪੱਛਮੀ ਤੇ ਪੂਰਵੀ ਦਿੱਲੀ ਵਿੱਚ ਪਾਰਟੀ ਲਈ ਕੰਮ ਕੀਤਾ, ਤੇ ਔਰਤਾਂ ਨੂੰ ਲਾਮਬੰਦ ਕਰਨ ਲਈ ਜਿੰਮੇਵਾਰੀ ਸੰਭਾਲੀ, ਲੇਕਿਨ ਇਸ ਤੋਂ ਬਾਅਦ ਜਨਰਲ ਸਕੱਤਰ ਦੇ ਸੁਝਾਅ ਤੇ ਮੈਨੂੰ ਪੰਜਾਬ ਭੇਜ ਦਿੱਤਾ ਗਿਆ।

**ਸਵਾਲ- ਕੀ ਤੁਸੀਂ ਵਾਰ ਵਾਰ ਥਾਵਾਂ ਅਤੇ ਜੁੰਮੇਵਾਰੀਆਂ ਬਦਲਣ ਦੇ ਫੈਸਲੇ ਨਾਲ ਸਹਿਮਤ ਸੀ?**

**ਜੁਆਬ-** ਮੈਂ ਵਾਰ ਵਾਰ ਸਥਾਨ ਤੇ ਡਿਊਟੀਆਂ ਬਦਲਣ ਨਾਲ ਸਹਿਮਤ ਨਹੀ ਸੀ, ਮੈਂ ਯੂ ਪੀ ਅੰਦਰ ਏਪਵਾ ਨੂੰ ਜਥੇਬੰਦ ਕੀਤਾ, ਤੇ ਮੇਰੀ ਸਟੇਟ ਚ ਬਤੌਰ ਜਨਤਕ ਲੀਡਰ ਵਾਲੀ ਪਛਾਣ ਵੀ ਬਣ ਗਈ ਸੀ, ਮੈਂ ਯੂ ਪੀ ਵਿੱਚ ਵਧੀਆ ਢੰਗ ਨਾਲ ਕੰਮ ਕਰ ਸਕਦੀ ਸੀ, ਪਰ ਮੇਰੀ ਡਿਊਟੀ ਦਿੱਲੀ ਲਾ ਦਿੱਤੀ ਗਈ, ਜੇ ਦਿੱਲੀ ਚ ਕੰਮ ਤੋਰਿਆ ਤਾਂ ਡਿਊਟੀ ਬਦਲ ਕੇ ਪੰਜਾਬ ਭੇਜ ਦਿੱਤਾ ਗਿਆ, ਵਿਅਕਤੀ

ਜਿੱਥੇ ਰਹਿੰਦਾ ਹੈ, ਕੰਮ ਕਰਦਾ ਤੇ ਪਹਿਚਾਣ ਬਣਾਉਂਦਾ ਹੈ, ਓਥੇ ਬਿਹਤਰ ਨਤੀਜੇ ਕੱਢ ਸਕਦਾ ਹੈ, ਪਰ ਪਾਰਟੀ ਮੈਨੂੰ ਸ਼ਾਇਦ ਆਰਗੇਨਾਈਜਰ ਦੀ ਭੂਮਿਕਾ 'ਚ ਵੇਖਦੀ ਸੀ, ਤੇ ਪਾਰਟੀ ਫੈਸਲਾ ਮੇਰੇ ਵੱਖ ਵੱਖ ਥਾਵਾਂ ਤੇ ਕੰਮ ਕਰਨ ਦੀ ਮੰਗ ਕਰਦਾ ਸੀ। ਨਾਲੇ ਜਦੋਂ ਤੁਸੀਂ ਇਨਕਲਾਬੀ ਕਮਿਊਨਿਸਟ ਹੋ ਤਾਂ ਹਰ ਫੈਸਲੇ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਲਈ ਸਹਿਮਤ ਅਸਹਿਮਤ ਹੋਣ ਦਾ ਮਤਲਬ ਹੀ ਨਹੀਂ। ਬਾਕੀ, ਵਿਅਕਤੀ ਨਾਲੋਂ ਪਾਰਟੀ ਬਿਹਤਰ ਢੰਗ ਨਾਲ ਸੋਚ ਸਕਦੀ ਹੈ ਕਿ ਕੌਣ ਕਿੱਥੇ ਢੁਕਵਾਂ ਤੇ ਯੋਗ ਹੈ।

**ਸਵਾਲ- ਇੱਕ ਸੋਹਣੀ ਸੁਨੱਖੀ ਕੁਆਰੀ ਕੁੜੀ ਹੋਣ ਕਾਰਨ ਤੁਹਾਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ?**

**ਜੁਆਬ-** ਸਮੱਸਿਆਵਾਂ ਤਾਂ ਕੁੜੀਆਂ ਨਾਲ ਜੁੜੀਆਂ ਹੀ ਹੋਈਆਂ ਹਨ, ਔਰਤਾਂ ਪ੍ਰਤੀ ਸਮਾਜ ਦਾ ਨਜ਼ਰੀਆ ਦਰੁਸਤ ਨਹੀਂ। ਮੈਂ ਸ਼ੁਰੂ ਤੋਂ ਹੀ ਕਦੇ ਵੀ ਕਿਤੇ ਵੀ ਇਕੱਲੀ ਜਾਣ ਲਈ ਹਿਚਕ ਨਹੀ ਵਿਖਾਈ, ਬਹੁਤੀ ਵਾਰ ਇਕੱਲੀ ਨੂੰ ਵੇਖ ਕੇ ਲੋਕ ਗਲਤ ਹਰਕਤਾਂ ਵੀ ਕਰਦੇ, ਪਾਰਟੀ ਅੰਦਰ ਵੀ ਬਹੁਤ ਸਾਰੇ ਕਾਮਰੇਡਾਂ ਨੇ ਮੇਰੇ ਨਾਲ ਨਿੱਜੀ ਨੇੜਤਾ ਬਣਾਉਣ ਦੀ ਕੋਸ਼ਿਸ਼ ਕੀਤੀ, ਲੇਕਿਨ ਮੈਂ ਆਪਣੇ ਵਿਚਾਰਾਂ ਤੇ ਅਡੋਲ ਰਹੀ। ਮੇਰੇ ਹੱਕ ਵਿੱਚ ਇੱਕ ਇਹ ਜਾਂਦੀ ਸੀ ਕਿ ਮੇਰੇ ਵਾਲ ਉਮਰ ਤੋਂ ਪਹਿਲਾਂ ਚਿੱਟੇ ਹੋ ਗਏ, ਜਿਸ ਕਾਰਨ ਹਰ ਕੋਈ ਝਿਜਕਦਾ ਵੀ ਸੀ। ਮੈਂ ਪਾਰਟੀ ਦਫਤਰਾਂ ਤੇ ਕਾਮਰੇਡਾਂ ਦੇ ਘਰਾਂ ਚ ਵੀ ਰਹੀ ਹਾਂ, ਜਿੱਥੇ ਮੈਂ ਰਸੋਈ ਚ ਸਿਰਫ ਔਰਤਾਂ ਦੇ ਕੰਮ ਕਰਨ ਦੀ ਪ੍ਰਵਿਰਤੀ ਖਿਲਾਫ ਲੜੀ, ਓਥੇ ਮੈਨੂੰ ਕਈ ਕਾਮਰੇਡਾਂ ਦੇ ਘਰਾਂ 'ਚੋਂ 'ਨਾਲੇ ਘਰੋਂ ਖਵਾਇਆ, ਨਾਲੇ ਭੜੂਆ ਅਖਵਾਇਆ', ਵਰਗੇ ਸ਼ਬਦ ਵੀ ਸੁਣਨੇ ਪਏ।

**ਸਵਾਲ-ਕੀ ਕਦੇ ਵਿਆਹ ਨਾ ਕਰਵਾਉਣ ਦੇ ਫੈਸਲੇ ਤੇ ਪਛਤਾਵਾ ਨਹੀਂ ਹੋਇਆ?**

**ਜੁਆਬ-** ਨਹੀਂ, ਕਦੇ ਨਹੀਂ। ਜਿਸ ਨੂੰ ਚਾਹਿਆ, ਉਹ ਹੋ ਨਾ ਸਕਿਆ, ਦੂਸਰੇ ਬਾਰੇ ਮੈਂ ਮੁਡ ਕੇ ਕਦੇ ਨਹੀਂ ਸੋਚਿਆ, ਫੇਰ ਪਛਤਾਵਾ ਤਾਂ ਹੋਵੇ ਜੇ ਮੈਂ ਕਦੇ ਵਿਆਹ ਕਰਾਉਣਾ ਹੁੰਦਾ। ਇਸ ਸ਼ਬਦ, ਵਿਆਹ, ਨਾਲ ਘ੍ਰਿਣਾ ਜਿਹੀ ਹੋ ਗਈ ਸੀ।

**ਸਵਾਲ- ਤੁਹਾਨੂੰ ਕਠੋਰ ਤੇ ਸਖਤ ਸੁਭਾਅ ਵਾਲੀ ਲੀਡਰ ਮੰਨਿਆ ਜਾਂਦਾ ਹੈ?**

**ਜੁਆਬ-** ਮੇਰੇ ਲਈ ਇਹ ਧਾਰਨਾ ਗਲਤ ਹੈ, ਲੇਕਿਨ ਮੈਂ ਸਪੱਸ਼ਟ ਵਿਚਾਰਾਂ ਅਤੇ ਸਖਤ ਅਨੁਸ਼ਾਸਨ ਦੀ ਹਾਮੀ ਹਾਂ, ਅਨੁਸ਼ਾਸਨ ਭੰਗ ਕਰਨ, ਝੂਠ ਬੋਲਣ, ਕਿਸੇ ਵੀ ਨਸ਼ਾ ਕਰਨ, ਔਰਤਾਂ ਵਿਰੋਧੀ ਗਾਲਾਂ ਕਢਣ ਵਾਲਿਆਂ ਦੇ ਸਖਤ ਖਿਲਾਫ ਹਾਂ, ਇਹਨਾਂ ਸਭ ਕੁਰੀਤੀਆਂ ਦੇ ਖਿਲਾਫ ਪਾਰਟੀ ਦੇ ਅੰਦਰ ਤੇ ਬਾਹਰ ਤਿੱਖੀ ਬਹਿਸ ਚਲਾਈ ਹੈ, ਮੈਂ ਬਹੁਤੀ ਵਾਰੀ ਅਜਿਹੀਆਂ ਘਾਟਾਂ ਕਮਜ਼ੋਰੀਆਂ ਵਾਲੇ ਸਾਥੀਆਂ ਨੂੰ ਪਿਆਰ ਨਾਲ ਬਹਿ ਕੇ ਸਮਝਾਇਆ ਵੀ ਹੈ, ਬਹੁਤੇ ਸਮਝੇ, ਪਰ ਕੁਝ ਨੇ ਮੈਨੂੰ ਸਖਤ ਸੁਭਾਅ ਦੀ ਆਗੂ ਦਾ ਖਿਤਾਬ ਦੇ ਦਿੱਤਾ।

**ਸੁਆਲ- ਤੁਹਾਡਾ ਪੜ੍ਹਨ ਦਾ ਰੁਝਾਨ ਕਿੰਨਾ ਕੁ ਹੈ?**

**ਜੁਆਬ-** ਮੈਨੂੰ ਅਕਸਰ ਪੜ੍ਹਨ ਦੀ ਆਦਤ ਹੈ, ਇੱਕ ਦੋ ਕਿਤਾਬਾਂ ਹਮੇਸ਼ਾਂ ਮੇਰੇ ਬੈਗ 'ਚ ਹੁੰਦੀਆਂ ਹਨ, ਮੈਨੂੰ ਜਿੱਥੇ ਵੀ ਵਕਤ ਮਿਲਦਾ ਹੈ, ਮੈਂ ਪੜ੍ਹਨ ਦੀ ਕੋਸ਼ਿਸ਼ ਕਰਦੀ ਹਾਂ, ਭਾਵੇਂ ਬੱਸ, ਰੇਲ ਦਾ ਸਫਰ ਹੋਵੇ ਜਾਂ ਕਿਸੇ ਦਾ ਘਰ।

**ਸਵਾਲ- ਤੁਸੀਂ ਪੰਜਾਬ ਕਦੋਂ ਆਏ ਤੇ ਕਿਸ ਭੂਮਿਕਾ ਵਿੱਚ ਰਹੇ?**

**ਜੁਆਬ-** ਮੈਂ 2001 ਵਿੱਚ ਪੰਜਾਬ ਆਈ ਤੇ ਹੁਣ ਤੱਕ ਇੱਥੇ ਹੀ ਹਾਂ, ਲੇਕਿਨ ਮੈਂ ਇਸ ਤੋਂ ਪਹਿਲਾਂ ਹੀ ਪੰਜਾਬ ਆਉਂਦੀ ਰਹੀ ਹਾਂ, ਮਹਿਲ ਕਲਾਂ ਦੇ ਕਿਰਨਜੀਤ ਕਾਂਡ ਖਿਲਾਫ ਸੰਘਰਸ਼ ਵਿੱਚ ਮੈਂ ਸ਼ਾਮਲ ਰਹੀ ਹਾਂ, ਮੈਂ ਇੰਗਲੈਂਡ ਦੀ ਮਹਾਰਾਣੀ ਐਲਿਜਾਬੈਥ ਖਿਲਾਫ ਜਲਿਆਂਵਾਲਾ ਕਾਂਡ ਦੀ ਮਾਫੀ ਨੂੰ ਲੈ ਕੇ ਹੋਏ ਨਕਸਲੀ ਧਿਰਾਂ ਦੇ ਸਾਂਝੇ ਪ੍ਰਦਰਸ਼ਨ ਵਿਚ ਸ਼ਮੂਲੀਅਤ ਕੀਤੀ ਅਤੇ 1998 ਵਿੱਚ ਲੁਧਿਆਣੇ ਤੋਂ ਪਾਰਲੀਮੈਂਟ ਸੀਟ ਵੀ ਲੜੀ। ਇਸ ਸਮੇਂ ਮੈਂ ਪਾਰਟੀ ਦੀ ਸੂਬਾ ਲੀਡਿੰਗ ਟੀਮ ਦੀ ਮੈਂਬਰ ਹਾਂ, ਮੁੱਖ ਰੂਪ 'ਚ ਮੈਂ ਪਾਰਟੀ ਆਰਗੇਨਾਈਜਰ ਦੀ ਭੂਮਿਕਾ ਨਿਭਾਈ। ਜਦੋਂ ਮੈਂ ਪੰਜਾਬ ਆਈ, ਮੈਂ ਪਾਰਟੀ ਦਫਤਰ ਬਾਬਾ ਬੂਝਾ ਸਿੰਘ ਭਵਨ ਮਾਨਸਾ ਵਿਖੇ ਰਹੀ, ਇੱਥੇ ਪਾਰਟੀ ਤਾਂ ਰਹੀ, ਲੇਕਿਨ ਢਾਂਚਾ ਬੇਹੱਦ ਕਮਜੋਰ ਸੀ, ਲੰਮਾ ਲੰਮਾ ਸਮਾਂ ਮੀਟਿੰਗਾਂ ਨਹੀਂ ਸੀ ਹੁੰਦੀਆਂ, ਸਭ ਤੋਂ ਪਹਿਲਾਂ ਸਾਥੀਆਂ ਦੀ ਮਦਦ ਨਾਲ ਸੂਬਾ ਹੈਡਕੁਆਟਰ ਨੂੰ ਚੁਸਤ ਦਰੁਸਤ ਕਰਨਾ ਅਤੇ ਸਮੇਂ ਸਿਰ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰਵਾਉਣਾ ਮੇਰਾ ਨਿਸ਼ਾਨਾ ਸੀ, ਜਿਸ ਚ ਮੈਂ ਸਫਲਤਾ ਹਾਸਲ ਕੀਤੀ। ਤਮਾਮ ਸਰਗਰਮੀਆਂ ਪਾਰਟੀ ਦਫਤਰੋਂ ਸ਼ੁਰੂ ਹੋਈਆਂ। ਕਾਫੀ ਤਿੱਖੀ ਬਹਿਸ ਤੋਂ ਬਾਅਦ ਪਾਰਟੀ ਦਫਤਰ ਮੇਨਟੇਨ ਹੋਇਆ। ਬੈਂਕ ਖਾਤਾ ਮੇਰੇ ਆਉਣ ਤੋਂ ਬਾਅਦ ਹੀ ਖੁੱਲਿਆ ਤੇ ਪਾਰਟੀ ਮੈਗਜ਼ੀਨ ਦੀ ਲੋੜ ਨੂੰ ਮਹਿਸੂਸ ਕਰਦਿਆਂ ਸਾਥੀਆਂ ਦੇ ਇਕਜੁਟ ਹੰਭਲੇ ਨਾਲ ਸਮਕਾਲੀ ਲੋਕ ਮੋਰਚਾ ਮੁੜ ਸ਼ੁਰੂ ਹੋਇਆ। ਨੌਜਵਾਨ ਆਗੂਆਂ ਦੀ ਊਰਜਾ ਦਾ ਸਹੀ ਇਸਤੇਮਾਲ ਕਰਨ ਤੇ ਉਹਨਾਂ ਨੂੰ ਵੱਖ ਵੱਖ ਭੂਮਿਕਾਵਾਂ ਚ ਖੜ੍ਹੇ ਕਰਨ ਦੀ ਇਕਜੁਟ ਕੋਸ਼ਿਸ਼ ਕੀਤੀ, ਜਿਸ ਚ ਸਫਲਤਾ ਮਿਲੀ। ਪਾਰਟੀ ਆਰਗੇਨਾਈਜਰ ਦੀ ਭੂਮਿਕਾ ਤਹਿਤ ਹੀ ਮੈਂ ਮਾਨਸਾ ਤੋਂ ਬਾਅਦ ਮੋਗਾ ਅਤੇ ਲੁਧਿਆਣਾ ਵਿਖੇ ਕੰਮ ਕੀਤਾ ਅਤੇ ਔਰਤਾਂ ਨੂੰ ਜਥੇਬੰਦ ਕਰਨ ਦੀ ਕੋਸ਼ਿਸ਼ ਕੀਤੀ।

**ਸਵਾਲ- ਕੀ ਤੁਸੀਂ ਔਰਤਾਂ ਨੂੰ ਜਥੇਬੰਦ ਕਰਨ ਚ ਸਫਲ ਹੋਏ?**

**ਜੁਆਬ-** ਪੰਜਾਬ ਅੰਦਰ ਔਰਤ ਲਹਿਰ ਬਹੁਤੀ ਨਜਰ ਨਹੀਂ ਆਉਂਦੀ, ਜੋ ਸੰਗਠਨ ਕੰਮ ਵੀ ਕਰ ਰਹੇ ਨੇ, ਉਹਨਾਂ ਵਿਚ ਨਾਰੀਵਾਦੀ ਸੋਚ ਭਾਰੂ ਹੈ। ਦੂਜਾ ਪੰਜਾਬ ਅੰਦਰ ਜਗੀਰੂ ਕਦਰਾਂ ਕੀਮਤਾਂ ਭਾਰੂ ਹਨ, ਔਰਤਾਂ ਨੂੰ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨ ਦੀ ਖੁੱਲ ਨਹੀਂ। ਘਰਾਂ 'ਚ ਔਰਤਾਂ ਤੇ ਨਿਰਭਰਤਾ ਹੈ, ਔਰਤ ਲਹਿਰ ਦੇ ਵਿਕਸਿਤ ਨਾ ਹੋਣ ਦਾ ਕਾਰਨ ਜਗੀਰੂ ਕਲਚਰ ਦੇ ਨਾਲ ਨਾਲ ਖਪਤ ਸਭਿਆਚਾਰ ਤੇ ਆਰਥਿਕ ਸਮੱਸਿਆ ਹੈ। ਰਾਜ ਅੰਦਰ ਔਰਤਾਂ ਦਾ ਸ਼ੋਸ਼ਣ ਹੋ ਰਿਹਾ ਹੈ। ਹਰ ਪੱਧਰ ਤੇ ਭਰੂਣ ਹੱਤਿਆਵਾਂ ਲਗਾਤਾਰ ਪੰਜਾਬ ਚ ਵਧਰ ਰਹੀਆਂ ਹਨ, ਇਸ ਲਈ ਔਰਤ ਲਹਿਰ ਦੇ ਜਾਗਰੂਕ ਤੇ ਜਥੇਬੰਦ ਹੋਣ ਦੀ ਜ਼ਰੂਰ ਹੈ। ਮੈਂ ਔਰਤਾਂ ਨੂੰ ਏਪਵਾ ਰਾਹੀਂ ਜਥੇਬੰਦ ਕਰਨ ਦੀ ਕੋਸ਼ਿਸ਼ ਕੀਤੀ, ਲੇਕਿਨ ਔਰਤਾਂ ਵਿਚ ਅਗਵਾਈ ਦੇ ਸਵਾਲ ਤੇ ਪੰਜਾਬ ਦੇ ਸਾਥੀਆਂ ਨਾਲ ਮੇਰੇ ਮਤਭੇਦ ਹਨ, ਪਰ ਇਹ ਹਕੀਕਤ ਹੈ ਕਿ ਕੋਈ ਵੀ ਮਿਸ਼ਨ ਔਰਤਾਂ ਦੀ ਸ਼ਮੂਲੀਅਤ ਤੋਂ ਬਗੈਰ ਸਫਲ ਹੋ ਸਕਦਾ ਹੈ, ਤੇ ਨਾ ਹੀ ਕੋਈ ਅੰਦੋਲਨ ਜਨਤਕ ਅੰਦੋਲਨ ਬਣ ਸਕਦਾ ਹੈ।

**ਸਵਾਲ- ਤੁਸੀਂ ਲੁਧਿਆਣਾ ਦੀਆਂ ਗੰਦੀਆਂ ਬਸਤੀਆਂ 'ਚ ਕੰਮ ਕੀਤਾ, ਤੁਹਾਨੂੰ ਅਜਿਹਾ ਕਰਦੇ ਸਮੇਂ ਔਖ ਤੇ ਗਲਿਆਣ ਮਹਿਸੂਸ ਨਹੀਂ ਹੋਈ?**

**ਜੁਆਬ-** ਕਮਿਊਨਿਸਟ ਪਾਰਟੀ ਮਜਦੂਰ ਜਮਾਤ ਦੀ ਪਾਰਟੀ ਹੁੰਦੀ ਹੈ, ਫੇਰ ਮਜਦੂਰ ਗੰਦੀਆਂ ਬਸਤੀਆਂ 'ਚ ਹੋਣ ਜਾਂ ਕਿਤੇ ਹੋਰ, ਮਜਦੂਰਾਂ 'ਚ ਕੰਮ ਕਰਨਾ ਔਖ ਤੇ ਗਲਿਆਣ ਨਹੀਂ ਮਾਣ ਦੀ ਗੱਲ ਹੈ। ਜੇਕਰ ਸਭ ਤੋਂ ਵੱਧ ਅਹਿਮ ਪਾਰਟੀ ਅੰਗ ਮਜਦੂਰਾਂ 'ਚ ਮੇਰੀ ਡਿਊਟੀ ਲਾਈ ਹੈ, ਤਾਂ ਏਸ ਤੋਂ ਵੱਡੀ ਖੁਸ਼ੀ ਵਾਲੀ ਗੱਲ ਕਿਹੜੀ ਹੋ ਸਕਦੀ ਹੈ। ਨਾਲੇ ਸੌਖ ਦੀ ਜ਼ਿੰਦਗੀ ਛੱਡ ਕੇ ਹੀ ਤਾਂ ਕਮਿਊਨਿਸਟ ਬਣੇ ਹਾਂ।

**ਸਵਾਲ- ਬੰਤ ਸਿੰਘ ਝੱਬਰ ਕਾਂਡ ਬਾਰੇ ਤੁਸੀਂ ਕੀ ਸਮਝਦੇ ਹੋ?**

**ਜੁਆਬ-**ਝੱਬਰ ਕਾਂਡ ਜਗੀਰੂ ਮਾਨਸਿਕਤਾ ਵਾਲੇ ਗੁੰਡਾ ਅਨਸਰਾਂ ਵਲੋਂ ਵਰਤਾਏ ਗਏ ਘਿਨਾਉਣੀ ਤੇ ਅਨਮਨੁਖੀ ਤਸਵੀਰ ਹੈ, ਲੇਕਿਨ ਬੰਤ ਸਿੰਘ ਇਨਸਾਫ ਤੇ ਅਣਖ ਦੀ ਲੜਾਈ ਦਾ ਪ੍ਰਤੀਕ ਹੈ, ਜਿਸ ਨੇ ਆਪਣੇ ਅੰਗ ਅੰਗ ਨੂੰ ਤਾਂ ਕਟਾ ਲਿਆ, ਲੇਕਿਨ ਮਜਦੂਰ ਜਮਾਤ ਦੀ ਅਣਖ, ਗੈਰਤ ਤੇ ਸਵੈਮਾਣ ਨੂੰ ਜਗੀਰੂ ਤੇ ਧਨਾਢ ਮਾਨਸਿਕਤਾ ਅੱਗੇ ਨੀਵਾਂ ਨਹੀਂ ਪੈਣ ਦਿੱਤਾ। ਸੀ ਪੀ ਆਈ ਐਮ ਐਲ ਲਿਬਰੇਸ਼ਨ ਦੀ ਪਹਿਲ ਕਦਮੀ ਤੇ ਇਸ ਕਾਂਡ ਖਿਲਾਫ ਲੜਿਆ ਗਿਆ ਲਾਮਿਸਾਲ ਅੰਦੋਲਨ, ਦੁਨੀਆ ਦੇ ਨਕਸ਼ੇ ਤੇ ਉਭਰਿਆ ਹੈ। ਮੈਂ ਇਸ ਅੰਦੋਲਨ ਚ ਸ਼ਾਮਲ ਰਹੀ ਹਾਂ, ਪੀ ਜੀ ਆਈ ਹਸਪਤਾਲ 'ਚ ਮੁਸ਼ਕਲ ਹਾਲਤ ਚ ਰਹਿੰਦਿਆਂ ਬੰਤ ਸਿੰਘ ਦੀ ਸੰਭਾਲ ਦੀ ਜ਼ਿੰਮੇਵਾਰੀ ਮੇਰੇ ਹਿੱਸੇ ਆਈ ਹੈ।

**ਸਵਾਲ- ਆਖਰੀ ਸਵਾਲ, ਤੁਹਾਨੂੰ ਪੰਜਾਬ ਚ ਕਿੱਥੇ ਜਾਣਾ ਪਸੰਦ ਹੈ?**

**ਜੁਆਬ-** ਜਲੰਧਰ ਗਦਰੀ ਬਾਬਿਆਂ ਦੇ ਮੇਲੇ ਤੇ ਜਿੱਥੇ ਕਮਿਊਨਿਸਟ ਲਹਿਰ ਦਾ ਅਸਰ ਅਤੇ ਤਾਕਤ ਦੇਖਣ ਨੂੰ ਮਿਲਦੀ ਹੈ ਤੇ ਸੰਘਰਸ਼ ਦੀ ਪ੍ਰੇਰਨਾ ਮਿਲਦੀ ਹੈ।

9876896122

# ਵੱਧ ਰਿਹਾ ਆਰਥਿਕ ਸੰਕਟ



ਜਿਵੇਂ ਕਿਸੇ ਅਧਿਆਪਕ ਦਾ ਕੰਮ ਵਿਦਿਆਰਥੀਆਂ ਨੂੰ ਪੜ੍ਹਾਉਣਾ ਹੁੰਦਾ ਹੈ, ਧਰਮ ਦਾ ਕੰਮ ਬੰਦੇ ਨੂੰ ਚੰਗਾ ਮਨੁੱਖ ਬਣਨ ਦੀ ਅਤੇ ਸੌੜੀ ਸੋਚ ਤੋਂ ਉੱਤੇ ਉੱਠ ਕੇ ਸਮੁੱਚੀ ਮਨੁੱਖ ਜਾਤੀ ਅਤੇ ਕਾਇਨਾਤ ਨੂੰ ਇੱਕ ਜਾਣ ਕੇ ਮੁਹੱਬਤ ਕਰਨ ਦੀ ਸਿੱਖਿਆ ਦੇਣਾ ਹੁੰਦਾ ਹੈ, ਨਿਆਂਪਾਲਿਕਾ ਦਾ ਕੰਮ ਤਰਕ ਅਤੇ ਸੱਚ ਦੇ ਅਧਾਰ ਉੱਤੇ, ਬਿਨਾਂ ਕਿਸੇ ਅਮੀਰੀ-ਗਰੀਬੀ ਦਾ ਫਰਕ ਜਾਣੇ, ਜਨਤਾ ਨੂੰ ਨਿਆਂ ਦੇਣਾ ਹੁੰਦਾ ਹੈ, ਉਸੇ ਹੀ ਤਰਾਂ ਕਿਸੇ ਲੋਕਤੰਤਰੀ ਸਰਕਾਰ ਦਾ ਪਹਿਲਾ ਅਤੇ ਸਰਵਉੱਚ ਕੰਮ ਆਰਥਿਕ ਸੰਸਾਧਨਾਂ ਦੀ ਸਾਂਵੀਂ ਵੰਡ ਕਰਨ ਲਈ ਆਰਥਿਕ ਨੀਤੀਆਂ ਘੜਨਾ ਹੁੰਦਾ ਹੈ, ਜਿਸ ਨੂੰ ਕਰਨ ਲਈ ਮੁੱਖ ਤੌਰ ਤੇ ਲੋਕਾਂ ਵੱਲੋਂ ਸਰਕਾਰਾਂ ਨੂੰ ਸਮੇਂ-ਸਮੇਂ ਤੇ ਵੋਟਾਂ ਪਾ ਕੇ ਚੁਣਿਆ ਜਾਂਦਾ ਹੈ।

ਪਰ ਦੁੱਖ ਦੀ ਗੱਲ ਇਹ ਹੈ ਕਿ, ਪਿਛਲੇ ਕਈ ਸਾਲਾਂ ਤੋਂ ਸਾਡੇ ਮੁਲਕ ਦੀ ਸਰਕਾਰ ਵੱਲੋਂ ਆਰਥਿਕ ਮੁੱਦਿਆਂ ਦੀ ਬਜਾਏ ਕੇਵਲ ਧਾਰਮਿਕ, ਸਮਾਜਿਕ ਮੁੱਦਿਆਂ ਨੂੰ ਹੀ ਤਰਜੀਹ ਦਿੱਤੀ ਜਾ ਰਹੀ ਹੈ ਅਤੇ ਉਹ ਵੀ ਇਹੋ ਜਿਹੇ, ਜਿਨ੍ਹਾਂ ਨਾਲ ਸਮਾਜ ਨੇ ਵਿਕਾਸ ਤਾਂ ਕੀ ਕਰਨਾ ਸਗੋਂ ਸਮਾਜ ਵਿੱਚ ਨਫਰਤ, ਹਿੰਸਾ ਅਤੇ ਫਿਰਕਾਪ੍ਰਸਤੀ ਦਾ ਮਾਹੌਲ ਬਣ ਗਿਆ ਹੈ ਅਤੇ ਜਿਹੜੀਆਂ ਆਰਥਿਕ ਨੀਤੀਆਂ ਅਪਣਾਈਆਂ ਵੀ ਗਈਆਂ ਹਨ, ਉਨ੍ਹਾਂ ਨਾਲ ਸੰਸਾਧਨਾਂ ਦੀ ਸਾਂਵੀਂ ਵੰਡ ਤਾਂ ਦੂਰ ਦੀ ਗੱਲ, ਸਗੋਂ ਅਮੀਰ-ਗਰੀਬ ਵਿਚਲਾ ਪਾੜਾ ਹੋਰ ਵਧਿਆ ਹੈ।

ਜੇ ਧਿਆਨ ਨਾਲ ਵੇਖਿਆ ਜਾਵੇ ਤਾਂ ਸਮਝ ਲੱਗਦੀ ਹੈ, ਕਿ ਸਰਕਾਰਾਂ ਵੱਲੋਂ ਬਣਾਈਆਂ ਆਰਥਿਕ ਨੀਤੀਆਂ, ਅਰਥਚਾਰੇ ਨੂੰ ਅਸਲ ਵਿੱਚ ਚਲਾਉਣ ਵਾਲੇ ਆਮ ਲੋਕਾਂ ਤੋਂ, ਵੱਖ-ਵੱਖ ਢੰਗਾਂ ਨਾਲ ਸਾਰਾ ਪੈਸਾ ਖੋਹ ਕੇ ਅਤੇ ਮੁਲਕ ਦੇ ਸੰਸਾਧਨਾਂ (ਜਿਵੇਂ ਪਾਣੀ, ਜ਼ਮੀਨ, ਰੇਤ-ਬਜਰੀ) ਨੂੰ ਕੇਵਲ ਪੂੰਜੀਪਤੀ ਕਾਰੋਬਾਰੀਆਂ ਦੇ ਹਵਾਲੇ ਕਰ ਕੇ ਇਨ੍ਹਾਂ ਦੇ ਖਜ਼ਾਨੇ ਭਰਨ ਵਾਲੀਆਂ ਸਨ, ਭਾਵੇਂ ਉਹ ਮੁਦਰੀਕਰਨ ਦੀ ਨੀਤੀ ਹੋਵੇ, ਅਪਨਿਵੇਸ਼ ਦੀ ਨੀਤੀ ਹੋਵੇ ਜਾਂ ਪੈਟ੍ਰੋਲ, ਡੀਜ਼ਲ ਦੀ, ਸੰਸਾਧਨਾਂ ਅਤੇ ਸੰਸਥਾਂਵਾਂ ਦੀ ਪ੍ਰਾਈਵੇਟਆਈਜੇਸ਼ਨ ਦੀ ਨੀਤੀ ਕਿਓਂ ਨਾ ਹੋਵੇ।

ਇਸ ਤਰਾਂ ਵੇਖਿਆ ਜਾਵੇ ਤਾਂ ਹੁਕਮਰਾਨਾਂ ਨੇ ਆਪਣੀਆਂ ਨੀਤੀਆਂ ਰਾਹੀਂ ,ਮੋਟੇ ਰੂਪ ਵਿੱਚ ਆਮ ਲੋਕਾਂ ਦਾ ਪੂੰਜੀ ਦਾ ਬਣਦਾ ਹਿੱਸਾ ਖੋਹ ਕੇ ਅਮੀਰਾਂ ਨੂੰ ਦੇਣ ਵਾਲੇ ਵਿਚੋਲੇ ਦਾ ਕਿਰਦਾਰ ਹੀ ਨਿਭਾਇਆ ਹੈ ਅਤੇ ਇਸ ਤਰ੍ਹਾਂ ਲੋਕ ਤੰਤਰ ਨੂੰ ਲੁੱਟ ਤੰਤਰ ਵਿੱਚ ਬਦਲ ਦਿੱਤਾ ਹੈ। ਆਓ ਵੇਖੀਏ ਕਿਵੇਂ।

ਉਹ ਜੀ. ਐਸ. ਟੀ ਨਾਲ ਟੈਕਸ ਵਧਾਉਂਦੇ ਨੇ, ਨੋਟਬੰਦੀ ਜਿਹੇ ਤੁਗਲਕੀ ਫੈਸਲੇ ਕਰਦੇ ਨੇ। ਉਹ ਇਹੋ ਜਿਹੇ ਕਾਨੂੰਨ ਪਾਸ ਕਰਦੇ ਨੇ, ਜਿਨ੍ਹਾਂ ਨਾਲ ਮਜ਼ਦੂਰਾਂ ਅਤੇ ਕਿਸਾਨਾਂ ਦਾ ਪੂੰਜੀਪਤੀਆਂ ਹੱਥੋਂ ਸ਼ੋਸ਼ਣ ਹੋਣਾ ਤੈਅ ਹੋਵੇ। ਉਹ ਪਬਲਿਕ ਸੈਕਟਰ (ਸਰਕਾਰ ਦੀ ਆਮਦਨ ਅਤੇ ਲੋਕਾਂ ਦੇ ਰੋਜ਼ਗਾਰ ਦਾ ਸਾਧਨ) ਵਿਚਲੀਆਂ ਕਮੀਆਂ ਨੂੰ ਠੀਕ ਕਰਨ ਦੀ ਬਜਾਏ, ਇਸ ਨੂੰ ਅਰਬਪਤੀਆਂ ਨੂੰ ਵੇਚ ਦਿੰਦੇ ਨੇ (ਹੁਣ ਤੱਕ 36 ਕੇਂਦਰੀ ਜਨਤਕ ਖੇਤਰ ਈਕਾਈਆਂ ਵੇਚਣ ਦਾ ਐਲਾਨ ਕਰ ਚੁੱਕੇ ਨੇ ਅਤੇ ਅੱਠ ਵੇਚ ਚੁੱਕੇ ਨੇ) ਅਤੇ ਇਸ ਅਮਲ ਵਿੱਚੋਂ ਪਏ ਵਿੱਤੀ ਘਾਟੇ ਨੂੰ ਆਮ ਲੋਕਾਂ ਉੱਤੇ ਹਰ ਕਿਸਮ ਦਾ ਟੈਕਸ ਵਧਾ ਕੇ ਅਤੇ ਤੇਲ ਉੱਤੇ ਵੱਧ ਤੋਂ ਵੱਧ ਕਰ ਲਗਾ ਕੇ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਨੇ (ਜਿਸ ਨਾਲ ਮਹਿੰਗਾਈ ਵੱਧਦੀ ਹੈ ਕਿਓਂਕਿ ਢੋਆ-ਢੋਆਈ ਦਾ ਖਰਚ ਵੱਧ ਜਾਂਦਾ ਹੈ), ਪੈਟਰੋਲ, ਡੀਜ਼ਲ ਨੂੰ ਕੱਢਣ ਅਤੇ ਇਨ੍ਹਾਂ ਦੀਆਂ ਕੀਮਤਾਂ ਨਿਰਧਾਰਿਤ ਕਰਨ ਦਾ ਸੰਪੂਰਨ ਅਖਤਿਆਰ ਨਿੱਜੀ ਕੰਪਨੀਆਂ ਨੂੰ ਸੌਂਪ ਦਿੰਦੇ ਨੇ, ਪ੍ਰਾਈਵੇਟਆਈਜੇਸ਼ਨ ਨੂੰ ਵੱਧ ਤੋਂ ਵੱਧ ਹੁਲਾਰਾ ਦਿੰਦੇ ਨੇ ਅਤੇ ਪ੍ਰਾਈਵੇਟ ਸੈਕਟਰ ਉਤੋਂ ਕੰਟਰੋਲ ਖਤਮ ਕਰ ਕੇ ਲੋਕਾਂ ਨੂੰ ਨਿੱਜੀ ਕੰਪਨੀਆਂ ਹੱਥੋਂ ਲੁੱਟੇ ਜਾਣ ਲਈ ਛੱਡ ਦਿੰਦੇ ਨੇ ਅਤੇ ਇਸ ਤਰਾਂ ਇਹੋ ਜਿਹੇ ਹਲਾਤ ਪੈਦਾ ਹੋ ਜਾਂਦੇ ਨੇ ਜਿਸ ਨਾਲ ਲੋਕਾਂ ਦੀ ਖਰੀਦ ਸ਼ਕਤੀ ਘਟਦੀ ਹੈ, ਜਾਂ ਕਹਿ ਲਓ ਕਿ ਆਮ ਬੰਦਾ ਆਪਣੀਆਂ ਲੋੜਾਂ ਪੂਰੀਆਂ ਕਰਨ ਵਿੱਚ ਅਸਮਰੱਥ ਹੋ ਜਾਂਦਾ ਹੈ, ਲੱਖਾਂ ਲੋਕਾਂ ਦੀਆਂ ਨੌਕਰੀਆਂ ਚਲੀਆਂ ਜਾਂਦੀਆਂ ਨੇ ਅਤੇ ਮਹਿੰਗਾਈ ਆਪਣੀ ਰੀਕਾਰਡ ਉਚਾਈ ਤੇ ਪਹੁੰਚ ਜਾਂਦੀ ਹੈ।

ਪਰ ਇਸਦੇ ਬਿਲਕੁਲ ਉਲਟ ਹਾਕਮ ਅਰਬਪਤੀਆਂ ਦੇ ਕਰਜ਼ੇ ਐਨ.ਪੀ. ਏ. ਦੇ ਰੂਪ ਵਿੱਚ ਮੁਆਫ ਕਰਦੇ ਨੇ, (ਦਿਵਾਲੀਆ ਅਰਬਪਤੀਆਂ ਦੇ ਨਾਮ ਵੀ ਜਨਤਕ ਨਹੀਂ ਹੋਣ ਦਿੰਦੇ, ਸਗੋਂ ਦਿਵਾਲੀਆ ਹੋ ਜਾਣ ਤੋਂ ਬਾਦ ਵੀ ਉਨ੍ਹਾਂ ਨੂੰ ਹਥਿਆਰ ਬਨਾਉਣ ਦੇ ਹਜ਼ਾਰਾਂ ਕਰੋੜਾਂ ਦੇ ਠੇਕੇ ਦਵਾਉਂਦੇ ਨੇ ਜਿਵੇਂ ਰਾਫੇਲ ਜਹਾਜ਼ ਦੇ ਠੇਕੇ ਅਨਿਲ ਅੰਬਾਨੀ ਨੂੰ ਦਿੱਤੇ ਗਏ), ਖੇਤੀਬਾੜੀ ਸੈਕਟਰ ਨੂੰ ਇਨ੍ਹਾਂ ਪੂੰਜੀਪਤੀਆਂ ਨੂੰ ਸੌਂਪਣ ਲਈ ਖੇਤੀ ਕਨੂੰਨ ਬਣਾਉਂਦੇ ਨੇ, ਉਨ੍ਹਾਂ ਨੂੰ ਮਿਲਦੀਆਂ ਸਬਸਿਡੀਆਂ ਵਧਾਂਉਂਦੇ ਨੇ, ਉਨ੍ਹਾਂ ਦੇ ਇਨਕਮ ਟੈਕਸ ਘਟਾਉਂਦੇ ਨੇ, ਅਮੀਰੀ ਟੈਕਸ ਖਤਮ ਕਰਦੇ ਨੇ, ਮੁਲਕ ਦਾ ਬੁਨਿਆਦੀ ਢਾਂਚਾ ਅਰਬਪਤੀਆਂ ਨੂੰ ਵੇਚ ਦਿੰਦੇ ਨੇ, ਅਤੇ ਇਸ ਤਰਾਂ ਮੁੱਠੀ ਭਰ ਅਮੀਰ ਹੋਰ ਅਮੀਰ ਹੋਈ ਜਾ ਰਹੇ ਨੇ, ਜੋ ਕਿ ਇਸ ਗੱਲ ਦਾ ਆਪਮੁਹਾਰਾ ਸੂਚਕ ਹੈ ਕਿ ਆਮ ਬੰਦਾ ਹੋਰ ਗਰੀਬੀ ਵਿੱਚ ਧੱਕਿਆ ਜਾਵੇਗਾ। ਇਸ ਲਈ ਪੂੰਜੀਪਤੀਆਂ ਦੇ ਅਮੀਰ ਹੋਣ ਨੂੰ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਅਤੇ ਕਾਰੋਬਾਰਾਂ ਦੇ ਵਾਧੇ ਨੂੰ ਮੁਲਕ ਦਾ ਵਿਕਾਸ ਸਮਝਣਾ ਕੇਵਲ ਭੁਲੇਖਾ ਹੈ।

ਮੇਕ ਇਨ ਇੰਡੀਆਂ ਜਿਹੀਆਂ ਨੀਤੀਆਂ ਨੂੰ ਮੁਲਕ ਦਾ ਵਿਕਾਸ ਦਸ ਕੇ ਗੁਣਗਾਨ ਕਰਨ ਵਾਲੀ ਅਤੇ ਵਿਦੇਸ਼ੀ ਕੰਪਨੀਆਂ ਨੂੰ ਆਪਣੇ ਮੁਲਕ ਵਿੱਚ ਕਾਰੋਬਾਰ ਸਥਾਪਿਤ ਕਰਨ ਲਈ ਵਾਜਾਂ ਮਾਰਨ ਵਾਲੀ ਹਰ ਧਿਰ ਨੂੰ ਇਸ ਦਾ ਗੱਲ ਦਾ ਗਿਆਨ ਹੋਣਾ ਚਾਹੀਦਾ ਹੈ ਕਿ ਕੰਪਨੀਆਂ ਕੋਈ ਲੋਕਾਂ ਦਾ ਭਲਾ ਕਰਨ ਵਾਸਤੇ ਜਾਂ ਮੁਲਕ ਦਾ ਵਿਕਾਸ ਕਰਨ ਖਾਤਿਰ ਨਹੀਂ ਆਉਂਦੀਆਂ, ਉਹ ਤਾਂ ਮੁਲਕ ਦੇ ਸੰਸਾਧਨਾਂ ਨੂੰ ਵਰਤ ਕੇ ਉਸ ਵਿੱਚੋਂ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਚਾਹੁੰਦੀਆਂ ਹਨ, ਜਿਵੇਂ ਕਿਸੇ ਵੇਲੇ ਇੱਥੇ ਈਸਟ ਇੰਡੀਆ ਕੰਪਨੀ ਆਈ ਸੀ। ਕੰਪਨੀਆਂ ਭਾਂਵੇ ਦੇਸੀ ਹੋਣ (ਰਿਲਾਇਸ, ਅਡਾਨੀ ਗਰੁੱਪ ਆਦਿ) ਤੇ ਭਾਂਵੇਂ ਵਿਦੇਸੀ, ਮਕਸਦ ਇੱਕੋ ਹੈ- ਨਿੱਜੀ ਮੁਨਾਫਾ। ਜਿਸ ਨੂੰ ਹਾਸਲ ਕਰਨ ਲਈ ਉਹ ਇਲੈਕਸ਼ਨਾਂ ਵੇਲੇ ਇਹੋ ਜਿਹੇ ਰਾਜਨੇਤਾਵਾਂ ਅਤੇ ਪਾਰਟੀਆਂ ਨੂੰ ਫੰਡਿੰਗ ਕਰਕੇ ਜਿਤਾਉਂਦੀਆਂ ਨੇ ਜੋ ਕਿ ਉਨ੍ਹਾਂ ਦੇ ਮੁਨਾਫਿਆਂ ਦੇ ਹਿੱਤ ਵਿੱਚ ਇਹੋ ਜਿਹੀਆਂ ਆਰਥਿਕ ਨੀਤੀਆਂ ਬਣਾਉਣ, ਜਿਨ੍ਹਾਂ ਰਾਹੀਂ ਉਹ ਸੰਸਾਧਨਾਂ ਉੱਤੇ ਕਬਜ਼ਾ ਕਰਕੇ ਉਨ੍ਹਾਂ ਨੂੰ ਬੇਰੋਕ ਵਰਤ ਸਕਣ ਅਤੇ ਲੋਕਾਂ ਨੂੰ ਕੇਵਲ ਉਪਭੋਗਤਾ ਜਾਣ ਕੇ ਉਨ੍ਹਾਂ ਨੂੰ ਆਪਣਾ ਸਮਾਨ ਵੇਚ ਕੇ ਵੱਧ ਤੋਂ ਵੱਧ ਮੁਨਾਫਾ ਕਮਾਉਣ।


ਪਰ ਇਹ ਸੱਭ ਕੁਝ ਕਿੰਨੀ ਕੁ ਦੇਰ ਤਕ ਸੰਭਵ ਹੋ ਸਕੇਗਾ? ਕਿਓਂਜੋ ਹਾਕਮ ਧਿਰ ਇੱਕ ਪਾਸੇ ਤਾਂ ਲੋਕਾਂ ਦੀ ਖਰੀਦ ਸ਼ਕਤੀ ਨੂੰ ਖਤਮ ਕਰਨ ਵਾਲੀਆਂ ਨੀਤੀਆਂ ਲਾਗੂ ਕਰਦੀ ਹੈ ਜਿਸ ਕਾਰਨ ਲੋਕਾਂ ਲਈ ਗੁਜ਼ਾਰਾ ਕਰਨਾ ਔਖਾ ਹੋ ਜਾਂਦਾ ਹੈ, ਅਤੇ ਦੂਜੇ ਪਾਸੇ ਚਾਹੁੰਦੀ ਹੈ ਕਿ ਅਮੀਰਾਂ ਦੇ ਕਾਰੋਬਾਰ ਵਧਣ-ਫੁਲੱਣ, ਲੋਕ ਉਨ੍ਹਾਂ ਦੀਆਂ ਫੈਕਟਰੀਆਂ ਵਿੱਚ ਬਣਿਆ ਸਮਾਨ ਖਰੀਦਣ, ਉਨ੍ਹਾਂ ਦੇ ਹਸਪਤਾਲਾਂ ਵਿੱਚੋਂ ਹੀ ਮਹਿੰਗੇ ਇਲਾਜ ਕਰਵਾਉਣ, ਉਨ੍ਹਾਂ ਦੇ ਪੈਟਰੋਲ ਪੰਪਾਂ ਤੋਂ ਹੀ ਤੇਲ ਪਵਾਉਣ ਅਤੇ ਉਨ੍ਹਾਂ ਵੱਲੋਂ ਚਲਾਏ ਜਾਂਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਹੀ ਮੋਟੀਆਂ ਫੀਸਾਂ ਤਾਰ ਕੇ ਆਪਣੇ ਬੱਚਿਆਂ ਨੂੰ ਪੜ੍ਹਾਉਣ। ਪਰ ਜੇ ਲੋਕਾਂ ਕੋਲ ਪੈਸਾ ਹੀ ਨਹੀਂ ਹੋਵੇਗਾ, ਤਾਂ ਉਹ ਖਰੀਦਣਗੇ ਕੀ? ਬੇਸ਼ੱਕ ਸਾਰਾ ਬਜ਼ਾਰ ਵਸਤਾਂ ਨਾਲ ਨੱਕੋ-ਨੱਕ ਹੀ ਕਿਓਂ ਨਾ ਭਰਿਆ ਹੋਵੇ। ਜੇ ਉਹ ਅਮੀਰਾਂ ਦੀਆਂ ਫੈਕਟਰੀਆਂ ਵਿੱਚ ਬਣਿਆ ਸਮਾਨ ਹੀ ਨਹੀਂ ਖਰੀਦ ਸਕਣਗੇ ਤਾਂ ਪੂੰਜੀਪਤੀਆਂ ਦੇ ਕਾਰੋਬਾਰ, ਫੈਕਟਰੀਆਂ ਵੀ ਕਿਵੇਂ ਚੱਲ ਸਕਣਗੀਆਂ ਜਾਂ ਉਹ ਮੁਲਕ ਵਿੱਚ ਵਪਾਰ ਹੀ ਕਿਓਂ ਕਰਨ ਆਉਣਗੇ? ਜੇ ਲੋਕ ਆਪਣੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਲੋੜੀਂਦੀਆਂ ਵਸਤੂਆਂ ਨੂੰ ਹੀ ਨਹੀਂ ਖਰੀਦ ਸਕਣਗੇ, ਤਾਂ ਸਰਕਾਰ ਕੋਲ ਟੈਕਸ ਵੀ ਕਿਵੇਂ ਜਾਊ, ਸਰਕਾਰ ਕਿਵੇਂ ਚੱਲੂਗੀ, ਮੰਗ ਅਤੇ ਪੂਰਤੀ ਦੇ ਅਧਾਰ ਉੱਤੇ ਬਜ਼ਾਰ, ਅਰਥਚਾਰਾ ਕਿਵੇਂ ਚੱਲੂ ? ਕੀ ਇਸ ਨਾਲ ਅਖੀਰ ਅਰਥਚਾਰਾ ਢਹਿ ਢੇਰੀ ਨਹੀਂ ਹੋ ਜਾਵੇਗਾ? ਕੀ ਸਾਡਾ ਦੇਸ਼ ਕਿਸੇ ਬਹੁਤ ਵੱਡੇ ਆਰਥਿਕ ਸੰਕਟ ਵੱਲ ਵੱਧ ਰਿਹਾ ਹੈ, ਜਿਸ ਤੋਂ ਬਹੁਗਿਣਤੀ ਲੋਕ, ਸਰਕਾਰ ਅਤੇ ਨਿਆਂਪਾਲਿਕਾ ਬੇਖਬਰ ਹਨ। ਕਿਓਂਕਿ ਉਹ ਸ਼ਾਇਦ ਇਸ ਵੇਲੇ ਧਾਰਮਿਕ ਮਸਲੇ ਸੁਲਝਾਉਣ ਵਿੱਚ ਮਸਰੂਫ ਹਨ। ਜੇ ਇਹ ਸੱਭ ਕੁਝ ਇਦਾਂ ਹੀ ਚੱਲਦਾ ਰਿਹਾ ਤਾਂ ਕੌਣ ਕਹਿ ਸਕਦਾ ਹੈ ਕਿ ਸਾਡਾ ਹਾਲ ਵੀ ਕੁਝ ਸਮੇਂ ਵਿੱਚ ਸ੍ਰੀਲੰਕਾ ਵਾਲਾ ਹੀ ਹੋਣ ਵਾਲਾ ਹੈ।

ਉਸ ਸੰਕਟ ਵੇਲੇ ਜਦੋਂ ਸਾਡੀ ਬਾਂਹ ਫੜ੍ਹਨ ਲਈ ਕੋਈ ਨਹੀਂ ਆਵੇਗਾ, ਜਦੋਂ ਅਸੀਂ ਆਪਣੀ ਅਗਿਆਨਤਾ ਕਰਕੇ ਭਾਰਤ ਮਾਂ ਦਾ ਸਾਰਾ ਸਰਮਾਇਆ ਮੁੱਠੀ ਭਰ ਲਾਲਚੀ ਲੋਕਾਂ ਨੂੰ ਸਦਾ ਲਈ ਲੁਟਾ ਬੈਠੇ ਹੋਵਾਂਗੇ ਅਤੇ ਭਾਰਤ ਮਾਂ ਨੂੰ ਲੁੱਟਣ ਵਾਲਿਆਂ ਨੂੰ ਸਮਾਂ ਰਹਿੰਦੇ ਨਾ ਪਛਾਣ ਕੇ ਆਪਣੇ ਮੁਲਕ, ਆਪਣੇ ਵਤਨ, ਆਪਣੇ ਦੇਸ਼ ਨਾਲ ਧ੍ਰੋਹ ਕਰ ਬੈਠਾਂਗੇ, ਕੀ ਉਦੋਂ ਵੀ ਅੱਜ ਵਾਂਗ ਸਾਡੇ ਲਈ ਇਹੋ ਜਿਹੇ ਮੁੱਦੇ ਮਹੱਤਵਪੂਰਨ ਹੋਣਗੇ ਕਿ, ਕਿਹੜਾ ਧਾਰਮਿਕ ਸਥਾਨ ਕਿਹੜੇ ਧਾਰਮਿਕ ਸਥਾਨ ਨੂੰ ਕਿੰਨੇ ਸੌ ਸਾਲ ਪਹਿਲਾਂ ਢਾਹ ਕੇ ਬਣਾਇਆ ਗਿਆ ਸੀ... ਜਾਂ ਕਿਸੇ ਧਰਮ ਦੀਆਂ ਔਰਤਾਂ ਨੂੰ ਕਿਹੋ ਜਿਹੇ ਕੱਪੜੇ ਪਾ ਕੇ ਕਾਲਜਾਂ ਵਿੱਚ ਪੜ੍ਹਨ ਵਾਸਤੇ ਆਣ ਦਿੱਤਾ ਜਾਣਾ ਚਾਹੀਦਾ ਹੈ ਅਤੇ ਕਿਹੋ ਜਿਹੇ ਨਹੀਂ... ਕੋਈ ਰਾਜਨੇਤਾ ਕਿਹੜੇ ਰੰਗ ਦੇ ਕੱਪੜੇ ਪਾਉਂਦਾ ਹੈ... ਕਿਹੜੇ-ਕਿਹੜੇ ਈਸ਼ਟਾਂ ਦੀ ਬੰਦਗੀ ਕਰਦਾ ਹੈ ... ਕਿੰਨੇ ਧਾਰਮਿਕ ਸਥਾਨਾਂ ਦੀ ਉਸਾਰੀ ਕਰਵਾਉਂਦਾ ਹੈ... ਅਤੇ ਅੰਬ ਚੂਪ ਕੇ ਖਾਂਦਾ ਹੈ ਜਾਂ ਕੱਟ ਕੇ!

ਅਜੋਕੇ ਸੰਕਟਮਈ ਹਲਾਤਾਂ ਵਿੱਚ ਸਾਨੂੰ ਆਪਣੇ ਆਪ ਤੋਂ ਇਹ ਸਵਾਲ ਪੁੱਛਣ ਦੀ ਲੋੜ ਹੈ ਕਿ, ਕੀ ਉੱਪਰ ਲਿਖੀਆਂ ਸਾਰੀਆਂ ਗੱਲਾਂ ਸਾਡੇ ਲਈ ਆਪਣੇ ਬੱਚਿਆਂ ਦੇ ਭਵਿੱਖ ਨਾਲੋਂ ਵੀ ਵੱਧ ਮਹੱਤਵਪੂਰਨ ਹਨ...ਕੀ ਇਤਿਹਾਸ ਵਿੱਚ ਕੁਝ ਜ਼ਾਲਮ ਲੋਕਾਂ ਵੱਲੋਂ ਕੀਤੀਆਂ ਵਧੀਕੀਆਂ ਦਾ ਬਦਲਾ ਵਰਤਮਾਨ ਵਿੱਚ ਉਸੇ ਹੀ ਧਾਰਮਿਕ ਭਾਈਚਾਰੇ ਦੇ ਬੇਕਸੂਰ ਲੋਕਾਂ ਤੋਂ ਲੈਣਾ ਜਾਇਜ਼ ਹੈ... ਕੀ ਦੂਸਰੇ ਫਿਰਕਿਆਂ ਨਾਲ ਨਫਰਤ ਅਤੇ ਹਿੰਸਾ ਕਰਨ ਵਾਲਾ ਕੋਈ ਵਿਅਕਤੀ ਜਾਂ ਰਾਜਨੇਤਾ ਸਚਮੁਚ ਧਾਰਮਿਕ ਬਿਰਤੀ ਦਾ ਜਾਂ ਧਰਮ ਦਾ ਰਾਖਾ ਹੋ ਸਕਦਾ ਹੈ? ਇਸ ਲਈ ਅੱਜ ਸਾਨੂੰ ਇਸ ਗੱਲ ਉੱਤੇ ਮੁੜ ਵਿਚਾਰ ਕਰਨਾ ਪਵੇਗਾ, ਕਿ ਭਾਰਤ ਵਰਗਾ ਮੁਲਕ, ਜਿਹੜਾ ਆਰਥਿਕ ਤਬਾਹੀ ਦੀ ਕਗਾਰ ਤੇ ਹੋਵੇ, ਜਿਸ ਦੀ ਅੱਧਿਓਂ ਵੱਧ ਅਬਾਦੀ ਦੀਆਂ ਭੁੱਖ ਨਾਲ ਪਸਲੀਆਂ ਨਿਕਲੀਆਂ ਹੋਣ, ਜਿੱਥੇ ਲੋਕਾਂ ਦਾ ਸੱਭ ਤੋਂ ਵੱਡਾ ਸੁਫਨਾ ਕੇਵਲ ਇੱਜ਼ਤ ਨਾਲ ਦੋ ਡੰਗ ਦੀ ਰੋਟੀ ਖਾਣਾ ਹੀ ਹੋਵੇ, ਜਿਸ ਨੂੰ ਪੂਰਾ ਕਰਨ ਲਈ ਉਹ ਆਪਣੀ ਭਾਸ਼ਾ, ਆਪਣੇ ਵਤਨ ਨੂੰ ਸਦਾ ਲਈ ਅਲਵਿਦਾ ਕਹਿਣ ਲਈ ਵੀ ਤਿਆਰ ਹੋ ਜਾਣ, ਉਸ ਮੁਲਕ ਦੀ ਇੱਕ ਸੁਹਿਰਦ ਸਰਕਾਰ ਨੂੰ, ਸੱਤਾ ਉੱਤੇ ਕਾਬਜ ਪਾਰਟੀ ਨੂੰ ਅਤੇ ਮੀਡੀਏ ਨੂੰ ਕਿਹੋ ਜਿਹੇ ਮੁੱਦਿਆਂ ਨੂੰ ਉਭਾਰਨਾ ਚਾਹੀਦਾ ਹੈ...ਸਾਡੇ ਲਈ ਇਹ ਵਿਚਾਰਨ ਯੋਗ ਗੱਲ ਹੈ ਕਿਓਂਜੋ ਇਹ ਫੈਸਲੇ ਦੀ ਘੜੀ ਹੈ...ਉੱਠਣ ਦਾ ਵੇਲਾ ਹੈ!

**ਸੀਰਤ ਮੰਡ**
**ਵਿਦਿਆਰਥੀ, ਖਾਲਸਾ ਕਾਲਜ**
**ਗੜ੍ਹਦੀਵਾਲਾ**
7652860960

# ਮਹਾਨ ਗੁਰੀਲਾ ਕਮਾਂਡਰ ਸ਼ਹੀਦ ਮੋਨਿਕਾ ਅਰਟਲ...



ਸਰਬਜੀਤ ਸੋਹੀ, ਆਸਟਰੇਲੀਆ

ਇਤਿਹਾਸ ਵਿਚ ਜਦੋਂ ਵੀ ਮਹਾਨ ਇਨਕਲਾਬੀ ਨਾਇਕ ਚੀ ਗਵੇਰਾ ਦਾ ਨਾਮ ਲਿਆ ਜਾਵੇਗਾ ਤਾਂ ਉਸ ਦੇ ਨਾਲ ਹੀ ਕਾਮਰੇਡ ਮੋਨਿਕਾ ਅਰਟਲ (Monika Ertl) ਨੂੰ ਵੀ ਯਾਦ ਕੀਤਾ ਜਾਏਗਾ। ਵੀਹਵੀਂ ਸਦੀ ਵਿਚ ਜਬਰ-ਜ਼ੁਲਮ ਖਿਲਾਫ਼ ਜੂਝਣ ਵਾਲੇ ਸੂਰਬੀਰਾਂ ਦੇ ਇਤਿਹਾਸ ਨੂੰ ਪੜ੍ਹਦਿਆਂ ਕਮਿਊਨਿਸਟਾਂ ਦੀਆਂ ਕੁਰਬਾਨੀਆਂ ਦੇ ਪੱਤਰੇ ਮੁੜ ਮੁੜ ਉਹਨਾਂ ਯੋਧਿਆਂ ਨੂੰ ਨਮਨ ਕਰਨ ਲਈ ਮਜਬੂਰ ਕਰਦੇ ਹਨ, ਜਿਨ੍ਹਾਂ ਨੇ ਆਪੋ ਆਪਣੇ ਖਿੱਤੇ ਦੀਆਂ ਜ਼ੋਰਾਵਰ ਹਕੂਮਤਾਂ ਨਾਲ ਮੱਥਾ ਲਾਉਂਦਿਆਂ ਸ਼ਹਾਦਤ ਦੇ ਜਾਮ ਪੀਤੇ। ਅਰਜਨਟਾਈਨਾ ਵਿਚ ਜੰਮਿਆ, ਕਿਊਬਾ ਵਿਚ ਲੜਿਆ ਤੇ ਬੋਲੀਵੀਆ ਵਿਚ ਮਰਿਆ ਮਹਾਨ ਗੁਰੀਲਾ ਨਾਇਕ ਅਰਨੈਸਟੋ ਚੀ ਗਵੇਰਾ ਉਸ ਲਹੂ-ਭਿੱਜੇ ਦੌਰ ਦਾ ਇਨਕਲਾਬੀ ਆਈਕੋਨ ਸੀ, ਜਿਸ ਦਾ ਨਾਮ ਵੀ ਅਮਰੀਕਾ ਅਤੇ ਉਹਦੇ ਨਾਟੋ ਮਿੱਤਰਾਂ ਨੂੰ ਕੰਬਣੀ ਛੇੜਿਆ ਕਰਦਾ ਸੀ। ਬੋਲੀਵੀਆ ਵਿਚ ਇਨਕਲਾਬ ਲਹਿਰ ਨੂੰ ਜਥੇਬੰਦ ਕਰਦਿਆਂ ਇਕ ਮੁਕਾਬਲੇ ਦੌਰਾਨ ਉਸ ਨੂੰ ਫੜਕੇ ਸ਼ਹੀਦ ਕਰ ਦਿੱਤਾ ਗਿਆ। ਉਸ ਨੂੰ ਜ਼ਖ਼ਮੀ ਹਾਲਤ ਵਿਚ ਫੜਣ ਤੋਂ ਬਾਅਦ ਗੋਲੀਆਂ ਮਾਰੀਆਂ ਗਈਆਂ ਸਨ। ਉਸ ਦਾ ਜਿਸਮ ਕਿਸੇ ਅਣਜਾਣੀ ਥਾਂ ਤੇ ਦਫ਼ਨਾਇਆ ਗਿਆ ਤਾਂ ਕਿ ਉਹ ਜਗ੍ਹਾ ਕਿਤੇ ਵਿਸ਼ਵ ਭਰ ਦੇ ਇਨਕਲਾਬੀਆਂ ਲਈ ਪੂਜਨ ਦੀ ਜਗ੍ਹਾ ਨਾਂ ਬਣ ਜਾਵੇ। ਸੰਨ੍ਹ 1997 ਵਿਚ ਜਦੋਂ ਬੋਲੀਵੀਆ ਵਿਚ Vellegrande ਦੇ ਸਥਾਨ ਤੇ ਉਸ ਦੀ ਕਬਰ ਦੀ ਨਿਸ਼ਾਨਦੇਹੀ ਕੀਤੀ ਗਈ ਤਾਂ ਉਸ ਦੇ ਸਰੀਰ ਨਾਲ ਹੱਥ ਨਹੀਂ ਸਨ। ਉਸ ਨੂੰ ਮਾਰਨ ਵਾਲੇ ਸੈਨਿਕ ਦਸਤੇ ਵਿਚ ਇਕ ਕਰਨਲ ਰੋਬਰਟੋ ਪਰੇਰਾ (Colonel Roberto Pereira) ਨਾਂ ਦਾ ਬੇਰਹਿਮ ਅਫਸਰ ਸੀ, ਉਸ ਨੇ ਚੀ ਗਵੇਰਾ ਦੇ ਦੋਨੋਂ ਹੱਥ ਕੱਟ ਦਿੱਤੇ ਸਨ। ਚੀ ਦੇ ਹੱਥ ਵੈਸੇ ਤਾਂ ਬੰਦੂਕ ਦੇ ਕੁੰਦਿਆਂ ਤੇ ਟਿਕੇ ਹਰ ਇਨਕਲਾਬੀ ਦੇ ਹੱਥ ਬਣ ਚੁੱਕੇ ਹਨ, ਫਿਰ ਵੀ ਉਸ ਨਿਹੱਥੇ ਸੂਰਬੀਰ ਦੇ ਹੱਥ ਕੱਟਣ ਵਾਲੇ ਨੂੰ ਇਸ ਦੀ ਸਜ਼ਾ ਤਾਂ ਦੇਣੀ ਬਣਦੀ ਸੀ।

ਮੋਨਿਕਾ ਅਰਟਲ ਦਾ ਜਨਮ ਜਰਮਨ ਦੇ ਸ਼ਹਿਰ ਮਿਊਨਿਖ਼ ਵਿਚ 17 ਅਗਸਤ 1937 ਨੂੰ ਹੋਇਆ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਉਸਦੇ ਪਿਤਾ ਬੋਲੀਵੀਆ ਚਲੇ ਗਏ, ਜਿੱਥੇ ਉਸਨੇ ਕੁਝ ਸਮੇਂ ਲਈ ਫਿਲਮਾਂ ਬਣਾਈਆਂ ਅਤੇ ਇੱਕ ਕਿਸਾਨ ਬਣ ਗਿਆ। ਮੋਨਿਕਾ ਅਰਟਲ 1952 ਵਿਚ ਬੋਲੀਵੀਆ ਆਈ ਸੀ। ਇੱਥੇ ਉਸਦੇ ਪਿਤਾ ਨੇ ਆਪਣੇ ਪਰਿਵਾਰ ਨੂੰ ਲਿਆ ਕੇ 'ਲਾ ਡੋਲੋਰੀਡਾ' ਇਕ ਫਾਰਮ ਵਿਚ ਇਕ ਨਵੀਂ ਜ਼ਿੰਦਗੀ ਸ਼ੁਰੂ ਕੀਤੀ। ਬੋਲੀਵੀਆ ਵਿੱਚ, ਉਸਨੇ ਆਪਣੇ ਪਿਤਾ ਦੇ ਨਾਲ ਕਈ ਫਿਲਮਾਂਕਣ ਮੁਹਿੰਮਾਂ ਵਿਚ ਸ਼ਾਮਿਲ ਹੋਈ। ਉਸ ਨੇ ਆਪਣੇ ਪਿਤਾ ਤੋਂ ਫਿਲਮੀ ਕੈਮਰਾ ਅਤੇ ਹਥਿਆਰ ਦੋਵਾਂ ਦੀ ਵਰਤੋਂ ਕਰਨੀ ਸਿੱਖੀ। ਇੱਥੇ ਹੀ ਉਸ ਦਾ ਵਿਆਹ ਇਕ ਬੋਲੀਵੀਅਨ-ਜਰਮਨ ਮਾਈਨਿੰਗ ਇੰਜੀਨੀਅਰ ਦੇ ਨਾਲ ਹੋਇਆ, ਪਰ ਜਲਦੀ ਹੀ ਉਹ ਇਸ ਨੀਰਸ ਜੀਵਨ ਤੋਂ ਉਪਰਾਮ ਹੋ ਗਈ। ਸੰਨ੍ਹ 1969 ਵਿਚ ਉਸਦੇ ਤਲਾਕ ਤੋਂ ਬਾਅਦ, ਉਹ ਚੀ ਗਵੇਰਾ ਦੀ ਤੋਰੀ ਗੁਰੀਲਾ ਲਹਿਰ, ਬੋਲੀਵੀਆ ਦੀ ਨੈਸ਼ਨਲ ਲਿਬਰੇਸ਼ਨ ਆਰਮੀ (ਈਐਲਐਨ) ਵਿਚ ਸ਼ਾਮਿਲ ਹੋ ਗਈ। ਜਲਦੀ ਉਸ ਨੇ ਰੂਪੋਸ਼ ਜੀਵਨ ਨੂੰ ਅਪਣਾ ਅਤੇ ਘਰ ਨੂੰ ਸਦਾ ਲਈ ਤਿਆਗ ਦਿੱਤਾ। ਗੁਰੀਲਾ ਜੀਵਨ ਦੌਰਾਨ ਹੀ ਉਹ ਚੀ ਗਵੇਰਾ ਦੇ ਜਾਨਸ਼ੀਨ ਇਨਤੀ ਪੇਰੇਡੋ ਦੇ ਨੇੜੇ ਆਈ, ਪਰ ਬਦਕਿਸਮਤੀ ਨਾਲ (Inti Peredo) ਨੂੰ 9 ਸਤੰਬਰ 1969 ਨੂੰ ਬੋਲੀਵੀਆ ਦੀ ਸੀਕਰੇਟ ਪੁਲਸ ਨੇ ਮਾਰ ਦਿੱਤਾ।

ਚੀ ਗਵੇਰਾ ਨੂੰ ਮਾਰਨ ਵਾਲੇ ਕਰਨਲ ਪਰੇਰਾ ਨੂੰ ਬੋਲੀਵੀਆ ਦੀ ਸਰਕਾਰ ਨੇ ਜਰਮਨੀ ਦੇ ਸ਼ਹਿਰ ਹੈਮਬਰਗ ਵਿਚ ਕੌਂਸਲੇਟ ਨਿਯੁਕਤ ਕਰ ਦਿੱਤਾ ਸੀ। ਮੋਨਿਕਾ ਜਰਮਨੀ ਦੀ ਜੰਮਪਲ ਸੀ, ਇਸ ਕਰਕੇ ਮੋਨਿਕਾ ਅਤੇ ਉਸਦੇ ਜੰਗਜੂ ਦਸਤੇ ਨੇ ਜਰਮਨ ਜਾ ਕੇ ਕਰਨਲ ਪਰੇਰਾ ਨੂੰ ਪਾਰ ਬਲਾਉਣ ਦਾ ਫੈਸਲਾ ਕਰ ਲਿਆ। ਬੋਲੀਵੀਆ ਦੀ ਇਨਕਲਾਬੀ ਜਥੇਬੰਦੀ ਨੈਸ਼ਨਲ ਲਿਬਰੇਸ਼ਨ ਆਰਮੀ ਦੇ ਮੈਂਬਰਾਂ ਨੇ ਕਰਨਲ ਪਰੇਰਾ ਨੂੰ ਸੰਨ 1971 ਵਿਚ ਕਤਲ ਕਰ ਦਿੱਤਾ। ਹਾਲਾਂਕਿ ਇਹ ਕਦੇ ਵੀ ਪੂਰੀ ਤਰ੍ਹਾਂ ਸਾਬਤ ਨਹੀਂ ਹੋਇਆ ਹੈ ਕਿ ਇਹ ਕਤਲ ਉਨ੍ਹਾਂ ਨੇ ਕੀਤਾ ਸੀ। ਪਰ ਕਤਲ ਦੇ ਸੀਨ ਤੋਂ ਮਿਲਿਆ ਕਾਗਜ਼ੀ ਸੁਨੇਹਾ ਇਹ ਸਾਬਤ ਕਰਦਾ ਸੀ ਕਿ ਇਹ ਕਤਲ ELN ਦੇ ਗੁਰੀਲਿਆਂ ਨੇ ਹੀ ਕੀਤਾ ਹੈ। ਕਰਨਲ ਪਰੇਰਾ ਦਾ ਕਤਲ ਵਿਸ਼ਵ ਭਰ ਵਿਚ ਬੁਰਜ਼ੁਆ ਸਰਕਾਰਾਂ ਦੇ ਫ਼ੀਲਿਆਂ ਲਈ ਇਕ ਸਬਕ ਸੀ, ਜੋ ਦਿਨ ਰਾਤ ਇਨਕਲਾਬੀ ਲਹਿਰਾਂ ਨੂੰ ਦਬਾਉਣ ਲਈ ਸਰਗਰਮ ਹੋਏ ਫਿਰਦੇ ਸਨ।

ਬੋਲੀਵੀਆ ਦੀ 'ਨੈਸ਼ਨਲ ਲਿਬਰੇਸ਼ਨ ਆਰਮੀ' (ਈਐਲਐਨ) ਦੇ ਇੱਕ ਸਾਬਕਾ ਨੇਤਾ, ਓਸਾਲਡੋ ਚੈਟੋ ਪੇਰੇਡੋ ਨੇ, 1988 ਵਿੱਚ ਜਰਮਨ ਡਾਇਰੈਕਟਰ Christian Baudissin ਨਾਲ ਇੱਕ ਇੰਟਰਵਿਊ ਵਿੱਚ ਇਸ ਦੀ ਪੁਸ਼ਟੀ ਕੀਤੀ ਕਿ ਕੁਇੰਟਨੀਲਾ ਪਰੇਰਾ ਈਐਲਐਨ ਦਾ ਇੱਕ ਮੁੱਖ ਨਿਸ਼ਾਨਾ ਸੀ, ਕਿਉਂਕਿ ਉਹ ਗੁਵੇਰਾ ਦੀ ਲਾਸ਼ ਦੇ ਹੱਥ ਕੱਟਣ ਅਤੇ ਅਗਲੇਰੀ ਪਹਿਚਾਣ ਲਈ ਲਾ ਪਾਜ਼ ਭੇਜਣ ਦੇ ਹੁਕਮ ਲਈ ਜ਼ਿੰਮੇਵਾਰ ਸੀ। ਉਸ ਨੇ ਦੱਸਿਆ ਕਿ ਮੋਨਿਕਾ ਅਰਟਲ ਹੈਮਬਰਗ ਮਿਸ਼ਨ ਪੂਰਾ ਕਰਨ ਤੋਂ ਬਾਅਦ ਕਿਊਬਾ ਗਈ ਸੀ, ਜਿੱਥੇ ਉਸਨੇ ਪ੍ਰਸਿੱਧ ਮਾਰਕਸਵਾਦੀ ਪੱਤਰਕਾਰ ਰਾਗੀਸ ਡੇਬਰੇ ਨਾਲ ਮੁਲਾਕਾਤ ਵੀ ਕੀਤੀ ਸੀ। ਔਕਿਊਬਾ ਫੇਰੀ ਤੋਂ ਬਾਅਦ ਉਹ ਫਿਰ ਬੋਲੀਵੀਆ ਪਰਤ ਆਈ। ਕਾਫ਼ੀ ਅਰਸਾ ਬੋਲੀਵੀਆ ਵਿੱਚ ਉਹ ਗੁਪਤਵਾਸ ਜੀਵਨ ਬਤੀਤ ਕਰਦੀ ਰਹੀ ਅਤੇ ਇਨਕਲਾਬੀ ਲਹਿਰ ਨੂੰ ਸੰਗਠਿਤ ਕਰਨ ਵਿਚ ਰੁੱਝੀ ਰਹੀ। ਬੋਲੀਵੀਆ ਦੀ ਸਰਕਾਰ ਵੱਲੋਂ ਇਨਕਲਾਬੀ ਲਹਿਰ ਨੂੰ ਕੁਚਲਣ ਲਈ ਪੂਰਾ ਜ਼ੋਰ ਲਾਇਆ ਜਾ ਰਿਹਾ ਸੀ। ਆਖ਼ਰ ਉਸਨੂੰ ਅਤੇ ਉਸ ਦੇ ਇੱਕ ਹੋਰ ਗੁਰੀਲਾ ਸਾਥੀ ਨੂੰ 12 ਮਈ 1973 ਨੂੰ ਐਲ ਆਲਟੋ (ਲਾ ਪਾਜ਼ ਵਿੱਚ) ਵਿੱਚ ਬੋਲੀਵੀਆ ਦੇ ਸੁਰੱਖਿਆ ਬਲਾਂ ਨੇ ਘੇਰ ਕੇ ਮਾਰ ਦਿੱਤਾ। ਉਸ ਸਮੇਂ ਉਹ ਉਹ ਈ ਐਲ ਐਨ ਦਾ ਪੁਨਰਗਠਨ ਕਰਨ ਵਿਚ ਵਿਅਸਤ ਸੀ। ਰਾਗੀਸ ਡੇਬਰੇ ਦੇ ਅਨੁਸਾਰ, ਉਹ ਲਿਓਨ ਦੇ ਸਾਬਕਾ ਗੇਸਟਾਪੋ ਚੀਫ ÒKlaus Barbie ਨੂੰ ਅਗਵਾ ਕਰਨ ਦੀ ਤਿਆਰੀ ਕਰ ਰਹੀ ਸੀ ਤਾਂ ਕਿ ਉਸਨੂੰ ਚਿਲੀ ਲਿਆਇਆ ਜਾ ਸਕੇ ਅਤੇ ਨਤੀਜੇ ਵਜੋਂ ਫਰਾਂਸ ਵਿੱਚ ਨਿਆਂ ਲਈ ਜਾ ਸਕੇ ਜਿੱਥੇ ਉਸਨੂੰ ਇੱਕ ਨਾਜ਼ੀ ਯੁੱਧ ਅਪਰਾਧੀ ਮੰਨਿਆ ਗਿਆ ਸੀ। ਉਸ ਸਮੇਂ ਬਾਰਬੀ ਬੋਲੀਵੀਆ ਵਿੱਚ ਗੁਪਤ ਪੁਲਿਸ ਦੀ ਸਲਾਹਕਾਰ ਵਜੋਂ ਕੰਮ ਕਰ ਰਿਹਾ ਸੀ। ਪਰ ਅਫ਼ਸੋਸ ਕਿ ਇਨਕਲਾਬ ਰਾਹਾਂ ਦੀ ਪਾਂਧੀ ਬਹਾਦਰ ਮੋਨਿਕਾ ਅਰਟਲ ਆਪਣੇ ਦੂਸਰੇ ਮਿਸ਼ਨ ਵਿਚ ਕਾਮਯਾਬ ਨਾਂ ਹੋ ਸਕੀ।

ਔਬੋਲੀਵੀਆ ਦੀ ਸਰਕਾਰ ਉਸ ਵੇਲੇ ਪੂਰੀ ਤਰ੍ਹਾ ਅਮਰੀਕਾ ਅਤੇ ਉਸ ਦੇ ਜੋਟੀਦਾਰਾਂ ਦੇ ਪ੍ਰਭਾਵ ਹੇਠ ਸੀ। ਬੋਲੀਵੀਅਨ ਸਰਕਾਰ ਨੇ ਮੋਨਿਕਾ ਦੀ ਦੇਹ ਨੂੰ ਦਫ਼ਨਾਉਣ ਲਈ ਉਸਦੇ ਪਰਿਵਾਰ ਵਾਲਿਆਂ ਦੇ ਹਵਾਲੇ ਨਹੀਂ ਕੀਤਾ ਗਿਆ। ਉਸ ਨੂੰ ਕਿਸੇ ਅਣਦੱਸੀ ਥਾਂ ਤੇ ਦਫ਼ਨਾ ਦਿੱਤਾ ਗਿਆ। ਅੱਜ ਤੱਕ ਵੀ ਉਸ ਬਹਾਦਰ ਔਰਤ ਦੀ ਕਬਰ ਦੀ ਸ਼ਨਾਖ਼ਤ ਨਹੀਂ ਹੋ ਸਕੀ। ਪਰ ਸਾਥੀ ਚੀ ਗਵੇਰਾ ਦੇ ਕੱਟੇ ਹੋਏ ਹੱਥਾਂ ਦਾ ਬਦਲਾ ਲੈਣ ਵਜੋਂ ਗੁਰੀਲਾ ਕਮਾਂਡਰ ਕਾਮਰੇਡ ਮੋਨਿਕਾ ਅਰਟਲ ਦਾ ਨਾਮ ਰਹਿੰਦੀ ਦੁਨੀਆ ਤੱਕ ਅਮਰ ਰਹੇਗਾ।

# ਕੈਨੇਡਾ ਡੇਅ-ਦੇਸ਼ ਦਾ ਜਨਮ ਅਤੇ ਆਜ਼ਾਦੀ ਦਿਵਸ

(ਸਫ਼ਾ 1 ਦੀ ਬਾਕੀ)



ਡਾ: ਹਰਦੀਪ ਸਿੰਘ ਅਟਵਾਲ

ਰਾਹੀਂ ਪਾਸ ਕੀਤਾ ਗਿਆ ਸੀ ਕਿਉਂਕਿ ਪੁਰਾਣਾ ਸੰਵੀਧਾਨ ਬ੍ਰਿਟਿਸ਼ ਪਾਰਲੀਮੈਂਟ ਵੱਲੋਂ ਨਾਰਥ ਅਮਰੀਕਾ ਐਕਟ-1867 ਰਾਹੀਂ ਬਣਾਇਆ ਗਿਆ ਸੀ ।

ਨੇਟਿਵ ਮੂਲਨਿਵਾਸੀ ਲੋਕਾਂ ਦੀ ਧਰਤੀ ਤੇ ਵਸੇ, ਅੱਜ ਦੇ ਇੱਕ ਕਰੋੜ ਵਰਗ ਕਿਲੋਮੀਟਰ ਖੇਤਰਫਲ ਵਾਲੇ ਇਸ ਦੇਸ਼ ਵਿੱਚ ਕੁੱਲ ਦਸ ਪਰੋਵਿੰਸ (ਸੂਬੇ) ਅਤੇ ਤਿੰਨ ਟੈਰੇਟਰੀਸ (ਪ੍ਰਦੇਸ਼) ਹਨ। ਇਨਸਾਨੀ ਆਬਾਦੀ ਦੀ ਸੰਘਣੇਪਣ ਦੇ ਹਿਸਾਬ ਨਾਲ, ਕੈਨੇਡਾ ਸੰਸਾਰ ਦੇ ਘੱਟ ਆਬਾਦੀ ਵਾਲੇ ਮੁਲਕਾਂ ਵਿੱਚ ਚੌਥੇ ਨੰਬਰ ਵਾਲਾ ਦੇਸ਼ ਹੈ, ਇਥੇ ਔਸਤਨ ਇੱਕ ਕਿਲੋਮੀਟਰ ਖੇਤਰਫ਼ਲ ਵਿੱਚ ਸਿਰਫ ਤਿੰਨ ਵਿਅਕਤੀ ਵਸਦੇ ਹਨ। ਸੰਨ 1870 ਦੋ ਹੋਰ ਬਸਤੀਆਂ ਮੈਨੀਟੋਬਾ ਅਤੇ ਨਾਰਥ ਵੈਸਟ ਟੈਰੀਟਰੀ ਵੀ ਇਸ ਵਿੱਚ ਸ਼ਾਮਲ ਹੋਏ। ਸਨ 1871 ਵਿੱਚ ਬ੍ਰਿਟਿਸ਼ ਕੋਲੰਬਿਆ ਵੀ ਇਸ ਵਿੱਚ ਮਿਲ ਗਿਆ। ਸੰਨ 1873 ਵਿੱਚ ਪ੍ਰਿੰਸ ਐਡਵਰਡ ਆਈਲੈਂਡ ਵੀ ਕੈਨੇਡਾ ਦਾ ਹਿੱਸਾ ਬਨਣਾ ਮੰਨਿਆ। ਸੰਨ 1898 ਵਿੱਚ ਯੁਕੋਨ ਸ਼ਾਮਿਲ ਹੋਕੇ ਇਸ ਦਾ ਪ੍ਰੋਵਿੰਸ ਬਣਿਆ। ਸੰਨ 1905 ਦੋ ਹੋਰ ਬਸਤੀਆਂ ਸਸਕੈਚਵਨ ਅਤੇ ਐਲਬਰਟਾ ਵੀ ਇਸ ਵਿੱਚ ਸ਼ਾਮਿਲ ਹੋ ਗਏ। ਇਸੇ ਤਰ੍ਹਾਂ 1905 ਵਿਚ ਨਿਉ-ਫਿਨਲ਼ੈਂਡ ਅਤੇ 1999 ਵਿੱਚ ਨੁਨਾਵਟ ਨੇ ਵੀ ਸ਼ਾਮਿਲ ਹੋਣ ਦਾ ਫੈਸਲਾ ਲਿਆ। ਇਸ ਤਰ੍ਹਾਂ ਕੈਨੇਡਾ ਕੁੱਲ ਦਸ ਪ੍ਰੋਵਿੰਸ ਅਤੇ ਤਿੰਨ ਟੈਰੇਟਰੀਸ ਵਾਲਾ ਫੈਡਿਰਲ ਦੇਸ਼ ਬਣਿਆ। ਪੂਰੇ ਦੇਸ਼ ਵਿੱਚ ਦੋ ਭਾਸ਼ਾਵਾਂ-ਇੰਗਲਿਸ਼ ਅਤੇ ਫਰਾਂਸੀਸੀ ਨੂੰ ਦਫਤਰੀ ਦਰਜ਼ਾ ਪ੍ਰਾਪਤ ਹੈ। ਕਿਊਬੈਕ ਦੇ ਲੋਕ ਆਮ ਬੋਲਚਾਲ ਵਿੱਚ ਫਰਾਂਸੀਸੀ ਭਾਸ਼ਾ ਨੂੰ ਪਹਿਲ ਦਿੰਦੇ ਹਨ ਅਤੇ ਬਾਕੀ ਸਾਰੇ ਮੁਲਕ ਵਿੱਚ ਇੰਗਲਿਸ਼ ਭਾਸ਼ਾ ਬੋਲੀ ਜਾਂਦੀ ਹੈ। ਕਿਉਬੈਕ ਦੇ ਲੋਕ ਆਪਣੇ ਫਰਾਂਸੀਸੀ ਸੱਭਿਆਚਾਰ ਨੂੰ ਬਚਾਕੇ ਰੱਖਣਾ ਚਾਹੁੰਦੇ ਹਨ। ਇਥੋਂ ਦੇ ਨੇਟਿਵ ਮੂਲਨਿਵਾਸੀ ਲੋਕਾਂ ਨੂੰ ਆਪਣੇ ਸਭਿਆਚਾਰ ਅਤੇ ਭਾਸ਼ਾ ਨੂੰ ਮੁੜ ਸੁਰਜੀਤ ਕਰਨ ਦਾ ਹੱਕ ਵੀ ਪ੍ਰਾਪਤ ਹੋਇਆ ਹੈ। ਮਲਟੀਪਾਰਟੀ ਸਿਸਟਮ ਨਾਲ ਸਾਰੇ ਲੋਕਾਂ ਨੂੰ ਬਰਾਬਰ ਵੋਟਾਂ ਰਾਹੀਂ ਆਪਣੀ ਸਰਕਾਰ ਚੁਨਣ ਦਾ ਅਧਿਕਾਰ ਪ੍ਰਾਪਤ ਹੈ। ਪ੍ਰੋਵਿੰਸ ਅਤੇ ਫੈਡਰਲ ਸਰਕਾਰ ਸਿੱਧੀ ਲੋਕਾਂ ਦੀਆਂ ਵੋਟਾਂ ਨਾਲ ਚੁਣੀ ਜਾਂਦੀ ਹੈ। ਦੋ ਕਿਸਮ ਦੇ ਜੁਡੀਸ਼ੀਅਲ ਸਿਸਟਮ ਲਾਗੂ ਹਨ- ਕਿਉਬੈਕ ਨੂੰ ਛੱਡ ਕੇ ਸਾਰੇ ਪ੍ਰੋਵਿੰਸਾਂ ਵਿਚ ਬ੍ਰਿਟਿਸ਼ ਕਾਮਨ-ਲਾਅ ਅਧਾਰਿਤ ਜੁਡੀਸ਼ੀਅਲ ਸਿਸਟਮ ਹੈ ਅਤੇ ਇੱਕਲੇ ਕਿਉਬੈਕ ਵਿੱਚ ਨਿਪੋਲੀਅਨ ਲਾਅ ਦੇ ਅਧਾਰ ਵਾਲਾ ਜੁਡੀਸ਼ਲ ਸਿਸਟਮ ਹੈ।

ਕੈਨੇਡੀਅਨ ਸੰਵਿਧਾਨ ਦੇ ਅਨੁਸਾਰ ਇਹ ਇੱਕ ਆਜ਼ਾਦ ਮੁਲਕ ਹੈ ਜਿਸ ਦੇ ਸੰਵਿਧਾਨ ਵਿੱਚ ਸਭ ਲਈ ਬਰਾਬਰੀ ਅਤੇ ਜਮਹੂਰੀਅਤ ਹੈ, ਮਨੁੱਖੀ ਹੱਕਾਂ ਦੀ ਗਾਰੰਟੀ ਦੇ ਨਾਲ ਨਾਲ ਸੰਵਿਧਾਨ ਵਿੱਚ ਕਿਸੇ ਕਿਸਮ ਦਾ ਭੇਦਭਾਵ ਅਤੇ ਨਸਲੀ ਵਿਤਕਰਾ ਨਹੀਂ ਹੈ। ਮਲਟੀਕਲਚਰ ਵੱਖਰੇ ਦੇਸ਼ ਦੀ ਹੈਸੀਅਤ ਮਿਲਣ ਦੇ ਬਾਵਜੂਦ ਵੀ, ਬ੍ਰਿਟਿਸ਼ ਕਰਾਉਨ ਦੀ ਮਾਲਕੀ ਦੀ ਝਲਕ ਅੱਜ ਵੀ ਦਿਖਾਈ ਦਿੰਦੀ ਹੈ ਅਤੇ ਕੈਨੇਡਾ ਵਾਸੀਆਂ ਵਿੱਚ ਇਸ ਦੇ ਖਿਲਾਫ ਘੁਸਰ ਮੁਸਰ ਚਲਦੀ ਰਹਿੰਦੀ ਹੈ। ਖੁਬਸੂਰਤ ਦ੍ਰਿਸ਼, ਠੰਢ, ਬਰਫੀਲੇ ਮੌਸਮ ਇਸ ਧਰਤੀ ਦੀ ਵਿਲੱਖਣਤਾ ਹੈ। ਤਾਜ਼ੇ ਪਾਣੀਆਂ ਦੀਆਂ ਛੱਲਕਦੀਆਂ ਵੱਡੇ ਆਕਾਰ ਦੀਆਂ ਝੀਲਾਂ ਕਿਸੇ ਨੂੰ ਵੀ ਸਮੁੰਦਰਾਂ ਵਰਗੀਆਂ ਜਾਪਦੀਆਂ ਹਨ। ਸੰਸਾਰ ਦੇ ਕੁੱਲ ਤਾਜ਼ੇ ਪਾਣੀਆਂ ਦੇ ਸਰੋਤ ਦਾ ਤੀਜਾ ਹਿੱਸਾ, ਕੈਨੇਡਾ ਕੋਲ ਹੈ। ਫੋਰੈਸਟ ਨੈਸ਼ਨਲ ਪਾਰਕ ਏਰੀਏ ਬਹੁਤ ਹਨ ਜਿਨ੍ਹਾਂ ਵਿੱਚ ਵਾਤਾਵਰਣ, ਜਾਨਵਰ ਅਤੇ ਜੰਗਲਾਂ ਲਈ ਸੁੱਰਖਿਅਤ ਏਰੀਆ, ਕਈ ਦੇਸ਼ਾਂ ਦੇ ਖੇਤਰਫਲ ਦੇ ਬਰਾਬਰ ਹੈ। ਖਣਿਜ ਅਤੇ ਪੈਟਰੋਲੀਅਮ ਦੇ ਸਰੋਤ ਵੀ ਕੈਨੇਡਾ ਕੋਲ ਕਾਫੀ ਹਨ। ਕੈਨੇਡਾ ਦੀ ਨਾਰਥ ਵੈਸਟ ਟੈਰੀਟਰੀ ਵਿੱਚ ਹੀਰੇ ਦੀ ਪੈਦਾਵਾਰ, ਕੀਮਤ ਦੇ ਹਿਸਾਬ ਨਾਲ ਸੰਸਾਰ ਵਿੱਚ ਤੀਸਰੇ ਨੰਬਰ ਵਾਲਾ ਦੇਸ਼ ਹੈ।

ਕੈਨੇਡਾ ਨੂੰ ਇਮੀਗੇਂਟ ਲੋਕਾਂ ਦਾ ਮੁਲਕ ਕਹਾਉਣ ਦਾ ਮਾਣ ਪ੍ਰਾਪਤ ਹੈ ਕਿਉਂਕਿ ਇਸਦੀ ਅੱਧੀ ਆਬਾਦੀ ਸੰਸਾਰ ਦੇ ਦੂਸਰੇ ਵੱਖ-ਵੱਖ ਮੁਲਕਾਂ ਦੀ ਜੰਮ-ਪਲ ਹੈ। ਨਵੀਆਂ ਸੰਭਾਨਾਵਾਂ ਅਤੇ ਤਰੱਕੀ ਲਈ ਆਸ਼ਾ ਲ਼ੈਕੇ ਆ ਰਹੇ ਇਮੀਗਰੈਂਟ ਲੋਕਾਂ ਲਈ ਇਸ ਦੇਸ਼ ਨੇ ਆਪਣੇ ਦਰਵਾਜ਼ੇ ਖੋਲ੍ਹ ਰੱਖੇ ਹਨ। ਸੰਸਾਰ ਦੇ ਵੱਖ-ਵੱਖ ਮੁਲਕਾਂ ਦੇ ਸਿਆਸੀ ਉੱਥਲ ਪੁੱਥਲ ਦੇ ਸਤਾਏ ਲੋਕਾਂ ਨੂੰ ਵੀ ਰਿਫੀਊਜ ਦੇਣ ਵਿੱਚ ਕੈਨੇਡਾ ਮਾਨਵਤਾਵਾਦੀ ਪਹੁੰਚ ਰੱਖਦਾ ਹੈ। ਜਮਹੂਰੀ ਅਮਲ ਦੇ ਸੁਹਿਰਦ ਇਤਿਹਾਸਕ ਯਤਨਾਂ ਦਾ ਹੀ ਨਤੀਜਾ ਹੈ, ਕਿ ਵੱਖ-ਵੱਖ ਦੇਸ਼ਾਂ ਤੋਂ ਆਏ ਪਰਵਾਸੀ ਆਪਣੀ ਮਰਜ਼ੀ ਨਾਲ, ਇਸ ਨੂੰ ਆਪਣਾ ਪੱਕਾ ਟਿਕਾਣਾ ਬਣਾ ਰਹੇ ਹਨ ਹੈ। ਸਾਰੇ ਸੰਸਾਰ ਅੰਦਰ ਕੋਵਿਡ-19 ਮਹਾਂਮਾਰੀ ਦੀ ਮੁਸ਼ਿਕਲ ਵਾਲੀ ਘੜੀ ਦੇ ਪ੍ਰਬੰਧਾ ਵਿੱਚ ਕੈਨੇਡਾ ਸਰਕਾਰ ਦੀ ਕਾਰਗੁਜ਼ਾਰੀ ਸੰਸਾਰ ਦੇ ਬਹੁਤੇ ਦੇਸ਼ਾਂ ਨਾਲੋਂ ਚੰਗੀ ਵਿਖਾਈ ਦਿੱਤੀ ਹੈ ।


ਦੇਸ਼ ਦੇ ਬਹੁ-ਰੰਗੀ, ਬਹੁ-ਭਾਸ਼ਾਵੀ, ਬਹੁ-ਨਸਲੀ ਅਤੇ ਭਿੰਨ-ਭਿੰਨ ਸਭਿਆਚਾਰਾਂ ਵਾਲੇ ਲੋਕ ਬਰਾਬਰੀ ਵਾਲੀ ਜਮਹੂਰੀਅਤ ਵਿੱਚ ਰਹਿਕੇ, ਕੈਨੇਡਾ ਤਰੱਕੀ ਲਈ ਯਤਨਸ਼ੀਲ ਹੈ। ਇਸ ਦੇਸ਼ ਦੇ ਜਮੂਹਰੀ ਏਕੀਕ੍ਰਿਤ ਫੈਡਰਲ ਦੇਸ਼ ਬਨਣ ਦਾ ਇਤਿਹਾਸ ਚਾਹੇ ਲੰਬੇ ਬਸਤੀਵਾਦੀ ਹਿੰਸਕ ਇਤਿਹਾਸ ਵਿੱਚੋਂ ਹੋਕੇ ਨਿਕਲਿਆ ਹੈ। ਕੈਨੇਡਾ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਸਾਨੂੰ ਇਥੇ ਸਦੀਆਂ ਤੋਂ ਵਸਦੇ ਨੇਟਿਵ ਮੂਲਨਿਵਾਸੀ ਲੋਕਾਂ ਦੀ ਬਸਤੀਵਾਦੀ ਹਕੂਮਤ ਦੁਆਰਾ ਨਸਲਕੁਸ਼ੀ ਦਾ ਭਿਆਨਕ ਦੌਰ ਅਤੇ ਲੰਬੀ ਜੱਦੋਜਹਿਦ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ। ਇਨ੍ਹਾਂ ਨੇਟਿਵ ਲੋਕਾਂ ਨੇ ਹੀ, ਬਾਹਰੋਂ ਆਏ ਬ੍ਰਿਟਿਸ਼ ਬਸਤੀਵਾਦੀ ਲੋਕਾਂ ਨੂੰ ਇਸ ਬਰਫੀਲੀ ਧਰਤ ਉੱਤੇ ਜਿਉਂਦੇ ਰਹਿਣ ਦੀ ਜਾਂਚ ਸਿਖਾਈ। ਚਾਹੇ ਬਾਅਦ ਵਿੱਚ ਇਨ੍ਹਾਂ ਬਾਹਰਲੇ ਬਸਤੀਵਾਦੀ ਵਿਉਪਾਰੀਆਂ ਦੁਆਰਾ ਹੀ ਕੀਤੇ ਗਏ ਜ਼ੁਲਮਾਂ ਦੇ ਮੁਕਾਬਲੇ ਆਪਣੀ ਧਰਤੀ ਹਾਰ ਗਏ। ਕੈਨੇਡਾ ਇਸ ਸਮੇਂ ਆਪਣੇ ਬਸਤੀਵਾਦੀ ਦੌਰ ਤੋਂ ਖਹਿੜਾ ਛੁਡਾਕੇ ਬਰਾਬਰੀ ਭਾਈਚਾਰੇ ਦੀਆਂ ਕਦਰਾਂ ਕੀਮਤਾਂ ਵਾਲਾ ਦੇਸ਼ ਹੈ ਪਰ ਪਿਛੋਕੜ ਬਸਤੀਵਾਦੀ ਹਾਕਮਾਂ ਵੱਲੋਂ ਨੇਟਿਵ ਲੋਕਾਂ ਤੇ ਕੀਤੇ ਗਏ ਜ਼ੁਲਮਾਂ ਦੇ ਜ਼ਖਮ ਅਜੇ ਵੀ ਅੱਲ੍ਹੇ ਹਨ। ਨੇਟਿਵ ਬੱਚਿਆਂ ਨੂੰ ਮਾਂ-ਬਾਪ ਤੋਂ ਕਿਡਨੈਪ ਕਰਕੇ ਵੱਖਰਾ ਕਰਨਾ, ਉਨ੍ਹਾਂ ਲਈ ਬਣਾਏ ਗਏ ਇੰਡੀਅਨ ਸਕੂਲਾਂ ਵਿੱਚ ਬੱਚਿਆਂ ਦੀਆਂ ਮੌਤਾਂ ਅਤੇ ਕਬਰਾਂ ਨੇ ਦੇਸ਼ ਦੀ ਇਮੇਜ਼ ਕਾਫੀ ਖਰਾਬ ਕੀਤੀ ਹੈ। ਚਾਹੇ ਦੇਸ਼ ਦੀ ਮੌਜੂਦਾ ਸਰਕਾਰ ਅੱਜ ਵੀ ਨਸਲ-ਵਾਦੀ ਰੰਗ-ਭੇਦੀ ਬੁਰਾਈ ਦੀ ਹੋਂਦ ਤੋਂ ਇਨਕਾਰੀ ਨਹੀਂ ਪਰ ਇਸ ਨੂੰ ਖਤਮ ਕਰਨ ਲਈ ਸਮੇਂ ਸਮੇਂ ਦੀਆਂ ਸਰਕਾਰਾਂ ਸਖਤੀ ਕਰਦੀਆਂ ਰਹੀਆਂ ਹਨ। ਭੇਦ-ਭਾਵ ਦੀ ਬੁਰਾਈ ਨੂੰ ਰੋਕਣ ਲਈ ਸਖਤ ਕਾਨੂੰਨ ਦਾ ਅਮਲ ਮੌਜੂਦ ਹੈ। ਨੇਟਿਵ ਮੂਲਨਿਵਾਸੀ ਲੋਕਾਂ ਦੀ ਭਲਾਈ ਲਈ ਵੱਖਰੇ ਵਿਭਾਗ ਅਤੇ ਪ੍ਰੋਜੈਕਟ ਬਣਾਏ ਗਏ ਹਨ। ਨੇਟਿਵ ਆਬਾਦੀ ਵਾਲੇ ਰਿਜ਼ਰਵਾਂ ਵਿੱਚ ਰਹਿਣ ਵਾਲੀ ਵਸੋਂ ਨੂੰ ਆਪਣੀਆਂ ਸਥਾਨਕ ਸਰਕਾਰਾਂ ਬਨਾਉਣ ਦਾ ਅਧਿਕਾਰ ਪ੍ਰਾਪਤ ਹੈ। ਕੈਨੇਡਾ ਸਰਕਾਰ ਵੱਲੋਂ ਸਪੈਸ਼ਲ ਆਰਥਿਕ ਮਦਦ ਨਾਲ, ਇਨ੍ਹਾਂ ਰਿਜ਼ਰਵਾਂ ਦੀਆਂ ਜੀਵਨ ਸਹੂਲਤਾਂ ਦਾ ਪ੍ਰਬੰਧ ਇਨ੍ਹਾਂ ਦੇ ਆਪਣੇ ਹੱਥ ਹੈ।

ਸੰਸਾਰ ਪੱਧਰ ਦੀ ਆਰਥਿਕ ਮੰਦੀ ਦਾ ਅਸਰ ਸਾਡੇ ਦੇਸ਼ ਤੇ ਵੀ ਦਿਖਾਈ ਦੇ ਰਿਹਾ ਹੈ। ਨਿੱਤ ਵਰਤੋਂ ਦੀਆਂ ਜ਼ਰੂਰੀ ਵਸਤਾਂ, ਗੈਸ ਆਦਿ ਦੀ ਮਹਿੰਗਾਈ ਨਾਲ ਲੋਕਾਂ ਵਿੱਚ ਬੇਚੈਨੀ ਹੈ। ਗੈਸ ਸਟੇਸ਼ਨਾਂ ਦੇ ਬਾਹਰ ਗੈਸ ਕੀਮਤਾਂ ਦੇ ਬੋਰਡ ਨਿੱਤ ਦਿਹਾੜੀ ਵਧ ਰਹੇ ਵੇਖੇ ਜਾ ਸਕਦੇ ਹਨ, ਨਿੱਤ ਵਰਤੋਂ ਅਤੇ ਖੁਰਾਕ ਵਸਤਾਂ ਦੀਆਂ ਕੀਮਤਾਂ ਦੇਖ-ਦੇਖ ਲੋਕ ਚਿੰਤਿਤ ਹੋ ਰਹੇ ਹਨ। ਲੋਕਾਂ ਦੇ ਰਹਿਣ ਲਈ ਕਿਰਾਏ ਅਤੇ ਮਕਾਨਾਂ ਦੀ ਦੀਆਂ ਕੀਮਤਾਂ ਵੀ ਬੇਕਾਬੂ ਹੋ ਰਹੀਆਂ ਹਨ, ਘਰਾਂ ਦੀ ਮੋਰਟਗੇਜ਼ ਦੇ ਵਿਆਜ਼ ਲਗਾਤਾਰ ਵੱਧ ਰਹੇ ਹਨ, ਮਹਿੰਗਾਈ ਨੂੰ ਠੱਲ ਪਾਉਣ ਲਈ ਸਰਕਾਰੀ ਕੋਸ਼ਿਸ਼ਾਂ ਦਾ ਕੋਈ ਅਸਰ ਦਿਖਾਈ ਨਹੀਂ ਦੇ ਰਿਹਾ। ਇਸ ਸਮੇਂ, ਆਮ ਲੋਕਾਂ ਲਈ ਰੋਜਗਾਰ, ਛੋਟੇ ਕਾਰੋਬਾਰਾਂ ਨੂੰ ਰਾਹਤ ਦੇਕੇ ਆਤਮ ਨਿਰਭਰ ਆਰਥਿਕਤਾ ਨਾਲ ਦੇਸ਼ ਆਰਥਿਕ ਮੰਦੀ ਤੋਂ ਰਾਹਤ ਮਿਲ ਸਕਦੀ ਹੈ। ਬੱਚਿਆਂ, ਔਰਤਾਂ, ਸੀਨੀਅਰਸ, ਮੂਲਨੀਵਾਸੀ, ਘੱਟ-ਗਿਣਤੀਆਂ, ਘੱਟ-ਆਮਦਨ, ਪਰਵਾਸੀ, ਸਾਰੇ ਵਰਗਾਂ ਦੀ ਖਾਸ ਸੰਭਾਲ ਲਈ ਸਹੀ ਨੀਤੀਆਂ ਅਤੇ ਸਮਾਜ ਭਲਾਈ ਸਕੀਮਾਂ ਨੂੰ ਹੋਰ ਪ੍ਰਭਾਵਸ਼ਾਲੀ ਬਨਾਉਣ ਦੀ ਜ਼ਰੂਰਤ ਹੈ। ਆਮ ਲੋਕਾਂ ਦੇ ਸਹਿਯੋਗ ਨਾਲ, ਸਾਰੇ ਲੋਕਾਂ ਦੀ ਤਰੱਕੀ ਨਾਲ ਹੀ ਦੇਸ਼ ਦੀ ਤਰੱਕੀ ਸੰਭਵ ਹੈ। ਸਭ ਦੀ ਖੁਸ਼ਹਾਲੀ, ਤਰੱਕੀ ਹੀ ਇਸ ਦੇਸ਼ ਦਾ ਮਜ਼ਬੂਤ ਆਧਾਰ ਹੈ। ਇਸ ਦਿਨ ਆਪਣੇ ਮੁਲਕ ਦੀ ਤਰੱਕੀ ਦੀ ਕਾਮਨਾ, ਸਾਰੇ ਕੇਨੇਡਾ ਵਾਸੀ ਇੱਕਸੁਰ ਹੋਕੇ ਕਰਦੇ ਹਨ।




ਜੁਗ ਜੁਗ ਜੀਵੇ ਸਾਡਾ ਖੁਸ਼ਹਾਲ ਕੈਨੇਡਾ - ਇਹ ਜੀ ਲਾਈਨਾਂ 'ਚ ਫ੍ਰੀ ਦਾ ਫੂਡ (free food) ਲੈਣ ਲਈ ਖੜ੍ਹੇ ਹਨ ਟੋਰਾਂਟੋ 'ਚ। ਕੌਣ ਚਾਹੁੰਦਾ ਕਈ ਕਈ ਘੰਟੇ ਲਾਈਨਾਂ 'ਚ ਖੜ੍ਹੇ ਦਾਨ ਕੀਤਾ ਖਾਣਾ ਲੈਣ ਲਈ ਅਗਰ ਉਹਦੇ 'ਚ ਹਿੰਮਤ ਹੋਵੇ ਖਰੀਦਣ ਦੀ। (ਫੋਟੋ : ਕੁਲਦੀਪ ਬੋਪਾਰਾਏ)

# 9 ਜੂਨ ਨੂੰ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਕਰਵਾਏ ਗਏ 11ਵੇਂ ਨਾਟਕ ਸਮਾਗਮ ਮੌਕੇ ਪੰਜ ਲੋਕ ਪੱਖੀ ਕਿਤਾਬਾਂ ਨੂੰ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਕੀਤਾ ਗਿਆ ਲੋਕ ਅਰਪਨ



ਹਰਕੇਸ਼ ਚੌਧਰੀ ਵਲੋਂ ਲਿਖੀ ਕਿਤਾਬ 'ਉਠਣ ਦਾ ਵੇਲੇ' ਰਿਲੀਜ਼ ਕਰਦੇ ਹੋਏ ਕਮਲਪ੍ਰੀਤ ਪੰਧੇਰ, ਕੁਸ਼ਮ ਸ਼ਰਮਾ, ਨਵਕਿਰਨ ਢੁੱਡੀਕੇ, ਹਰਕੇਸ਼ ਚੌਧਰੀ, ਕਮਲ ਸਿੱਧੂ, ਅਮਰੀਤ ਗਿੱਲ, ਬਨਦੀਪ ਗਿੱਲ ਅਤੇ ਕਮਲ ਗਰੇਵਾਲ।



ਤਰਸੇਮ ਧੂਰੀ ਵਲੋਂ ਅਨੁਵਾਦ ਕੀਤੀ ਕਿਤਾਬ 'ਫਿਰਕੂ ਦੰਗੇ ਅਤੇ ਭਾਰਤੀ ਪੁਲਿਸ' ਨੂੰ ਰਿਲੀਜ਼ ਕਰਦੇ ਹੋਏ ਬੀਰਬਲ ਭਦੌੜ, ਗੋਪਾਲ ਕਾਉਂਕੇ, ਦਰਸ਼ਨ ਔਜਲਾ ਅਤੇ ਹਰਬੰਸ ਬੁੱਟਰ।



ਅਮੋਲਕ ਸਿੰਘ ਵਲੋਂ ਸੰਪਾਦਿਤ ਕੀਤੀ ਕਿਤਾਬ 'ਕਿਥੇ ਹੈ ਰਾਤ ਦਾ ਚੰਨ' ਨੂੰ ਰਿਲੀਜ਼ ਕਰਦੇ ਹੋਏ ਜ਼ੋਰਾਵਰ ਬਾਂਸਲ, ਮਿਸਜ਼ ਭਦੌੜ, ਗੁਰਚਰਨ ਥਿੰਦ, ਸੁਰਜੀਤ ਹੇਅਰ, ਅਤੇ ਰਿਸ਼ੀ ਨਾਗਰ (ਰੈਡ ਐਫਐਮ)



ਡਾ. ਦਰਸ਼ਨ ਖੇੜੀ ਵਲੋਂ ਲਿਖੀ ਕਿਤਾਬ 'ਕੀ ਖਾਣਾ ਲੋੜੀਏ' ਰਿਲੀਜ਼ ਕਰਦੇ ਹੋਏ ਜ਼ੋਰਾਵਰ ਸਿੰਘ ਬਾਂਸਲ, ਗੋਪਾਲ ਕਾਉਂਕੇ, ਸੁਖਵੀਰ ਗਰੇਵਾਲ, ਗੁਰਦੀਪ ਪਰਹਾਰ ਅਤੇ ਜਰਨੈਲ ਤੱਗੜ।



ਬੂਟਾ ਸਿੰਘ ਵਲੋਂ ਲਿਖੀ ਕਿਤਾਬ 'ਹੱਕਾਂ ਦੇ ਪਹਿਰੇਦਾਰ' ਰਿਲੀਜ਼ ਕਰਦੇ ਹੋਏ ਹਰਚਰਨ ਪਰਹਾਰ, ਹਰਕੇਸ਼ ਚੌਧਰੀ, ਮਾ. ਸੁਰਜੀਤ ਸਿੰਘ ਦੌਧਰ ਅਤੇ ਮਾ. ਰਾਜਿੰਦਰ ਭਦੌੜ


NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ।ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ।ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ।19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'

ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ

Payment Plans Available



www.careinc.ca

Calgary Store: #124 - 4774 Westwinds Drive N.E., Calgary Alberta, Canada

Phone: 403-605-6300 Fax : 403-536-4057 Email : calgary@careinc.ca



Sun Life

Advice from someone you trust.

It's important to protect yourself and your family from the financial impact of lost income due to accident, illness or disability. Do you have a plan in place?

Critical illness insurance • Life insurance • Personal Health Insurance



Harvinder Singh

587-574-0029

harvinder.h.singh@sunlife.com

Sun Life Assurance Company of Canada is a member of the Sun Life group of companies.

© Sun Life Assurance Company of Canada, 2021.





Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services

Weekends/Evenings Services also available.

Tel. : 403-479-4220, 403-561-9011

pandher_2004@yahoo.com or singhh73@gmail.com

# ਫਾਸ਼ੀ ਹਮਲੇ ਵਿਰੋਧੀ ਫਰੰਟ ਵੱਲੋਂ 26 ਜੂਨ ਨੂੰ ਐਮਰਜੈਂਸੀ ਵਿਰੋਧੀ ਕਾਲਾ ਦਿਵਸ ਮਨਾਇਆ








ਬਰਨਾਲਾ, (ਬਲਜਿੰਦਰ ਸਿੰਘ) : 26 ਜੂਨ ਫਾਸ਼ੀ ਹਮਲੇ ਵਿਰੋਧੀ ਫਰੰਟ ਪੰਜਾਬ ਜਿਲ੍ਹਾ ਬਰਨਾਲਾ ਵੱਲੋਂ 26 ਜੂਨ ਐਮਰਜੈਂਸੀ ਵਿਰੋਧੀ ਕਾਲਾ ਮਨਾਉਂਦਿਆਂ ਸਿਵਲ ਹਸਪਤਾਲ ਪਾਰਕ ਵਿਖੇ ਰੈਲੀ ਕਰਨ ਉਪਰੰਤ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਗਿਆ। ਇਸ ਸਮੇਂ ਬੁਲਾਰੇ ਆਗੂਆਂ ਨਰਾਇਣ ਦੱਤ, ਰਜਿੰਦਰ ਪਾਲ, ਗੁਰਪੀਤ ਸਿੰਘ ਰੂੜੇਕੇ, ਖੁਸ਼ੀਆ ਸਿੰਘ, ਭੋਲਾ ਸਿੰਘ ਕਲਾਲਮਾਜਰਾ ਆਦਿ ਆਗੂਆਂ ਨੇ ਕਿਹਾ ਕਿ 26 ਜੂਨ 1975 ਦੇ ਦਿਨ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਲਗਾਕੇ ਸਾਰੇ ਮਨੁੱਖੀ ਹੱਕਾਂ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ ਸੀ। ਅੱਜ ਦੀ ਮੋਦੀ ਹਕੂਮਤ ਵੱਲੋਂ ਅਣ ਐਲਾਨੀ ਐਮਰਜੈਂਸੀ ਦੇ ਕਾਲੇ ਦਿਨ ਤੇ ਭਾਜਪਾ ਆਰ ਐਸ ਐਸ ਦੀ ਫਿਰਕੂ ਫਾਸੀ ਹਨੇਰੀ ਖਿਲਾਫ ਜਿਲ੍ਹਾ ਪੱਧਰੀ ਰੋਸ ਪ੍ਰਦਰਸਨ ਕਰਨ ਦੀ ਲਗਾਤਾਰਤਾ ਵਜੋਂ ਬਰਨਾਲਾ ਵਿੱਚ ਇਹ ਕਾਲਾ ਦਿਵਸ ਸਿਵਲ ਹਸਪਤਾਲ ਦੇ ਪਾਰਕ ਵਿੱਚ ਰੈਲੀ ਕਰਨ ਉਪਰੰਤ ਸ਼ਹਿਰ ਵਿੱਚ ਮਾਰਚ ਕੀਤਾ ਗਿਆ। ਆਗੂਆਂ ਗੁਰਦੇਵ ਸਿੰਘ ਮਾਂਗੇਵਾਲ, ਸੁਖਵਿੰਦਰ ਸਿੰਘ, ਸਵਰਨ ਸਿੰਘ ਜੰਗੀਆਣਾ, ਮਾ ਮਨੋਹਰ ਲਾਲ, ਮੋਹਣ ਸਿੰਘ, ਪਰਮਜੀਤ ਕੌਰ, ਚਰਨਜੀਤ ਕੌਰ ਨੇ ਕਿਹਾ ਕਿ ਮੋਦੀ ਹਕੂਮਤ ਮੁਲਕ ਦੀ ਸਭ ਤੋਂ ਵੱਡੀ ਧਾਰਮਿਕ ਘੱਟ ਗਿਣਤੀ ਮੁਸਲਿਮ ਤਬਕੇ ਨੂੰ ਦਹਿਸ਼ਤਜਦਾ ਕਰਨ ਲਈ ਬੁਲਡੋਜਰ ਮੁਹਿੰਮ ਚਲਾਕੇ ਬੇਗਾਨੇ ਹੋਣ ਦਾ ਅਹਿਸਾਸ ਕਰਵਾ ਰਹੀ ਹੈ। ਨਾਲ ਹੀ ਮੋਦੀ ਹਕੂਮਤ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀ ਨੀਤੀ ਰਾਹੀਂ ਹੋਰਨਾਂ ਸਰਕਾਰੀ ਅਦਾਰਿਆਂ ਤੋਂ ਬਾਅਦ ਹੁਣ ਫੌਜ ਵਿੱਚ ਵੀ ਅਗਨੀਪਥ ਸਕੀਮ ਰਾਹੀਂ ਚਾਰ ਸਾਲਾ ਠੇਕਾ ਭਰਤੀ ਲਾਗੂ ਕਰ ਰਹੀ ਹੈ। ਇਸ ਨਾਲ ਮੋਦੀ ਹਕੂਮਤ ਆਪਣਾ ਸਿਆਸੀ ਏਜੰਡਾ (ਆਰਐਸਐਸ ਲਈ ਫੌਜ ਤਿਆਰ ਕਰਨ) ਵੀ ਲਾਗੂ ਕਰਨਾ ਚਾਹੁੰਦੀ ਹੈ। ਗੁਜਰਾਤ ਦੰਗਿਆਂ ਵਿੱਚ ਮਾਰੇ ਗਏ ਮੁਸਲਿਮ ਤਬਕੇ ਦੇ ਲੋਕਾਂ ਖਾਸ ਕਰ ਇਨ੍ਹਾਂ ਦੰਗਿਆਂ ਵਿੱਚ ਮਾਰੇ ਗਏ ਅਹਿਸਾਨ ਜਾਫਰੀ ਦੇ ਕੇਸ ਦੀ ਉਸ ਦੀ ਪਤਨੀ ਜਕੀਆ ਜਾਫਰੀ ਦੇ ਕੇਸ ਦੀ ਪੈਰਵਾਈ ਕਰਨ ਵਾਲੀ ਆਗੂ ਤੀਸਤਾ ਸੀਤਲਵਾੜ ਨੂੰ ਅਹਿਮਦਾਬਾਦ ਪੁਲਿਸ ਵੱਲੋਂ ਗ੍ਰਿਫਤਾਰ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਬਿਨ੍ਹਾਂ ਸ਼ਰਤ ਰਿਹਾਅ ਕਰਨ ਦੀ ਮੰਗ ਕੀਤੀ। ਬੁਲਾਰਿਆਂ ਨੇ ਸਭਨਾਂ ਇਨਕਲਾਬੀ ਜਮਹੂਰੀ ਜਨਤਕ ਇਨਸਾਫਪਸੰਦ ਤਾਕਤਾਂ ਨੂੰ ਮੋਦੀ ਹਕੂਮਤ ਦੇ ਇਨ੍ਹਾਂ ਜਾਬਰ ਫਾਸ਼ੀ ਹੱਲਿਆਂ ਖਿਲਾਫ ਲਗਾਤਾਰ ਅਵਾਜ ਉਠਾਉਣ ਦਾ ਸੱਦਾ।ਇਸ ਸਮੇਂ ਮਜੀਦ ਖਾਨ, ਨਿਰਮਲ ਚੁਹਾਨਕੇ, ਮਲਕੀਤ ਸਿੰਘ, ਬਲਵੰਤ ਸਿੰਘ, ਜਸਪਾਲ ਚੀਮਾ, ਯਾਦਵਿੰਦਰ ਠੀਕਰੀਵਾਲਾ, ਜਸਵਿੰਦਰ ਕੌਰ, ਨੀਲਮ ਰਾਣੀ ਆਦਿ ਆਗੂ ਵੀ ਹਾਜਰ ਸਨ।



















# ਯੂ.ਪੀ. ਦੇ 75 ਜ਼ਿਲਿਆਂ ਅਤੇ ਦੇਸ਼ ਦੇ 18 ਸੂਬਿਆਂ 'ਚ ਕਿਸਾਨਾਂ ਵਲੋਂ ਰੋਸ ਵਿਖਾਵੇ




ਨਵੀਂ ਦਿੱਲੀ/ਲੁਧਿਆਣਾ/ਅੰਮ੍ਰਿਤਸਰ, (ਬਲਜਿੰਦਰ ਸਿੰਘ) : ਫਿਰ ਕਿਸਾਨ ਅੰਦੋਲਨ ਵਾਲੇ ਯੋਧੇ ਸ਼ਾਂਤਮਈ ਟਕਰਾਓ ਦੇ ਮੂਡ ਵਿਚ ਸਨ। ਉਹੀ ਜੋਸ਼, ਉਹੀ ਚੜ੍ਹਦੀਕਲਾ। ਚਿਹਰਿਆਂ 'ਤੇ ਜਿੱਤ ਦਾ ਵਿਸ਼ਵਾਸ। ਅੱਜ ਵਾਲੇ ਅੰਦੋਲਨ ਦਾ ਜੋਸ਼ ਅਤੇ ਡਸਿਪਲਿਨ ਦੇਖ ਕੇ ਲੱਗਦਾ ਸੀ ਕਿ ਇੱਕ ਵਾਰ ਫੇਰ ਦਿੱਲੀ ਵਰਗਾ ਕਿਸਾਨ ਮੋਰਚਾ ਤਿਆਰ ਹੋ ਰਿਹਾ ਹੈ। ਇੱਸ ਵਾਰ ਜਵਾਨ ਵੀ ਨਾਲ ਹੋ ਸਕਦੇ ਹਨ। ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਟਵਿੱਟਰ 'ਤੇ ਕਿਹਾ ਕਿ ਯੂਪੀ ਦੇ 75 ਜ਼ਿਲਿਆਂ ਅਤੇ ਦੇਸ਼ ਦੇ ਬਹੁਤ ਸਾਰੇ ਸੂਬਿਆਂ ਵਿੱਚ ਸ਼ਾਂਤੀ ਪੂਰਨ ਰੋਸ ਵਿਖਾਵਾ ਕੀਤਾ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਦੇ ਮੈਂਬਰਾਂ ਨੇ ਇਸ ਸਬੰਧੀ ਰਾਸ਼ਟਰਪਤੀ ਨੂੰ ਮੰਗ ਪੱਤਰ ਵੀ ਦਿੱਤਾ। ਨੌਜਵਾਨਾਂ ਦੇ ਭਵਿੱਖ ਨੂੰ ਲੈ ਕੇ ਇਸ ਅੰਦੋਲਨ ਨੂੰ ਪੂਰੇ ਜੋਸ਼ੋ ਖਰੋਸ਼ ਨਾਲ ਜਾਰੀ ਰੱਖਿਆ ਜਾਵੇਗਾ। ਇਸ ਦੌਰਾਨ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਹਿਮਾਚਲ ਵਿਚ ਕਿਸਾਨ ਅੰਦੋਲਨ ਹੋਰ ਤੇਜ਼ ਕੀਤਾ ਜਾਏਗਾ ਤਾਂ ਕਿ ਹਿਮਾਚਲ ਦੇ ਕਿਸਾਨਾਂ ਦੇ ਹੱਕਾਂ ਦੀ ਰਾਖੀ ਕੀਤੀ ਜਾ ਸਕੇ। ਇਸੇ ਦੌਰਾਨ ਜਦੋਂ ਨਾਲਾਗੜ੍ਹ ਵਿੱਚ ਇਹ ਗੱਲ ਉੱਠੀ ਕਿ ਅੱਜ ਦੇਸ਼ ਵਿਚ ਇੱਕ ਹੋਰ ਅੰਦੋਲਨ ਦੀ ਲੋੜ ਹੈ ਤਾਂ ਭਾਜਪਾ ਸਮਰਥਕਾਂ ਨੇ ਵੀ ਜੁਆਬੀ ਟਿੱਪਣੀਆਂ ਵਿੱਚ ਰਾਕੇਸ਼ ਟਿਕੈਤ ਦੇ ਖਿਲਾਫ ਸਖਤ ਐਕਸ਼ਨ ਦੀਆਂ ਕਈ ਗੱਲਾਂ ਕੀਤੀਆਂ। ਅਭਿਮਨਯੂ ਚੌਹਾਨ ਨੇ ਕਿਹਾ ਇਸ ਵਾਰ ਤੇਰੀ ਪੱਕਾ ਕੁਟਾਈ ਹੋਣੀ ਹੈ। ਸਰਕਾਰ ਮੂਡ ਬਣਾ ਚੁੱਕੀ ਹੈ। ਇਸੇ ਤਰ੍ਹਾਂ ਰਾਸ਼ਟਰ ਪ੍ਰਥਮ ਨਾਮ ਹੇਠ ਆਈ ਡੀ ਚਲਾ ਰਹੇ ਕਿਸੇ ਭਾਜਪਾ ਸਮਰਥਕ ਨੇ ਕਿਹਾ ਜਦੋਂ ਪੂਰੀ ਯੂਨੀਅਨ ਨਾਲ ਸੀ ਉਦੋਂ ਤਾਂ ਪੱਤਾ ਤੱਕ ਨਹੀਂ ਉਖਾੜ ਸਕੇ ਟਿਕੈਤ ਬੰਧੂ ਹੁਣ ਚੰਦ ਸਮਰਥਕਾਂ ਨਾਲ ਕੀ ਕਰ ਲੈਣਗੇ? ਅੰਤਿਮ ਸਾਹਾਂ ਨੂੰ ਆਕਸੀਜ਼ਨ ਦੀ ਉਮੀਦ ਲਗਾਈ ਬੈਠੇ ਹਨ ਇਹ ਅੰਦੋਲਨਜੀਵੀ ਲੇਕਿਨ ਇਹ ਵੀ ਉਲਟਾ ਹੀ ਪਏਗਾ। ਦਬੰਗ ਫਿਲਮ ਵਿੱਚ ਸਲਮਾਨ ਦਾ ਇਕੱਕ ਰੋਲ ਸੀ ਚੁਲਬੁਲ ਪੈਂਦੇ ਦੇ ਨਾਮ ਹੇਠ। ਉਸ ਚੁਲਬੁਲ ਪਾਂਡੇ ਦੀ ਤਸਵੀਰ ਅਤੇ ਨਾਮ ਹੇਠ ਆਈ ਡੀ ਚਲਾ ਰਹੇ ਇੱਕ ਭਾਜਪਾ ਸਮਰਥਕ ਨੇ ਰਾਕੇਸ਼ ਟਿਕੈਤ 'ਦੋਸ਼ ਲਾਉਂਦਿਆਂ ਕਿਹਾ ਹੈ ਕਿ ਇਹ ਪੈਸੇ ਲੈ ਕੇ ਲੋਕਾਂ ਨੂੰ ਭੜਕਾਂਦਾ ਹੈ। ਆਏ ਦਿਨ ਹੁੜਦੰਗ ਕਰਾਉਂਦਾ ਹੈ। ਇਸ ਦੇਸ਼ ਵਿਰੋਧੀ ਕਾਂਗਰਸ ਪਿੱਠੂ ਯੋਗੀ ਜੀ ਤੁਰੰਤ ਗ੍ਰਿਫਤਾਰ ਕਰਕੇ ਇਸਦੀ ਗਰਮ ਸ਼ਾਂਤ ਕਰਨ ਅਤੇ ਇਸਦੀਆਂ ਸਾਰੀਆਂ ਸੰਪਤੀਆਂ ਦੀ ਜਾਂਚ ਕਰਨ। ਜੋ ਕੁਝ ਵੀ ਗ਼ਲਤ ਨਿਕਲੇ ਉਸਤੇ ਬੁਲਡੋਜ਼ਰ ਚਲਾ ਕੇ ਸਰਕਾਰੀ ਖਾਤੇ ਵਿਚ ਜਮਾ ਕਰਨ। ਇਸੇ ਤਰ੍ਹਾਂ ਰਾਕੇਸ਼ ਟਿਕਟ ਦੇ ਸਮਰਥਕਾਂ ਨੇ ਵੀ ਆਪਣੀ ਹਮਾਇਤ ਦਾ ਪ੍ਰਗਟਾਵਾ ਕੀਤਾ ਹੈ।

ਦੇਸ਼ ਭਰ ਵਿੱਚ ਅਗਨੀ ਪੱਥ ਅਤੇ ਅਗਨੀ ਵੀਰ ਯੋਜਨਾਵਾਂ ਦੇ ਖਿਲਾਫ ਸ਼ਾਂਤਮਈ ਰੋਸ ਵਖਾਵੇ ਹੋਏ। ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਮੁਤਾਬਕ ਦੇਸ਼ ਦੀਆਂ ਤਿੰਨ ਸੇਵਾਵਾਂ ਵਿਚ ਅਗਨੀਪੱਥ ਯੋਜਨਾ ਲਾਗੂ ਕਰਨ ਤੇ ਰੁਜ਼ਗਾਰ ਦਾ ਹੱਕ ਫ਼ੌਜ ਵਿੱਚ ਖੋਹੇ ਜਾਣ ਦੇ ਵਿਰੋਧ ਵਿਚ ਅੱਜ ਜ਼ਿਲ੍ਹਾ ਹੈੱਡਕੁਆਰਟਰ ਤੇ ਧਰਨਾ ਮੁਜ਼ਾਹਰਾ ਕਰਕੇ ਰਾਸਟਰਪਤੀ ਦੇ ਨਾਂ ਮੰਗ ਪੱਤਰ ਦਿੱਤਾ ਗਿਆ ਏਸ ਵੇਲੇ ਆਗੂਆਂ ਮੰਗ ਕੀਤੀ ਕਿ ਅਗਨੀਪੱਥ ਯੋਜਨਾ ਦਾ ਫੈਸਲਾ ਤੁਰੰਤ ਵਾਪਸ ਲਿਆ ਜਾਵੇ, ਫੌਜ ਵਿੱਚ ਸਿਪਾਹੀ ਨੌਕਰੀਆਂ ਲਈ ਜਵਾਨਾਂ ਦੀ ਸਿੱਧੀ ਭਰਤੀ ਕੀਤੀ ਜਾਵੇ, ਸਰਕਾਰ ਦੁਆਰਾ ਰਾਸ਼ਟਰੀ ਸੁਰੱਖਿਆ ਬਜਟ 178 ਤੋ ਘਟਾ ਕੇ 13.2 ਕਰਨ ਦਾ ਚਿੰਤਾ ਵਾਲੀ ਗੱਲ ਹੈ, ਫੌਜ ਵਿੱਚ ਪਿਛਲੀਆਂ ਸਵਾ ਲੱਖ ਅਸਾਮੀਆਂ ਨੂੰ ਰੈਗੂਲਰ ਭਰਤੀ ਕੀਤਾ ਜਾਵੇ। ਜਿੱਥੇ ਭਰਤੀ ਪ੍ਰਕਿਰਿਆ ਪਹਿਲਾਂ ਸ਼ੁਰੂ ਹੋ ਚੁੱਕੀ ਸੀ ਉਸ ਨੂੰ ਪੂਰਾ ਕਰਨ ਲਈ ਦੋ ਸਾਲ ਦੀ ਛੋਟ ਦਿੱਤੀ ਜਾਵੇ, ਅਗਨੀਪਥ ਵਿਰੋਧੀ ਪ੍ਰਦਰਸ਼ਨਾਂ ਵਿੱਚ ਸ਼ਾਮਲ ਨੌਜਵਾਨਾਂ ਵਿਰੁੱਧ ਦਰਜ ਕੀਤੇ ਸਾਰੇ ਝੂਠੇ ਕੇਸ ਵਾਪਸ ਲਏ ਜਾਣ ਅੰਦੋਲਨਕਾਰੀਆਂ ਨੂੰ ਨੌਕਰੀਆਂ ਤੋਂ ਹਟਾਉਣ ਵਰਗੀਆਂ ਸ਼ਰਤਾਂ ਹਟਾਈਆਂ ਜਾਣ, ਸਰਕਾਰ ਵੱਲੋਂ ਸੈਨਾਵਾਂ ਦਾ ਨਿੱਜੀਕਰਨ ਕਰਨਾ ਰੱਦ ਕੀਤਾ ਜਾਵੇ ਮੁਲਕ ਚ ਨੌਜਵਾਨਾਂ ਨੂੰ ਪੱਕਾ ਰੁਜ਼ਗਾਰ ਦੇਣ ਵਾਲੀ ਦੇਸ਼ ਪੱਖੀ ਨੀਤੀ ਬਣਾਈ ਜਾਵੇ ਕਾਰਪੋਰੇਟ ਜਗਤ ਦੇ ਸੇਵਕਾਂ ਸੰਸਾਰ ਬੈਂਕ ਤੇ ਡਬਲਿਊਟੀਓ ਦੀਆਂ ਜਨਤਕ ਅਦਾਰਿਆਂ ਦਾ ਨਿੱਜੀਕਰਦੇ ਖਿਲਾਫ ਬੁਲਡੋਜ਼ਰ ਵਰਗੀਆਂ ਸਖਤ ਕਾਰਵਾਈਆਂ ਕੀਤੇ ਜਾਣ ਨ ਵਾਲੀ ਨੀਤੀ ਰੱਦ ਕੀਤੀ ਜਾਵੇ, ਏਸ ਵੇਲੇ ਧਰਨੇ ਨੂੰ ਜ਼ਿਲ੍ਹਾ ਪ੍ਰਧਾਨ ਚਰਨ ਸਿੰਘ ਨੂਰਪੁਰਾ, ਜ਼ਿਲ੍ਹਾ ਜਨਰਲ ਸੈਕਟਰੀ ਸੁਦਾਗਰ ਸਿੰਘ ਘੁਡਾਣੀ ਕੁਲਦੀਪ ਸਿੰਘ ਗੁਜਰਵਾਲ, ਸਾਧੂ ਸਿੰਘ ਪੰਜੇਟਾ, ਰਜਿੰਦਰ ਸਿੰਘ ਸਿਆੜ, ਬਲਵੰਤ ਸਿੰਘ ਘੁਡਾਣੀ, ਜਗਤ ਸਿੰਘ ਲੀਲਾ, ਗੁਰਪ੍ਰੀਤ ਸਿੰਘ ਨੂਰਪਰਾ, ਹਰਜਿੰਦਰ ਸਿੰਘ ਮਜਦੂਰ ਆਗੂ, ਦਵਿੰਦਰ ਸਿੰਘ ਘਲੋਟੀ, ਮਲਕੀਤ ਸਿੰਘ ਬੁਢੇਲਾ, ਰਾਜਿੰਦਰ ਸਿੰਘ ਖਟੜਾ, ਜਸਦੀਪ ਸਿੰਘ ਤੇ ਯੁਵਰਾਜ ਸਿੰਘ ਘੁਡਾਣੀ, ਹਾਕਮ ਸਿੰਘ, ਪਰਿਵਾਰ ਸਿੰਘ, ਲਖਬੀਰ ਸਿੰਘ ਨੇ ਵੀ ਸੰਬੋਧਨ ਕੀਤਾ। ਪੰਜਾਬ ਵਿਚ ਹੋਰਨਾਂ ਬਹੁਤ ਸਾਰੀਆਂ ਥਾਂਵਾਂ ਤੇ ਵੀ ਰੋਸ ਵਖਾਵੇ ਹੋਏ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਨੌਜਵਾਨ ਵਿਰੋਧੀ ਅਗਨੀਪਥ ਯੋਜਨਾ ਦੇ ਵਿਰੋਧ ਵਿੱਚ ਅੱਜ ਪੰਜਾਬ ਭਰ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਮੋਦੀ ਸਰਕਾਰ ਦੇ ਪੁਤਲੇ ਫੂਕੇ ਗਏ। ਬੁਲਾਰਿਆਂ ਨੇ ਅਗਨੀ ਪੱਥ ਨੂੰ ਪੂਰੀ ਤਰ੍ਹਾਂ ਨੌਜਵਾਨਾਂ ਦੇ ਖਿਲਾਫ ਦੱਸਿਆ ਜਿਸਦੇ ਸਿੱਟੇ ਦੇਸ਼ ਦੇ ਆਮ ਲੋਕਾਂ ਲਈ ਖਤਰਨਾਕ ਹੋਣਗੇ। ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ, ਸੂਬਾ ਦਫਤਰ ਸਕੱਤਰ ਗੁਰਬਚਨ ਸਿੰਘ ਚੱਬਾ, ਰਣਜੀਤ ਸਿੰਘ ਕਲੇਰਬਾਲਾ ਦੀ ਅਗਵਾਈ ਹੇਠ ਅੱਜ ਗੋਲਡਨ ਗੇਟ ਅੰਮ੍ਰਿਤਸਰ ਸਮੇਤ ਜਿਲ੍ਹੇ ਵਿੱਚ ਲਗਭਗ 18 ਥਾਵਾਂ ਉੱਤੇ ਮੋਦੀ ਦੇ ਪੁਤਲੇ ਫੂਕੇ ਗਏ। ਗੋਲਡਨ ਗੇਟ ਵਿਖੇ ਕਿਸਾਨਾਂ, ਮਜਦੂਰਾਂ, ਨੌਜਵਾਨਾਂ ਦੇ ਵਿਸਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਪੰਧੇਰ, ਚੱਬਾ ਨੇ ਕਿਹਾ ਕਿ ਮੋਦੀ ਸਰਕਾਰ ਵੱਲੋ ਦੇਸ ਭਰ ਦੇ ਸਾਰੇ ਜਨਤਕ ਅਦਾਰਿਆਂ ਦਾ ਨਿੱਜੀਕਰਨ ਕਰਨ ਤੋਂ ਬਾਅਦ ਹੁਣ ਫੌਜ ਨੂੰ ਠੇਕੇ ਉੱਤੇ ਦੇਣ ਲਈ ਲਿਆਂਦੀ ਗਈ ਅਗਨੀਪਥ ਯੋਜਨਾ ਦੇਸ਼ ਦੀ ਸੁਰੱਖਿਆ ਨਾਲ ਵੱਡਾ ਖਿਲਵਾੜ ਹੈ। ਇਹ ਯੋਜਨਾ ਦੇਸ਼ ਦੇ ਨੌਜਵਾਨਾਂ ਨੂੰ ਪੱਕਾ ਰੁਜ਼ਗਾਰ ਦੇਣ ਦੀ ਜਗ੍ਹਾ ਫੌਜ ਵਿੱਚ 4 ਸਾਲ ਨੌਕਰੀ ਕਰਨ ਤੋਂ ਬਾਅਦ 75% ਨੌਜਵਾਨਾਂ ਨੂੰ ਬੇਰੁਜ਼ਗਾਰੀ ਵੱਲ ਧੱਕੇਗੀ।

ਜ਼ਿਲ੍ਹਾ ਆਗੂ ਜਰਮਨਜੀਤ ਸਿੰਘ ਬੰਡਾਲਾ, ਗੁਰਲਾਲ ਸਿੰਘ ਮਾਨ, ਸਕੱਤਰ ਸਿੰਘ ਕੋਟਲਾ ਨੇ ਕਿਹਾ ਕਿ ਇਹ ਅਗਨੀਪਥ ਯੋਜਨਾ ਕੇਂਦਰ ਸਰਕਾਰ ਵੱਲੋਂ ਚੋਣਾਂ ਦੌਰਾਨ ਦੇਸ਼ ਦੇ ਨੌਜਵਾਨਾਂ ਨੂੰ ਹਰ ਸਾਲ ਲੱਖਾਂ ਨੌਕਰੀਆਂ ਦੇਣ ਦੇ ਕੀਤੇ ਵਾਅਦਿਆਂ ਦੇ ਬਿਲਕੁਲ ਉਲਟ ਹੈ। ਅੱਜ ਗੋਲਡਨ ਗੇਟ ਵਿਖੇ ਵਿਸ਼ਾਲ ਇਕੱਠ ਵੱਲੋਂ ਜੈ ਜਵਾਨ, ਜੈ ਕਿਸਾਨ ਦੇ ਨਾਅਰੇ ਮਾਰਦੇ ਹੋਏ ਲੋਕ ਦੋਖੀ ਕੇਂਦਰ ਸਰਕਾਰ ਦਾ ਵੱਡਾ ਪੁਤਲਾ ਫੂਕਿਆ ਗਿਆ ਅਤੇ ਇਹ ਯੋਜਨਾ ਵਾਪਸ ਲੈਣ ਦੀ ਜ਼ੋਰਦਾਰ ਮੰਗ ਕੀਤੀ ਗਈ, ਇਸ ਤੋਂ ਇਲਾਵਾ ਜੰਡਿਆਲਾ ਗੁਰੂ, ਟਾਂਗਰਾ, ਰਈਆ, ਸਠਿਆਲਾ, ਬੁਤਾਲਾ, ਗੱਗੋਮਾਹਲ, ਅਜਨਾਲਾ, ਗੁਰੂ ਕਾ ਬਾਗ, ਜਗਦੇਵ ਕਲਾਂ, ਲੋਪੋਕੇ, ਚੋਗਾਵਾਂ, ਖਾਸਾ, ਅਟਾਰੀ, ਮਹਿਤਾ ਚੌਂਕ, ਖੁਜਾਲਾ, ਟਾਹਲੀ ਸਾਹਿਬ, ਕੱਥੂਨੰਗਲ ਟੋਲ ਪਲਾਜਾ, ਮਜੀਠਾ ਆਦਿ ਥਾਵਾਂ ਉੱਤੇ ਪੁਤਲੇ ਫੂਕੇ ਗਏ। ਕਿਸਾਨ ਆਗੂ ਡਾ: ਕੰਵਰ ਦਲੀਪ ਸਿੰਘ, ਬਾਜ ਸਿੰਘ ਸਾਰੰਗੜ੍ਹਾ, ਬਲਦੇਵ ਸਿੰਘ ਬੱਗਾ, ਲਖਵਿੰਦਰ ਸਿੰਘ ਡਾਲਾ ਦੀ ਅਗਵਾਈ ਹੇਠ ਜ਼ਿਲ੍ਹੇ ਭਰ ਵਿੱਚ ਵੱਖ ਵੱਖ ਥਾਵਾਂ ਉੱਤੇ ਮੋਦੀ ਸਰਕਾਰ ਦੇ ਪੁਤਲੇ ਫੂਕੇ ਗਏ।

ਇਸ ਮੌਕੇ ਮੰਗਜੀਤ ਸਿੰਘ ਸਿੱਧਵਾਂ, ਮੰਗਵਿੰਦਰ ਸਿੰਘ ਮੰਡਿਆਲਾ, ਨਿਸ਼ਾਨ ਸਿੰਘ ਚੱਬਾ, ਕਵਲਜੀਤ ਸਿੰਘ ਵੰਨਚੜ੍ਹੀ, ਮਨਰਾਜ ਸਿੰਘ, ਰਵਿੰਦਰਬੀਰ ਸਿੰਘ ਵੱਲਾ, ਫਤਹਿ ਸਿੰਘ ਬੁੱਤ, ਬਲਿਹਾਰ ਸਿੰਘ ਛੀਨਾ, ਗੁਰਪਾਲ ਸਿੰਘ ਮੱਖਣਵਿੰਡੀ, ਸਮਸੇਰ ਸਿੰਘ ਛੇਹਰਟਾ ਆਦਿ ਆਗੂਆਂ ਨੇ ਗੋਲਡਨ ਗੇਟ ਵਿਖੇ ਇਕੱਠ ਨੂੰ ਸੰਬੋਧਨ ਕੀਤਾ।

Harcharan Parhar
REALTOR®

For all your Real Estate needs
Please Call for Buy or Sell
Residential, Commercial, Condos
& Rental Property.

2020 National
Brokerage of The Year
ROYAL LEPAGE
Benchmark

Cell: 403.681.8689
Email: hp8689@gmail.com
www.harcharanparhar.com

REALTOR MULTIPLE LISTING SERVICE®





Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500



-ਅਮੋਲਕ ਸਿੰਘ
98778 68710

# ਪੌਣ ਪਾਣੀ ਅਤੇ ਖੇਤੀ ਨੂੰ ਬਚਾ ਲੈ ਹਾਣੀਆਂ



ਪੰਜ ਦਰਿਆਵਾਂ ਦੀ ਧਰਤੀ, ਪੰਜਾਬ ਦੇ ਪਾਣੀਆਂ ਉੱਤੇ ਸੰਸਾਰ ਬੈਂਕ ਵੱਲੋਂ ਮੁਕੰਮਲ ਤੌਰ ਤੇ ਕਾਰਪੋਰੇਟ ਘਰਾਨਿਆਂ ਦੀ ਅਜਾਰੇਦਾਰੀ ਸਥਾਪਤ ਕਰਨ ਲਈ ਹੱਲਾ ਬੋਲ ਦਿੱਤਾ ਗਿਆ ਹੈ। ਸਿਤਮਜਰੀਫੀ ਦੀ ਗੱਲ ਤਾਂ ਇਹ ਹੈ ਕਿ ਪਾਣੀਆਂ ਦੇ ਚੋਰ ਹੀ ਚੋਰ ਚੋਰ ਦਾ ਸੋਰ ਮਚਾ ਰਹੇ ਹਨ ।ਇਕ ਬੰਨੇ ਪੰਜਾਬ ਦੇ ਪਾਣੀਆਂ, ਹਵਾ ਅਤੇ ਮਿੱਟੀ ਨੂੰ ਪਲੀਤ ਅਤੇ ਜਹਿਰੀਲਾ ਕੀਤਾ ਜਾ ਰਿਹਾ ਹੈ ਅਤੇ ਦੂਜੇ ਬੰਨੇ ਵਾਤਾਵਰਣ ਸੰਭਾਲਣ ਦੇ ਸਭ ਤੋਂ ਵੱਡੇ ਦਾਅਵੇਦਾਰ ਹੋਣ ਦਾ ਗੁਰਜ ਘੁਮਾਇਆ ਜਾ ਰਿਹਾ ਹੈ ।ਹਕੀਕਤਾਂ ਅਜਿਹੇ ਦਾਅਵਿਆਂ ਦਾ ਮੂੰਹ ਚਿੜਾਉਂਦੀਆਂ ਹਨ। ਤੱਥਾਂ ਦੀ ਜੁਬਾਨੀ ਵਾਤਾਵਰਣ ਸਬੰਧੀ ਕਹਾਣੀ ਪਾਣੀਆਂ ਨੂੰ ਮੁੱਲ ਵਿਕੇਂਦੀ ਵਸਤ ਬਣਾਉਣ ਲਈ ਯੋਜਨਾਵਾਂ ਘੜੀਆ ਅਤੇ ਮੜ੍ਹੀਆਂ ਜਾ ਰਹੀਆਂ ਯੋਜਨਾਵਾਂ ਦੇ ਕੱਚੇ ਚਿੱਠੇ ਫਰੋਲਦੀ ਹੈ। ਵਾਤਾਵਰਣ ਪ੍ਰੇਮੀਆਂ ਦੇ ਸਾਹਮਣੇ ਪ੍ਰਮੁੱਖਤਾ ਨਾਲ ਇਹ ਸਵਾਲ ਆਣ ਖੜਾ ਹੋਇਆ ਹੈ ਕਿ ਵਾਤਾਵਰਣ ਅਤੇ ਪਾਣੀ ਸੰਭਾਲਣ ਸਬੰਧੀ ਰਵਾਇਤੀ ਬਾਤਾਂ ਨਾ ਪਾਈਆਂ ਜਾਣ ਅਤੇ ਨਾ ਹੀ ਵਾਤਾਵਰਨ ਬਚਾਉਣ ਲਈ ਟੇਕ ਅਜੋਕੇ ਪ੍ਰਬੰਧ ਉੱਤੇ ਰੱਖਣ ਦਾ ਭਰਮ ਪਾਲਿਆ ਜਾਵੇ। ਇਸ ਲਈ ਜਰੂਰੀ ਹੈ ਕਿ ਪਾਣੀਆਂ ਨੂੰ ਬਚਾਉਣ ਲਈ ਜੇ ਸਹੀ ਅਰਥਾਂ 'ਚ ਕਹਿਣਾ ਹੋਵੇ ਧਰਤੀ ਤੇ ਜੀਵਨ ਨੂੰ ਬਚਾਉਣ ਲਈ ਵਿਸਾਲ ਲੋਕ ਜਾਗਰਤੀ ਲਹਿਰ ਉਸਾਰਨ ਲਈ ਮੈਦਾਨ ਵਿੱਚ ਨਿੱਤਰਿਆ ਜਾਵੇ।

ਆਓ! ਸਭ ਤੋਂ ਪਹਿਲਾਂ ਪਰਦੇ ਪਿੱਛੇ ਚਿਰਾਂ ਤੋਂ ਘੜੀਆਂ ਜਾ ਰਹੀਆਂ ਸਕੀਮਾਂ ਤੋਂ ਤੱਥਾਂ ਸਹਿਤ ਜਾਣੂੰ ਹੋਈਏ। ਉਹਨਾ ਘਾੜਤਾਂ ਦੇ ਇੱਕ ਵਾਰ ਫੇਰ ਦੀਦਾਰ ਕਰਾਉਂਦੇ ਹਾਂ ਜਿਨ੍ਹਾਂ ਬਾਰੇ ਲੋਕ ਸਰੋਕਾਰਾਂ ਦੀ ਬਾਂਹ ਫੜਨ ਵਾਲੇ ਚਿਰਕੇ ਤੋਂ ਵੀ ਜਾਗਦੇ ਰਹਿਣ ਦਾ ਹੋਕਾ ਦਿੰਦੇ ਆ ਰਹੇ ਹਨ।

ਪਾਣੀ ਦਾ ਭੰਡਾਰਨ ਕਰਕੇ, ਇਸਨੂੰ ਬਾਜਾਰ ਵਿਕੇਂਦੀ ਸੈਅ ਬਣਾ ਧਰਨ ਵਾਲਿਆਂ ਦੀਆਂ ਕਾਰਸਤਾਨੀਆਂ ਦੀ ਪੈੜ ਨੱਪਦਿਆਂ ਪਤਾ ਲੱਗਦਾ ਹੈ ਕਿ ਸੰਸਾਰ ਬੈਂਕ ਨੇ 22 ਦਸੰਬਰ 2005 ਨੂੰ ਦਸਤਾਵੇਜ ਜਾਰੀ ਕੀਤੀ ਜੋ ਕਿ ਭਾਰਤ ਸਰਕਾਰ ਲਈ ਹਿਦਾਇਤਨਾਮਾ ਹੈ ਕਿ ਇਸ ਮੁਤਾਬਕ ਕਦਮ ਚੁੱਕੇ ਜਾਣ। ਇਸ ਦਸਤਾਵੇਜ ਦਾ ਨਾਮ ਰੱਖਿਆ, "ਸੰਸਾਰ ਬੈਂਕ ਦੀ ਦਸਤਾਵੇਜ਼ਃ ਭਾਰਤ ਦੇ ਪਾਣੀਆਂ ਦੀ ਆਰਥਿਕਤਾ : ਉੱਥਲ ਪੁੱਥਲ ਭਰੇ ਭਵਿੱਖ ਵੱਲ ਵਧ ਰਹੀ ਹੈ"। ਇਹ ਦਸਤਾਵੇਜ ਭਾਰਤ ਸਰਕਾਰ ਜਿੰਮੇ ਕੰਮ ਲਾਉਂਦੀ ਹੈ ਕਿ ਪਾਣੀ ਦੀ ਮਿਣਤੀ ਕੀਤੀ ਜਾਵੇ। ਮੁਫਤ ਜਲ ਸੇਵਾ ਬੰਦ ਕੀਤੀ ਜਾਵੇ। ਕੇਂਦਰੀ ਅਤੇ ਸੂਬਾਈ ਸਰਕਾਰਾਂ ਵੀ ਪਾਣੀਆਂ ਤੋਂ ਆਪਣੀ ਹੱਕ ਜਿਤਲਾਈ ਬੰਦ ਕਰਨ। ਸਮੁੱਚੇ ਪਾਣੀ ਉਪਰ ਨਿਜੀ ਕੰਪਨੀਆਂ ਦਾ ਅਧਿਕਾਰ ਪੱਕਾ ਕਰਨ ਲਈ ਰਾਹ ਪੱਧਰਾ ਕੀਤਾ ਜਾਵੇ। ਨਹਿਰੀ, ਦਰਿਆਈ ਅਤੇ ਧਰਤੀ ਹੇਠਲੇ ਪਾਣੀ ਉਪਰ ਆਮ ਲੋਕਾਂ ਦਾ ਕੋਈ ਅਧਿਕਾਰ ਨਹੀਂ। "ਮਲਕੀ ਭਰਦੀ ਪਈ ਸੀ ਖੂਹ ਦੇ ਉੱਤੋਂ ਪਾਣੀ" ਵਰਗੇ ਕਿੱਸੇ ਗਾਉਣ ਵਾਲੇ ਪੰਜਾਬੀ ਗੱਭਰੂ ਹੁਣ ਮੁਹੱਬਤ ਭਰੇ ਦੋ ਘੁੱਟ ਪਾਣੀ ਦੇ ਪੀਣ ਦੀ ਝਾਕ ਛੱਡਕੇ ਪਹਿਲਾਂ ਆਪਣੀ ਜੇਬ ਵਿੱਚ ਪੈਸੇ ਪਾ ਕੇ ਆਉਣ ਫੇਰ ਦੋ ਬੂੰਦ ਪਾਣੀ ਦੀ ਝਾਕ ਰੱਖਣ। ਖੇਤੀ ਵਾਸਤੇ ਵਰਤਿਆ ਜਾਂਦਾ ਪਾਣੀ ਵੀ ਹੁਣ ਖੇਤਾਂ ਦੇ ਪੁੱਤਾਂ ਦਾ ਨਹੀਂ ਸਗੋਂ ਸਰਕਾਰਾਂ ਦੇ ਕੰਨ ਮਰੋੜੇ ਗਏ ਹਨ ਕਿ ਉਹ ਪਾਣੀ ਉਪਰ ਲੋਕਾਂ ਦੀ ਮਾਲਕੀ ਦੇ ਅਧਿਕਾਰਾਂ ਦਾ ਭੋਗ ਪਾਉਣ ਲਈ ਵਿਸਵ ਬੈਂਕ ਦੀਆਂ ਹਦਾਇਤਾਂ ਅਨੁਸਾਰ ਠੋਸ ਕਦਮ ਚੁੱਕੇ। ਇਹ ਵੀ ਸੁਣਾਉਣੀ ਕੀਤੀ ਗਈ ਹੈ ਕਿ ਉਹ ਸਾਰੀਆਂ ਧਾਰਾਵਾਂ ਰੱਦ ਕੀਤੀਆਂ ਜਾਣ ਜਾਂ ਸੋਧ ਦਿੱਤੀਆਂ ਜਾਣ ਜੋ ਵੀ ਧਰਤੀ ਹੇਠਲੇ ਪਾਣੀ ਉਪਰ ਕਿਸਾਨਾਂ ਦੀ ਮਾਲਕੀ ਦੀ ਗਰੰਟੀ ਕਰਦੀਆਂ ਹਨ।

ਗੋਲੀ ਕੀਹਦੀ ਤੇ ਗਹਿਣੇ ਕੀਹਦੇ ਮੁਤਾਬਕ ਭਾਰਤੀ ਹਕੂਮਤ ਨੇ ਡੰਡੌਤ ਬੰਧਨਾਂ ਕਰਦਿਆਂ ਸਭਨਾਂ ਹੁਕਮਾਂ ਤੇ ਫੁੱਲ ਚੜ੍ਹਾਉਣ ਲਈ ਕਮਰ ਕੱਸੇ ਕਸ ਲਏ ਹਨ।

ਕੇਂਦਰੀ ਜਲ ਨੀਤੀ 2012 ਦੇ ਖਰੜੇ ਦਾ ਸੋਧਿਆ ਰੂਪ 2021 ਜਾਰੀ ਕੀਤਾ ਹੈ।

ਬੇਸਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰਦਿਆਂ ਕਿਸਾਨਾਂ ਨਾਲ ਪਾਣੀ ਸੰਕਟ ਬਾਰੇ ਜਾਣਕਾਰੀ ਸੰਵਾਦ ਰਚਾਉਣ ਦੀ ਬਜਾਏ ਸਜਾ ਨੁਮਾਂ ਅਤੇ ਇੱਕ ਤੀਰ ਨਾਲ ਦੋ ਨਿਸਾਨੇ ਫੁੰਡਣ ਵਾਲੀ ਨੀਤੀ ਧਾਰਨ ਕਰਦਿਆਂ ਪਾਣੀ ਬਚਾਉਣ ਦੇ ਨਾਂਅ ਹੇਠ ਐਮ. ਐੱਸ. ਪੀ. ਖਤਮ ਕਰਨ ਦਾ ਰਾਹ ਚੁਣ ਲਿਆ ਹੈ। ਖੁੱਲ੍ਹੀ ਮੰਡੀ ਲਈ ਸਾਰੇ ਦਰਵਾਜੇ ਸਪਾਟ ਖੋਲ੍ਹੇ ਜਾ ਰਹੇ ਹਨ।

ਬਿਜਲੀ ਸਬਸਿਡੀ ਖਤਮ ਕਰਨ ਲਈ ਆਰਾ ਚੁੱਕ ਲਿਆ ਹੈ। ਪੰਜਾਬ ਸਰਕਾਰ ਨੇ ਪੰਜਾਬ ਦੀਆਂ 15170 ਪੇਂਡੂ ਅਤੇ ਸਹਿਰੀ ਆਬਾਦੀਆਂ ਦੀ ਜਲ ਸਪਲਾਈ ਸੰਸਾਰ ਬੈਂਕ ਅਤੇ ਹੋਰ ਨਿਜੀ ਕਾਰੋਬਾਰੀਆਂ ਨੂੰ ਸੌਂਪਣ ਦਾ ਮਨ ਬਣਾ ਲਿਆ ਹੈ। ਪੰਜਾਬ ਪੇਂਡੂ ਜਲ ਸਪਲਾਈ ਅਤੇ ਸਵੱਛਤਾ ਪ੍ਰੋਜੈਕਟ ਤਹਿਤ ਪਾਣੀ ਆਪਣੇ ਹੱਥ ਹੇਠ ਕਰਨ, ਮੀਟਰ ਲਾਉਣ ਅਤੇ ਬਿਲਾਂ ਨਾਲ ਜੁੜਵੇਂ ਪ੍ਰਬੰਧ ਕਰਨ ਦੇ ਰੱਸੇ ਪੈੜੇ ਵੱਟੇ ਜਾ ਰਹੇ ਹਨ।

ਇਸਦੇ ਮੁਢਲੇ ਝਲਕਾਰੇ ਮੋਗਾ ਅਤੇ ਬਰਨਾਲਾ ਜਿਲ੍ਹਿਆਂ ਵਿੱਚ ਦੇਖੇ ਜਾ ਸਕਦੇ ਹਨ। ਸੰਸਾਰ ਬੈਂਕ ਦੇ 300 ਕਰੋੜ ਰੁਪਏ ਦੇ ਲਾਗਤ ਨਾਲ ਪਾਣੀ ਪ੍ਰੋਜੈਕਟ ਲਗਾਏ ਜਾ ਰਹੇ ਹਨ। ਖਾਲਾਂ ਦੀਆਂ ਆਡਾਂ ਦਾ ਪਾਣੀ ਪੀਣ ਵਾਲੇ ਖੇਤਾਂ ਦੇ ਪੁੱਤਾਂ ਨੇ ਉਸ ਵੇਲੇ ਕਦੇ ਸੋਚਿਆ ਵੀ ਨਹੀਂ ਸੀ ਕਿ ਪਾਣੀ ਜਹਿਰੀ ਕਰ ਦਿੱਤਾ ਜਾਵੇਗਾ। ਪਾਣੀ ਖੋਹ ਲਿਆ ਜਾਵੇਗਾ। ਇਸਦਾ ਨਮੂਨਾ ਮੋਗਾ ਜਿਲ੍ਹੇ ਦੇ ਪਿੰਡ ਦਾਊਧਰ ਵਿਖੇ 4 ਏਕੜ ਵਿੱਚ ਲਾਏ ਪਾਣੀ ਵਾਲੇ ਪ੍ਰੋਜੈਕਟ ਤੋਂ ਦੇਖਿਆ ਜਾ ਸਕਦਾ ਹੈ। 300 ਦੇ ਕਰੀਬ ਪਿੰਡਾਂ ਤੱਕ ਮੁੱਲ ਦਾ ਪਾਣੀ ਵੇਚਣ ਦਾ ਪ੍ਰੋਜੈਕਟ ਨਿਜੀ ਹੱਥਾਂ ਵਿਚ ਸੌਂਪਿਆ ਜਾ ਰਿਹਾ ਹੈ। ਸੰਸਾਰ ਬੈਂਕ ਨੇ ਏਸੀਅਨ ਇਨਫਰਾ ਸਟਰੱਕਚਰ ਨਿਵੇਸ ਬੈਂਕ ਨੇ 30 ਕਰੋੜ ਡਾਲਰ ਲੱਗ ਭੱਗ 2190 ਕਰੋੜ ਰੁਪਏ ਜਾਰੀ ਕਰਦਿਆਂ ਪੰਜਾਬ ਵਿੱਚ ਨਹਿਰੀ ਪਾਣੀ ਤੇ ਆਧਾਰਿਤ ਪ੍ਰੋਜੈਕਟ ਨੂੰ ਮਨਜੂਰੀ ਦੇ ਦਿੱਤੀ ਹੈ। ਲੁਧਿਆਣਾ ਅਤੇ ਅੰਮ੍ਰਿਤਸਰ ਸਹਿਰਾਂ ਅੰਦਰ ਮੁੱਲ ਦਾ ਪਾਣੀ ਸਪਲਾਈ ਕਰਨ ਦਾ ਸਾਰਾ ਕੰਮ ਵੀ ਵਿਸਵ ਬੈਂਕ ਆਪਣੇ ਹੱਥ ਲੈਣ ਜਾ ਰਹੀ ਹੈ। ਮੁਢਲੇ ਸਰਵੇਖਣ ਅਨੁਸਾਰ ਲੁਧਿਆਣਾ ਸਹਿਰ ਲਈ ਸਰਹਿੰਦ ਨਹਿਰ ਵਿਚੋਂ ਪ੍ਰਤੀ ਦਿਨ 58 ਕਰੋੜ ਲਿਟਰ ਪਾਣੀ ਕੱਢਕੇ ਵੇਚਿਆ ਜਾਵੇਗਾ। ਇਹ ਪਾਣੀ ਬਚਾਉਣ ਜਾਂ ਪਾਣੀ ਸੰਕਟ ਦਾ ਹੱਲ ਕਰਨ ਦਾ ਤਰੀਕਾ ਹੈ ਜਾਂ ਧਰਤੀ ਹੇਠਲੇ ਅਤੇ ਦਰਿਆਵਾਂ ਨਹਿਰਾਂ ਦੇ ਪਾਣੀ ਨੂੰ ਆਪਣੇ ਕਬਜੇ ਵਿਚ ਕਰਕੇ ਵੇਚਣ ਅਤੇ ਮੁਨਾਫੇ ਕਮਾਉਣ ਦਾ ਧੰਦਾ ਤੇਜ ਕਰਨਾ ਹੈ।

ਸੂਇਆਂ, ਕੱਸੀਆਂ, ਨਹਿਰਾਂ, ਚੋਆਂ ਪਿੰਡਾਂ ਦੇ ਛੱਪੜਾਂ ਆਦਿ ਅਨੇਕਾਂ ਅਜਿਹੇ ਵਸੀਲੇ ਜਿਹੜੇ ਪਾਣੀ ਪਾਣੀ ਦੀ ਮੁੜ ਭਲਾਈ ਦੇ ਪਾਏਦਾਰ ਢਾਂਚੇ ਸਨ। ਨਹਿਰਾਂ ਪੱਕੀਆਂ ਕਰਨ ਦੇ ਪ੍ਰੋਜੈਕਟ ਨੇ ਧਰਤੀ ਹੇਠ ਪਾਣੀ ਦੀ ਰਸਾਈ ਬੰਦ ਕਰਕੇ ਨਿਜੀ ਕੰਪਨੀਆਂ ਨੇ ਜਿਥੇ ਪ੍ਰੋਜੈਕਟ ਲਗਾਉਣੇ ਨੇ ਉਥੇ ਪਾਣੀ ਦੀ ਵੱਧ ਤੋਂ ਵੱਧ ਪਹੁੰਚ ਯਕੀਨੀ ਕੀਤੀ ਜਾ ਰਹੀ ਹੈ ਤਾਂ ਜੋ ਧਰਤੀ ਹੇਠਲੇ ਪਾਣੀ ਦੇ ਪੱਧਰ ਦੀ ਨਿਵਾਣ, ਕਿਤੇ ਪਾਣੀ ਖਰਾਬ ਹੋਣ ਦੇ ਪੱਜ ਹੇਠ ਮੁੱਲ ਦਾ ਪਾਣੀ ਵੇਚਣ ਲਈ ਲੋਕਾਂ ਨੂੰ ਘੜੀਸਕੇ ਮੋਟੀ ਮਾਇਆ ਦੇ ਅੰਬਾਰ ਲਾਏ ਜਾਣ। ਪਾਣੀ ਵਰਗੀ ਕੁਦਰਤੀ ਨਿਆਮਤ ਲੋਕਾਂ ਦੀ ਸਿੱਧੀ ਪਹੁੰਚ ਤੋਂ ਖੋਹਕੇ ਅਜਾਰੇਦਾਰੀ ਸਥਾਪਤ ਕਰਨ ਦਾ ਰਾਹ ਮੋਕਲਾ ਕੀਤਾ ਜਾ ਰਿਹਾ ਹੈ।

ਸਰਾਬ,ਗੱਤਾ ਅਤੇ ਕਾਗਜ ਤਿਆਰ ਕਰਨ ਵਾਲੀਆਂ ਫੈਕਟਰੀਆਂ ਅਤੇ ਕੋਲਡ ਡਰਿੰਕਸ ਕਾਰੋਬਾਰ ਆਦਿ ਵਿੱਚ ਪਾਣੀ ਦੀ ਬੇਤਹਾਸਾ ਵਰਤੋਂ ਹੁੰਦੀ ਹੈ। ਰੌਲਾ ਸਿਰਫ ਝੋਨੇ 'ਚ ਪਾਣੀ ਦੀ ਵਰਤੋਂ ਦਾ ਜਦੋਂ ਕਿ ਕਿਸਾਨ ਸਾਫ ਤੌਰ ਤੇ ਕਹਿ ਰਹੇ ਹਨ ਕਿ ਝੋਨੇ ਤੋਂ ਖਹਿੜਾ ਛੁਡਾਉਣ ਲਈ ਹੋਰਨਾਂ ਫਸਲਾਂ, ਦਾਲਾਂ ਆਦਿ ਤੇ ਐਮ. ਐਸ. ਪੀ. ਦੀ ਗਰੰਟੀ ਕੀਤੀ ਜਾਵੇ। ਫਸਲੀ ਵਿਭਿੰਨਤਾ ਸਦਕਾ ਪਾਣੀ ਦੀ ਬੱਚਤ ਵੀ ਹੋਏਗੀ ਅਤੇ ਪਰਾਲੀ ਸਾੜਨ ਦੇ ਜੱਭਖਾਨੇ ਤੋਂ ਵੀ ਛੁਟਕਾਰਾ ਮਿਲੇਗਾ। ਸਾਰਾ ਦੋਸ ਸਿਰਫ ਕਿਸਾਨਾਂ ਸਿਰ ਮੜ੍ਹਨ ਦਾ ਘੜਿਆ ਘੜਾਇਆ ਦੋਸ ਪੱਤਰ ਵੀ ਮੜ੍ਹਨਾ ਔਖਾ ਹੋਏਗਾ।

ਪੰਜਾਬ ਦੇ ਸਰਕਾਰੀ ਅਤੇ ਨਿੱਜੀ ਕਾਰਖਾਨੇ ਕੈਮੀਕਲ ਨਾਲ ਭਰਪੂਰ ਜਹਿਰੀਲਾ ਪਾਣੀ ਦਰਿਆਵਾਂ ਵਿੱਚ ਸੁੱਟ ਰਹੇ ਹਨ ਇਹਨਾਂ ਨੂੰ ਕੋਈ ਪੁੱਛਣ ਵਾਲਾ ਨਹੀਂ ਕਿ ਲੋਕਾਂ, ਜਾਨਵਰਾਂ ਅਤੇ ਪਸੂਆਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਦਾ ਲਾਈਸੈਂਸ ਤੁਹਾਨੂੰ ਕਿਸਨੇ ਦਿੱਤਾ ਹੈ।

ਇਹਨਾਂ ਦਿਨਾਂ ਵਿਚ ਪੰਜਾਬ ਦੀ ਫ਼ਿਜਾ ਅੰਦਰ ਇੱਕ ਸੁਲੱਖਣਾ ਵਰਤਾਰਾ ਸਾਹਮਣੇ ਆ ਰਿਹਾ ਹੈ ਸੋ ਹਵਾ, ਪਾਣੀ, ਧਰਤੀ ਅਤੇ ਖਾਸ ਕਰਕੇ ਜੀਵਨ ਨੂੰ ਤਬਾਹੀ ਤੋਂ ਬਚਾਉਣ ਲਈ ਸਾਰਥਕ ਹੱਲ ਬਣਨ ਦਾ ਰਾਹ ਦਰਸਾਵਾ ਬਣੇਗਾ। ਕਿਸਾਨਾਂ ਵਿੱਚ ਪਿੰਡ ਪਿੰਡ ਇੱਕ ਲਹਿਰ ਦਾ ਉਠਾਣ ਬਣਨ ਜਾ ਰਿਹਾ ਹੈ ਜਿਹੜੀ 'ਸੰਸਾਰ ਬੈਂਕ ਤੋਂ ਪਾਣੀ ਬਚਾਓ, ਖੇਤੀ ਬਚਾਓ' ਦਾ ਹੋਕਾ ਦੇ ਰਹੀ ਹੈ। ਇਹ ਲਹਿਰ ਪਹਿਲ ਪ੍ਰਿਥਮੇ ਪਿੰਡ ਨੂੰ ਕੇਂਦਰ ਮੰਨਕੇ ਹਰ ਘਰ ਦਾ ਕੁੰਡਾ ਖੜਕਾ ਰਹੀ ਹੈ। ਪਿੰਡਾਂ ਵਿਚ ਲੋਕ ਸਿਰ ਜੋੜਨ ਲੱਗੇ ਹਨ। ਲੋਕਾਂ ਨੂੰ ਪਾਣੀ, ਵਾਤਾਵਰਣ, ਮਿੱਟੀ ਅਤੇ ਹਵਾ ਆਦਿ ਦੀ ਦੁਰਗਤ ਕਰਨ ਵਾਲੀਆਂ ਤਾਕਤਾਂ ਬਾਰੇ ਵੀ ਸਮਝਾਇਆ ਜਾ ਰਿਹਾ ਹੈ ਅਤੇ ਇਹਨਾਂ ਦੀ ਸਾਂਭ ਸੰਭਾਲ ਲਈ ਪਿੜ ਮੱਲਣ ਲਈ ਜੋਟੀਆਂ ਪਾ ਕੇ ਅੱਗੇ ਆਉਣ ਲਈ ਵੀ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਵਰਤਾਰੇ ਦਾ ਵਿਲੱਖਣ ਪੱਖ ਇਹ ਹੈ ਕਿ ਜਿਹੜਾ ਕੰਮ ਯੂਨੀਵਰਸਿਟੀਆਂ ਜਾਂ 'ਵਿਸ਼ਵ ਗੁਰੂ' ਦੇਸ ਬਣਾਉਣ ਜਾ ਰਹੀਆਂ ਹਕੂਮਤਾਂ ਦਾ ਕਰਨਾ ਬਣਦਾ ਹੈ ਉਹ ਕੰਮ ਪਿੰਡਾਂ ਦੇ ਕਿਸਾਨ ਮਜਦੂਰ ਕਰਨ ਲਈ ਗਲੀ ਗਲੀ ਹੋਕਾ ਦੇ ਰਹੇ ਹਨ। ਧਰਨੇ ਮਾਰ ਰਹੇ ਹਨ। ਪ੍ਰਭਾਵਸਾਲੀ ਮੋਰਚੇ ਲਾਉਣ ਦੀਆਂ ਤਿਆਰੀਆਂ ਕਰ ਰਹੇ ਹਨ।

ਪੰਜਾਬ ਦੀ ਚੇਤਨਾ ਵਿੱਚ ਨਵੇਂ ਪਹੁ ਫੁਟਾਲੇ ਦਿਖਾਈ ਦੇ ਰਹੇ ਹਨ। ਇਤਿਹਾਸਕ ਕਿਸਾਨ ਮੋਰਚੇ ਨੇ ਕਿਸਾਨਾਂ ਦੀ ਦੂਰਅੰਦੇਸੀ ਵਿੱਚ ਗਿਣਨਯੋਗ ਵਾਧਾ ਦਰਸਾਇਆ ਹੈ। ਉਹ ਜਿਣਸਾਂ ਦੇ ਭਾਅ ਵਧਾਉਣ ਵਰਗੇ ਤਬਕਾਤੀ ਮੁੱਦਿਆਂ ਤੋਂ ਉਪਰ ਉੱਠ ਕੇ ਸਮਾਜਿਕ ਲੋਕ ਮੁਦਿਆਂ ਨੂੰ ਹੱਥ ਲੈਣ ਲੱਗੇ ਹਨ। ਲੋਕ ਤਾਕਤ ਜੋੜਨ ਲੱਗੇ ਹਨ। ਇਸ ਮੁਹਿੰਮ ਵਿਚ ਰੰਗ ਕਰਮੀ, ਗੀਤਕਾਰ, ਕਵੀ ਗਾਇਕ, ਲੇਖਕ, ਤਰਕਸੀਲ, ਜਮਹੂਰੀ ਕਾਮੇਂ ਵੀ ਸਿਰ ਜੋੜ ਕੇ ਤੁਰਨ ਇਸ ਲਈ ਵੀ 'ਸੰਸਾਰ ਬੈਂਕ ਤੋਂ ਪਾਣੀ ਬਚਾਓ ਖੇਤੀ ਬਚਾਓ ਮੁਹਿੰਮ' ਹਰ ਸੰਭਵ ਯਤਨ ਕਰ ਰਹੀ ਹੈ। ਯਕੀਨਨ ਹੀ ਭਵਿੱਖ ਵਿੱਚ ਇਸਦੇ ਸਾਨਦਾਰ ਨਤੀਜੇ ਦਿਖਾਈ ਦੇਣਗੇ।

## ਮਿਸੀਸਾਗਾ ਵਿਖੇ ਤਰਕਸ਼ੀਲ ਸਮਾਗਮ 10 ਜੁਲਾਈ ਨੂੰ

### ਮਾਸਟਰ ਰਾਮ ਕੁਮਾਰ, ਰਾਜਿੰਦਰ ਭਦੌੜ ਅਤੇ ਸੁਰਜੀਤ ਦੌਧਰ ਦਾ ਸਨਮਾਨ ਹੋਵੇਗਾ

ਬਰੈਂਪਟਨ (ਸਟਾਫ ਰਿਪੋਰਟਰ) : ਤਰਕਸ਼ੀਲ ਸੁਸਾਇਟੀ ਕਨੇਡਾ ਉਨਟਾਰੀਓ ਵਲੋਂ 10 ਜੁਲਾਈ 2022 (ਐਤਵਾਰ) ਤਰਕਸ਼ੀਲ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਤਰਕਸ਼ੀਲ ਵਿਚਾਰ ਚਰਚਾ ਦੇ ਨਾਲ ਨਾਲ ਅਗਾਂਵਧੂ ਗੀਤਾਂ ਦਾ ਪ੍ਰੋਗਰਾਮ ਵੀ ਹੋਵੇਗਾ। ਸਮੂਹ ਸ਼ਹਿਰੀਆਂ ਨੂੰ ਸਮਾਗਮਵਿੱਚ ਸਾਮਲ ਹੋਣ ਦਾ ਖੁੱਲ੍ਹਾ ਸੱਦਾ।

ਸੁਸਾਇਟੀ ਦੇ ਮੀਡੀਆ ਤੇ ਸਿੱਖਿਆ ਸਕੱਤਰ ਨਛੱਤਰ ਸਿੰਘ ਬਦੇਸ਼ਾ ਨੇ ਦੱਸਿਆ ਕਿ 10 ਜੁਲਾਈ ਐਤਵਾਰ ਨੂੰ ਸਵੇਰੇ 11:30 ਵਜੇ ਤੋਂ 3:00 ਵਜੇ ਤੱਕ ਵਰਸੇਲਜ ਕਨਵੈਂਸਨ ਸੈਂਟਰ 6721 ਐਡਵਰਡਜ ਬੁਲੇਵਾਰਡ, ਮਿਸੀਸਾਗਾ ਵਿਖੇ ਹੋਣ ਵਾਲੇ ਇਸ ਸਮਾਗਮ ਵਿੱਚ ਤਰਕਸ਼ੀਲ ਆਗੂ ਰਾਜਿੰਦਰ ਭਦੌੜ, ਸੁਰਜੀਤ ਦੌਧਰ ਤੇ ਨੰਦੇਸੁ ਸੇਨਾਪਤੀ ਉੜੀਸਾ (FIRA) "ਤਰਕਸ਼ੀਲਤਾ ਸਮੇਂ ਦੀ ਲੋੜ ਕਿਉਂ" ਤੇ "ਜੋਤਿਸ਼ ਅਵਿਗਿਆਨਕ ਕਿਵੇਂ ਤੇ ਸਮੋਹਨ ਵਿਧੀ ਕੀ ਹੈ" ਦੇ ਵਿਸ਼ੇ 'ਤੇ ਆਪਣੇ ਵਿਚਾਰ ਰੱਖਣਗੇ। ਇਸ ਸਮਾਗਮ ਵਿੱਚ ਲੋਕ ਸੰਗੀਤ ਮੰਡਲੀ ਭਦੌੜ ਵਲੋਂ ਮਾਸਟਰ ਰਾਮ ਕੁਮਾਰ, ਸੁਖਦੇਵ ਸੁੱਖ, ਨਵਤੇਜ ਪ੍ਰੀਤ, ਦਲਜੀਤ ਸਿੰਘ ਤੋਂ ਇਲਾਵਾ ਬਲਜੀਤ ਬੈਂਸ ਵੀ ਆਪਣੇ ਗੀਤ ਪੇਸ਼ ਕਰਨਗੇ। ਇਸ ਸਮਾਗਮ ਵਿੱਚ ਕੈਨੇਡਾ ਫੇਰੀ ਤੇ ਆਏ ਮਾਸਟਰ ਰਾਮ ਕੁਮਾਰ ਭਦੌੜ, ਤਰਕਸ਼ੀਲ ਆਗੂ ਰਾਜਿੰਦਰ ਭਦੌੜ ਅਤੇ ਸੁਰਜੀਤ ਦੌਧਰ ਨੂੰ ਉਹਨਾਂ ਦੇ ਲਹਿਰ ਵਿੱਚ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਜਾਵੇਗਾ।

ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਬਲਰਾਜ ਸੋਕਰ ਨੇ ਅਗਾਂਹਵਧੂ ਲੇਖਕਾਂ, ਬੁਧੀਜੀਵੀਆਂ, ਸਾਹਿਤਕਾਰਾਂ ਤੇ ਆਮ ਸ਼ਹਿਰੀਆਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ।






# Farmer Suicides in Punjab

## Incidence, Causes, and Policy Suggestions

The article is based on a primary survey carried out to ascertain the magnitude and determinants of deaths of farmers by suicide in six districts of Punjab. It recommends the provision of financial compensation to victim families, waiving of debt, and strengthening of public healthcare and education system as the main policy measures for addressing this tragic phenomenon.

**Sukhpal Singh**
**Manjeet Kaur**
**H S Kingra**

**India is an agriculture-dependent nat-ion where the socio-economic condition of the farmer is worrisome. Over the past two decades, the number of farmer suicides in the country has been on the rise. During the last two decades, more than 3.5 lakh farmers died by suicide in India (NCRB 2017). Currently, the issues of suicide have become an index of the crisis in India's agriculture and have led to widespread discussions and deb-ates through print and vernacular media. As reported by the media, Andhra Pra-desh, Maharashtra, Karnataka, and Punjab are the worst-hit states where the magnitude of suicides has reached alar-ming proportions.**

Punjab, popularly known as the "food bowl" of the country, remains shackled in a difficult phase of agrarian crisis that has witnessed 16,606 farmer and agricultural labourer suicides during 2000–15 (Tribune 2018: 1). Over the years, Punjab agriculture in general and small farming in particular is becoming a less profitable occupation due to rising fixed and variable input costs and non-remunerative sale prices of farm produce. -Unable to generate sufficient earnings due to capital intensive technologies, small farmers have been leaving farming. As a result, around 2 lakh small farmers, who were operating two hectares of land, left farming in Punjab between 1991 and 2011 (Singh and Bhogal 2014: 1365).

In the absence of alternative sources of income, the basic needs like expensive education of children, costly healthcare, and high cooking gas prices beco-me a financial burden on the farmers. In order to make both ends meet, the farmers have become heavily dependent on commission agents (arhtiyas) due to non-availability of consumption loans from institutional sources and their high transaction costs (Singh et al 2007: 31). This vicious cycle of taking more costly loans just to carry on cultivation in the hope of turning around their finances and repaying previous loans with high accrued interest burdens pushes farmers into accepting exploitative informal lending at an exorbitant rate of interest, which leads to indebtedness. The heavy debt burden has wrecked the condition of farmers making them helpless and distressed, which ultimately pushes them towards dying by suicide. The intensity of this crisis in Punjab calls for a serious attempt to investigate individual cases in a comprehensive manner. The present study attempts an objective assessment of the incidence and causes of suicides by farmers along with its ramifications in six districts of Punjab, namely Barnala, Bathinda, Ludhiana, Mansa, Moga, and Sangrur.

**Approach of the Study**

The present study on the deaths of farmers by suicide in the six districts of Punjab was carried out by the Department of Econo-mics and Sociology, Punjab Agricultural University, Ludhiana in four phases for the period 2000 to 2018. The first phase survey was carried out in Bathinda and Sangrur between 2000 and 2008 (Research Report 2009) follow-ed by another phase that included four districts, namely Barnala, Ludhiana, Mansa, and Moga for the period 2000–10 (Singh et al 2012). The third phase survey was conducted in 2016 in all the six districts for the -period 2000–15 (Singh et al 2017). The fourth phase survey was undertaken in 2019 (Singh et al 2020) in which the cases of farmer deaths by suicide of all these six districts for the period 2016 to 2018 were studied. The present study consolidates the total number of deaths by suicides of farmers reported in all the surveys for 2000 to 2018. All the villages falling in the jurisdiction of the six districts were covered in the door-to-door and village-to-village survey.

First, a list of suicide cases was prep-ared with the help of sarpanch, panchayat members, and chowkidar of the village. The family members of the victims of death by suicide were personally interviewed through a pretested questionnaire to analyse the exact causes of suicide and assess the economic, social, and psychological distress of the family at the time of suicide and after the suicide of the victim.

The information was collected on the economic position of the family, magnitude of debt (institutional and non--institutional), farm size, causes of suicide, living conditions of dependents, assets (including land) owned, and assets sold by the family to pay off the debt. The information on social relations within the family, the social/marital discords among family members, the mental stability of the victim, etc, was obt-ained from the family. In the next step, this information was authenticated by the sarpanch, other elected member of the village and/or one or more elder persons of the village for accuracy.

**Extent and Magnitude**

Now we will first discuss the extent of suicides in each studied district and the trend over the years; the farm size category-wise distribution of suicide victims, the extent of suicides in a family, gender issue, and the mode adopted for death by suicide.

**District-wise cases of farmer suicides:** Suicide is a complex phenomenon, which occurs due to social, economic and psychological factors, and combinations thereof. The high magnitude of suicides in the six districts of Punjab throws light on the grim situation of farmers in the state. In these areas, as many as 9,291 farmers died by suicide during 2000–18 (Table 1). The highest magnitude of suicides was found in Sangrur district with 2,506 reported suicide cases, followed by 2,098 suicides in Mansa, 1,956 in Bathinda, 1,126 in Barnala, 880 in Moga, and 725 in Ludhiana. The high number of such reported cases of suicides is undoubtedly a matter of grave concern in the so-called agriculturally developed state of India.

**Table 1: District-wise Cases of Farmer Suicides in Punjab, 2000–18**

| District | Number of Suicides |
|---|---|
| Barnala | 1,126 |
| Bathinda | 1,956 |
| Ludhiana | 725 |
| Mansa | 2,098 |
| Moga | 880 |
| Sangrur | 2,506 |
| Overall | 9,291 |

Source: Compiled by the authors.

**Year-wise distribution of suicide victims:** The devastation in the Punjab by suicides did not show any particular trend across the study period as revealed in Table 2. The number of suicide cases was the highest (630) in 2008 and declined thereafter. This decline in suicide cases may be an outcome of the "Debt Waiver Scheme" of the union gover-n-ment initiated in 2008. Overall, about 88% of the farmers died by suicide due to heavy debt burden. The number of debt-related suicide cases was the highest (515) in 2015, which may be due to the cotton crop failure. Cotton is the major commercial crop of Bathinda, Mansa, Sangrur, and Barnala districts, and the productivity of American cotton was the lowest (197 kg/ha) in 2015 over last three decades. It is also important to note that the total number of suicides (288) and debt-related suicides (281) was the lowest in 2016. There may be primarily two reasons behind this phenomenon. First, the productivity of American cotton rem-ained the highest (760 kg/ha) in 2016 during the last one decade. Second, the announcement of a complete debt-waiver of the farmers by the ruling party in the election manifesto in Punjab was made in 2016. Unfortunately, the number of suicide cases again followed a rising trend, going up from 302 in 2017 to 379 in 2018. Overall, the proportion of debt-related suicide cases shows a rising trend over time.

**Table 2: Year-wise Distribution of Debt and Non-debt-related Farmer Suicides in Punjab**

| Year | Debt-related Suicides (Number) | Non-debt-related Suicides (Number) | Total |
|---|---|---|---|
| 2000 | 458 (84.35) | 85 (15.65) | 543 (100) |
| 2001 | 429 (82.18) | 93 (17.82) | 522 (100) |
| 2002 | 415 (81.21) | 96 (18.79) | 511 (100) |
| 2003 | 419 (79.36) | 109 (20.64) | 528 (100) |
| 2004 | 419 (82.00) | 92 (18.00) | 511 (100) |
| 2005 | 398 (82.74) | 83 (17.26) | 481 (100) |
| 2006 | 371 (83.37) | 74 (16.63) | 445 (100) |
| 2007 | 477 (84.13) | 90 (15.87) | 567 (100) |
| 2008 | 490 (77.78) | 140 (22.22) | 630 (100) |
| 2009 | 433 (87.65) | 61 (12.35) | 494 (100) |
| 2010 | 478 (86.90) | 72 (13.10) | 550 (100) |
| 2011 | 483 (91.13) | 47 (8.87) | 530 (100) |
| 2012 | 465 (96.27) | 18 (3.73) | 483 (100) |
| 2013 | 477 (96.56) | 17 (3.44) | 494 (100) |
| 2014 | 458 (96.62) | 16 (3.38) | 474 (100) |
| 2015 | 515 (95.90) | 22 (4.10) | 537 (100) |
| 2016 | 281 (97.57) | 7 (2.43) | 288 (100) |
| 2017 | 302 (98.05) | 6 (1.95) | 308 (100) |
| 2018 | 379 (95.95) | 16 (4.05) | 395 (100) |
| Total | 8,147 (87.69) | 1,144 (12.31) | 9,291 (100) |

Figures in parenthesis are percentages.
Source: Compiled by the authors.

**Farm size-wise distribution of suicides:** Punjab farmers in general and small peasantry in particular have been passing through an economic crisis. It is a fact that the size of the farm is the major factor, which determines the income level and economic status of the farm households. Table 3 reveals that out of a total 9,291 farmer suicide cases more than 77% were those of marginal and small farmers who cultivated up to two hectares of land. It is important to note that the number of these small landholdings is around 34% of the total landholdings in the state. The semi-medium and med-ium farmers accounted for about 22% of the total farmer suicide cases. The proportion of suicide cases among the large farm size category was just 0.47% in all the six districts. It is significant to note that marginal and small farmers were the main victims of this phenomenon as these farmers have been facing more pressure as compared to large farmers due to small volume of production, low marketable surplus, and scarcity of capital.

**Gender classification and intensity of suicide:** The crisis in the agrarian economy of Punjab is so severe that in many farm families not only one person but two or more members of the family died by suicide. Our field survey revealed that around 93% of the affected households were of those where one suicide had occurred. However, it is very tragic to know that in 7% of the families there were two or more cases of suicides -(Table 4). It is also seen that male farmers were the main victims of this crisis as 92% of the total deaths by suicide were by the male members. However, 8% were female members who became the victim of this phenomenon.

**Table 3: Farm Size-wise Distribution of Suicides in Punjab, 2000–18**

| Size of Operation Holding | Number | Percentage |
|---|---|---|
| Marginal (<1 ha) | 4,233 | 45.56 |
| Small (1–2 ha) | 2,929 | 31.53 |
| Semi-medium (2.01–4 ha) | 1,531 | 16.48 |
| Medium (4.01–10 ha) | 554 | 5.96 |
| Large (> 10 ha) | 44 | 0.47 |
| Total | 9,291 | 100.00 |

Source: Compiled by the authors.

**Modes of suicide:** How a person kills themselves is another parameter to know the depth of this crisis. In a true

**Table 4: Gender Classification and Intensity of Suicides**

| Description | Percentage |
|---|---|
| Male suicides | 91.80 |
| Female suicides | 8.20 |
| Household with one suicide | 92.90 |
| Household with two or more suicides | 7.10 |

Source: Compiled by the authors.

Durkheim way, the suicide phenomenon is represented in the conditions of loss of meaning, confusion, and disorientation among the people. That most victims choose to end their lives by consuming pesticides symbolise the key source of distress; agriculture itself and its new inputs, engaging with which has led to their ruination (Vasavi 2009: 125–27). The same could be said of the victim farmers of Punjab where consumption of pesticides was the most common mode of suicide (Table 5). Around 72% of the suicide cases were occ-urred with the consu-mption of pesticides, while 13% of the farmers died by suicide by hanging them-selves. Jumping in front of a train or in waterbodies was a mode of suicide adop-ted by about 11%.

**Causes of Suicide**

Suicide is the offshoot of a complex range of factors that have been driving farmers to end their life irrespective of what triggers the act. Majority of the studies conducted on suicides among agricultural community provides firm evidence that the deceased farmers were

**Table 5: Mode of Suicides among Farmers**

| Mode of Suicide | Number | Percentage |
|---|---|---|
| Consumption of pesticides | 6,652 | 71.6 |
| Hanging themselves | 1,217 | 13.1 |
| Jumping in front of a train | 400 | 4.3 |
| Jumping into a well/river | 418 | 4.5 |

* Others include electrocution, jumping from the roof, taking rodenticide, celphos, etc.
Source: Compiled by the authors.

under huge debt and had experienced chronic domestic discord, social isolation, injured self-esteem, and so on (Singh 2018: 15; Sidhu et al 2011: 133). It is imperative to probe the causes of farmers' indebtedness. An extensive study of the Punjab State Farmers Commission (PFSC) revealed that as much as 74.8% of credit was incurred for production purposes—tractorisation (12.70%), farm inputs (44.1%), irrigation structures (2.47%), and others (15.53%). Whereas over 25% of the credit was used for consumption purposes which includes house constru-ction (10.3%), marriages (7.7%), domestic expenditure (3.5%), and others (3.7%) (Singh et al 2017: 41). Moreover, the tractor farmers were more heavily indebted than other farmers (Singh et al 2007: 43). The low farm profitability due to low crop prices, stagnant productivity, and crop failure were the major reasons of the farmers' plight (Singh et al 2014: 252). It is pertinent to note that in Punjab almost one-fourth of the small farmers owned tractors, but these tractors do not have the economic viability due to the smaller size of their operational landholdings of less than two hectares, which was the other reason for indebtedness among these farmers (Singh et al 2007: 42; -Singh 2018: 16).

Farmers were indebted historically. In fact, as far back as the early 1920s, Darling (1925) in his classic research work remarked that "the Punjab peasant is born in debt, lives in debt and dies in debt." But, the question raised by the academicians and media is why the suicide phenomenon had not occ-urred then, though peasantry was under vicious circle of debt at that time. To add-ress this question at a reasonable level, we must analyse the changing agrarian scene during the last one century. Basically, before the green revolution in the state, the subsistence farming was prevalent, in which farm inputs were home produced and farm output was intended for home consumption. But after the mid-1960s, the green revolution strategies initiated commercial farming in which both farm inputs and farm outputs were linked with the market. The borrowed funds at exorbitant interest rates, especially from private agencies, pushed them towards a debt trap. Moreover, the policies of neo-liberalism reduced farm profitability through expensive farm inputs, stable real crop prices and restricted farm subsidies. Likewise, the privatisation of -social services (health, education, and domestic services) also weakened the family budget of the people. This situation led the capital-scarce peasantry towards an economic squeeze, indebtedness, and suicides.

Table 6 reveals that the heavy debt burden appeared as the major cause of suicide in about 88% of the cases. Family discords emerged as the second most imp-ortant reason among 17% victims. Crop failure and health ailments appe-ared as the next important concerns among 8.32% and 6.27% of the victims, respectively.

**Farm size classification of suicide cases according to debt:** The suicide victims of different farm size categories were classified into debt and non-debt

**Table 6: Reasons for Deaths due to Suicide**

(Multiple Response)

| Particulars | Number | Percentage |
|---|---|---|
| Heavy debt burden | 8,147 | 87.69 |
| Family discord | 1,596 | 17.18 |
| Crop failure | 773 | 8.32 |
| Illness and health problems | 583 | 6.27 |
| Land confiscated by bank | 337 | 3.63 |
| Court case/litigation | 20 | 0.22 |
| Harassment by moneylenders/ banks, etc | 20 | 0.22 |
| Others* | 588 | 6.33 |

* Loss in self-employment/enterprise, drug addiction, social isolation, etc.
Source: Compiled by the authors.

category on the basis of level of debt/acre, level of income of the family and assets (including land) owned and assets sold by the family to pay off the debt. On the basis of this criterion, the observations of the study found that around 88% of the suicide cases fell in the debt category and the remaining about 12% occurred due to non-debt reasons. The farm size-wise distribution clearly depicts that the main reason for small farmer suicides was heavy debt burden, as over 89% of these victims were motivated by the heavy debt as compared with large farmers where debt-related cases were around 57%. As the farm size increases the proportion of suicide cases with heavy debt burden decreases. Around 43% of the large farmers died by suicide due to non-debt reasons (Table 7). It was noted during the survey that the marginal and small farmers have to depend upon the borrowed funds, which are to be repaid after the crop harvest. With meagre incomes, which are

**Table 7: Farm Size-wise Distribution of Suicide Cases into Debt and Non-debt Reasons**

| Category | Debt | Non-debt | Total |
|---|---|---|---|
| Marginal (<1 ha) | 3,771 (89.09) | 462 (10.91) | 4,233 (100) |
| Small (1–2 ha) | 2,615 (89.28) | 314 (10.72) | 2,929 (100) |
| Semi-medium (2.01–4 ha) | 1,299 (84.85) | 232 (15.15) | 1,531 (100) |
| Medium (4.01–10 ha) | 437 (78.88) | 117 (21.12) | 554 (100) |
| Large (> 10 ha) | 25 (56.82) | 19 (43.18) | 44 (100) |
| Total | 8,147 (87.69) | 1,144 (12.31) | 9,291 (100) |

Figures in parentheses are percentages.
Source: Compiled by the authors.

insufficient to meet the rising -basic farm and domestic expenditure, repayment of debt becomes a trap that set off a vicious cycle of indebtedness.

**Socio-economic and Implications**

Various factors that pertain to the family members of the victims such as socio-economic status at the time of -suicide and after suicide, the social and psychological impacts of suicide, habits of the deceased, and the opinion of family on the relief measures are the focus of the following discussion.

**Socio-economic characteristics of victims:** The critical analysis of empirical evidences available on farmer suicides in Punjab hints that the disappointment and despair of the suicide victims, associated with the loss of agricultural income and rising indebtedness, had its origin in the growing economic distress. The socio-economic characteristics of the victim families are considered as key ailments which determine the stress level of the family. The information on the socio-economic profile of suicide victims revealed that relief measures around 75% cases were in the prime age of 19–35 years (Table 8). This is alarming and indicative of something drastically wrong with the social situation in which Punjab's rural youth is placed. Insofar as education level of the deceased is concerned, it was seen that around 75% of the victims were illiterate or with primary education without meaningful opp-or-tunities for alternate employment. Sadly, around 1% of these victims were graduates or postgraduates. This shows that the large section of peasantry, whose level of education is very low, is the main victim of this phenomenon. About 45% of the victims were illiterate and only 6% studied up to higher secondary. About 74% lived in semi-pucca houses and only 5% had any involvement in sociopolitical activities. The spirit of individualism and decline of the traditional social support mechanism has pushed the farmers towards suicide as fostered by Gill (2005) in his study.

**Social and psychological impact of the suicide on the victims' families:** The families of suicide victims were found to

**Table 8: Socio-economic Profile of Suicide Victims**

| Particulars | Number | Percentage |
|---|---|---|
| Age (years) | | |
| Below 18 | 311 | 3.35 |
| 19–30 | 3,100 | 33.37 |
| 31–35 | 3,833 | 41.25 |
| 46–60 | 1,686 | 18.15 |
| Above 61 | 361 | 3.88 |
| Education level | | |
| Illiterate | 4,177 | 44.96 |
| Primary | 1,497 | 16.11 |
| Middle | 1,347 | 14.50 |
| Matriculate | 1,567 | 16.87 |
| Higher secondary | 590 | 6.35 |
| Graduate | 92 | 0.99 |
| Postgraduate | 21 | 0.22 |
| Type of residence | | |
| Kutcha | 443 | 4.77 |
| Semi-pucca | 6,891 | 74.17 |
| Pucca | 1,957 | 21.06 |
| Participation in sociopolitical activities* | | |
| Panchayat | 189 | 2.03 |
| Kisan union | 285 | 3.07 |
| Social and religious organisations | 148 | 1.59 |
| No involvement in any sociopolitical activity | 8,950 | 96.33 |
| Overall | | 100.00 |

* Multiple response.
Source: Compiled by the authors.

be suffering from a dire sense of fear and social insecurity as well as severe psychological disturbances. As much as one-third of the families lost their bread earners and hence had no earning member in the family (Table 9). One can imagine the economic status of the family where the sole bread earner has lost their life, and how the families cope with the situation. Further, depression crept into the lives of around 28% families. About 13% of the families had to bear the brunt by selling off their land, the only means of livelihood. It is unfortunate to know that 11% of the families' children had to discontinue their education. The vagaries of fortune did not stop here; it was sad to note that the marriage of children in victim families were also disrupted in 3.4% cases. This situation arises mainly in the case of the daughter's marriage, as the act of suicide is considered a social stigma for the family. Generally, people are least interested in any relationship with the family which is economically worse off or have died by suicide due to debt burdens. This shows that deceased persons have been passing through a trauma that is not only economic but also social and psychological.

**Level of consumption of intoxicants by the deceased:** The level of substance abuse is very high in Punjab. Table 10 reveals that the prop-ortion of non-drug addicts among the suicide victims was 44.09%. However, the regular and heavy use of alcohol by suicide victims was found in 24.16% cases and nearly 32% were habituated to the occasional use of alcohol and other intoxicants.

**Table 9: Social and Psychological Impact on Victim Families after the Suicide**

(Multiple Response)

| Particulars | Number | Percentage |
|---|---|---|
| No earning member in family | 3,057 | 32.9 |
| Family under depression | 2,574 | 27.7 |
| Discontinued education of children | 1,041 | 11.2 |
| Sold land | 1,161 | 12.5 |
| Marriage disrupted | 316 | 3.4 |
| Others* | 790 | 8.5 |
| No impact | 762 | 8.2 |

* Others include financial crunch, sale of house, death of parents, sale of livestock, etc.
Source: Compiled by the authors.

**Table 10: Use of Intoxicants by Suicide Victims**

| Particulars | Number | Percentage |
|---|---|---|
| Daily user | 2,245 | 24.16 |
| Occasional | 2,950 | 31.75 |
| Never | 4,096 | 44.09 |
| Total | 9,291 | 100 |

Source: Compiled by the authors.

**Relief Measures**

Death by suicide leaves the family not only grieving the unexpected death but also confused and lost by this haunting loss. On being asked about the type of help sought from government and non-governmental organisations, there were multiple opinions among respondents regarding relief measures (Table 11). Nearly 96% families were expecting some kind of financial assistance, 33% were looking forward to receiving a pension and 30% families hoped for free medical aid. Monetary and physical help for education, job and

**Table 11: Type of Help Sought from Government and Non-governmental Organisations by the Victims' Family**

(Multiple Response)

| Particulars | Number | Percentage |
|---|---|---|
| Direct financial assistance | 8,891 | 95.7 |
| Pension | 3,029 | 32.6 |
| Free medical support | 2,815 | 30.3 |
| Job for a family member | 2,639 | 28.4 |
| Waiver of institutional debt | 2,546 | 27.4 |
| Free education | 2,406 | 25.9 |
| Solution for non-institutional debt | 1,923 | 20.7 |
| Increase in old age pension | 1,793 | 19.3 |
| Restoring of mortgaged land | 251 | 2.7 |
| Others* | 28 | 0.3 |

* Allied occupation, resolution of cases related to land, and so on.
Source: Compiled by the authors.

solutions for repayment of non-institutional debt were other expected supports from the government.

**Policy Suggestions**

The trend of suicide among farmers of Punjab is worrisome. It is urgent to pay attention to check the rising incidence of suicides. The following policy suggestions are made to mitigate the phenomenon of farmer suicides in the state:

First, the Punjab government has provided compensation of `3 lakh to the victim families who died by suicide between 2000 and 2010. But, the suicide cases between January 2011 and March 2013 were not considered for compensation. After March 2013, the state government had formulated a policy for addressing the issue of suicide. As per this policy, the compensation of `3 lakh, along with other measures, should be given to the victim families within the specific time period of the suicide. But, in many cases these families were deprived of this compensation due to lack of required documents, such as post-mortem report, credit record and so on. It is utmost essential to extend compensation to all suicide victim families who are under economic distress. Second, settlement of the debt, which is the main reason behind farmer suicides, demands immediate attention. The institutional loan amount which is around 43% of the total loans availed by the victim families should be waived off. To settle the loans advanced by non-institutional sources, which is around 57% of the total loan amount, the "Scheme for Debt Swapping of Borrowers" should be made effective for converting the non-institutional debt into institutional debt. Further, it is suggested that the rate of interest on agricultural credit must be reduced. The functions and activities of non-institutional credit agencies should be regulated and monitored. The payment of farmers' produce should be made directly to the farmers, and not to the commission agents, so that the farmers come out of the bondage of commission agents (moneylenders). Third, crop failure is also one of the major reasons which forced the farmers to end their lives. Therefore, it is pertinent to provide suitable compensation to the farmers in the case of crop failure. As for a long-term solution, the farm profitability should be enhanced by mitigating production and marketing risks. For this purpose, the procurement of farm produce should be efficient and effective. More-over, costs of cultivation should be reduced by providing farm inputs, such as seed, fertilisers, agrochemicals, and farm machinery at subsidised prices. This should be accompanied by strict checks on the delivery and quality of farm inputs. These farm input subsidies must also be extended to small farmers with a prime focus on conservation of natural resources. For this purpose, the awareness among farmers have to be created for a need-based use of resources/inputs so as to reduce the cost of cultivation and minimise adverse effects of their excessive use.

Next issue is related with heavy farm mechanisation which pushed the peasantry into debt. Many small farmers avail-ed loans for purchasing tractors without its economic viability. As many as 77% of the total suicides were by small farmers. In Punjab, around one-quarter of the small farmers of the state own tractors, which makes their farming non-viable due to higher fixed costs and dis-economies of scale. Therefore, agro machinery service -centres on a cooperative basis needs to be set up in every village in which small farmers must get priority for custom hiring of the machinery. Public health and education sectors need to be strengthened by providing-effective and efficient free services to the people in general and distressed families in particular. Likewise, some of the farmer suicides in the state were due to sociological and psychological reasons like drug addiction, family discord, and litigation. Therefore, a mass campaign should be laun-ched to sensitise the rural masses on these issues.

**References**

- Darling, M L (1925): The Punjab Peasant in Prosperity and Debt, Delhi: Oxford University Press.
- Gill, S S (2005): "Economic Distress and Suicides in Rural Punjab," Journal of Punjab Studies, Vol 12, No 2, pp 219–38.
- NCRB (2017): "Suicides in Farming Sector," National Crime Records Bureau, Ministry of Home Affairs, Government of India, New Delhi.
- Research Report (2009): "Farmers' and Agricultural Labourers' Suicides Due to Indebtedness in the Punjab State: Pilot Survey in Bathinda and Sangrur Districts," Department of Economics and Sociology, Punjab Agricultural University, Ludhiana, April, pp 1–69.
- Sidhu, R S, Sukhpal Singh and A S Bhullar (2011): "Farmers' Suicides in Punjab: A Census Survey of the Two Most Affected Districts," Economic & Political Weekly, Vol 46, Nos 26 and 27, pp 131–37.
- Singh, Sukhpal, K Singh and H S Kingra (2007): "Flow of Funds to Farmers and Indebtedness in Punjab," Research Report, Punjab State Farmers' Commission, Government of Punjab, SAS Nagar, pp 1–70.
- Singh, Sukhpal, R S Sidhu, S K Sidhu, H S Kingra and M S Sidhu (2012): "Farmers' and Agricultural Labourers' Suicides due to Indebtedness in the Punjab State: Census Survey of Mansa, Barnala, Moga, and Ludhiana Districts," Res-earch Report, Department of Economics and Sociology, Punjab Agricultural University, -Ludhiana, June, pp 1–171.
- Singh, Sukhpal and Shruti Bhogal (2014): "Depea-santisation in Punjab: Status of Farmers Who Left Farming," Current Science, Vol 106, No 10, pp 1364–68.
- Singh, Sukhpal, Bhogal Shruti and Randeep Singh (2014): "Magnitude and Determinants of Inde-btedness among Farmers in Punjab," Indian Journal of Agricultural Economics, Vol 69, No 2, pp 243–56.
- Singh, Sukhpal, M Kaur and H S Kingra (2017): "Farmers' and Agricultural Labourers' Suicides in Punjab State: Census Survey of Ludhiana, Bathinda, Barnala, Moga, Sangrur and Mansa Districts," Research Report, Department of Economics and Sociology, Punjab Agricultural University, Ludhiana, June, pp 1–174.
- Singh, Sukhpal (2018): "Death in the Midst of Plenty: Farmer Suicides in Punjab," Economic & -Political Weekly, Vol 53, No 19, pp 15–17.
- Singh, Sukhpal, M Kaur and H S Kingra (2020): "Farmers' Suicides in Punjab: Incidence, Causes and Policy Suggestions," Research Report, Department of Economics and Sociology, Punjab Agricultural University, Ludhiana, pp 1–28.
- Tribune (2018): "Over 16,000 Farm Suicides in 15 Years," 11 January, pp 1 and 7.
- Vasavi, A R (2009): "Suicides and the Making of -India's Agrarian Distress," South African Review of Sociology, Vol 40, No 1, pp 124–38.

# ਲੋਕ ਨਾਇਕ ਦੀ ਤਲਾਸ਼ !

- ਬੁੱਧ ਸਿੰਘ ਨੀਲੋਂ
94643 70823

**ਨਾਇਕ ਵਿਹੂਣੇ ਲੋਕ, ਕੋਈ ਨ ਰੋਕ ਤੇ ਟੋਕ
ਬਹੁਤ ਵਧੇ ਨੇ ਬੋਕ, ਤੂੰ ਵੀ ਤਾਲੀ ਠੋਕ ?**

ਮਸਲੇ ਬਹੁਤ ਹਨ ਪਰ ਇਲਾਜ ਕਿਧਰੇ ਨਹੀਂ। ਜੇ ਕੋਈ ਇਲਾਜ ਕਰਨ ਵਾਲਾ ਉਠਦਾ ਹੈ ਤਾਂ ਲੱਤਾਂ ਖਿੱਚਣ ਵਾਲੇ ਸਰਗਰਮ ਹੋ ਜਾਂਦੇ ਹਨ। ਆਮ ਲੋਕ ਸਿਰਫ ਤਮਾਸਾ ਦੇਖਦੇ ਹਨ। ਉਹਨਾਂ ਨੂੰ ਸਮਾਜਿਕ ਢਾਂਚੇ ਨੇ ਰੋਜੀ ਰੋਟੀ ਦੇ ਚੱਕਰ ਵਿੱਚ ਉਲਝਾਇਆ ਹੈ। ਸਿੱਖਿਆ ਤੇ ਸਿਹਤ ਦੀ ਕੋਈ ਸਰਕਾਰੀ ਨੀਤੀ ਨਾ ਹੋਣ ਕਰਕੇ ਬਹੁਗਿਣਤੀ ਨੌਜਵਾਨ ਦਸਵੀਂ ਤੱਕ ਮਸਾਂ ਪੁਜਦੇ ਹਨ। ਆਰਥਿਕ ਤੌਰ ਤੇ ਮਜਬੂਤ ਲੋਕਾਂ ਦੇ ਵਿੱਚ ਹੀ ਹੁਣ ਸਿ ਹਾਸਲ ਕਰਨ ਜੋਗੇ ਰਹਿ ਗਏ ਹਨ। ਆਰਥਿਕ ਤੌਰ ਤੇ ਕਮਜੋਰ ਨੌਜਵਾਨ ਘਰ ਦਾ ਚੁੱਲਾ ਚਲਾਉਣ ਲਈ ਮਜਦੂਰ ਬਣ ਕੇ ਰਹਿ ਜਾਂਦੇ ਹਨ।

ਪੰਜਾਬ ਦੀ ਹਰੀ ਕ੍ਰਾਂਤੀ ਨੇ ਲੋਕ ਮਾਨਸਿਕ ਤੇ ਸਰੀਰਕ ਤੌਰ 'ਤੇ ਬੀਮਾਰ ਕਰ ਦਿੱਤੇ ਹਨ। ਹਰੇ ਇਨਕਲਾਬ ਨੇ ਪੌਣ ਤੇ ਪਾਣੀ ਸਭ ਦੂਸ਼ਿਤ ਕਰ ਦਿੱਤੇ ਹਨ । ਘਰਾਂ ਦੇ ਵਿਚ ਬੈਠੇ ਲੋਕ ਨਾ ਮੁਰਾਦ ਬੀਮਾਰੀਆਂ ਤੋਂ ਦੁਖੀ ਹਨ, ਸਰਕਾਰੀ ਹਸਪਤਾਲਾਂ ਦੇ ਵਿਚ ਡਾਕਟਰ ਨਹੀਂ, ਦਵਾਈਆਂ ਨਹੀਂ, ਸਕੂਲਾਂ ਦੇ ਵਿਚ ਅਧਿਆਪਕ ਨਹੀਂ, ਨੌਜਵਾਨਾਂ ਦੇ ਕੋਲ ਕੋਈ ਰੁਜਗਾਰ ਨਹੀਂ, ਕਿਸਾਨਾਂ ਦੀਆਂ ਫਸਲਾਂ ਦਾ ਸਹੀ ਮੁੱਲ ਨਹੀਂ ਮਿਲਦਾ, ਕਰਜ਼ੇ ਦੀ ਪੰਡ ਦਿਨੋਂ ਭਾਰੀ ਹੁੰਦੀ ਜਾ ਰਹੀ ਹੈ, ਮਜ਼ਦੂਰ ਦੇ ਕੋਲ ਕੋਈ ਰੁਜਗਾਰ ਨਹੀਂ, ਧੀਆਂ ਸ਼ਗਨ ਦੀ ਉਡੀਕ 'ਚ, ਬਜ਼ੁਰਗ ਬੁਢਾਪਾ ਪੈਨਸ਼ਨ ਦੀ ਉਡੀਕ 'ਚ ਬੈਠੇ ਹਨ, ਜਵਾਨੀ ਬੇਰੁਜ਼ਗਾਰੀ ਦੀ ਭੰਨੀ ਨਸ਼ਿਆਂ ਦੀ ਦਲਦਲ 'ਚ ਫਸ ਕਿ ਮਰਨ ਕਿਨਾਰੇ ਖੜੀ ਹੈ। ਥਾਣਿਆਂ ਤੇ ਸਰਕਾਰੀ ਦਫ਼ਤਰਾਂ ਦੇ ਵਿਚ ਲੋਕਾਂ ਦੀ ਕੋਈ ਸਾਰ ਨਹੀ ਲੈ ਰਿਹਾ।

ਸਮਾਜ ਦੇ ਵਿਚ ਲੋਕਾਂ ਦੇ ਪੈਰਾਂ ਦੇ ਥੱਲੇ ਅੱਗ ਬਲਦੀ ਹੈ। ਉਹ ਹਰ ਤਾਂ ਦੇ ਅੰਗਿਆਰਾਂ ਦੇ ਉਪਰ ਤੁਰਨ ਦੇ ਲਈ ਉਤਾਵਲੇ ਹੋ ਰਹੇ। ਉਹਨਾਂ ਦੇ ਸਾਹਮਣੇ ਦੁਸ਼ਵਾਰੀਆਂ ਤੋਂ ਬਿਨਾਂ ਕੋਈ ਰਸਤਾ ਨਹੀਂ। ਸਿਆਸੀ ਲੋਕ ਹੀ ਨਹੀਂ, ਸਮਾਜ ਦੇ ਵਿੱਚ ਹੋਰ ਵੀ 'ਸਮਾਜ-ਸੇਵੀ' ਸੰਸਥਾਵਾਂ ਹਨ ਜਿਹੜੀਆਂ ਆਪਣੀ ਡਫਲੀ ਵਜਾ ਰਹੀਆਂ ਹਨ, ਧਰਮ ਦੇ ਨਾਲ ਜੁੜੇ ਸੰਤ, ਸਾਧ ਤੇ ਹੋਰ ਸਵਰਗ ਤੇ ਨਰਕ ਦੀਆਂ ਗੱਲਾਂ ਕਰਦੇ ਹਨ, ਸਾਹਿਤ ਤੇ ਸੱਭਿਆਚਾਰ ਦੇ ਖੇਤਰ ਦੇ ਲੋਕ ਆਪਣਾ ਰਾਗ ਅਲਾਪ ਰਹੇ ਹਨ।

ਸਿਆਸੀ ਪਾਰਟੀਆਂ ਹਰ ਪੰਜ ਸਾਲ ਬਾਅਦ ਲੋਕਾਂ 'ਤੇ ਰਾਜ ਕਰ ਰਹੀਆਂ, ਉਹ ਲੋਕਾਂ ਨੂੰ ਲੁੱਟ ਕੇ ਆਪਣੀਆਂ ਤਜ਼ੌਰੀਆਂ ਭਰ ਰਹੇ ਹਨ। ਆਮ ਵਰਗ ਹਰ ਪਾਸ ਤੋਂ ਹਨੇਰ ਦੇ ਵੱਲ ਵਧ ਰਿਹਾ ਹੈ। ਸਿਹਤ, ਸਿਖਿਆ ਤੇ ਰੁਜ਼ਗਾਰ ਵਿਹੂਣਾ ਹੋਇਆ ਅਵਾਮ ਅੱਜ ਅੱਕ ਪਲਾਹੀਂ ਹੱਥ ਮਾਰ ਰਿਹਾ ਹੈ। ਉਸ ਦੀ ਬਾਂਹ ਫੜਨ ਵਾਲਾ ਕੋਈ ਨਹੀਂ। ਹਤਾਸ਼ ਹੋਏ ਲੋਕ ਕਦੇ ਡੇਰਿਆਂ ਵੱਲ ਦੌੜਦੇ ਹਨ, ਕਦੇ ਸਿਆਸੀ ਪਾਰਟੀਆਂ ਦੇ ਜਲਸਿਆਂ ਵੱਲ ਭੱਜਦੇ ਹਨ, ਕਦੇ ਉਹਨਾਂ ਨੂੰ ਇਹ ਲਗਦਾ ਹੈ ਕਿ ਕੋਈ ਹੋਰ ਉਹਨਾਂ ਦੀ ਡੁਬਦੀ ਬੇੜੀ ਬੰਨੇ ਲਾ ਦੇਵੇਗਾ।

ਸਮਾਜ ਦੇ ਹਰ ਖੇਤਰ ਵਿਚ ਚੌਧਰੀਅ ਦੀ ਤਾਂ ਭਰਮਾਰ ਹੈ ਪਰ ਕੋਈ ਨਾਇਕ ਬਣਿਆ ਨਜ਼ਰ ਨਹੀਂ ਆ ਰਿਹਾ। ਜਿਹਨਾਂ ਸੰਸਥਾਵਾਂ ਨੇ ਨਾਇਕ ਤਿਆਰ ਕਰਨੇ ਸਨ ਉਹ ਸਭ ਦੀਆਂ ਸਭ ਖੁਦ ਨਾਇਕ ਵਿਹੂਣੀਆਂ ਹੋ ਗਈਆਂ, ਇਸੇ ਕਰਕੇ ਉਹਨਾਂ ਥਾਵਾਂ ਦੇ ਉਪਰ ਸਭ ਨੂੰ ਆਪੋ-ਧਾਪੀ ਪਈ ਹੋਈ ਹੈ।

ਸਿਆਸੀ ਆਗੂਆਂ ਨੇ ਆਮ ਲੋਕਾਂ ਨੂੰ 'ਵੋਟਰ' ਬਣਾ ਦਿੱਤਾ, ਉਹ ਹਰ ਪੰਜ ਸਾਲ ਪਾਰਟੀਆਂ ਬਦਲ ਬਦਲ ਕੇ ਰਾਜ ਕਰ ਰਹੀਆਂ ਹਨ। ਵਿਕਾਸ ਦੇ ਨਾਂ 'ਤੇ ਲੋਕਾਂ ਦੇ ਦਿੱਤੇ ਟੈਕਸ ਨੂੰ ਆਪਣੇ ਹਿੱਤਾਂ ਲਈ ਵਰਤਦੀਆਂ ਹਨ।

ਉਪਰ ਤੋਂ ਥੱਲੇ ਤੱਕ ਰਿਸ਼ਵਤ ਦਾ ਬੋਲ ਬਾਲਾ ਹੈ। ਭ੍ਰਿਸ਼ਟਾਚਾਰ ਦੀ ਦਲਦਲ 'ਚ ਲੋਕ ਡੁਬ ਰਹੇ ਹਨ। ਬੀਮਾਰੀਆਂ ਦੇ ਨਾਲ ਮਰ ਰਹੇ ਹਨ ਲੋਕ, ਨਸ਼ਿਆਂ ਦੀ ਲਤ ਦੇ ਨਾਲ ਜਵਾਨੀ ਏਡਜ਼ ਦੀ ਬੀਮਾਰੀ ਦਾ ਸ਼ਿਕਾਰ ਹੋ ਰਿਹਾ ਹੈ। ਨੌਜਵਾਨਾਂ ਦੇ ਵਿੱਚੋ ਮਰਦਾਨਾ ਤਾਕਤ ਘੱਟ ਰਹੀ ਹੈ ਹਾਲਤ ਦਿਨੋਂ ਦਿਨ ਗੰਭੀਰ ਹੋ ਰਹੇ ਹਨ। ਬੇਬੀ ਟਿਊਬ ਹਸਪਤਾਲ ਖੁਲ ਰਹੇ ਹਨ. ਜਿਥੇ ਪੰਜਾਬਣਾਂ ਦੇ ਬਾਹਰੀ ਸੂਬਿਆਂ ਦਾ ਵੀਰਜ ਪਾ ਕੇ ਨਸਲਾਂ ਬਦਲੀਆਂ ਜਾ ਰਹੀਆਂ ਹਨ।


ਪੰਜਾਬ ਦੀਆਂ ਕੁੜੀਆਂ ਤੇ ਮੁੰਡੇ ਵਿਦੇਸ਼ਾਂ ਨੂੰ ਜਾ ਰਹੇ ਹਨ। ਜਵਾਨੀ, ਬੌਧਿਕ ਸ਼ਕਤੀ ਤੇ ਸਰਮਾਇਆ ਵਿਦੇਸ਼ ਵੱਲ ਜਾ ਰਿਹਾ ਹੈ। ਪਿੰਡਾਂ ਦੇ ਲੋਕ ਸ਼ਹਿਰਾਂ ਵੱਲ ਦੌੜ ਰਹੇ ਹਨ।

ਉਦਯੋਗਿਕ ਇਕਾਈਆਂ ਬੰਦ ਹੋ ਰਹੀਆਂ, ਜਿਹਨਾਂ ਦੇ ਕੋਲ ਰੁਜ਼ਗਾਰ ਸੀ, ਉਹ ਵੀ ਬੇਰੁਜ਼ਗਾਰ ਹੋ ਰਹੇ ਹਨ। ਹਰ ਤਰਾਂ ਦਾ ਮਾਫੀਆ ਰੂੜੀ ਵਾਂਗ ਵੱਧ ਰਿਹਾ ਹੈਂ। ਹਰ ਥਾਂ 'ਤੇ ਮਾਫੀਆ ਦਾ ਕਬਜ਼ਾ ਹੈ। ਹਰ ਥਾਂ 'ਤੇ ਆਮ ਲੋਕਾਂ ਨੂੰ ਲੁੱਟਣ ਦੇ ਲਈ ਪੁਲਸ ਵਾਲੇ ਸਿਆਸਤਦਾਨ ਖੜੇ ਹਨ। ਜਿਹਨਾਂ ਪੁਲਸ ਵਾਲਿਆਂ ਤੇ ਸਿਆਸਤਦਾਨਾ ਨੇ ਆਮ ਲੋਕਾਂ ਦੀ ਰਾਖੀ ਕਰਨੀ ਸੀ ਉਹ ਆਪ ਹੀ ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ।

ਲਿਖਣ ਤੇ ਬੋਲਣ ਦੀ ਆਜ਼ਾਦੀ 'ਤੇ ਸੰਵਿਧਾਨ ਦਾ ਨੱਕ ਮੋਰੜਿਆ ਜਾ ਰਿਹਾ ਹੈ। ਲੋਕਾਂ ਦੇ ਮਸਲਿਆਂ ਦੇ ਨਾਲੋਂ ਕੁਰਸੀ ਦੀ ਲੜਾਈ ਲਈ ਸਿਆਸੀ ਪਾਰਟੀਆਂ ਨੂੰ ਵੱਧ ਫਿਕਰ ਹੈ। ਇਸੇ ਕਰਕੇ ਇਹ ਸਿਆਸੀ ਚੌਧਰੀ ਇੱਕ ਦੂਜੇ ਦੇ ਖਿਲਾਫ ਰੈਲੀਆਂ ਕਰਦੇ ਹਨ। ਜਿਹਨਾਂ ਦੀ ਜ਼ਮੀਰ ਮਰ ਗਈ ਹੈ ਉਹ ਦਿਹਾੜੀ ਦੀ ਖਾਤਰ ਵਿਕ ਰਹੇ ਹਨ।

ਲੋਕਾਂ ਨੂੰ ਕਿਰਤਹੀਣ ਕਰ ਕੇ ਉਹਨਾਂ ਨੂੰ 'ਮੁਫਤ' ਦੀ ਚਾਟ 'ਤੇ ਲਾ ਦਿੱਤਾ। ਇਸੇ ਕਰਕੇ ਉਹਨਾਂ ਨੂੰ ਹਰ ਵੋਟਾਂ ਦੇ ਵੇਲੇ ਸਿਆਸੀ ਆਗੂਆਂ ਦੇ ਵਲੋਂ ਵੰਡੀ ਜਾ ਰਹੀ ਮੁਫਤ ਦੀ ਸ਼ਰਾਬ ਤੇ ਨਕਦ ਮਾਇਆ ਦੀ ਉਡੀਕ ਕਰਨ ਵਾਲੇ ਬਣਾ ਦਿੱਤਾ।

ਹੁਣ ਪੰਜਾਬ ਦੇ ਲੋਕ ਜਿਹੜੇ ਨਾਇਕ ਵਿਹੂਣੇ ਹੋਏ ਹਨ, ਉਹਨਾਂ ਦੀ ਬਾਂਹ ਫੜਨ ਵਾਲਾ ਕੋਈ ਵੀ ਕਿਸੇ ਵੀ ਖੇਤਰ ਦੇ ਨਜ਼ਰ



ਨਹੀਂ ਆ ਰਿਹਾ। ਜਿਹੜੇ ਆਪਣੇ ਆਪ ਨੂੰ 'ਨਾਇਕ' ਹੋਣ ਦਾ ਆਪੇ ਹੀ ਖਿਤਾਬ ਲਈ ਬੈਠੇ ਹਨ ਉਹ ਸਭ ਆਪੋ ਆਪਣੀਆਂ ਰੋਟੀਆਂ ਸੇਕਦੇ ਹਨ। ਸਿਆਸੀ ਤੇ ਧਰਮ ਦੇ ਆਗੂ ਆਮ ਲੋਕਾਂ ਦੀ ਭੀੜ ਕੱਠੀ ਤਾਂ ਕਰਦੇ ਹਨ। ਪਰ ਉਸ ਨੂੰ ਕੋਈ ਰਸਤਾ ਨਹੀਂ ਦੱਸ ਰਿਹਾ।

ਹੁਣ ਸਾਨੂੰ ਰਸੂਲ ਹਮਜ਼ਾਤੋਵ ਦੀਆਂ ਗੱਲਾਂ ਚੇਤੇ ਆਉਦੀਆਂ ਹਨ ਜਿਹੜਾ ਆਖਦਾ ਹੈ ਕਿ ' ਸਾਨੂੰ ਆਪਣੇ ਰਸਤੇ ਆਪ ਚੁਨਣੇ ਚਾਹੀਦੇ ਹਨ।' ਪਰ ਅਸੀਂ ਬਣੇ ਬਣਾਏ ਰਸਤਿਆਂ ਦੇ ਉਪਰ ਤੁਰਨ ਦੇ ਆਦੀ ਹੋ ਗਏ ਹਾਂ। ਅਸੀਂ ਕਦੋਂ ਤੱਕ ਆਪਣੇ 'ਫਰਜਾਂ ਦੇ ਵੱਲ ਪਿੱਠ ਕਰੀ ਰੱਖਾਂਗੇ ? ਜਦੋਂ ਤੱਕ ਅਸੀਂ ਸ਼ਬਦ-ਗੁਰੂ ਦੇ ਲੜ ਨਹੀਂ ਲੱਗਦੇ ਅਸੀਂ ਨਾਇਕ ਵਿਹੂਣੇ ਹੀ ਰਹਾਂਗੇ। ਸ਼ਬਦ ਨੇ ਸਾਨੂੰ ਚੇਤਨਾ ਦੇਣੀ ਹੈ ਪਰ ਅਸੀਂ ਕਿਤਾਬ ਦੇ ਨਾਲੋਂ ਟੁੱਟ ਕੇ ਡੇਰਿਆਂ ਦੇ ਰਸਤੇ ਤੁਰ ਪਏ ਹਾਂ।

ਕਦੋਂ ਪਰਤਾਂਗੇ ਆਪਾਂ ?

ਕਦੋਂ ਜਿਉਂਦੇ ਹੋਣ ਦਾ ਸਾਨੂੰ ਹੋਵੇਗਾ ਅਹਿਸਾਸ ?.

.ਮਰ ਚੁੱਕਿਆ ਅੰਦਰਲਾ ਮਨੁੱਖ ਕਦੋਂ ਜਾਗੇਗਾ ?

ਪਰ ਹੁਣ ਸਾਨੂੰ ਖੁਦ ਨਾਇਕ ਬਨਣਾ ਪਵੇਗਾ। ਗਰਜਾਂ ਦੇ ਨਾਲੋਂ ਫਰਜਾਂ ਦੀ ਜੰਗ ਲੜ੍ਹਾਈ ਕਰਨ ਵਾਸਤੇ ਤੁਰਨਾ ਪਵੇਗਾ। ਹੁਣ ਕਿਸੇ ਸ਼ਹੀਦ ਭਗਤ ਸਿੰਘ ਨੇ ਨਹੀਂ ਆਉਣਾ। ਹੁਣ ਸਾਨੂੰ ਖੁਦ ਭਗਤ ਸਿੰਘ ਬਨਣਾ ਪੈਣਾ ਹੈ।

ਜਾਗੋ ਲੋਕੋ ਜਾਗੋ...

ਬਈ ਹੁਣ ਜਾਗੋ ਆਈ ਆ.

ਸ਼ਬਦ ਗੁਰੂ ਦੀ ਜੋਤ ਜਗਾ ਲੈ ਬਈ..ਜਾਗੋ ਆਈ ਆ...

ਬਿਨਾਂ ਕਿਤਾਬਾਂ ਅਕਲ ਨਾ ਆਉਂਦੀ

ਹਰ ਕਿਤਾਬ ਕੁੱਝ ਨਵਾਂ ਸਿਖਾਉਦੀ

ਇਸ ਨੂੰ ਦੋਸਤ ਬਣਾ ਲੈ ਬਈ..ਹੁਣ ਜਾਗੋ..ਹੁਣ ਕਿਤਾਬ ਨਾਇਕ ਬਣਾ ਲੈ ਬਈ....ਜਾਗ ਬੰਦਿਆਂ ਜਾਗ ਹੁਣ ਜਾਗਣ ਦਾ ਵੇਲਾ...ਵੈਰੀ ਦੇ ਹਿੱਕ ਵਿੱਚ ਘਸੁੰਨ ਮਾਰਣ ਦਾ ਵੇਲਾ।

ਜਾਗੋ ਪੰਜਾਬੀਓ

ਲਿਆਓ ਲੋਕ ਰਾਜ...

ਬਦਲੋ ਸਮਾਜ।



ਬੂਟਾ ਸਿੰਘ ਮਹਿਮੂਦਪੁਰ
94634-74342

## ਤੀਸਤਾ ਸੀਤਲਵਾੜ ਦੀ ਗ੍ਰਿਫ਼ਤਾਰੀ

# ਬਦਲੇਖ਼ੋਰ ਹਕੂਮਤ ਵਲੋਂ ਹੱਕਾਂ ਦੇ ਪਹਿਰੇਦਾਰਾਂ 'ਤੇ ਇਕ ਹੋਰ ਹਮਲਾ

ਗੁਜਰਾਤ ਪੁਲਿਸ ਵੱਲੋਂ ਸਿਰਕੱਢ ਕਾਰਕੁਨ ਤੀਸਤਾ ਸੀਤਲਵਾੜ ਅਤੇ ਗੁਜਰਾਤ ਦੇ ਰਿਟਾਇਰਡ ਡੀਜੀਪੀ ਆਰ.ਬੀ. ਸ੍ਰੀਕੁਮਾਰ ਦੀ ਗ੍ਰਿਫ਼ਤਾਰੀ ਮੋਦੀ ਹਕੂਮਤ ਦੀ ਖੁੱਲ੍ਹੇਆਮ ਬਦਲਾਲਊ ਕਾਰਵਾਈ ਹੈ। ਮਨੁੱਖੀ ਹੱਕਾਂ ਦੀ ਪਹਿਰੇਦਾਰ ਨੂੰ ਗ੍ਰਿਫਤਾਰ ਕਰਨ ਲਈ ਏ.ਟੀ.ਐੱਸ. (ਦਹਿਸ਼ਤਵਾਦ ਵਿਰੋਧੀ ਦਸਤੇ) ਨੂੰ ਭੇਜ ਕੇ ਸੱਤਾ ਨੇ ਬਾਕੀ ਨਿਆਂਪਸੰਦਾਂ ਨੂੰ ਸਾਫ਼ ਸੰਦੇਸ਼ ਦਿੱਤਾ ਹੈ। ਗ੍ਰਿਫ਼ਤਾਰੀਆਂ 24 ਜੂਨ ਨੂੰ ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਬੈਂਚ ਵੱਲੋਂ ਜ਼ਕੀਆ ਜਾਫ਼ਰੀ ਦੀ ਪਟੀਸ਼ਨ ਖਾਰਜ ਕਰਨ ਤੋਂ ਤੁਰੰਤ ਬਾਦ ਕੀਤੀਆਂ ਗਈਆਂ ਹਨ। 83 ਸਾਲ ਦੀ ਬਜ਼ੁਰਗ ਜ਼ਕੀਆ ਜਾਫ਼ਰੀ ਕਾਂਗਰਸ ਦੇ ਮਰਹੂਮ ਸਾਂਸਦ ਅਹਿਸਾਨ ਜਾਫ਼ਰੀ ਦੀ ਪਤਨੀ ਹੈ ਜਿਸ ਨੂੰ ਹਿੰਦੂਤਵੀ ਹਜੂਮ ਨੇ ਫਰਵਰੀ 2002 'ਚ 68 ਹੋਰ ਮੁਸਲਮਾਨਾਂ ਸਮੇਤ ਮੋਦੀ ਸਰਕਾਰ ਦੀ ਰਾਜਕੀ ਪੁਸ਼ਤਪਨਾਹੀ ਹੇਠ ਜ਼ਿੰਦਾ ਸਾੜ ਦਿੱਤਾ ਸੀ। ਇਕ ਦਿਨ ਪਹਿਲਾਂ 27 ਫਰਵਰੀ ਨੂੰ ਗੁਜਰਾਤ ਦੇ ਗੋਧਰਾ ਰੇਲਵੇ ਸਟੇਸ਼ਨ ਉੱਪਰ ਖੜੀ ਸਾਬਰਮਤੀ ਐਕਸਪ੍ਰੈੱਸ ਦੇ ਡੱਬਿਆਂ 'ਚ ਅੱਗ ਲੱਗਣ ਨਾਲ ਅਯੁਧਿਆ ਤੋਂ ਵਾਪਸ ਆ ਰਹੇ 59 'ਕਾਰ ਸੇਵਕ' ਅਤੇ ਤੀਰਥ ਯਾਤਰੀ ਜ਼ਿੰਦਾ ਸੜ ਗਏ ਸਨ। ਬਿਨਾਂ ਕਿਸੇ ਜਾਂਚ ਤੋਂ ਹੀ ਸੰਘ ਬਰਗੇਡ ਨੇ ਇਹ ਅਫ਼ਵਾਹ ਫੈਲਾ ਕੇ ਕਿ ਇਹ ਅੱਗ ਮੁਸਲਮਾਨਾਂ ਨੇ ਲਗਾਈ ਸੀ, ਇਸ ਦਾ ਬਦਲਾ ਲੈਣ ਲਈ ਅਗਾਊਂ ਤਿਆਰੀ ਨਾਲ ਮੁਸਲਮਾਨ ਭਾਈਚਾਰੇ ਦਾ ਕਤਲੇਆਮ ਕੀਤਾ ਗਿਆ ਅਤੇ ਇਸ ਨੂੰ ਹਿੰਦੂਆਂ ਨੂੰ ਪ੍ਰਤੀਕਰਮ ਕਹਿਕੇ ਵਾਜਬ ਠਹਿਰਾਇਆ ਗਿਆ। 1984 'ਚ ਸਿੱਖਾਂ ਦੀ ਨਸਲਕੁਸ਼ੀ ਦੀ ਤਰਜ਼ 'ਤੇ ਇਹ ਵੀ ਘੱਟਗਿਣਤੀ ਮੁਸਲਿਮ ਫਿਰਕੇ ਦੀ ਨਸਲਕੁਸ਼ੀ ਸੀ। ਇਹ ਗੁਜਰਾਤ ਦੇ ਤੱਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਅਤੇ ਉਸ ਦੀ ਸਰਕਾਰ ਵੱਲੋਂ ਇਨਸਾਨੀਅਤ ਵਿਰੁੱਧ ਗਿਣ-ਮਿਥ ਕੇ ਕਰਵਾਇਆ ਜੁਰਮ ਸੀ। ਜ਼ਕੀਆ ਉਦੋਂ ਤੋਂ ਹੀ ਨਿਆਂ ਲਈ ਲੜ ਰਹੀ ਹੈ। ਹੇਠਲੀਆਂ ਅਦਾਲਤਾਂ ਵਿਚ ਨਿਆਂ ਨਾ ਮਿਲਣ 'ਤੇ ਸਰਵਉੱਚ ਅਦਾਲਤ ਤੱਕ ਕਾਨੂੰਨੀ ਚਾਰਾਜੋਈ ਸਥਾਪਿਤ ਅਦਾਲਤੀ ਅਮਲ ਹੈ ਪਰ ਸੁਪਰੀਮ ਕੋਰਟ ਨੇ ਨਿਆਂ ਲੈਣ ਦੀ ਕੋਸ਼ਿਸ਼ ਨੂੰ ਹੀ 'ਬੇਗੁਨਾਹਾਂ ਨੂੰ ਫਸਾਉਣ ਦੀ ਗੁਪਤ ਸਾਜ਼ਿਸ਼' ਅਤੇ 'ਮੰਦ ਭਾਵਨਾ ਨਾਲ ਮੁੱਦੇ ਨੂੰ ਉਛਾਲਦੇ ਰਹਿਣਾ' ਕਰਾਰ ਦੇ ਦਿੱਤਾ। ਬੈਂਚ ਨੂੰ ਦੋ ਦਹਾਕਿਆਂ ਤੋਂ ਨਿਆਂ ਲਈ ਭਟਕਦੇ ਮਜ਼ਲੂਮ ਨਜ਼ਰ ਨਹੀਂ ਆਏ, ਜੱਜਾਂ ਨੂੰ ਲਹੂ ਲਿੱਬੜੇ ਜਬਾੜਿਆਂ ਵਾਲੇ ਹੁਕਮਰਾਨਾਂ ਨੂੰ ਬੇਕਸੂਰ ਸਾਬਤ ਕਰਨ ਦੀ ਚਿੰਤਾ ਵਧੇਰੇ ਹੈ। ਸੁਪਰੀਮ ਕੋਰਟ ਮਹਿਜ਼ ਕਲੀਨ ਚਿਟ ਦੇਣ ਤੱਕ ਸੀਮਤ ਨਹੀਂ ਰਹੀ। ਇਸ ਨੇ ਨਿਆਂ ਲਈ ਸੰਘਰਸ਼ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੇ ਦਿਸ਼ਾ-ਨਿਰਦੇਸ਼ ਦੇ ਕੇ ਬਦਲਾਖ਼ੋਰ ਹਕੂਮਤ ਲਈ ਤੀਸਤਾ ਅਤੇ ਆਰਬੀ ਸ੍ਰੀਕੁਮਾਰ ਨੂੰ ਗ੍ਰਿਫ਼ਤਾਰ ਕਰਨ ਦਾ ਰਾਹ ਪੱਧਰਾ ਕਰ ਦਿੱਤਾ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਤੁਰੰਤ ਤੀਸਤਾ ਵੱਲ ਨਿਸ਼ਾਨਾ ਸੇਧ ਲਿਆ। ਸੁਪਰੀਮ ਕੋਰਟ ਦਾ ਫ਼ੈਸਲਾ ਗੁਜਰਾਤ ਕਤਲੇਆਮ ਬਾਰੇ ਇਤਿਹਾਸ ਨੂੰ ਮੇਟਣ ਅਤੇ ਇਸ ਬਾਰੇ ਭਗਵੇਂ ਬਿਰਤਾਂਤ ਨੂੰ ਵਾਜਬੀਅਤ ਬਖ਼ਸ਼ਣ ਦਾ ਸੰਦ ਹੋ ਨਿੱਬੜਿਆ ਹੈ।

ਤੀਸਤਾ ਦੀ ਟੀਮ 2002 ਵਿਚ ਘੱਟਗਿਣਤੀ ਮੁਸਲਮਾਨਾਂ ਦੀ ਨਸਲਕੁਸ਼ੀ ਦੇ ਪੀੜਤਾਂ ਨੂੰ ਨਿਆਂ ਦਿਵਾਉਣ ਅਤੇ ਦੋਸ਼ੀਆਂ ਨੂੰ ਕਟਹਿਰੇ ਵਿਚ ਖੜ੍ਹੇ ਕਰਨ ਲਈ ਦੋ ਦਹਾਕਿਆਂ ਤੋਂ ਕਾਨੂੰਨੀ ਲੜਾਈ ਲੜ ਰਹੀ ਹੈ। ਆਈਪੀਐੱਸ ਅਧਿਕਾਰੀ ਸੰਜੀਵ ਭੱਟ ਪਹਿਲਾਂ ਹੀ 1990 'ਚ ਇਕ ਵਿਅਕਤੀ ਦੀ ਹਿਰਾਸਤ 'ਚ ਹੱਤਿਆ ਦੇ ਕੇਸ 'ਚ ਜੇਲ੍ਹ ਵਿਚ ਬੰਦ ਹੈ। ਐੱਲ.ਕੇ.ਅਡਵਾਨੀ ਵੱਲੋਂ ਕੱਢੀ ਰਥ ਯਾਤਰਾ ਦੌਰਾਨ ਉਸ ਦੀ ਗ੍ਰਿਫ਼ਤਾਰੀ ਵਿਰੁੱਧ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਭਾਜਪਾ ਵੱਲੋਂ ਦਿੱਤੇ ਬੰਦ ਦੇ ਸੱਦੇ ਦੌਰਾਨ ਹੋਈ ਹਿੰਸਾ ਸਮੇਂ ਜਿਨ੍ਹਾਂ ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਗਿਆ ਸੀ ਜਿਨ੍ਹਾਂ 'ਚੋਂ ਇਕ ਦੀ ਕਥਿਤ ਤੌਰ 'ਤੇ ਹਿਰਾਸਤ 'ਚ ਮੌਤ ਹੋ ਗਈ ਸੀ। ਜਦੋਂ ਸੰਜੀਵ ਭੱਟ ਨੇ ਮੁਸਲਮਾਨਾਂ ਦੇ ਕਤਲੇਆਮ ਵਿਚ ਨਰਿੰਦਰ ਮੋਦੀ ਦੀ ਭੂਮਿਕਾ ਬਾਰੇ ਸੁਪਰੀਮ ਕੋਰਟ ਵਿੱਚ ਹਲਫ਼ਨਾਮਾ ਦਾਇਰ ਕੀਤਾ ਤਾਂ ਉਸ ਦੇ ਖ਼ਿਲਾਫ਼ ਪੁਰਾਣੇ ਕੇਸ ਚਲਾਉਣੇ ਸ਼ੁਰੂ ਕਰ ਦਿੱਤੇ ਗਏ। ਆਪਣੇ ਬਿਆਨ ਵਿਚ ਉਸ ਨੇ ਦੱਸਿਆ ਸੀ ਕਿ ਮੋਦੀ ਦੀ ਰਿਹਾਇਸ਼ ਉੱਪਰ ਅਧਿਕਾਰੀਆਂ ਦੀ ਵਿਸ਼ੇਸ਼ ਮੀਟਿੰਗ ਕੀਤੀ ਗਈ ਸੀ ਜਿਸ ਵਿਚ ਮੁੱਖ ਮੰਤਰੀ ਵੱਲੋਂ ਮੁਸਲਮਾਨਾਂ ਉੱਪਰ ਹਮਲੇ ਕਰ ਰਹੇ ਹਜੂਮਾਂ ਨੂੰ ਨਾ ਰੋਕਣ ਦੀ ਜ਼ੁਬਾਨੀ ਹਦਾਇਤ ਕੀਤੀ ਗਈ ਸੀ। ਸਾਬਕਾ ਡੀਜੀਪੀ ਆਰ.ਬੀ. ਸ੍ਰੀਕੁਮਾਰ ਨੇ ਵੀ ਮੋਦੀ ਵਜ਼ਾਰਤ ਉੱਪਰ 2002 ਦੇ ਕਤਲੇਆਮ ਦੌਰਾਨ ਪੁਲਿਸ ਨੂੰ ਆਪਣੀ ਡਿਊਟੀ ਨਿਭਾਉਣ ਤੋਂ ਰੋਕਣ ਦੇ ਦੋਸ਼ ਲਗਾਏ ਸਨ।




ਬਹੁਤ ਸਾਰੀਆਂ ਆਜ਼ਾਦਾਨਾ ਜਾਂਚ ਟੀਮਾਂ ਨੇ ਆਪਣੀਆਂ ਜਾਂਚ ਰਿਪੋਰਟਾਂ ਵਿਚ ਤੱਥਾਂ ਦੇ ਆਧਾਰ 'ਤੇ ਸਾਬਤ ਕੀਤਾ ਹੈ ਕਿ ਮੋਦੀ ਵੱਲੋਂ ਅਧਿਕਾਰੀਆਂ ਦੀ ਸਪੈਸ਼ਲ ਮੀਟਿੰਗ ਬੁਲਾ ਕੇ ਉਨ੍ਹਾਂ ਨੂੰ ਹਿੰਦੂਤਵੀ ਹਿੰਸਕ ਭੀੜਾਂ ਵਿਰੁੱਧ ਕੋਈ ਕਾਰਵਾਈ ਨਾ ਕਰਨ ਦੀਆਂ ਜ਼ੁਬਾਨੀ ਹਦਾਇਤਾਂ ਦਿੱਤੀਆਂ ਗਈਆਂ ਸਨ। ਫ਼ਿਕਰਮੰਦ ਨਾਗਰਿਕਾਂ ਨੇ ਸੁਤੰਤਰ ਟ੍ਰਿਬਿਊਨਲ ਬਣਾ ਕੇ ਬੇਕਿਰਕ ਕਤਲੇਆਮ ਦੇ 300 ਕਾਂਡਾਂ ਦੇ ਵੇਰਵੇ ਅਤੇ ਤੱਥ ਇੱਕਠੇ ਕਰਕੇ ਦੋ ਜਿਲਦਾਂ 'ਚ ਵਿਸਤਾਰਤ ਰਿਪੋਰਟ ਜਾਰੀ ਕੀਤੀ। ਇਹ ਟ੍ਰਿਬਿਊਨਲ ਉੱਘੀਆਂ ਸ਼ਖਸੀਅਤਾਂ ਸੁਪਰੀਮ ਕੋਰਟ ਦੇ ਰਿਟਾਇਰਡ ਜਸਟਿਸ ਵੀ.ਆਰ. ਕ੍ਰਿਸ਼ਨਾ ਆਇਰ ਅਤੇ ਜਸਟਿਸ ਪੀਬੀ ਸਾਵੰਤ, ਬੰਬਈ ਹਾਈਕੋਰਟ ਦੇ ਸਾਬਕਾ ਜਸਟਿਸ ਹੌਸਬੇ ਸੁਰੇਸ਼, ਉੱਘੇ ਐਡਵੋਕੇਟ ਕੇਜੀ ਕੰਨਾਬਿਰਨ, ਕੇਐੱਸ ਸੁਬਰਾਮਨੀਅਮ (ਸਾਬਕਾ ਡੀਜੀਪੀ) ਅਤੇ ਅਰੁਣਾ ਰਾਏ (ਸਾਬਕਾ ਆਈਏਐੱਸ ਅਧਿਕਾਰੀ ਅਤੇ ਕਾਰਕੁਨ) ਨੂੰ ਲੈ ਕੇ ਬਣਾਇਆ ਗਿਆ ਸੀ। ਇਨਸਾਨੀਅਤ ਵਿਰੁੱਧ ਇਸ ਅਤਿ ਘਿਣਾਉਣੇ ਜੁਰਮ ਹਕੂਮਤ ਵੱਲੋਂ ਉੱਪਰ ਪਰਦਾਪੋਸ਼ੀ ਦੇ ਰੌਂਗਟੇ ਖੜ੍ਹੇ ਕਰਨ ਵਾਲੇ ਅਨੇਕਾਂ ਖੁਲਾਸੇ ਨਿਧੜਕ ਪੱਤਰਕਾਰ ਰਾਣਾ ਅਯੂਬ ਵੱਲੋਂ ਵੀ ਕੀਤੇ ਗਏ ਹਨ। ਜਿਨ੍ਹਾਂ ਵਿਚ ਮੁਸਲਮਾਨਾਂ ਦੀ ਨਸਲਕੁਸ਼ੀ ਵਿਚ ਨਰਿੰਦਰ ਮੋਦੀ ਦੀ ਬਤੌਰ ਮੁੱਖ ਮੰਤਰੀ ਸ਼ਹਿ ਦੇਣ ਵਾਲੀ ਭੂਮਿਕਾ ਤੱਤਕਾਲੀ ਚੋਟੀ ਦੇ ਅਧਿਕਾਰੀਆਂ ਅਤੇ ਹੋਰ ਲੋਕਾਂ ਦੀ ਜ਼ੁਬਾਨੀ ਸਾਬਤ ਕੀਤੀ ਗਈ ਹੈ। 2016 'ਚ ਰਾਣਾ ਅਯੂਬ ਵੱਲੋਂ ਕੀਤਾ ਸਟਿੰਗ ਅਪਰੇਸ਼ਨ, ਜਿਸ ਨੂੰ ਤਹਿਲਕਾ ਰਸਾਲੇ ਨੇ ਛਾਪਣ ਤੋਂ ਪੈਰ ਪਿਛਾਂਹ ਖਿੱਚ ਲਏ ਸਨ, 'ਗੁਜਰਾਤ ਫ਼ਾਈਲਾਂ' ਨਾਂ ਦੀ ਚਰਚਿਤ ਕਿਤਾਬ ਦੇ ਰੂਪ 'ਚ ਛਪਿਆ। ਉਦੋਂ ਤੋਂ ਹੀ ਰਾਣਾ ਅਯੂਬ ਮੰਗ ਕਰ ਰਹੀ ਹੈ ਕਿ ਜਾਂਚ ਏਜੰਸੀਆਂ ਵੱਲੋਂ ਸਟਿੰਗ ਅਪਰੇਸ਼ਨ ਰਾਹੀਂ ਉਸ ਵੱਲੋਂ ਟੇਪਾਂ ਉੱਪਰ ਰਿਕਾਰਡ ਕੀਤੀਆਂ ਵਾਰਤਾਲਾਪ ਨੂੰ ਜਾਂਚ ਦਾ ਹਿੱਸਾ ਬਣਾਇਆ ਜਾਵੇ। 11 ਜੁਲਾਈ 2019 ਨੂੰ ਰਾਣਾ ਅਯੂਬ ਨੇ ਸੁਪਰੀਮ ਕੋਰਟ ਨੂੰ ਵੀ ਜਨਤਕ ਤੌਰ 'ਤੇ ਅਪੀਲ ਕੀਤੀ ਸੀ ਕਿ ਉਸ ਦੀਆਂ ਟੇਪਾਂ ਨੂੰ ਬਤੌਰ ਸਬੂਤ ਸ਼ਾਮਿਲ ਕਰਕੇ ਜਾਂਚ ਕਰਾਈ ਜਾਵੇ। ਇਸੇ ਤਰ੍ਹਾਂ ਦੇ ਖ਼ੁਲਾਸੇ ਇਕ ਹੋਰ ਮਸ਼ਹੂਰ ਪੱਤਰਕਾਰ ਅਸ਼ੀਸ਼ ਖ਼ੇਤਾਨ ਦੀ ਕਿਤਾਬ 'ਅੰਡਰ ਕਵਰ ਮਾਈ ਜਰਨੀ ਇਨਟੂ ਦ ਡਾਰਕਨੈੱਸ ਆਫ਼ ਹਿੰਦੂਤਵਾ' ਵਿਚ ਕੀਤੇ ਗਏ ਹਨ। ਕੁਲ ਦੁਨੀਆ 'ਚ ਚਰਚਿਤ ਹੋਈਆਂ ਇਨ੍ਹਾਂ ਕਿਤਾਬਾਂ ਦਾ ਨੋਟਿਸ ਲੈਣ ਦੀ ਸੁਪਰੀਮ ਕੋਰਟ ਨੇ ਕੋਈ ਜ਼ਰੂਰਤ ਨਹੀਂ ਸਮਝੀ।

ਗੋਧਰਾ ਟਰੇਨ ਕਾਂਡ ਤੋਂ ਬਾਦ ਮੁਸਲਮਾਨਾਂ ਦੀ ਨਸਲਕੁਸ਼ੀ ਦੀਆਂ 300 ਦੇ ਕਰੀਬ ਹੌਲਨਾਕ ਘਟਨਾਵਾਂ ਰਿਕਾਰਡ ਕੀਤੀਆਂ ਗਈਆਂ। ਇਕ ਬੇਹੱਦ ਕਰੂਰ ਕਤਲੇਆਮ ਅਗਲੇ ਦਿਨ 28 ਫਰਵਰੀ ਨੂੰ ਅਹਿਮਦਾਬਾਦ ਦੀ ਗੇਟਬੰਦ ਗੁਲਬਰਗ ਸੁਸਾਇਟੀ 'ਚ ਕੀਤਾ ਗਿਆ ਸੀ। ਜਿਸ ਵਿਚ ਹਿੰਦੂਤਵੀ ਹਜੂਮ ਨੇ ਜਾਫ਼ਰੀ ਦੇ ਘਰ ਨੂੰ ਘੇਰਾ ਪਾ ਕੇ ਉੱਥੇ ਛੁਪੇ 68 ਲੋਕਾਂ ਨੂੰ ਬਹੁਤ ਹੀ ਬੇਕਿਰਕੀ ਨਾਲ ਮਾਰਿਆ ਸੀ। ਅਹਿਸਾਨ ਜਾਫ਼ਰੀ ਦੀਆਂ ਆਹਲਾ ਪੁਲਿਸ ਅਧਿਕਾਰੀਆਂ ਅਤੇ ਨੌਕਰਸ਼ਾਹਾਂ ਨੂੰ ਵਾਰ-ਵਾਰ ਫ਼ੋਨ ਕਰਕੇ ਸੁਰੱਖਿਆ ਦੇਣ ਦੀਆਂ ਫ਼ਰਿਆਦਾਂ ਅਣਸੁਣੀਆਂ ਕਰ ਦਿੱਤੀਆਂ ਗਈਆਂ ਸਨ ਅਤੇ ਸਾਂਸਦ ਨੂੰ ਤਿੰਨ ਪੁਲਿਸ ਵੈਨਾਂ ਦੀ ਮੌਜੂਦਗੀ 'ਚ ਹੋਰ ਮੁਸਲਮਾਨਾਂ ਦੇ ਨਾਲ ਉਸ ਦੇ ਘਰ ਦੇ ਅੰਦਰ ਹੀ ਜ਼ਿੰਦਾ ਜਲਾ ਦਿੱਤਾ ਗਿਆ ਸੀ। ਜ਼ਕੀਆ ਜਾਫ਼ਰੀ ਅਨੁਸਾਰ ਮੋਦੀ ਨੂੰ ਵੀ ਫ਼ੋਨ ਕੀਤੇ ਗਏ ਸਨ।

ਫਿਰ ਜਾਂਚ ਕਮਿਸ਼ਨ ਬਣਾ ਕੇ ਇਸ ਇਨਸਾਨੀਅਤ ਵਿਰੋਧੀ ਜੁਰਮ ਉੱਪਰ ਪਰਦਾ ਪਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਗੁਜਰਾਤ ਸਰਕਾਰ ਨੇ ਗੋਧਰਾ ਕਾਂਡ ਅਤੇ 'ਦੰਗਿਆਂ' ਦੀ ਜਾਂਚ ਕਰਾਉਣ ਦਾ ਐਲਾਨ ਕੀਤਾ। ਪੱਤਰਕਾਰਾਂ ਅਤੇ ਇਨਸਾਨੀਅਤ ਦੀਆਂ ਦਰਦਮੰਦ ਸੰਸਥਾਵਾਂ ਨੇ ਦਿਲ ਕੰਬਾਊ ਹੌਲਨਾਕ ਕਾਂਡਾਂ ਦੇ ਤੱਥ ਸਾਹਮਣੇ ਲਿਆਂਦੇ ਅਤੇ ਗੁਜਰਾਤ ਸਰਕਾਰ ਦੀ ਮਿਲੀਭੁਗਤ ਦੇ ਸਬੂਤ ਪੇਸ਼ ਕੀਤੇ। ਪਰ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਵਿਸ਼ੇਸ਼ ਜਾਂਚ ਕਮਿਸ਼ਨਾਂ ਸਮੇਤ ਕੋਈ ਵੀ ਇਸ ਯੋਜਨਾਬੱਧ ਕਤਲੇਆਮ ਪਿੱਛੇ ਕੰਮ ਕਰਦੀ ਡੂੰਘੀ ਸਾਜ਼ਿਸ਼ ਅਤੇ ਇਸ ਦੀਆਂ ਸੂਤਰਧਾਰ ਤਾਕਤਾਂ ਦੀ ਭੂਮਿਕਾ ਉੱਪਰ ਉਂਗਲ ਰੱਖਣ ਲਈ ਤਿਆਰ ਨਹੀਂ ਸੀ। ਗੁਜਰਾਤ ਸਰਕਾਰ ਨੇ ਜਾਂਚ ਅਤੇ ਅਦਾਲਤੀ ਅਮਲ ਨੂੰ ਸਾਬੋਤਾਜ ਕਰਨ ਲਈ ਪੂਰੀ ਤਾਕਤ ਝੋਕ ਰੱਖੀ ਸੀ। ਇਹ ਸਪਸ਼ਟ ਸੀ ਕਿ ਜਾਂਚ ਅਤੇ ਅਦਾਲਤੀ ਅਮਲ ਹੁਕਮਰਾਨ ਧਿਰ ਦੀ ਇੱਛਾ ਅਨੁਸਾਰ ਚੱਲੇਗਾ। ਆਰ.ਐੱਸ.ਐੱਸ.-ਭਾਜਪਾ ਜਾਂਚ ਰਿਪੋਰਟਾਂ ਅਤੇ ਸਟਿੰਗ ਅਪਰੇਸ਼ਨਾਂ 'ਚ ਲਗਾਏ ਦੋਸ਼ਾਂ ਬਾਰੇ ਪਹਿਲੇ ਦਿਨ ਤੋਂ ਹੀ ਖ਼ਾਮੋਸ਼ ਹਨ, ਉਨ੍ਹਾਂ ਨੇ ਇਨ੍ਹਾਂ ਦੋਸ਼ਾਂ ਨੂੰ ਅਧਿਕਾਰਕ ਤੌਰ 'ਤੇ ਕਦੇ ਵੀ ਰੱਦ ਨਹੀਂ ਕੀਤਾ। ਸ਼ੁਰੂ ਤੋਂ ਹੀ ਸੰਘ ਬਰਗੇਡ ਨੇ ਆਪਣਾ ਪੂਰਾ ਤਾਣ ਮੋਦੀ ਅਤੇ ਹੋਰ ਭਗਵੇਂ ਆਗੂਆਂ ਨੂੰ ਕਲੀਨ ਚਿਟਾਂ ਦਿਵਾਉਣ ਲਈ ਹਰ ਹਰਬਾ ਵਰਤਣ, ਚਸ਼ਮਦੀਦ ਗਵਾਹਾਂ ਨੂੰ ਬਿਆਨਾਂ ਤੋਂ ਮੁਕਰਾਉਣ, ਕਤਲੇਆਮ ਅਤੇ ਫਰਜ਼ੀ ਮੁਕਾਬਲਿਆਂ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਬਰੀ ਕਰਾਉਣ 'ਤੇ ਲਗਾਇਆ ਹੋਇਆ ਹੈ। ਜਾਂਚ ਏਜੰਸੀਆਂ ਦੀ ਮਿਲੀਭੁਗਤ ਨਾਲ ਕਤਲੇਆਮ ਦੇ ਦੋਸ਼ੀ ਸੰਗੀਨ ਜੁਰਮਾਂ 'ਚੋਂ ਸਾਫ਼ ਬਰੀ ਹੋ ਗਏ। ਲੋਕਾਂ ਨਾਲ ਵਿਸ਼ਵਾਸਘਾਤ ਕਰਨ ਵਾਲੇ ਜਾਂਚ ਅਧਿਕਾਰੀਆਂ ਨੂੰ ਸਰਕਾਰੀ ਬਖ਼ਸ਼ਿਸ਼ਾਂ ਨਾਲ ਨਿਵਾਜਿਆ ਗਿਆ। ਸੀਬੀਆਈ ਦੇ ਸਾਬਕਾ ਡਾਇਰੈਕਟਰ ਕੇਆਰ ਰਾਘਵਨ ਨੂੰ 2017 'ਚ ਮਿਸਰ 'ਚ ਰਾਜਦੂਤ ਲਗਾਇਆ ਗਿਆ ਜਿਸ ਦੀ ਅਗਵਾਈ 'ਚ ਸਿੱਟ ਨੇ ਗੁਜਰਾਤ ਕਤਲੇਆਮ ਦੀ ਜਾਂਚ ਕਰਕੇ ਮੋਦੀ ਨੂੰ ਕਲੀਨ ਚਿਟ ਦਿੱਤੀ ਸੀ। ਮਾਇਆ ਕੋਡਨਾਨੀ (ਜਿਸ ਦੀ ਅਗਵਾਈ ਹੇਠ 97 ਲੋਕਾਂ ਦਾ ਕਤਲੇਆਮ ਹੋਇਆ), ਬਾਬੂ ਬਜਰੰਗੀ (ਜਿਸ ਨੇ ਸਟਿੰਗ ਅਪਰੇਸ਼ਨ 'ਚ ਮੁਸਲਮਾਨਾਂ ਨੂੰ ਬੇਕਿਰਕੀ ਨਾਲ ਮਾਰਨ ਅਤੇ ਮੋਦੀ ਵੱਲੋਂ ਕੀਤੀ ਰਾਜਕੀ ਪੁਸ਼ਤਪਨਾਹੀ ਦਾ ਇਕਬਾਲ ਕੀਤਾ) ਵਰਗੇ ਸਰਗਨੇ ਜੋ ਅਦਾਲਤਾਂ ਵਿਚ ਦੋਸ਼ੀ ਸਾਬਤ ਵੀ ਹੋ ਗਏ ਸਨ ਅਤੇ ਉਨ੍ਹਾਂ ਨੂੰ ਅਦਾਲਤਾਂ ਨੇ ਸਖ਼ਤ ਸਜ਼ਾਵਾਂ ਵੀ ਦਿੱਤੀਆਂ, ਉਨ੍ਹਾਂ ਨੂੰ ਵੀ ਮੋਦੀ ਹਕੂਮਤ ਨੇ ਜੇਲ੍ਹਾਂ 'ਚੋਂ ਬਾਹਰ ਕਢਵਾ ਲਿਆ।

ਇਹ ਹਾਲਾਤ ਸਨ ਜਿਨ੍ਹਾਂ ਵਿਚ ਕਾਨੂੰਨੀ ਚਾਰਾਜੋਈ ਕਰ ਰਹੀਆਂ ਸੰਸਥਾਵਾਂ ਨੇ ਮੁਸਲਮਾਨਾਂ ਦੇ ਕਤਲੇਆਮ ਲਈ ਜ਼ਿੰਮੇਵਾਰ ਗੁਜਰਾਤ ਦੀ ਮੋਦੀ ਸਰਕਾਰ ਅਤੇ ਰਾਜ ਮਸ਼ੀਨਰੀ ਦੇ ਉੱਚ ਅਧਿਕਾਰੀਆਂ ਦੀ ਜਵਾਬਦੇਹੀ ਯਕੀਨੀਂ ਬਣਾਉਣ ਉੱਪਰ ਕੇਂਦਰਤ ਕੀਤਾ। ਤੀਸਤਾ ਸੀਤਲਵਾੜ ਅਤੇ ਉਸ ਦੇ ਸਾਥੀਆਂ ਨੇ 'ਸੀਜੇਪੀ' (ਸਿਟੀਜ਼ਨਜ਼ ਫਾਰ ਜਸਟਿਸ ਐਂਡ ਪੀਸ) ਨਾਂ ਦੀ ਸੰਸਥਾ ਬਣਾ ਕੇ ਨਿਆਂ ਲਈ ਕਾਨੂੰਨੀ ਲੜਾਈ ਲੜਨ ਦਾ ਬੇਹੱਦ ਚੁਣੌਤੀਪੂਰਨ ਕੰਮ ਹੱਥ ਲਿਆ। 8 ਜੂਨ 2006 ਨੂੰ ਜ਼ਕੀਆ ਜਾਫ਼ਰੀ ਵੱਲੋਂ ਨਰਿੰਦਰ ਮੋਦੀ ਸਮੇਤ 63 ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਾਈ ਗਈ ਜੋ ਅਹਿਸਾਨ ਜਾਫ਼ਰੀ ਦੇ ਕਤਲ ਦੇ ਹਵਾਲੇ ਨਾਲ ਤਤਕਾਲੀ ਡੀਜੀਪੀ ਨੂੰ ਭੇਜੀ ਗਈ ਸੀ। ਜਦੋਂ ਇਸ ਸ਼ਿਕਾਇਤ ਨੂੰ ਕੋਈ ਹੁੰਗਾਰਾ ਨਾ ਮਿਲਿਆ ਤਾਂ ਜ਼ਕੀਆ ਨੇ ਹਾਈਕੋਰਟ 'ਚ ਅਰਜੀ ਦੇ ਕੇ ਸ਼ਿਕਾਇਤ ਨੂੰ ਐੱਫ.ਆਈ.ਆਰ. ਵਜੋਂ ਲੈਣ ਅਤੇ ਜਾਂਚ ਸ਼ੁਰੂ ਕਰਾਉਣ ਦੀ ਮੰਗ ਕੀਤੀ। ਹਾਈਕੋਰਟ ਵੱਲੋਂ ਪਟੀਸ਼ਨ ਖਾਰਜ ਕੀਤੇ ਜਾਣ 'ਤੇ ਉਸ ਨੇ ਸੁਪਰੀਮ ਕੋਰਟ ਵਿਚ ਸਪੈਸ਼ਲ ਲੀਵ ਪਟੀਸ਼ਨ ਪਾ ਦਿੱਤੀ ਜਿਸ ਦੇ ਆਧਾਰ 'ਤੇ 2008 'ਚ ਸੁਪਰੀਮ ਕੋਰਟ ਨੇ ਸਿੱਟ ਨੂੰ ਇਸ ਪਟੀਸ਼ਨ 'ਚ ਲਾਏ ਦੋਸ਼ਾਂ ਦੀ ਜਾਂਚ ਕਰਨ ਦਾ ਆਦੇਸ਼ ਦਿੱਤਾ ਜੋ ਗੋਧਰਾ ਕਾਂਡ ਅਤੇ 'ਦੰਗਿਆਂ' ਦੀ ਜਾਂਚ ਕਰਨ ਲਈ ਬਣਾਈ ਗਈ ਸੀ। ਫਰਵਰੀ 2012 'ਚ ਸਿੱਟ ਨੇ ਜ਼ਕੀਆ ਜਾਫ਼ਰੀ ਦਾ ਪੱਖ ਸੁਣੇ ਬਿਨਾਂ ਹੀ ਆਪਣੀ ਕਲੋਜ਼ਰ ਰਿਪੋਰਟ ਸੁਪਰੀਮ ਕੋਰਟ ਅੱਗੇ ਪੇਸ਼ ਕਰ ਦਿੱਤੀ। ਰਿਪੋਰਟ ਨੇ ਨਾ ਸਿਰਫ਼ ਅਹਿਸਾਨ ਜਾਫ਼ਰੀ ਦਾ ਕਾਲ ਡੇਟਾ ਰਿਕਾਰਡ ਹੀ ਦਬਾ ਲਿਆ ਜੋ ਕਿ ਪੁਲਿਸ, ਨੌਕਰਸ਼ਾਹਾਂ ਅਤੇ ਮੋਦੀ ਨੂੰ ਕੀਤੀਆਂ ਅਪੀਲਾਂ ਦਾ ਠੋਸ ਸਬੂਤ ਸੀ ਸਗੋਂ ਹਿੰਸਾ ਭੜਕਾਉਣ ਲਈ ਜਾਫ਼ਰੀ ਨੂੰ ਹੀ ਜ਼ਿੰਮੇਵਾਰ ਠਹਿਰਾ ਦਿੱਤਾ। ਤਮਾਮ ਤੱਥਾਂ ਦੇ ਬਾਵਜੂਦ, ਸਿੱਟ ਵੱਲੋਂ ਨਰਿੰਦਰ ਮੋਦੀ ਅਤੇ ਹੋਰ ਦੋਸ਼ੀਆਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ। ਜ਼ਕੀਆ ਜਾਫ਼ਰੀ ਨੂੰ ਇਹ ਰਿਪੋਰਟ ਵੀ ਇਕ ਸਾਲ ਬਾਦ ਸੁਪਰੀਮ ਕੋਰਟ 'ਚ ਪਹੁੰਚ ਕਰਕੇ ਹਾਸਲ ਹੋਈ। ਦਹਿ ਹਜ਼ਾਰਾਂ ਪੰਨਿਆਂ ਦੇ ਦਸਤਾਵੇਜ਼ਾਂ ਦੀ ਬਾਰੀਕੀ 'ਚ ਜਾਂਚ ਕਰਨ ਤੋਂ ਬਾਦ ਸੀਜੇਪੀ ਦੀ ਲੀਗਲ ਟੀਮ ਨੇ ਇਸ ਰਿਪੋਰਟ ਦੀਆਂ ਖ਼ਾਮੀਆਂ ਵੀ ਉਜਾਗਰ ਕੀਤੀਆਂ ਅਤੇ ਸਿੱਟ ਦਾ ਝੂਠ ਵੀ ਨੰਗਾ ਕੀਤਾ। ਜ਼ਕੀਆ ਜਾਫ਼ਰੀ ਵੱਲੋਂ ਪ੍ਰੋਟੈਸਟ ਪਟੀਸ਼ਨ ਤਿਆਰ ਕਰਕੇ ਮੈਟਰੋਪੋਲਿਟਨ ਮੈਜਿਸਟਰੇਟ ਦੀ ਅਦਾਲਤ ਵਿਚ ਦਾਇਰ ਕੀਤੀ ਗਈ। ਹੇਠਲੀ ਅਦਾਲਤ ਨੇ ਪਟੀਸ਼ਨ ਰੱਦ ਕਰ ਦਿੱਤੀ ਅਤੇ ਸਿੱਟ ਦੀ ਰਿਪੋਰਟ ਸਵੀਕਾਰ ਕਰ ਲਈ। ਹੁਕਮਰਾਨ ਧਿਰ ਵੱਲੋਂ ਖੜ੍ਹੇ ਕੀਤੇ ਅੜਿੱਕਿਆਂ ਦੇ ਬਾਵਜੂਦ ਲੀਗਲ ਟੀਮ ਸਥਾਨਕ ਅਦਾਲਤ ਦੇ ਫ਼ੈਸਲੇ ਵਿਰੁੱਧ ਹਾਈਕੋਰਟ 'ਚ ਅਪੀਲ ਦਾਖ਼ਲ ਕਰਨ 'ਚ ਕਾਮਯਾਬ ਹੋ ਗਈ। ਅਕਤੂਬਰ 2017 'ਚ ਹਾਈਕੋਰਟ ਵੱਲੋਂ ਪਟੀਸ਼ਨ ਰੱਦ ਕਰਨ 'ਤੇ ਸਤੰਬਰ 2018 'ਚ ਸੁਪਰੀਮ ਕੋਰਟ ਵਿਚ ਸਪੈਸ਼ਲ ਲੀਵ ਪਟੀਸ਼ਨ ਪਾਈ ਗਈ।

ਜ਼ਕੀਆ ਜਾਫ਼ਰੀ ਦੀ ਇਹੀ ਪਟੀਸ਼ਨ ਹੁਣ ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਬੈਂਚ ਵੱਲੋਂ ਖਾਰਜ ਕਰ ਦਿੱਤੀ ਗਈ ਹੈ। ਬੈਂਚ ਨੇ ਸੁਪਰੀਮ ਕੋਰਟ ਦੀ ਬੈਸਟ ਬੇਕਰੀ ਕਤਲੇਆਮ ਕੇਸ 'ਚ 12 ਅਪ੍ਰੈਲ 2004 ਦੀ ਉਸ ਟਿੱਪਣੀ ਵੱਲ ਵੀ ਪਿੱਠ ਕਰ ਲਈ ਜਿਸ ਵਿਚ ਨਰਿੰਦਰ ਮੋਦੀ ਦੀ ਗੁਜਰਾਤ ਸਰਕਾਰ ਨੂੰ 'ਅਜੋਕਾ ਨੀਰੋ' ਕਿਹਾ ਗਿਆ ਸੀ। ਬੈਂਚ ਨੇ ਸਾਬਕਾ ਰਾਸ਼ਟਰਪਤੀ ਕੇ.ਆਰ.ਨਰਾਇਣਨ ਵੱਲੋਂ ਨਾਨਾਵਤੀ-ਸ਼ਾਹ ਕਮਿਸ਼ਨ ਨੂੰ ਲਿਖੀ ਉਸ ਚਿੱਠੀ ਬਾਰੇ ਇਕ ਸ਼ਬਦ ਵੀ ਨਹੀਂ ਬੋਲਿਆ ਜਿਸ ਵਿਚ ਸਾਬਕਾ ਰਾਸ਼ਟਰਪਤੀ ਨੇ ਸਾਫ਼ ਕਿਹਾ ਸੀ ਕਿ 'ਗੁਜਰਾਤ ਦੰਗਿਆਂ ਪਿੱਛੇ ਰਾਜ ਅਤੇ ਕੇਂਦਰ ਸਰਕਾਰਾਂ ਦਾ ਹੱਥ' ਸੀ; ਕਿ ਕੇਂਦਰ 'ਚ ਵਾਜਪਾਈ ਸਰਕਾਰ ਅਤੇ ਗੁਜਰਾਤ ਵਿਚ ਮੋਦੀ ਸਰਕਾਰ ਜੇ ਚਾਹੁੰਦੀਆਂ ਤਾਂ ਫ਼ੌਜ ਨੂੰ ਅਧਿਕਾਰ ਦੇ ਕੇ ਕਤਲੇਆਮ ਰੋਕ ਸਕਦੀਆਂ ਸਨ। ਬੈਂਚ ਨੇ ਸਗੋਂ ਭਗਵੇਂ ਹੁਕਮਰਾਨਾਂ ਦੀ ਇਸ ਥਿਊਰੀ ਉੱਪਰ ਮੋਹਰ ਲਗਾ ਦਿੱਤੀ ਕਿ ਗੁਜਰਾਤ ਕਤਲੇਆਮ-2002 'ਆਪਮੁਹਾਰੇ ਦੰਗੇ' ਸਨ ਅਤੇ ਮੁਸਲਮਾਨਾਂ ਦੀ ਨਸਲਕੁਸ਼ੀ ਗਿਣੀ-ਮਿਥੀ ਨਹੀਂ ਸੀ। ਬੈਂਚ ਨੇ ਕਿਹਾ ਕਿ ਸਿੱਟ ਦੀ ਜਾਂਚ 'ਚ ਹਕੂਮਤ ਦੀ 'ਕੋਈ ਵਡੇਰੀ ਸਾਜ਼ਿਸ਼ ਨਹੀਂ ਲੱਭੀ'। ਇਹ ਫ਼ੈਸਲਾ ਆਉਂਦੇ ਸਾਰ ਮੋਦੀ ਹਕੂਮਤ ਨੇ ਗਵਾਹ ਪੁਲਿਸ ਅਧਿਕਾਰੀਆਂ ਅਤੇ ਤੀਸਤਾ ਵਿਰੁੱਧ ਬਦਲਾਲਊ ਕਾਰਵਾਈ ਸ਼ੁਰੂ ਕਰ ਦਿੱਤੀ। ਤੀਸਤਾ ਨੂੰ ਗ੍ਰਿਫ਼ਤਾਰ ਕਰਕੇ ਗੁਜਰਾਤ ਪੁਲਿਸ ਨੇ ਉਸ ਦਾ ਸੱਤ ਦਿਨ ਦਾ ਰਿਮਾਂਡ ਲੈ ਲਿਆ ਹੈ।

ਨਿਆਂ ਲਈ ਕਾਨੂੰਨੀ ਲੜਾਈ ਦਾ ਰਾਹ ਰੋਕਣ ਲਈ ਤੀਸਤਾ ਉੱਪਰ ਇਹ ਪਹਿਲਾ ਹਮਲਾ ਨਹੀਂ ਹੈ। ਤੀਸਤਾ, ਉਸ ਦੇ ਜੀਵਨ ਸਾਥੀ ਜਾਵੇਦ ਆਨੰਦ ਅਤੇ ਜ਼ਕੀਆ ਦੇ ਪੁੱਤਰ ਤਨਵੀਰ ਜਾਫ਼ਰੀ ਨੂੰ ਝੂਠੇ ਕੇਸ ਵਿਚ ਫਸਾਇਆ ਗਿਆ। ਫਿਰ ਤੀਸਤਾ ਉੱਪਰ ਸਬਰੰਗ ਟਰੱਸਟ ਲਈ ਫੰਡਾਂ 'ਚ ਹੇਰਾਫੇਰੀ ਦਾ ਦੋਸ਼ ਲਗਵਾ ਕੇ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਜੋ ਅਸਫ਼ਲ ਰਹੀ। ਆਖ਼ਿਰਕਾਰ ਹੁਕਮਰਾਨ ਆਪਣੀ ਬਦਲਾਲਊ ਕਾਰਵਾਈ 'ਚ ਸਫ਼ਲ ਹੋ ਗਏ। ਹੁਣ ਭੀਮਾ-ਕੋਰੇਗਾਓਂ ਦੀ ਤਰਜ਼ 'ਤੇ ਸਾਜ਼ਿਸ਼ ਦਾ ਝੂਠਾ ਪੁਲੰਦਾ ਤਿਆਰ ਕੀਤਾ ਜਾਵੇਗਾ। ਇਸ ਰਾਹੀਂ ਤੀਸਤਾ ਦਾ ਜੇਲ੍ਹ 'ਚ ਸੜਨਾ ਯਕੀਨੀਂ ਬਣਾਇਆ ਜਾਵੇਗਾ। ਰਾਣਾ ਅਯੂਬ ਵਰਗੇ ਹੋਰ ਨਿਆਂਪਸੰਦਾਂ ਨੂੰ ਇਸ ਕੇਸ 'ਚ ਫਸਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਸਿੱਟ ਬਣਾ ਕੇ 'ਮੋਦੀ ਸਰਕਾਰ ਵਿਰੁੱਧ ਸਾਜ਼ਿਸ਼' ਦੀ ਜਾਂਚ ਦਾ ਨਾਟਕ ਸ਼ੁਰੂ ਕਰ ਦਿੱਤਾ ਗਿਆ ਹੈ।

ਹਰ ਇਨਸਾਫ਼ਪਸੰਦ ਵਿਅਕਤੀ ਨੂੰ ਤੀਸਤਾ ਸੀਤਲਵਾੜ ਅਤੇ ਆਰ.ਬੀ. ਸ੍ਰੀਕੁਮਾਰ ਦੀ ਗ੍ਰਿਫ਼ਤਾਰੀ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ। ਭਾਰਤ ਨੂੰ ਵੱਡੀ ਤਾਦਾਦ 'ਚ ਜ਼ਕੀਆ ਜਾਫਰੀ ਵਰਗੇ ਦ੍ਰਿੜ ਤੇ ਦਲੇਰ ਨਾਗਰਿਕਾਂ ਅਤੇ ਤੀਸਤਾ ਸੀਤਲਵਾੜ ਵਰਗੇ ਮਨੁੱਖੀ ਹੱਕਾਂ ਦੇ ਰਾਖਿਆਂ ਦੀ ਬੇਹੱਦ ਜ਼ਰੂਰਤ ਹੈ। ਹੱਕਾਂ ਦੇ ਰਾਖਿਆਂ ਦੀ ਰਾਖੀ ਲਈ ਡੱਟਣਾ ਸਮੂਹ ਇਨਸਾਫ਼ਪਸੰਦ ਤਾਕਤਾਂ ਦਾ ਫਰਜ਼ ਹੈ। ਸੁਪਰੀਮ ਕੋਰਟ ਵੱਲੋਂ ਕਲੀਨ ਚਿੱਟ ਉੱਪਰ ਲਗਾਈ ਹਾਲੀਆ ਮੋਹਰ ਸਾਫ਼ ਇਸ਼ਾਰਾ ਹੈ ਕਿ ਭਾਰਤੀ ਅਦਾਲਤੀ ਪ੍ਰਣਾਲੀ ਮਜ਼ਲੂਮਾਂ ਨੂੰ ਨਿਆਂ ਨਹੀਂ ਦੇ ਸਕਦੀ। ਸਮੂਹ ਇਨਸਾਨੀਅਤ ਪੱਖੀ ਅਤੇ ਨਿਆਂਪਸੰਦ ਤਾਕਤਾਂ ਨੂੰ ਮਜ਼ਲੂਮਾਂ ਤੇ ਮਨੁੱਖੀ ਹੱਕਾਂ ਦੇ ਰਾਖਿਆਂ ਦੀ ਢਾਲ ਬਨਣ ਲਈ ਅਤੇ ਹਿੰਦੂਤਵੀ ਫਾਸ਼ੀਵਾਦ ਅਤੇ ਰਾਜਕੀ ਦਹਿਸ਼ਤਵਾਦ ਦਾ ਮੁਕਾਬਲਾ ਮਿਲ ਕੇ ਕਰਨ ਲਈ ਸੜਕਾਂ ਉੱਪਰ ਆਉਣਾ ਪਵੇਗਾ।

### ਗੁਜਰਾਤ ਕਤਲੇਆਮ 'ਚ ਮੋਦੀ-ਵਾਜਪਾਈ ਸਰਕਾਰਾਂ ਦੀ ਭੂਮਿਕਾ ਸਾਬਕਾ ਰਾਸ਼ਟਰਪਤੀ ਕੇਆਰ ਨਰਾਇਣਨ ਦੀ ਜ਼ੁਬਾਨੀ

ਸਾਬਕਾ ਰਾਸ਼ਟਰਪਤੀ ਕੇਆਰ ਨਰਾਇਣਨ ਨੇ 8 ਅਪ੍ਰੈਲ 2005 ਨੂੰ ਨਾਨਾਵਤੀ-ਸ਼ਾਹ ਕਮਿਸ਼ਨ ਨੂੰ ਲਿਖੀ ਸੰਖੇਪ ਚਿੱਠੀ ਵਿਚ ਇਸ ਗੱਲ ਦੀ ਤਸਦੀਕ ਕੀਤੀ ਕਿ ਮਲਿਆਲਮ ਰਸਾਲੇ ਵਿਚ ਛਪੀ ਉਸ ਦੀ ਇੰਟਰਵਿਊ ਦਾ ਸਾਰ-ਤੱਤ ਸਹੀ ਸੀ ਜਿਸ ਵਿਚ ਵਾਜਪਾਈ ਸਰਕਾਰ ਉੱਪਰ ਅਸਰਦਾਰ ਕਾਰਵਾਈ ਨਾ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਇੰਟਰਵਿਊ ਵਿਚ ਸ੍ਰੀ ਨਰਾਇਣਨ ਨੇ ਕਿਹਾ ਸੀ ਕਿ 'ਗੁਜਰਾਤ ਵਿਚ ਫਿਰਕੂ ਦੰਗਿਆਂ ਨੂੰ ਸਰਕਾਰੀ ਅਤੇ ਪ੍ਰਸ਼ਾਸਨਿਕ ਹਮਾਇਤ ਹਾਸਲ ਸੀ।' ਉਨ੍ਹਾਂ ਨੇ ਇੰਟਰਵਿਊ ਦਾ ਹਵਾਲਾ ਦੱਸਿਆ, 'ਮੈਂ ਪ੍ਰਧਾਨ ਮੰਤਰੀ ਨੂੰ ਕਈ ਚਿੱਠੀਆਂ ਭੇਜੀਆਂ। ਇਸ ਮੁੱਦੇ ਬਾਬਤ ਮੈਂ ਵਾਜਪਾਈ ਨੂੰ ਨਿੱਜੀ ਤੌਰ 'ਤੇ ਮਿਲਿਆ ਵੀ ਅਤੇ ਉਸ ਨਾਲ ਸਿੱਧੀ ਗੱਲਬਾਤ ਕੀਤੀ। ਮੈਂ ਉਸ ਨੂੰ ਗੁਜਰਾਤ ਵਿਚ ਫ਼ੌਜ ਭੇਜਣ ਅਤੇ ਦੰਗਿਆਂ ਨੂੰ ਦਬਾਉਣ ਲਈ ਗੁਜ਼ਾਰਿਸ਼ ਕੀਤੀ। ਕਿਉਂਕਿ ਇਹ ਕੇਂਦਰ ਦੀ ਸੰਵਿਧਾਨਕ ਜ਼ਿੰਮੇਵਾਰੀ ਸੀ ਅਤੇ ਜੇ ਰਾਜ ਸਰਕਾਰਾਂ ਮੰਗਣ ਤਾਂ ਫ਼ੌਜ ਭੇਜਣ ਦੀਆਂ ਸ਼ਕਤੀਆਂ ਕੇਂਦਰ ਸਰਕਾਰ ਕੋਲ ਹਨ। ਫ਼ੌਜ ਭੇਜੀ ਤਾਂ ਗਈ, ਪਰ ਉਨ੍ਹਾਂ ਨੂੰ ਗੋਲੀ ਚਲਾਉਣ ਦੇ ਅਧਿਕਾਰ ਨਹੀਂ ਦਿੱਤੇ ਗਏ ਸਨ। ਜੇ ਫ਼ੌਜ ਨੂੰ ਹਿੰਸਾ ਦੇ ਦੋਸ਼ੀਆਂ 'ਤੇ ਗੋਲੀ ਚਲਾਉਣ ਦੇ ਅਧਿਕਾਰ ਦਿੱਤੇ ਗਏ ਹੁੰਦੇ ਤਾਂ ਗੁਜਰਾਤ ਵਿਚ ਵਾਪਰੇ ਦੁਖਾਂਤ ਦੁਹਰਾਏ ਨਾ ਜਾਂਦੇ। ਹਾਲਾਂਕਿ, ਰਾਜ ਅਤੇ ਕੇਂਦਰ ਦੋਵਾਂ ਸਰਕਾਰਾਂ ਨੇ ਅਜਿਹਾ ਕੁਝ ਨਹੀਂ ਕੀਤਾ। ਫ਼ੌਜ ਭੇਜੀ ਤਾਂ ਗਈ ਸੀ ਪਰ ਗੋਲੀ ਚਲਾਉਣ ਦੇ ਅਧਿਕਾਰ ਨਾਲ ਗੁਜਰਾਤ ਦੇ ਕਤਲੇਆਮ ਨੂੰ ਟਾਲਿਆ ਜਾ ਸਕਦਾ ਸੀ। ਮੈਨੂੰ ਲੱਗਦਾ ਹੈ ਕਿ ਇਸ ਵਿਚ ਕੋਈ ਸਾਜ਼ਿਸ਼ ਰਚੀ ਗਈ ਸੀ। ਗੁਜਰਾਤ ਦੰਗਿਆਂ ਪਿੱਛੇ ਰਾਜ ਅਤੇ ਕੇਂਦਰ ਸਰਕਾਰਾਂ ਸਨ।'

'ਉਨ੍ਹਾਂ ਨੇ ਸੋਚਿਆ ਹੋਵੇਗਾ ਕਿ ਵੱਖਰੀ ਵਿਚਾਰਧਾਰਾ ਵਾਲੇ ਵਿਅਕਤੀ ਦੇ ਹੁੰਦਿਆਂ ਸਰਕਾਰ ਵੱਲੋਂ ਮਨਮਰਜ਼ੀ ਕਰਨਾ ਉਨ੍ਹਾਂ ਲਈ ਮੁਸ਼ਕਿਲ ਹੋਵੇਗਾ। ਇਸ ਲਈ ਉਨ੍ਹਾਂ ਨੇ ਸੋਚਿਆ ਕਿ ਰਾਸ਼ਟਰਪਤੀ ਦੇ ਅਹੁਦੇ 'ਤੇ ਕਬਜ਼ਾ ਕੀਤਾ ਜਾਵੇ। ਉਹ ਮੁਲਕ ਵਿਚ ਬਹੁਤ ਸਾਰੇ ਲੁਕਵੇਂ ਏਜੰਡੇ ਨੂੰ ਲਾਗੂ ਕਰਨ ਦੇ ਇਰਾਦੇ ਨਾਲ ਸੱਤਾ ਵਿਚ ਆਏ ਹਨ। ਉਨ੍ਹਾਂ ਨੂੰ ਮੇਰੀ ਮੌਜੂਦਗੀ ਵਿਚ ਇਨ੍ਹਾਂ ਏਜੰਡਿਆਂ ਨੂੰ ਲਾਗੁ ਕਰਨ ਵਿਚ ਮੁਸ਼ਕਿਲ ਅਤੇ ਬੇਚੈਨੀ ਮਹਿਸੂਸ ਹੁੰਦੀ ਹੋਵੇਗੀ।'

ਟਾਈਮਜ਼ ਆਫ਼ ਇੰਡੀਆ 26 ਅਪ੍ਰੈਲ 2005

# ਅੱਜ ਦਰੋਣਾਚਾਰੀਆ ਨੇ ਅੰਗੂਠਾ ਨਹੀਂ, ਪਾਇਲ ਤਾੜਵੀ ਦੀ ਜਾਨ ਮੰਗੀ

**ਡਾ. ਕਰਮਜੀਤ ਸਿੰਘ**



22 ਮਈ ਨੂੰ ਪੋਸਟ ਗਰੈਜੂਏਟ ਮੈਡੀਕਲ ਦੀ ਵਿਦਿਆਰਥਣ ਡਾ. ਪਾਇਲ ਤਾੜਵੀ ਨੇ ਖੁਦਕੁਸ਼ੀ ਕਰ ਲਈ। ਉਹ ਮੁੰਬਈ ਵਿਖੇ ਟੀ.ਐਨ. ਟੋਪੀਵਾਲਾ ਨੈਸ਼ਨਲ ਮੈਡੀਕਲ ਕਾਲਜ ਦੀ ਵਿਦਿਆਰਥਣ ਸੀ। ਡਾ. ਤਾੜਵੀ ਆਦਿਵਾਸੀ ਤਾੜਵੀ ਭੀਲ ਭਾਈਚਾਰੇ ਵਿਚੋਂ ਸੀ ਜੋ ਸ਼ਡਿਊਲਡ ਟਰਾਈਬ (ਅਨੁਸੂਚਿਤ ਜਨਜਾਤੀ) ਵਿਚ ਗਿਣਿਆ ਜਾਂਦਾ ਹੈ। ਇਕੋ ਵੇਲੇ ਉਹ ਕਬੀਲੇ ਸਮਾਜ ਵਿਚੋਂ ਵੀ ਹੈ ਤੇ ਘੱਟ ਗਿਣਤੀ ਮੁਸਲਿਮ ਭਾਈਚਾਰੇ ਵਿਚੋਂ ਵੀ। ਉਪਰਲੀਆਂ ਜਾਤਾਂ ਦੀਆਂ ਸੀਨੀਅਰ ਔਰਤ ਡਾਕਟਰਾਂ ਹੱਥੋਂ ਉਹ ਬੇਇੱਜ਼ਤ ਹੁੰਦੀ ਰਹੀ ਤੇ ਉਸਨੂੰ ਸਾਰਿਆਂ ਸਾਹਮਣੇ ਜਾਤ ਦੇ ਆਧਾਰ ਉਤੇ ਕਈ ਮਹੀਨੇ ਜਲੀਲ ਵੀ ਕੀਤਾ ਜਾਂਦਾ ਰਿਹਾ। ਤੱਥਾਂ ਦਾ ਤੱਥ: ਊਚੀ ਜਾਤ ਦੀਆਂ ਔਰਤਾਂ ਅਕਸਰ ਆਪਣੇ ਘਰਾਂ ਵਿਚ ਮਨੂੰਵਾਦੀ ਸੋਚ ਦੀਆਂ ਸ਼ਿਕਾਰ ਹੁੰਦੀਆਂ ਹਨ, ਪਰ ਬਾਹਰ ਉਹ ਹੇਠਲੀ ਜਾਤ ਦੀਆਂ ਔਰਤਾਂ ਨੂੰ ਔਰਤਾਂ ਨਹੀਂ ਸਮਝਦੀਆਂ ਸਗੋਂ ਉਨ੍ਹਾਂਨੂੰ ਬੇਇੱਜ਼ਤ ਕਰਨਾ ਤੇ ਆਪਣੇ ਤੋਂ ਹੀਣਾ ਸਮਝਣਾ ਆਪਣਾ ਅਧਿਕਾਰ ਮੰਨਦੀਆਂ ਹਨ। ਅਜਿਹੀਆਂ ਤਿੰਨ ਡਾਕਟਰਾਂ ਡਾ. ਹੇਮਾ ਅਹੂਜਾ, ਡਾ. ਅੰਕਿਤਾ ਖੰਡੇਲਵਾਲ ਅਤੇ ਡਾ. ਭਕਤੀ ਮਹਾਰੇ ਹਨ, ਜਿਨ੍ਹਾਂ ਨੇ ਪਾਇਲ ਤਾੜਵੀ ਨਾਲ ਅਣਮਨੁੱਖੀ ਵਤੀਰਾ ਕੀਤਾ। ਇਹ ਤਿੰਨੋਂ ਗਾਇਨੀ ਵਿਭਾਗ ਵਿਚ ਹਨ ਤੇ ਖੁੱਲ੍ਹੇ ਰੂਪ ਵਿਚ ਪਾਇਲ ਤਾੜਵੀ ਦੇ ਵਿਰੋਧ ਵਿਚ ਸਨ, ਵਿਭਾਗ ਦਾ ਮੁਖੀ ਵੀ ਇਨ੍ਹਾਂਨਾਲ ਮਿਲਿਆ ਹੋਇਆ ਸੀ। ਪਾਇਲ ਤਾੜਵੀ ਦਾ ਇਕੋ ਇਕ ਕਸੂਰ ਸੀ ਕਿ ਉਹ ਰਿਜ਼ਰਵ ਕੋਟੇ ਵਿਚੋਂ ਆਈ ਸੀ। ਇਹ ਤਿੰਨੋਂ ਡਾਕਟਰ ਔਰਤਾਂ, ਮਰੀਜਾਂ ਅਤੇ ਮੈਡੀਕਲ ਅਮਲੇ ਦੇ ਸਾਹਮਣੇ ਹੀ ਡਾ. ਤਾੜਵੀ ਪ੍ਰਤੀ ਗਾਲਾਂ ਤੇ ਉਤਰ ਆਉਂਦੀਆਂ ਤੇ ਉਸਨੂੰ ਜਾਤੀ ਸੂਚਕ ਅਪਸ਼ਬਦ ਬੋਲਦੀਆਂ, ਉਸਨੂੰ ਉਪਰੇਸ਼ਨ ਥੀਏਟਰ ਵਿਚ ਸਿੱਖਣ ਲਈ ਓਪਰੇਸ਼ਨ ਵੀ ਨਹੀਂ ਸੀ ਕਰਨ ਦਿੱਤਾ ਜਾਂਦਾ।

ਸ਼ੁਰੂ-ਸ਼ੁਰੂ ਵਿਚ, ਪੰਦਰਾਂ ਦਿਨਾਂ ਲਈ, ਤਾੜਵੀ ਨੂੰ ਇਨ੍ਹਾਂਡਾਕਟਰਾਂ ਦੇ ਕਮਰੇ ਵਿਚ ਰਹਿਣਾ ਪਿਆ ਤਾਂ ਉਸਦੀ ਰੈਗਿੰਗ ਕਰਨ ਸਮੇਂ ਵੀ ਉਸ ਉਪਰ ਜਾਤ ਦਾ ਨਾਂਅ ਲੈ ਕੇ ਤਨਜ਼ ਕੱਸੇ ਗਏ। ਪਾਇਲ ਨੇ ਆਪਣੇ ਪਤੀ ਡਾ. ਸਲਮਾਨ ਤਾੜਵੀ ਤੇ ਮਾਂ-ਬਾਪ ਨਾਲ ਆਪਣੇ ਅਜਿਹੇ ਭੈੜੇ ਅਨੁਭਵ ਸਾਂਝੇ ਕੀਤੇ। ਪਰ ਅਤਿ ਹੋਣ' ਤੇ ਪਾਇਲ ਦੇ ਪਤੀ ਨੇ 3 ਮਈ ਨੂੰ ਵਿਭਾਗ ਦੇ ਮੁਖੀ ਨੂੰ ਜ਼ੁਬਾਨੀ ਸ਼ਿਕਾਇਤ ਕੀਤੀ। ਸੁਧਾਰ ਹੋਣ ਦੀ ਬਜਾਏ ਸਥਿਤੀ ਹੋਰ ਵੀ ਭਿਆਨਕ ਹੋ ਗਈ। ਉਸਨੂੰ ਧਮਕੀ ਦਿੱਤੀ ਗਈ ਕਿ ਉਸਦਾ ਕੋਰਸ ਪੂਰਾ ਨਹੀਂ ਕਰਨ ਦਿੱਤਾ ਜਾਵੇਗਾ ਤੇ ਲਗਾਤਾਰ ਉਸਨੂੰ ਨੀਵਾਂ ਦਿਖਾਉਣ ਵਿਚ ਕੋਈ ਕਸਰ ਨਹੀਂ ਛੱਡੀ ਗਈ। ਖੁਦਕੁਸ਼ੀ ਕਰਨ ਵਾਲੇ ਦਿਨ ਵੀ ਸਾਰਿਆਂ ਸਾਹਮਣੇ ਉਸਨੂੰ ਜਲੀਲ ਕੀਤਾ ਗਿਆ ਤੇ ਉਹ ਰੌਂਦੀ ਹੋਈ ਆਪਣੇ ਕਮਰੇ ਵਿਚ ਪਹੁੰਚੀ।

ਡਾ. ਪਾਇਲ ਤਾੜਵੀ ਤਿਹਰੇ ਵਿਤਕਰੇ ਦਾ ਸ਼ਿਕਾਰ ਹੋਈ, ਪਹਿਲਾਂ ਉਹ ਭੀਲ ਭਾਈਚਾਰੇ ਵਿਚੋਂ ਸੀ, ਦੂਸਰਾ ਉਹ ਮੁਸਲਿਮ ਸੀ ਤੇ ਤੀਸਰਾ ਉਹ ਔਰਤ ਸੀ। ਕੋਟਾ ਸੀਟ ਮਿਲਣ' ਤੇ, ਇਕ ਹੱਦ ਤੱਕ, ਉਹ ਦੂਸਰਿਆਂ ਦੇ ਬਰਾਬਰ ਆ ਜਾਂਦੀ ਹੈ। ਕਮਜ਼ੋਰ ਕਾਨੂੰਨਾਂ ਵਿਚ ਛੇਦ ਹੋਣ ਕਰਕੇ ਭਾਈਚਾਰੇ ਦੀਆਂ ਹੇਠਲੀਆਂ ਜਮਾਤਾਂ ਉਪਰ ਜ਼ਿਆਦਤੀਆਂ ਘਟਦੀਆਂ ਨਹੀਂ। ਇਸੇ ਅਨਿਆਂ ਦਾ ਸ਼ਿਕਾਰ ਪਾਇਲ ਤਾੜਵੀ ਨੂੰ ਹੋਣਾ ਪਿਆ। ਇਸਤੋਂ ਇਹ ਵੀ ਪਤਾ ਚਲ ਜਾਂਦਾ ਹੈ ਕਿ ਅਸੀਂ ਕਿੰਨੇ ਕੁ ਸਭਿਅਕ ਹਾਂ ਤੇ ਸਮਾਜ ਦੀਆਂ ਸਮੱਸਿਆਵਾਂ ਪ੍ਰਤੀ ਕਿੰਨੇ ਕੁ ਗੰਭੀਰ ਹਾਂ। ਡਾ. ਪਾਇਲ ਤਾੜਵੀ ਪਹਿਲਾਂ ਹੀ ਪਰਿਵਾਰ ਨੂੰ ਦੱਸ ਚੁੱਕੀ ਸੀ ਕਿ ਸ਼ਾਇਦ ਉਸਨੂੰ ਆਤਮ ਹੱਤਿਆ ਕਰਨੀ ਪਵੇ। ਉਹ ਇਹ ਵੀ ਦੱਸਦੀ ਸੀ ਕਿ ਉਸਨੂੰ ਕੋਟਾ ਸੀਟ ਛੱਡਣ ਲਈ ਮਜ਼ਬੂਰ ਹੋਣਾ ਪੈ ਸਕਦਾ ਹੈ, ਇਸ ਲਈ ਉਹ ਘਰ ਦਿਆਂ ਨੂੰ 20 ਲੱਖ ਰੁਪਏ ਦਾ ਇੰਤਜ਼ਾਮ ਕਰਨ ਲਈ ਵੀ ਕਹਿੰਦੀ ਹੈ। ਪੁਲਿਸ ਐਂਟੀ-ਰੈਗਿੰਗ ਕਮੇਟੀ ਸਾਹਮਣੇ ਅਤੇ ਅਖਬਾਰਾਂ ਨੂੰ ਦਿੱਤੇ ਪਰਿਵਾਰਕ ਮੈਂਬਰਾਂ ਦੇ ਬਿਆਨ ਹੋਰ ਵੀ ਬਹੁਤ ਕੁਝ ਸਾਹਮਣੇ ਲਿਆਉਂਦੇ ਹਨ, ਜਿਵੇਂ ਉਸਨੂੰ ਐਮ.ਡੀ. ਦੀ ਦੂਜੇ ਵਰ੍ਹੇ ਦੀ ਵਿਦਿਆਰਥਣ ਹੋਣ ਦੇ ਬਾਵਜੂਦ ਛੋਟੇ ਕੰਮ ਦਿੱਤੇ ਜਾਂਦੇ ਜਾਂ ਉਸ ਤੋਂ ਜੂਨੀਅਰ ਵਿਦਿਆਰਥੀਆਂ ਨੂੰ ਉਸਦੀ ਥਾਂ ਤਰਜੀਹ ਦਿੱਤੀ ਜਾਂਦੀ। ਬਾਕੀ ਲੋਕਾਂ ਵਾਂਗ ਉਸਨੂੰ ਵੀ ਇਹ ਤਾਅਨੇ ਦਿੱਤੇ ਜਾਂਦੇ: "ਕਿ ਇਨ੍ਹਾਂਲੋਕਾਂ ਨੂੰ ਕੁਝ ਵੀ ਪਤਾ ਨਹੀਂ, ਇਹ ਤਾਂ ਰਿਜ਼ਰਵੇਸ਼ਨ ਕਰਕੇ ਸਾਡੇ ਸਿਰ ਤੇ ਆ ਚੜ੍ਹੇ" ਵਗੈਰਾ-ਵਗੈਰਾ। ਪਾਇਲ ਦੇ ਪਤੀ ਨੇ ਦੱਸਿਆ ਕਿ ਉਹ ਇਹਨਾਂ ਨੂੰ ਹਊ ਪਰੇ ਕਰਦੇ ਰਹੇ, ਪਰ ਇਹ ਉਨ੍ਹਾਂਦੀ ਗਲਤੀ ਸੀ।

ਇਥੇ ਇਹ ਗੱਲ ਯਾਦ ਰੱਖਣੀ ਜ਼ਰੂਰੀ ਹੈ ਕਿ ਇਹ ਵਰਤਾਰਾ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਤੱਕ ਸੀਮਤ ਨਹੀਂ ਸਗੋਂ ਹਜ਼ਾਰਾਂ ਸਾਲਾਂ ਤੋਂ ਚਲਿਆ ਆ ਰਿਹਾ ਮਨੂੰਵਾਦੀ ਜਾਤੀਵਾਦੀ ਸਮਾਜਿਕ ਵਰਤਾਰਾ ਹੈ, ਜੋ ਪਹਿਲਾਂ ਘਰ, ਪਿੰਡ, ਸ਼ਹਿਰ, ਪ੍ਰਾਇਮਰੀ ਸਕੂਲ ਤੋਂ ਹੁੰਦਾ ਹੋਇਆ ਇੱਥੇ ਤੱਕ ਪਹੁੰਚਦਾ ਹੈ। ਜਿੰਨਾ ਚਿਰ ਸਮਾਜਿਕ, ਰਾਜਨੀਤਕ, ਸਭਿਆਚਾਰਕ ਤੇ ਧਾਰਮਿਕ ਆਦਿ ਪੱਖਾਂ ਤੋਂ ਅਜਿਹੀ ਵਿਵਸਥਾ ਉਪਰ ਭਰਵੀਂ ਸੱਟ ਨਹੀਂ ਮਾਰੀ ਜਾਂਦੀ ਓਨਾ ਚਿਰ ਇਸ ਤਰ੍ਹਾਂ ਦੀ ਅਪ੍ਰਸੰਕਤਾ ਵਿਚ ਬਦਲਾਓ ਆਉਣਾ ਸੰਭਵ ਹੀ ਨਹੀਂ। ਭਾਰਤ ਦੀ ਬਦਕਿਸਮਤੀ ਇਹ ਹੈ ਕਿ ਆਜ਼ਾਦੀ ਤੋਂ ਬਾਅਦ ਬਹੱਤਰ ਸਾਲਾਂ ਵਿਚ ਇਨ੍ਹਾਂ ਮਸਲਿਆਂ ਉਤੇ ਮੂੰਹ ਜ਼ੁਬਾਨੀ ਜਮ੍ਹਾਂ ਖਰਚ ਹੁੰਦਾ ਆ ਰਿਹਾ ਹੈ। ਹੁਣ ਜਦ ਕਿ ਘੱਟ ਗਿਣਤੀਆਂ ਤੇ ਦਲਿਤਾਂ ਉਪਰ ਹਮਲੇ ਤੇਜ਼ ਹੋ ਰਹੇ ਹਨ ਤਾਂ ਇਹ ਪਿਛਾਖੜੀ ਖਤਰਾ ਹੋਰ ਵੀ ਵੱਧ ਗਿਆ ਹੈ।

ਪਾਇਲ ਤਾੜਵੀ ਦੀ ਜਾਤੀ ਵਿਵਸਥਾ ਤੋਂ ਤੰਗ ਆ ਕੇ ਕੀਤੀ ਗਈ ਅਜਿਹੀ ਆਤਮ ਹੱਤਿਆ ਨਾ ਪਹਿਲੀ ਹੈ ਤੇ ਨਾ ਹੀ ਅੰਤਿਮ। ਇਸ ਤੋਂ ਪਹਿਲਾਂ ਰੋਹਿਤ ਵੇਮੂਲਾ ਵਲੋਂ ਹੈਦਰਾਬਾਦ ਯੂਨੀਵਰਸਿਟੀ ਵਿਖੇ 17 ਜਨਵਰੀ 2016 ਨੂੰ ਇਸ ਲਈ ਆਤਮ ਹੱਤਿਆ ਕਰ ਲਈ ਗਈ ਕਿ ਉਸਨੂੰ 'ਜਾਤੀਵਾਦੀ' ਅਤੇ ਦੇਸ਼ ਦ੍ਰੋਹੀ ਕਹਿ ਕੇ ਉਸਦੇ ਸਾਥੀਆਂ ਸਮੇਤ ਯੂਨੀਵਰਸਿਟੀ ਵਿਚੋਂ ਕੱਢ ਦਿੱਤਾ ਗਿਆ ਤੇ ਹੋਸਟਲ ਵੀ ਖਾਲੀ ਕਰਵਾ ਲਿਆ ਗਿਆ। ਰੋਹਿਤ ਵੈਮੂਲਾ ਅੰਬੇਡਕਰ ਸਟੂਡੈਂਟਸ ਐਸੋਸੀਏਸ਼ਨ ਦਾ ਮੈਂਬਰ ਵੀ ਸੀ। ਵੈਮੂਲਾ ਨੂੰ ਆਤਮ ਹੱਤਿਆ ਤੱਕ ਪਹੁੰਚਾਉਣ ਲਈ ਐਮ.ਪੀ. ਦੱਤਾਤ੍ਰੇਅ, ਵਾਈਸ ਚਾਂਸਲਰ ਪੀ. ਅੱਪਾਰਾਉ ਅਤੇ ਉਸਦੇ ਸਮੇਂ ਦੀ ਐਚ.ਆਰ.ਡੀ. ਮੰਤਰੀ ਸਮ੍ਰਿਤੀ ਇਰਾਨੀ ਵੀ ਜ਼ਿੰਮੇਵਾਰ ਸਨ। ਆਪਣੇ ਸੁਸਾਇਡ ਨੋਟ ਵਿਚ ਵੈਮੂਲਾ ਬੜੇ ਭਾਵਪੂਰਤ ਸ਼ਬਦਾਂ ਵਿਚ ਜਿੱਥੇ ਆਪਣੇ ਸਾਥੀਆਂ ਦੀ ਮਦਦ ਨੂੰ ਯਾਦ ਕਰਦਾ ਹੈ, ਉਥੇ ਉਹ ਆਪਣੀ ਮੌਤ ਲਈ ਸਿਸਟਮ ਨੂੰ ਜ਼ੁੰਮੇਵਾਰ ਠਹਿਰਾਉਂਦਾ ਹੈ। ਉਹ ਲਿਖਦਾ ਹੈ: ਮਨੁੱਖ ਦੀ ਪਛਾਣ ਵੋਟ ਜਾਂ ਨੰਬਰ ਤੱਕ ਸਿਮਟ ਕੇ ਰਹਿ ਗਈ ਹੈ। ਮਨੁੱਖ ਨੂੰ ਉਸਦੀ ਸਮੁਚੀ ਸ਼ਖਸ਼ੀਅਤ ਵਜੋਂ ਨਹੀਂ ਪਛਾਣਿਆ ਗਿਆ। 'ਛੇ ਸਫਿਆਂ ਦੇ ਇਸ ਖਤ ਵਿਚ ਜਿਹੋ ਜਿਹੇ ਵੈਮੂਲੇ ਦੇ ਦਰਸ਼ਨ ਹੁੰਦੇ ਹਨ ਉਹ ਇਹ ਸਮਝਣ ਲਈ ਕਾਫੀ ਹੈ ਕਿ ਜੇ ਉਹ ਜਿਉਂਦਾ ਰਹਿੰਦਾ ਤਾਂ ਸਮਾਜ ਨੂੰ ਬਹੁਤ ਕੁਝ ਦੇ ਕੇ ਜਾਂਦਾ। ਪਰ ਮਨੂੰਵਾਦੀ ਵਿਵਸਥਾ ਨੇ ਪੁੰਗਰਦੀ ਸ਼ਖ਼ਸ਼ੀਅਤ ਨੂੰ ਮਰਨ ਲਈ ਮਜ਼ਬੂਰ ਕਰ ਦਿੱਤਾ। ਅਸਲ ਵਿਚ ਹਜ਼ਾਰਾਂ ਸਾਲਾਂ ਤੋਂ ਹੀ ਉਪਰਲੀਆਂ ਜਾਤਾਂ/ਜਮਾਤਾਂ ਹੇਠਲੀਆਂ ਜਾਤਾਂ-ਜਮਾਤਾਂ ਨੂੰ ਵਿਕਸਿਤ ਹੁੰਦਿਆਂ ਨਹੀਂ ਦੇਖਣਾ ਚਾਹੁੰਦੀਆਂ, ਉਹ ਇਨ੍ਹਾਂਨੂੰ ਬੀਤੇ ਹਜ਼ਾਰਾਂ ਸਾਲਾਂ ਵਾਂਗ ਅੱਜ ਵੀ ਆਪਣੀ ਸੇਵਾ ਵਿਚ ਲਾਈ ਰੱਖਣਾ ਚਾਹੁੰਦੀਆਂ ਹਨ। ਇਸ ਲਈ ਇਨ੍ਹਾਂਦਾ ਰਾਜਨੀਤਕ, ਸਮਾਜਿਕ ਬੌਧਿਕ ਵਿਕਾਸ ਉਹਨਾਂ ਨੂੰ ਰਾਸ ਨਹੀਂ ਆਉਂਦਾ। ਵਿਸ਼ੇਸ਼ ਤੌਰ' ਤੇ ਉਦੋਂ ਜਦੋਂ ਹੇਠਲੀਆਂ ਜਾਤਾਂ/ਜਮਾਤਾਂ ਸਦੀਆਂ ਦੇ ਜ਼ੁਲਮਾਂ ਖ਼ਿਲਾਫ਼ ਬੋਲਣਾ ਸ਼ੁਰੂ ਕਰਦੀਆਂ ਹਨ। ਵੈਮੂਲਾ (ਐਸ.ਸੀ.) ਅਤੇ ਪਾਇਲ ਤਾੜਵੀ (ਐਸ.ਟੀ.) ਦੀ ਪ੍ਰਤੀਨਿੱਧਤਾ ਕਰਦੇ ਹਨ, ਜਿਨ੍ਹਾਂਨੂੰ ਭੰਗ ਦੇ ਭਾੜੇ ਜਾਣ ਦਿੱਤਾ ਗਿਆ। ਇਨ੍ਹਾਂ ਦੀਆਂ ਆਤਮ ਹੱਤਿਆਵਾਂ ਨੇ ਇਸੇ ਲਈ ਹੇਠਲੀਆਂ ਜਾਤਾਂ/ਜਮਾਤਾਂ ਵਿਚ ਖਲਬਲੀ ਮਚਾ ਦਿੱਤੀ ਹੈ ਤੇ ਇਹ ਵਿਦਰੋਹ ਕਰਨ ਉਪਰ ਵੀ ਆਮਾਦਾ ਹੋ ਰਹੀਆਂ ਹਨ। ਅਜਿਹੇ "ਸੰਸਥਾਗਤ ਕਤਲਾਂ" ਦੇ ਖਿਲਾਫ਼ ਵਿਦਰੋਹ ਹੋਣਾ ਸੁਭਾਵਿਕ ਹੈ। ਇਸ ਵਿਦਰੋਹ ਵਿਚ ਸਾਰੀਆਂ ਖੱਬੀਆਂ ਧਿਰਾਂ ਇਨ੍ਹਾਂਦੇ ਨਾਲ ਹਨ। ਇਸੇ ਲਈ, ਇਕ ਹੱਦ ਤੱਕ, ਪਿਛਾਖੜੀ ਫੈਸਲੇ ਮੁੜਵਾਉਣ ਤੇ ਅਪਰਾਧੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਪੱਖੋਂ ਸਫਲਤਾ ਵੀ ਮਿਲ ਰਹੀ ਹੈ।

ਵੈਸੇ ਤਾਂ ਅਜਿਹੇ ਸੰਸਥਾਗਤ ਕਤਲ ਲਗਾਤਾਰ ਹੁੰਦੇ ਰਹੇ ਹਨ; ਕੁਝ ਜਾਗਰੂਕ ਯੂਨੀਅਨਾਂ ਕਾਰਨ ਦਰਜ ਹੁੰਦੇ ਹਨ, ਬਹੁਤ ਸਾਰਿਆਂ ਬਾਰੇ ਜਾਣਕਾਰੀ ਤੱਕ ਨਹੀਂ ਦਿੱਤੀ ਜਾਂਦੀ। 2007-2011 ਤੱਕ ਦੇ ਚਾਰ ਸਾਲਾਂ ਵਿਚ ਉਚੀਆਂ ਵਿਦਿਅਕ ਸੰਸਥਾਵਾਂ ਵਿਚ ਅਠਾਰਾਂ ਆਤਮ ਹੱਤਿਆ ਦੇ ਮਾਮਲੇ ਸਾਹਮਣੇ ਆਏ ਜੋ ਇਤਿਹਾਸ ਦੇ ਪੰਨਿਆਂ' ਤੇ ਅੰਕਿਤ ਹਨ। ਇਹ ਹਨ- ਐਮ. ਸ਼੍ਰੀਕਾਂਤ (ਬੀ.ਟੈਕ. ਫਾਈਨਲ ਆਈ.ਆਈ.ਟੀ. ਬਾਂਬੇ), ਅਜੈ ਸੀ. ਚੰਦਰਾ (ਪੀਐਚਡੀ, ਆਈ.ਆਈ. ਸਾਇੰਸਜ਼ ਬੰਗਲੌਰ), ਜਸਪ੍ਰੀਤ ਸਿੰਘ (ਐਮ. ਬੀ. ਬੀ. ਐਸ. ਫਾਈਨਲ ਜੀ. ਐਚ. ਸੀ. ਚੰਡੀਗੜ), ਸੇਂਠਿਲ ਕੁਮਾਰ (ਹੈਦਰਾਬਾਦ), ਪ੍ਰਸ਼ਾਂਤ ਕੁਰੀਲ (ਕਾਨਪੁਰ), ਜੀ. ਸੁਮਨ (ਕਾਨਪੁਰ), ਅੰਕਿਤਾ ਵੇਧੜਾ (ਅਹਿਮਦਾਬਾਦ), ਡੀ. ਸਿਆਮ ਕੁਮਾਰ (ਵਿਜੈਵਾੜਾ), ਐਸ.ਅਮਰਾਵਤੀ (ਹੈਦਰਾਬਾਦ), ਬਾਂਦੀ ਅਨੁਸ਼ਾ (ਹੈਦਰਾਬਾਦ), ਪੁਸ਼ਪਾਂਜਲੀ ਪੂਰਤੀ (ਬੈਂਗਲੌਰ), ਸੁਸ਼ੀਲ ਕੁਮਾਰ ਚੌਧਰੀ (ਲਖਨਊ), ਬਾਲਮੁਕੰਦ ਭਾਰਤੀ (ਨਵੀਂ ਦਿੱਲੀ), ਜੇ ਕੇ ਰਮੇਸ਼ (ਬੰਗਲੌਰ), ਮਾਧੂਰੀ ਸਾਲੇ (ਕਾਨਪੁਰ), ਜੀ.ਵਰਾਲਕਸ਼ਮੀ (ਹੈਦਰਾਬਾਦ), ਮੁਨੀਸ਼ ਕੁਮਾਰ (ਰੁੜਕੀ) ਅਤੇ ਲਿਕੇਸ਼ ਮੋਹਨ ਗਾਵਲੇ (ਨਵੀਂ ਦਿੱਲੀ)।

ਇਸ ਲਿਸਟ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਦਲਿਤਾਂ ਦੁਆਰਾ ਕੀਤੀਆਂ ਜਾਂਦੀਆਂ ਆਤਮ ਹੱਤਿਆਵਾਂ ਦਾ ਵਰਤਾਰਾ ਰਾਸ਼ਟਰੀ ਹੈ। ਦੂਜੀ ਗੱਲ ਸਪੱਸ਼ਟ ਇਹ ਹੈ ਕਿ ਇਨ੍ਹਾਂਆਤਮ ਹੱਤਿਆਵਾਂ ਪ੍ਰਤੀ ਸਮਾਜ ਤੇ ਸਰਕਾਰਾਂ ਦਾ ਰਵੱਈਆ ਬੜਾ ਅਣਮਨੁੱਖੀ, ਕਠੋਰ ਅਤੇ ਜਜ਼ਬਾਤ-ਰਹਿਤ ਹੈ। ਇਨ੍ਹਾਂਆਤਮ ਹੱਤਿਆਵਾਂ ਦੀਆਂ ਪ੍ਰਸਥਿਤੀਆਂ ਨੂੰ ਜਾਣਨ ਲਈ ਅਤੇ ਇਸ ਦੇ ਇਲਾਜ ਸੁਝਾਉਣ ਲਈ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ 2007 ਵਿਚ ਥੋਰਾਟ ਕਮੇਟੀ ਬਣਾਈ ਸੀ ਜਿਸਨੇ ਅਧਿਐਨ ਤੋਂ ਬਾਅਦ ਕੁਝ ਸਿਫਾਰਸ਼ਾਂ ਵੀ ਕੀਤੀਆਂ, ਜਿਨ੍ਹਾਂਨੂੰ ਅੱਜ ਤੱਕ ਲਾਗੂ ਨਹੀਂ ਕੀਤਾ ਗਿਆ। ਇਸ ਕਮੇਟੀ ਨੇ ਇਨ੍ਹਾਂ ਆਤਮਹੱਤਿਆਵਾਂ ਦੇ ਜੋ ਕਾਰਨ ਲੱਭੇ ਉਨ੍ਹਾਂਦਾ ਇਥੇ ਜ਼ਿਕਰ ਕਰਨਾ ਬਹੁਤ ਹੀ ਜ਼ਰੂਰੀ ਹੈ। ਥੋਰਾਟ ਕਮੇਟੀ ਦਾ ਖੇਤਰ ਏਮਜ਼ (AIIMS) ਹੈ ਪਰ ਇਸਨੂੰ ਸਾਰੀਆਂ ਸੰਸਥਾਵਾਂ ਉਪਰ ਲਾਗੂ ਕੀਤਾ ਜਾ ਸਕਦਾ ਹੈ। ਥੋਰਾਟ ਕਮੇਟੀ ਦਾ ਪਹਿਲਾ ਨੁਕਤਾ ਹੈ ਕਿ ਐਸ.ਸੀ./ਐਸਟੀ ਵਿਦਿਆਰਥੀਆਂ ਲਈ ਭਾਸ਼ਾ ਦੀ ਜੋ ਸਮੱਸਿਆ ਆਉਂਦੀ ਹੈ ਉਸਨੂੰ ਦੂਰ ਕਰਨ ਲਈ ਕੋਈ ਯਤਨ ਨਹੀਂ ਕੀਤਾ ਜਾਂਦਾ। ਵਿਦਿਆਰਥੀਆਂ ਲਈ ਅਸੈਸਮੈਂਟ ਦੇ ਨੰਬਰ ਰੱਖੇ ਗਏ ਹਨ ਜੋ ਬਹੁਗਿਣਤੀ ਉਪਰਲੀਆਂ ਜਾਤਾਂ ਦੇ ਅਧਿਆਪਕਾਂ ਦੇ ਹੱਥਾਂ ਵਿਚ ਹਨ। ਦਲਿਤ ਵਰਗ ਦੇ ਵਿਦਿਆਰਥੀਆਂ ਨੂੰ ਸ਼ਿਕਾਇਤ ਹੈ ਕਿ ਉਨ੍ਹਾਂ ਦੀ ਅਸੈਸਮੈਂਟ ਘੱਟ ਲਾਈ ਜਾਂਦੀ ਹੈ। ਇਹ ਅਧਿਆਪਕ ਦਲਿਤ ਵਿਦਿਆਰਥੀਆਂ ਨੂੰ ਪ੍ਰਸਪਰ ਆਦਾਨ ਪ੍ਰਦਾਨ ਦੇ ਬਹੁਤੇ ਮੌਕੇ ਨਹੀਂ ਦਿੰਦੇ, ਉਚੀਆਂ ਜਾਤੀਆਂ ਦੇ ਮੁਕਾਬਲੇ ਘਟ ਮੌਕੇ ਇਨ੍ਹਾਂਵਿਦਿਆਰਥੀਆਂ ਨੂੰ ਮਿਲਦੇ ਹਨ। ਪੜ੍ਹਾਉਣ ਸਮੇਂ ਇਹ ਵਿਤਕਰਾ ਜਾਰੀ ਰਹਿੰਦਾ ਹੈ, ਇਥੋਂ ਤੱਕ ਕਿ ਇਨ੍ਹਾਂ ਵਿਦਿਆਰਥੀਆਂ ਦੇ ਕੋਟੇ ਤੇ ਜਾਤ ਵੀ ਨਿਸ਼ਾਨਾ ਬਣਦੇ ਹਨ। ਪੇਪਰ ਚੈਕ ਕਰਨ ਸਮੇਂ ਥਿਊਰੀ ਤੇ ਪ੍ਰੈਕਟੀਕਲ ਦੇ ਨੰਬਰ ਲਾਉਣ ਵਿਚ ਵਿਤਕਰਾ ਕੀਤਾ ਜਾਂਦਾ ਹੈ। ਜਮਾਤ ਦੇ ਪ੍ਰਤੀਨਿੱਧ ਚੁਣਨ ਸਮੇਂ ਵੀ ਵਿਤਕਰਾ ਜਾਰੀ ਰਹਿੰਦਾ ਹੈ। ਹੋਸਟਲਾਂ ਵਿਚ ਦਲਿਤਾਂ ਨੂੰ ਹੋਰਨਾਂ ਵਿਦਿਆਰਥੀਆਂ ਤੋਂ ਕੱਟ ਕੇ ਰਹਿਣਾ ਪੈਂਦਾ ਹੈ। ਉਨ੍ਹਾਂ ਨੂੰ ਉਪਰਲੀਆਂ ਮੰਜ਼ਿਲਾਂ ਤੱਕ ਸੀਮਤ ਕਰ ਦਿੱਤਾ ਜਾਂਦਾ ਹੈ। ਹੋਸਟਲ, ਮੈਸ ਤੇ ਖਾਣੇ ਦੀ ਮੇਜ਼ ਤੇ ਇਨ੍ਹਾਂ ਵਿਦਿਆਰਥੀਆਂ ਨਾਲ ਦੂਸਰਿਆਂ ਦਾ ਆਦਾਨ ਪ੍ਰਦਾਨ ਘੱਟ ਹੁੰਦਾ ਹੈ। ਖੇਡਾਂ ਤੇ ਸਭਿਆਚਾਰਕ ਸਮਾਗਮਾਂ ਵਿਚ ਇਨ੍ਹਾਂ ਨਾਲ ਭਿੰਨ ਭੇਦ ਹੁੰਦਾ ਹੈ। ਇਨ੍ਹਾਂ ਸਮਾਗਮਾਂ ਵਿਚ ਜਾਣ ਲਈ ਇਨ੍ਹਾਂ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਂਦਾ। ਰੈਗਿੰਗ ਸਮੇਂ ਦਲਿਤ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਜਾਤ ਦੇ ਆਧਾਰ' ਤੇ ਮਾਨਸਿਕ ਕਲੇਸ਼ ਸਹਿਣਾ ਪੈਂਦਾ ਹੈ। ਸੀਨੀਅਰ ਤੇ ਜੂਨੀਅਰ ਰੈਜ਼ੀਡੈਂਟ ਦਲਿਤ ਡਾਕਟਰਾਂ ਦੀਆਂ ਆਪਣੀਆਂ ਸਮੱਸਿਆਵਾਂ ਹਨ। ਇਨ੍ਹਾਂ ਸੰਸਥਾਵਾਂ ਵਿਚ ਪੜ੍ਹਾਉਂਦੇ ਅਧਿਆਪਕਾਂ ਨਾਲ ਵਿਭਾਗ ਮੁਖੀਆਂ ਦੀਆਂ ਜ਼ਿਆਦਤੀਆਂ ਵੀ ਸਾਹਮਣੇ ਆਉਂਦੀਆਂ ਹਨ। ਇਨ੍ਹਾਂ ਨੂੰ ਰਿਸਰਚ ਵਿਦਿਆਰਥੀ ਨਹੀਂ ਮਿਲਣਗੇ ਤਾਂ ਇਨ੍ਹਾਂਨੂੰ ਖੋਜ ਦਾ ਤਜ਼ਰਬਾ ਹੋਣਾ ਸੰਭਵ ਨਹੀਂ। ਥੋਰਾਟ ਕਮੇਟੀ ਨੇ ਜੋ ਸੁਝਾਅ ਦਿੱਤੇ ਜਿਨ੍ਹਾਂ ਨੂੰ ਚਾਲੀ ਤੋਂ ਉਪਰ ਕੇਂਦਰੀ ਯੂਨੀਵਰਸਿਟੀਆਂ ਤੇ ਸਰਕਾਰੀ ਅਦਾਰਿਆਂ ਨੇ ਆਤਮਸਾਤ ਨਹੀਂ ਕੀਤਾ। ਇਸੇ ਲਈ ਪਾਇਲ ਤਾੜਵੀ ਵਰਗੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ।

ਪਾਇਲ ਤਾੜਵੀ ਦੀ ਖੁਦਕੁਸ਼ੀ ਨੇ ਇਕ ਵਾਰ ਫਿਰ ਇਸ ਗੱਲ ਨੂੰ ਰੇਖਾਂਕਿਤ ਕੀਤਾ ਹੈ ਕਿ ਸਮਾਜ ਵਿਚ ਪਸਰੀ ਮਨੂੰਵਾਦੀ ਸੋਚ ਨੂੰ ਸਮਾਪਤ ਕਰਨ ਲਈ ਪੂਰੇ ਸਮਾਜ ਨੂੰ ਇਕਜੁੱਟ ਹੋਣਾ ਪਵੇਗਾ। ਦਲਿਤ ਪਹਿਲਾਂ ਨਾਲੋਂ ਵਧੇਰੇ ਸੰਗਠਿਤ ਹੋ ਰਹੇ ਹਨ, ਸੁਚੇਤ ਹੋ ਰਹੇ ਹਨ ਪਰ ਉਨ੍ਹਾਂ ਦੀ ਇਹ ਥੜੇਬੰਦੀ ਇੱਛਤ ਸਿੱਟੇ ਨਹੀਂ ਕੱਢਣ ਦੇ ਰਹੀ। ਕਈ ਮੌਕਾਪ੍ਰਸਤ ਦਲਿਤ ਲੀਡਰ ਇਕ ਜਾਂ ਦੂਜੀ ਸਰਕਾਰ ਵਿਚ ਅਹੁਦੇ ਲੈਣ ਤੱਕ ਸੀਮਤ ਹਨ। ਪਾਰਲੀਮੈਂਟ ਵਿਚ ਜਾ ਕੇ ਇਹ ਲੀਡਰਸ਼ਿਪ ਦਲਿਤਾਂ ਦੀਆਂ ਵੋਟਾਂ ਦੀ ਕੀਮਤ ਵਸੂਲਦੀ ਹੈ। ਇਸ ਲਈ, ਇੱਥੇ ਖੱਬੀਆਂ ਤੇ ਜਮਹੂਰੀ ਤਾਕਤਾਂ, ਜਿੰਨੀਆਂ ਵੀ ਹਨ, ਉਨ੍ਹਾਂ ਦੇ ਮੋਢਿਆਂ' ਤੇ ਸਾਰਾ ਭਾਰ ਆ ਜਾਂਦਾ ਹੈ। ਦਲਿਤ ਵਿਦਿਆਰਥੀਆਂ ਨੂੰ ਆਪਣੇ ਜਾਤ-ਅਧਾਰਤ ਗਠਬੰਧਨਾਂ ਤੱਕ ਸਿਮਟਣ ਦੀ ਥਾਂ ਸਮਾਜ ਦੇ ਵਿਸ਼ਾਲ ਅਗਰਗਾਮੀ ਹਿੱਸੇ ਨਾਲ, ਜੋ ਉਨ੍ਹਾਂ ਬਾਰੇ ਵੀ ਸੋਚਦਾ ਤੇ ਸੰਘਰਸ਼ਰਤ ਹੈ, ਨਾਲ ਏਕਤਾ ਬਣਾਉਣੀ ਪਵੇਗੀ। ਸਦੀਆਂ ਤੋਂ ਲੋਕਾਈ ਦੇ ਇਸ ਹਿੱਸੇ ਨੂੰ ਜਿਸ ਹੀਣ ਭਾਵਨਾ ਦੀ ਸਥਿਤੀ ਵਿਚ ਪੁਚਾ ਦਿੱਤਾ ਗਿਆ ਉਸ ਵਿਚੋਂ ਕੱਢਣ ਲਈ ਬਹੁਤ ਲੰਮੇ ਸੰਘਰਸ਼ ਤੇ ਤਾਕਤ ਦੀ ਲੋੜ ਹੈ। ਇਸ ਲੋੜ ਨੂੰ ਕੁਲ ਖੱਬੀਆਂ ਤਾਕਤਾਂ ਦਾ ਸ਼ਕਤੀਸ਼ਾਲੀ ਏਕਾ ਹੀ ਪੂਰਾ ਕਰ ਸਕਦਾ ਹੈ। ਨਹੀਂ ਤਾਂ ਮਨੂੰਵਾਦ ਦੇ ਦਰੋਣਾਚਾਰੀਆ ਪਤਾ ਨਹੀਂ ਦਕਸ਼ਣਾ ਵਿਚ ਹੋਰ ਕਿੰਨੇ ਵਿਦਿਆਰਥੀਆਂ ਤੇ ਲੋਕਾਂ ਦੀ ਜਾਨ ਲੈਣਗੇ।

ਇਸ ਵਿੱਚ ਡਾਕਟਰ ਸੁਪਰਿਆ ਕਾਜਲ (ਐਸ ਸੀ) ਭੋਗਪੁਰ ਤੋਂ ਜੋ ਡੀ ਐਮ ਸੀ ਲੁਧਿਆਣਾ ਵਿਖੇ ਐਮ ਡੀ ਕਰ ਰਹੀ ਸੀ ਵੀ ਇਸੇ ਦੁੱਖੋਂ ਆਤਮਹੱਤਿਆ ਕਰ ਗਈ ਸੀ ਦਾ ਨਾਮ ਵੀ ਜੋੜ ਦੇਣਾ ਚਾਹੀਦਾ ਹੈ।

# ਹਿੰਦੂਤਵੀ ਫਾਸ਼ੀਵਾਦ ਦੇ ਵਿਸ਼ੇਸ਼ ਲੱਛਣ

ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

1922 ਵਿਚ ਮੁਸੋਲਿਨੀ ਇਟਲੀ ਵਿਚ ਜਦ ਗੱਦੀ ਤੇ ਬੈਠੇ ਤਾਂ ਉਸ ਦੀ ਆਪਣੀ ਫਾਸ਼ੀਵਾਦੀ ਪਾਰਟੀ ਦੀ ਤਾਕਤ ਕੋਈ ਜ਼ਿਆਦਾ ਨਹੀਂ ਸੀ। ਕਿੰਨੀਆਂ ਸਾਰੀਆਂ ਸਰਮਾਏਦਾਰੀ ਪਾਰਟੀਆਂ ਦਰਮਿਆਨ ਉਸ ਦੀ ਛੋਟੀ ਜਿਹੀ ਪਾਰਟੀ ਸੀ। ਜੇ ਇੱਕ ਮਹੱਤਵਪੂਰਨ ਨੇਤਾ ਜੋ ਕਈ ਵਾਰੀ ਪ੍ਰਧਾਨ ਮੰਤਰੀ ਰਹਿ ਚੁੱਕਿਆ ਸੀ ਉਸ ਨੂੰ ਆਪਣੇ ਵਿੱਚ ਸ਼ਾਮਲ ਨਾ ਕੀਤਾ ਹੁੰਦਾ ਤਾਂ ਉਸ ਦੀ ਪਾਰਟੀ ਨੂੰ 1921 ਦੀਆਂ ਚੋਣਾਂ ਵਿੱਚ ਜੋ ਸੱਤ ਫੀਸਦੀ ਵੋਟਾਂ ਮਿਲੀਆਂ ਉਹ ਵੀ ਨਹੀਂ ਸੀ ਮਿਲਣੀਆਂ। ਸਮੁੱਚੇ ਗਠਬੰਧਨ ਨੂੰ ਤਕਰੀਬਨ ਵੀਹ ਫੀਸਦੀ ਵੋਟਾਂ ਮਿਲੀਆਂ ਸਨ,ਜਦ ਕਿ ਸਮਾਜਵਾਦੀ ਪਾਰਟੀ ਨੂੰ ਕਰੀਬ ਤੀਹ ਫੀਸਦੀ ਪਰ ਇਸ ਛੋਟੀ ਪਾਰਟੀ ਦੇ ਨੇਤਾ ਮੁਸੋਲੀਨੀ ਨੂੰ ਸਰਮਾਏਦਾਰੀ ਜਮਾਤ ਅਤੇ ਸਰਮਾਏਦਾਰੀ ਪਾਰਟੀਆ ਨੇ 1922 ਚ ਗੱਦੀ ਤੇ ਬਿਠਾ ਦਿੱਤਾ।

ਮੁਸੋਲਿਨੀ ਦਾ ਸੱਤਾ ਤੇ ਕਾਬਜ਼ ਹੋਣਾ ਕਿਸੇ ਅਜਿਹੇ ਲੋਕ ਸੰਘਰਸ ਦਾ ਸਿੱਟਾ ਨਹੀਂ ਸੀ, ਜਿਸ ਦੇ ਸਾਹਮਣੇ ਬਾਕੀ ਸਾਰੀਆਂ ਸਰਮਾਏਦਾਰ ਪਾਰਟੀਆਂ ਤੇ ਖੁਦ ਸਰਮਾਏਦਾਰੀ ਜਮਾਤ ਨਤਮਸਤਕ ਹੋ ਗਏ ਸਨ। ਇਸ ਤਰ੍ਹਾਂ ਇਹ ਕੋਈ ਮੱਧ ਵਰਗ ਦਾ ਇਨਕਲਾਬੀ ਵੀ ਨਹੀਂ ਸੀ ਜਿਵੇਂ ਕਿ ਮੁਸੋਲਿਨੀ ਨੇ ਪਿਛੋਂ ਪ੍ਰਚਾਰਿਆ। ਇਸ ਦੇ ਠੀਕ ਉਲਟ ਉਹ ਪੂੰਜੀਵਾਦੀ ਜਮਾਤ ਅਤੇ ਪੂੰਜੀਵਾਦੀ ਪਾਰਟੀਆਂ ਦਾ ਕਾਰਨਾਮਾ ਸੀ, ਜਿਸ ਦੇ ਜ਼ਰੀਏ ਉਹ ਤਾਕਤਵਰ ਅਤੇ ਸੰਗਠਤ ਮਜ਼ਦੂਰ ਵਰਗ ਨੂੰ ਕੁਚਲਣਾ ਚਾਹੁੰਦੇ ਸਨ। ਇਸ ਦੇ ਲਈ ਉਹਨਾਂ ਨੇ 1917 ਤੋਂ ਮਸੋਲੀਨੀ ਅਤੇ ਉਸਦੀ ਪਾਰਟੀ ਨੂੰ ਪਾਲਿਆ ਪੋਸਿਆ ਸੀ ਤੇ ਅੱਗੇ ਵਧਾਇਆ ਸੀ। ਸੱਤਾ ਤੇ ਕਾਬਜ਼ ਹੋਣ ਸਮੇਂ ਹਿਟਲਰ ਦੀ ਤਾਕਤ ਮੁਸੋਲਿਨੀ ਤੋਂ ਜ਼ਿਆਦਾ ਸੀ। ਉਸ ਨੂੰ 1932 ਦੀਆਂ ਚੋਣਾਂ ਵਿੱਚ ਸੈਂਤੀ ਫੀਸਦੀ ਵੋਟਾਂ ਮਿਲੀਆਂ ਸਨ ਹਾਲਾਂਕਿ ਉਹ ਸਮਾਜਿਕ ਜਨਵਾਦੀ ਪਾਰਟੀ ਅਤੇ ਕਮਿਊਨਿਸਟ ਪਾਰਟੀ ਦੀਆਂ ਕੁਲ ਵੋਟਾਂ ਤੋਂ ਘੱਟ ਸਨ। ਜ਼ਿਆਦਾ ਤਾਕਤ ਹੋਣ ਦੇ ਬਾਵਜੂਦ ਹਿਟਲਰ ਉਦੋਂ ਪੂੰਜੀਵਾਦੀ ਪਾਰਟੀਆਂ ਵੱਲੋਂ ਹੀ ਗੱਦੀ ਤੇ ਬਿਠਾਏ ਗਏ ਸੀ। ਇਹ ਪਾਰਟੀਆਂ ਸੁਧਾਰਵਾਦੀ ਮਜ਼ਦੂਰ ਪਾਰਟੀ ਯਾਨੀ ਸਮਾਜਿਕ ਜਨਵਾਦੀ ਪਾਰਟੀ ਨਾਲ ਮਿਲ ਕੇ ਸਰਕਾਰ ਬਣਾਉਣ ਲਈ ਤਿਆਰ ਨਹੀਂ ਸੀ। ਇਸ ਤੋਂ ਪਹਿਲਾਂ ਉਨ੍ਹਾਂ ਨੇ ਹਿਟਲਰ ਨੂੰ ਗੱਦੀ ਤੇ ਉਠਾਉਣਾ ਹੀ ਬਿਹਤਰ ਸਮਝਿਆ। ਮੁਸਿਲੀਨੀ ਦੀ ਤਰ੍ਹਾਂ ਹਿਟਲਰ ਨੂੰ ਵੀ ਸਰਮਾਏਦਾਰੀ ਜਮਾਤ ਨੇ 1919 ਤੋਂ ਪਾਲਿਆ ਪੋਸਿਆ ਤੇ ਅੱਗੇ ਵਧਾਇਆ ਸੀ। ਭਾਰਤ ਦੇ ਹਿੰਦੂ ਫਾਸ਼ੀਵਾਦੀਆਂ ਯਾਨੀ ਆਰਐੱਸਐੱਸ ਅਤੇ ਭਾਜਪਾ ਦੇ ਮਾਮਲੇ ਵਿੱਚ ਉਪਰੋਕਤ ਇਤਿਹਾਸਕ ਤੱਥਾਂ ਦਾ ਵਿਸ਼ੇਸ਼ ਮਹੱਤਵ ਹੈ। ਥੋੜ੍ਹਾ ਹੀ ਗੌਰ ਕਰਨ ਤੇ ਦੇਖਣ ਪਿਛੋਂ ਪਤਾ ਚਲਦਾ ਹੈ ਕਿ ਭਾਰਤੀ ਹਿੰਦੂ ਫਾਸ਼ੀਵਾਦੀਆਂ ਦੇ ਮਾਮਲੇ ਵਿੱਚ ਵੀ ਅਜਿਹਾ ਹੀ ਹੁੰਦਾ ਰਿਹਾ ਹੈ। ਬਸ ਇੱਥੇ ਕਾਲਖੰਡ ਥੋੜ੍ਹਾ ਲੰਮਾ ਹੈ। ਪਹਿਲਾਂ ਭਾਰਤ ਦੇ ਸਰਮਾਏਦਾਰੀ ਜਮਾਤ ਵੱਲੋਂ ਹਿੰਦੂਤਵ ਫਾਸ਼ੀਵਾਦੀਆਂ ਦੇ ਲਈ ਦਿੱਤੀ ਗਈ ਹਮਾਇਤ ਨੂੰ ਲਈਏ। ਭਾਰਤ ਦੇ ਸਰਮਾਏਦਾਰੀ ਘਰਾਣੇ ਵਿਚ ਬਿਡਲਾ ਦਾ ਨਾਂ ਬਹੁਤ ਹੈ। ਇਕ ਜਮਾਨੇ ਵਿੱਚ ਸਰਮਾਏਦਾਰੀ ਜਮਾਤ ਨੂੰ ਟਾਟਾ ਬਿਡਲਾ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਸੀ, ਅੱਜ ਦੇ ਅਡਾਨੀ ਅੰਬਾਨੀ ਵਾਂਗੂ। ਬਿਡਲਾ ਘਰਾਣੇ ਦੇ ਘਣਸ਼ਾਮ ਦਾਸ ਬਿਰਲਾ ਦੇ ਮਹਾਤਮਾ ਗਾਂਧੀ ਦੇ ਨਾਲ ਸਬੰਧ ਮਸ਼ਹੂਰ ਹਨ। ਪਰ ਜੋ ਗੱਲ ਲਗਪਗ ਪਤਾ ਹੀ ਹੈ ਉਹ ਹੈ ਕਿ ਇਸ ਬਿਡਲਾ ਨੇ ਸੰਘ ਦੀ ਵੀ ਆਰਥਿਕ ਮਦਦ ਕੀਤੀ ਸੀ। ਭਾਰਤ ਦੇ ਸਰਮਾਏਦਾਰ ਦਕੀਆਨੂਸੀ ਸਨ। ਉਹ ਧਾਰਮਕ ਜਨੂੰਨੀ ਵੀ ਸਨ। ਇਨ੍ਹਾਂ ਵਿੱਚੋਂ ਵੱਡੇ ਵਾਲੇ ਉਦੋਂ ਜ਼ਿਆਦਾਤਰ ਮਾਰਵਾੜੀ ਗੁਜਰਾਤੀ ਸਨ। ਇਨ੍ਹਾਂ ਸਾਰਿਆਂ ਦਾ ਝੁਕਾਅ ਕਾਂਗਰਸ ਪਾਰਟੀ ਦੇ ਦੱਖਣ ਪੰਥੀ ਨੇਤਾਵਾਂ ਵੱਲ ਸੀ। ਨਹਿਰੂ ਵਰਗੇ ਨੇਤਾਵਾਂ ਦੀ ਗਰਮ ਗੱਲਾਂ ਤੋਂ ਉਹ ਭੈਅ-ਭੀਤ ਰਹਿੰਦੇ ਸਨ। ਇਕ ਸਮੇਂ ਇਨ੍ਹਾਂ ਤੋਂ ਘਬਰਾ ਗਏ ਟਾਟਾ ਨੇ ਤਾਂ ਸਰਮਾਏਦਾਰਾਂ ਨੂੰ ਅਲੱਗ ਤੋਂ ਆਪਣੀ ਪਾਰਟੀ ਬਣਾਉਣ ਦੀ ਗੱਲ ਕਹਿ ਦਿੱਤੀ ਸੀ। ਇਨ੍ਹਾਂ ਸਰਮਾਏਦਾਰੀ ਲਈ ਸੰਘ ਤੇ ਹਿੰਦੂ ਮਹਾਂਸਭਾ ਦੀ ਆਰਥਿਕ ਮਦਦ ਕਰਨਾ ਇਕਦਮ ਸੁਭਾਵਕ ਗੱਲ ਸੀ। 1930-40 ਦੇ ਦਹਾਕੇ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਜਨ ਸੰਘ ਦੇ ਵਿਸਥਾਰ ਦੀਆਂ ਯੋਜਨਾਵਾਂ ਬਣੀਆਂ ਤਾਂ ਉਹ ਇਨ੍ਹਾਂ ਸਰਮਾਏਦਾਰਾਂ ਦੀ ਆਰਥਕ ਮਦਦ ਦੇ ਬਿਨਾਂ ਸੰਭਵ ਨਹੀਂ ਸਨ। ਜਦ ਆਮ ਚੋਣਾਂ ਵਿਚ ਸ਼ਮੂਲੀਅਤ ਦੇ ਲਈ ਸੰਘ ਨੇ ਇੱਕ ਪਾਰਟੀ ਭਾਰਤੀ ਜਨਸੰਘ ਦਾ ਗਠਨ ਕੀਤਾ ਤਾਂ ਸਰਮਾਏਦਾਰਾਂ ਨੇ ਉਸ ਨੂੰ ਦਿਲ ਖੋਲ੍ਹ ਕੇ ਪੈਸਾ ਦਿੱਤਾ। ਪਰਜਾ ਪਾਰਟੀ ਅਤੇ ਬਾਅਦ ਵਿੱਚ ਗਠਿਤ ਸਵਤੰਤਰ ਪਾਰਟੀ ਦੇ ਨਾਲ ਭਾਰਤੀ ਜਨਸੰਘ ਉਦੋਂ ਅਜਿਹੀ ਪਾਰਟੀ ਸੀ ਜੋ ਭਾਰਤ ਵਿੱਚ ਮਿਸ਼ਰਤ ਅਰਥਚਾਰੇ ਤੇ ਜਨਤਕ ਖੇਤਰ ਤੇ ਕਲਿਆਣਕਾਰੀ ਰਾਜ ਦਾ ਵਿਰੋਧ ਕਰਦੀ ਸੀ। ਇਹ ਗੁੱਟ ਨਿਰਲੇਪਤਾ ਦੀ ਨੀਤੀ ਦਾ ਵੀ ਵਿਰੋਧ ਕਰਦੀ ਸੀ ਉਹ ਅਮਰੀਕੀ ਸਾਮਰਾਜੀਆਂ ਨਾਲ ਲੱਗਣ ਦੀ ਵਕਾਲਤ ਕਰਦੀ ਸੀ। ਅਜਿਹੇ ਵਿਚ ਇਹ ਸੁਭਾਵਕ ਸੀ ਕਿ ਸਰਮਾਏਦਾਰਾਂ ਦਾ ਇੱਕ ਵੱਡਾ ਧੜਾ ਇਸ ਦੀ ਹਰ ਤਰ੍ਹਾਂ ਨਾਲ ਮਦਦ ਕਰਦਾ। ਜਦ 1967 ਦੀਆਂ ਚੋਣਾਂ ਚ ਅੱਠ ਰਾਜਾਂ ਵਿਚ ਮਿਲੀ ਜੁਲੀ ਸਰਕਾਰ ਬਣੀ ਤਾਂ ਇਨ੍ਹਾਂ ਵਿੱਚੋਂ ਕੁਝ ਵਿੱਚ ਜਨਸੰਘ ਵੀ ਬਾਹਰ ਤੋਂ ਭਾਗੀਦਾਰ ਸੀ। ਇਸ ਤਰ੍ਹਾਂ ਸੰਘ ਦੀ ਸਤਾ ਵਿਚ ਭਾਗੀਦਾਰੀ ਸ਼ੁਰੂ ਹੋਈ ਪਰ ਅਸਲੀ ਸਤਾ ਤਾਂ ਜੇਪੀ ਅੰਦੋਲਨ ਅਤੇ ਉਸ ਤੋਂ ਬਾਅਦ ਬਣਨ ਵਾਲੀ ਜਨਤਾ ਪਾਰਟੀ ਸਰਕਾਰ ਵਿੱਚ ਮਿਲੀ। 1977 ਵਿੱਚ ਜਨਤਾ ਪਾਰਟੀ ਦੇ ਕਰੀਬ ਇੱਕ ਸੌ ਸੰਸਦ ਸੰਘ ਪਿਛੋਕੜ ਵਾਲੇ ਸਨ। ਜੇ ਪੀ ਅੰਦੋਲਨ ਤੇ ਜਨਤਾ ਪਾਰਟੀ ਨੇ ਅਜੇ ਤਕ ਇਕ ਤਰ੍ਹਾਂ ਨਾਲ ਹਾਸ਼ੀਏ ਤੇ ਖੜ੍ਹੇ ਸੰਘ ਨੂੰ ਭਾਰਤ ਦੀ ਸਰਮਾਏਦਾਰੀ ਰਾਜਨੀਤੀ ਦੀ ਮੁੱਖ ਧਾਰਾ ਵਿੱਚ ਲਿਆਂਦਾ। ਸੁਭਾਵਕ ਸੀ ਕਿ ਸੰਘ ਦੀਆਂ ਇਹ ਸਫਲਤਾਵਾਂ ਸਰਮਾਏਦਾਰੀ ਦੇ ਭਾਰੀ ਆਰਥਿਕ ਯੋਗਦਾਨ ਤੋਂ ਬਿਨਾਂ ਨਹੀਂ ਮਿਲ ਸਕਦੀਆਂ ਸਨ। ਇਸ ਦਰਮਿਆਨ ਸੰਘ ਨੇ ਜਨਤਾ ਦੇ ਵੱਖ ਵੱਖ ਹਿੱਸਿਆਂ ਵਿੱਚ ਪਕੜ ਬਣਾਉਣ ਲਈ ਵਣਵਾਸੀ ਕਲਿਆਣ ਆਸ਼ਰਮ ਅਤੇ ਸਰਸਵਤੀ ਵਿੱਦਿਆ ਮੰਦਰ ਆਦਿ ਸੰਸਥਾਨ ਵੱਡੇ ਪੈਮਾਨੇ ਤੇ ਸ਼ੁਰੂ ਕੀਤੇ ਸਨ। ਇਹ ਯੋਜਨਾਵਾਂ ਭਾਰੀ ਪੈਸੇ ਦੀ ਮੰਗ ਕਰਦੀਆਂ ਸਨ। ਇਸ ਦੀ ਪੂਰਤੀ ਵੀ ਸਰਮਾਏਦਾਰਾਂ ਵੱਲੋਂ ਹੀ ਕੀਤੀ ਗਈ। ਇਸ ਗੱਲ ਦਾ ਧਿਆਨ ਰੱਖਣਾ ਹੋਵੇਗਾ ਕਿ ਸੰਘ ਦੇ ਸਮਰਥਕ ਸਿਰਫ਼ ਸਰਮਾਏਦਾਰ ਹੀ ਨਹੀਂ ਸਨ। ਸੰਘ ਦੀ ਜੋ ਵਿਚਾਰਧਾਰਾ ਸੀ ਅਤੇ ਜਿਸ ਤਰ੍ਹਾਂ ਦੇ ਉਹ ਸਮਾਜ ਦੀ ਵਕਾਲਤ ਕਰਦੀ ਸੀ ਉਸ ਕਾਰਨ ਉਸ ਨੂੰ ਪੁਰਾਣੇ ਰਾਜੇ ਰਜਵਾੜਿਆਂ ਅਤੇ ਜ਼ਿਮੀਂਦਾਰਾਂ ਦੀ ਵੀ ਹਮਾਇਤ ਮਿਲਦੀ ਸੀ। ਸਿੰਧੀਆ ਖਾਨਦਾਨ ਨੂੰ ਤਾਂ ਹਰ ਕੋਈ ਜਾਣਦਾ ਹੈ। ਇਸ ਤਰ੍ਹਾਂ ਦੇ ਹੋਰ ਵੀ ਰਾਜੇ ਸਨ। ਜਦੋਂ 1980 ਦੇ ਦਹਾਕੇ ਵਿਚ ਰਾਮ ਮੰਦਰ ਅੰਦੋਲਨ ਤੂੰ ਲੋਕ ਹਮਾਇਤ ਹਾਸਲ ਹੋਈ ਤਾਂ ਭਾਜਪਾ ਨੇ ਨੱਬੇ ਦੇ ਦਹਾਕੇ ਵਿੱਚ ਕੇਂਦਰ ਵਿੱਚ ਸੱਤਾ ਸੰਭਾਲ ਲਈ ਤਾਂ ਸੰਘ ਨੂੰ ਦੇਸ਼ ਦੀ ਸਰਮਾਏਦਾਰੀ ਜਮਾਤ ਨੇ ਕਾਂਗਰਸ ਦੇ ਬਦਲ ਵਜੋਂ ਮੰਨ ਲਿਆ। ਹੁਣ ਉਸ ਨੂੰ ਪੈਸੇ ਦੀ ਕੋਈ ਕਮੀ ਨਹੀਂ ਹੋਈ। ਸਤਾ ਤੋਂ ਹੋਣ ਵਾਲੀ ਲੁੱਟ ਤੋਂ ਇਲਾਵਾ ਸਰਮਾਏਦਾਰ ਹੁਣ ਸੰਘ ਤੇ ਦੌਲਤ ਲੁਟਾਉਣ ਲੱਗੇ।

ਇਹ ਸਭ 2010 ਤੋਂ ਪਿੱਛੋਂ ਇਕ ਨਵੇਂ ਪੱਧਰ ਤੇ ਪਹੁੰਚ ਗਿਆ। ਕਾਂਗਰਸੀ ਹਕੂਮਤ ਤੋਂ ਨਾਖੁਸ਼ ਸਰਮਾਏਦਾਰੀ ਜਮਾਤ ਨੇ ਤੈਅ ਕੀਤਾ ਕਿ ਉਸ ਦੇ ਲਈ ਸੰਘ ਅਤੇ ਮੋਦੀ ਹੀ ਬਿਹਤਰ ਬਦਲ ਹੈ। ਇਸ ਲਈ ਸਰਮਾਏਦਾਰਾਂ ਨੇ ਬਕਾਇਦਾ ਇਕ ਮੁਹਿੰਮ ਚਲਾ ਕੇ ਆਪਣੇ ਪੈਸੇ ਅਤੇ ਪ੍ਰਚਾਰਤੰਤਰ ਦੇ ਸਿਰ ਤੇ ਮੋਦੀ ਅਤੇ ਭਾਜਪਾ ਨੂੰ 2014 ਚ ਕੇਂਦਰ ਵਿਚ ਗੱਦੀ ਤੇ ਬਿਠਾ ਦਿੱਤਾ। ਉਦੋਂ ਤੋਂ ਅੱਜ ਤੱਕ ਉਨ੍ਹਾਂ ਨੇ ਸੱਤਾ ਵਿਚ ਬਣੇ ਰਹਿਣ ਲਈ ਸਰਮਾਏਦਾਰੀ ਜਮਾਤ ਦਿਨ ਰਾਤ ਮਿਹਨਤ ਕਰ ਰਹੀ ਹੈ। ਅੱਜ ਸਰਮਾਏਦਾਰੀ ਜਮਾਤ ਦਾ ਇੱਕ ਵੱਡਾ ਅਜਾਰੇਦਾਰ ਹਿੱਸਾ ਪੂਰੀ ਬੇਸ਼ਰਮੀ ਦੇ ਨਾਲ ਸੰਘ ਦੇ ਹਿੰਦੂ ਫਾਸ਼ੀਵਾਦੀਆਂ ਦੇ ਪਿੱਛੇ ਖੜ੍ਹਾ ਹੈ। ਉਸ ਨੇ ਆਪਣੇ ਪ੍ਰਚਾਰ ਤੰਤਰ ਦੀ ਪੂਰੀ ਤਾਕਤ ਇਨ੍ਹਾਂ ਦੇ ਪਿੱਛੇ ਝੋਕ ਦਿੱਤੀ ਹੈ। ਜੇ ਇਸ ਸਰਮਾਏਦਾਰੀ ਜਮਾਤ ਦੇ ਪੈਸੇ ਅਤੇ ਪ੍ਰਚਾਰ ਤੰਤਰ ਦੀ ਤਾਕਤ ਨੂੰ ਹਟਾ ਦਿੱਤਾ ਜਾਵੇ ਤਾਂ ਸੰਘੀਆਂ ਦਾ ਆਪਣੇ ਦਮ ਤੇ ਟਿਕਣਾ ਬੇਹੱਦ ਮੁਸ਼ਕਿਲ ਹੋ ਜਾਵੇਗਾ। ਹਿੰਦੂਤਵ ਫਾਸ਼ੀਵਾਦੀਆਂ ਨੂੰ ਸਰਮਾਏਦਾਰੀ ਜਮਾਤ ਦੀ ਹਮਾਇਤ ਵਧਦੀ ਗਈ ਹੈ। ਪਹਿਲਾਂ ਇਹ ਹਮਾਇਤ ਦਕੀਆਨੂਸੀ ਪੂੰਜੀਵਾਦੀਆਂ ਅਤੇ ਜਗੀਰੂ ਤੱਤਾਂ ਵੱਲੋਂ ਹੀ ਸੀ ਫਿਰ ਹੋਰ ਸਰਮਾਏਦਾਰ ਵੀ ਇਸ ਦੀ ਹਮਾਇਤ ਵਿੱਚ ਉੱਤਰ ਆਏ ਅਤੇ ਜਦ ਇਹ ਸੱਤਾ ਵਿੱਚ ਪਹੁੰਚਣ ਲੱਗੇ ਤਾਂ ਸਰਮਾਏਦਾਰਾਂ ਵਲੋਂ ਇਨ੍ਹਾਂ ਦੀ ਹਮਾਇਤ ਨਵੀਆਂ ਸਿਖਰਾਂ ਤੇ ਪਹੁੰਚ ਗਈ ਅਤੇ 2014 ਚ ਤਾਂ ਸਰਮਾਏਦਾਰੀ ਜਮਾਤ ਨੇ ਹੀ ਇਨ੍ਹਾਂ ਨੂੰ ਸੱਤਾ ਤੇ ਬਿਠਾਇਆ।




ਹਿੰਦੂਤਵ ਫਾਸ਼ੀਵਾਦੀਆਂ ਨੂੰ ਸੱਤਾ ਤੇ ਬਿਠਾਉਣ ਵਿੱਚ ਜਿੰਨੇ ਗੁਨਾਹਗਾਰ ਭਾਰਤੀ ਸਰਮਾਏਦਾਰ ਹਨ ਉਸ ਤੋਂ ਕਿਵੇਂ ਵੀ ਘੱਟ ਪੂੰਜੀਵਾਦੀ ਨੇਤਾ ਨਹੀਂ ਹਨ। ਵੈਸੇ ਤਾਂ ਪੂੰਜੀਪਤੀ ਨੇਤਾ ਪੂੰਜੀਪਤੀ ਵਰਗ ਦੇ ਹੀ ਨੁਮਾਇੰਦੇ ਹੁੰਦੇ ਹਨ ਇਸ ਲਈ ਉਨ੍ਹਾਂ ਤੋਂ ਵੱਖਰੇ ਵਰਤਾਅ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਆਜ਼ਾਦੀ ਦੀ ਲੜਾਈ ਦੌਰਾਨ ਕਾਂਗਰਸ ਪਾਰਟੀ ਖੁਦ ਅਨੇਕਾਂ ਧਾਰਮਿਕ ਕੱਟੜਪੰਥੀਆਂ ਇੱਥੋਂ ਤਕ ਕਿ ਫ਼ਿਰਕੂ ਨੇਤਾਵਾਂ ਨਾਲ ਭਰੀ ਪਈ ਸੀ। ਬਾਲ ਗੰਗਾਧਰ ਤਿਲਕ ਅਤੇ ਲਾਲਾ ਲਾਜਪਤ ਰਾਏ ਧਾਰਮਕ ਕੱਟੜ ਪੰਥੀ ਅਤੇ ਕੁਝ ਹੱਦ ਤਕ ਫ਼ਿਰਕਾਪ੍ਰਸਤ ਵੀ ਸਨ। ਮਦਨ ਮੋਹਨ ਮਾਲਵੀਆ ਤਾਂ ਹਿੰਦੂ ਮਹਾਂਸਭਾ ਵਿੱਚ ਵੀ ਸਨ। ਰਾਜਿੰਦਰ ਪ੍ਰਸ਼ਾਦ, ਗੋਬਿੰਦ ਵੱਲਭ ਪੰਤ, ਘਨੱਈਆ ਲਾਲ, ਮਨਿਕ ਲਾਲ ਮੁਨਸ਼ੀ ਆਦਿ ਸੰਘ ਤੇ ਹਿੰਦੂ ਮਹਾਂਸਭਾ ਦੀ ਸੋਚ ਦੇ ਬਹੁਤ ਨਜ਼ਦੀਕ ਸਨ। ਕਾਂਗਰਸ ਚ ਅਜਿਹੇ ਤੱਤਾਂ ਦੀ ਭਰਮਾਰ ਦੇ ਕਾਰਨ ਹੀ ਸੰਵਿਧਾਨ ਵਿੱਚ ਗਊ ਰੱਖਿਆ ਦੀ ਗੱਲ ਦਰਜ ਹੋ ਗਈ, ਜਿਸ ਦੀ ਵਰਤੋਂ ਕਰ ਕੇ ਅੱਜ ਸੰਘੀ ਸ਼ੋਰ ਪਾਉਂਦੇ ਰਹਿੰਦੇ ਹਨ। ਇੱਥੇ ਇਹ ਗੱਲ ਰੱਖਣ ਲਾਇਕ ਹੈ ਕਿ ਮਹਾਤਮਾ ਗਾਂਧੀ ਦੀ ਹੱਤਿਆ ਦੇ ਕੁਝ ਮਹੀਨੇ ਬਾਅਦ ਹੀ ਸਰਦਾਰ ਪਟੇਲ ਨੇ ਕਾਂਗਰਸ ਕਾਰਜਕਾਰਨੀ ਵਿਚ ਇਹ ਪ੍ਰਸਤਾਵ ਪਾਸ ਕਰਵਾਇਆ ਕਿ ਸੰਘ ਦੇ ਲੋਕ ਕਾਂਗਰਸ ਵਿੱਚ ਸ਼ਾਮਲ ਹੋ ਸਕਦੇ ਹਨ। ਬਾਅਦ ਵਿੱਚ ਨਹਿਰੂ ਨੇ ਉਸ ਨੂੰ ਰੱਦ ਕਰ ਦਿੱਤਾ ਸੀ। ਅੱਜ ਇਹ ਗੱਲ ਜੱਗ ਜ਼ਾਹਰ ਹੈ ਕਿ ਸਾਵਰਕਰ ਨੂੰ ਗਾਂਧੀ ਦੀ ਹੱਤਿਆ ਵਿਚ ਸ਼ਾਮਲ ਹੋਣ ਦੇ ਜੁਰਮ ਤੋਂ ਬਚਾਉਣ ਤੇ ਬਾਬਰੀ ਮਸਜਿਦ ਵਿੱਚ ਰਾਮਲੱਲਾ ਦੀ ਮੂਰਤੀ ਰੱਖ ਕੇ ਉਸ ਨੂੰ ਵਿਵਾਦਗ੍ਰਸਤ ਬਣਾਉਣ ਵਿੱਚ ਕਾਂਗਰਸ ਦੇ ਵੱਡੇ ਨੇਤਾਵਾਂ ਦਾ ਹੱਥ ਸੀ। ਜੇ ਉਹ ਨਾ ਚਾਹੁੰਦੇ ਤਾਂ ਗਾਂਧੀ ਹੱਤਿਆ ਤੋਂ ਬਾਅਦ ਸੰਘ ਤੇ ਹਿੰਦੂ ਮਹਾਂਸਭਾ ਦੀ ਹੋਂਦ ਨਹੀਂ ਬਚ ਸਕਦੀ ਸੀ। ਇਹ ਵੀ ਯਾਦ ਰੱਖਣਾ ਪਵੇਗਾ ਕਿ ਹਿੰਦੂ ਮਹਾਂ ਸਭਾ ਦੇ ਪ੍ਰਧਾਨ ਸ਼ਿਆਮ ਪ੍ਰਸਾਦ ਮੁਖਰਜੀ ਨੂੰ ਆਜ਼ਾਦੀ ਸਮੇਂ ਬਣਾਉਣ ਵਾਲੇ ਨਹਿਰੂ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਗਿਆ ਸੀ। ਉਸ ਚੋਂ ਨਿਕਲ ਕੇ ਉਹ ਆਰ ਐੱਸ ਐੱਸ ਵਲੋਂ ਨਵ ਗਠਿਤ ਜਨਸੰਘ ਦੇ ਪਹਿਲੇ ਪ੍ਰਧਾਨ ਬਣ ਗਏ। ਉਦੋਂ ਹਿੰਦੂ ਮਹਾਸਭਾ ਅਤੇ ਸੰਘ ਦੇ ਹਿੰਦੂ ਫਾਸ਼ੀਵਾਦੀ ਕਿਰਦਾਰ ਪ੍ਰਤੀ ਕਿਸੇ ਨੂੰ ਸ਼ੱਕ ਨਹੀਂ ਸੀ ਰਹਿ ਗਿਆ ਸੀ। ਅੱਜ ਦੀ ਤੁਲਨਾ ਵਿਚ ਉਦੋਂ ਉਹ ਆਪਣੇ ਵਿਚਾਰਾਂ ਨੂੰ ਘੱਟ ਛਪਾਉਂਦੇ ਸਨ। ਇਹ ਸਿਲਸਿਲਾ ਅੱਗੇ ਹੀ ਵਧਦਾ ਗਿਆ ਖਾਸ ਕਰਕੇ ਸਮਾਜਵਾਦੀ ਪਾਰਟੀ ਨੇ ਕਾਂਗਰਸ ਦੇ ਵਿਰੋਧ ਦੇ ਨਾਂ ਤੇ ਸੰਘ ਦੇ ਕਾਫ਼ੀ ਨਾਲ ਕਾਫ਼ੀ ਗਠਜੋੜ ਕਰ ਲਿਆ। ਇਹ ਨੇੜਤਾ 1967 ਦੀਆਂ ਸੂਬਾਈ ਮਿਲੀਆਂ ਜੁਲੀਆਂ ਸਰਕਾਰਾਂ ਤੋਂ ਹੁੰਦੀ ਹੋਈ ਐਮਰਜੈਂਸੀ ਅਤੇ ਜਨਤਾ ਪਾਰਟੀ ਸਰਕਾਰ ਤੱਕ ਜਾ ਪਹੁੰਚੀ। ਜੇਪੀ ਅੰਦੋਲਨ ਅਤੇ ਜਨਤਾ ਪਾਰਟੀ ਹੀ ਇਸ ਦੇ ਮਾਧਿਅਮ ਸਨ। ਜਿਸ ਨਾਲ ਸੰਘ ਦੇ ਹਿੰਦੂ ਫਾਸ਼ੀਵਾਦੀਆਂ ਨੂੰ ਭਾਰਤ ਵਿੱਚ ਵੱਡੀ ਪੱਧਰ ਤੇ ਮਾਨਤਾ ਮਿਲੀ। ਸਮਾਜਵਾਦੀ ਜੈ ਪ੍ਰਕਾਸ਼ ਨਰਾਇਣ ਇਨ੍ਹਾਂ ਦੇ ਕਿਰਦਾਰ ਤੋਂ ਅੱਛੀ ਤਰ੍ਹਾਂ ਵਾਕਫ਼ ਸਨ ਅਤੇ ਕਈ ਵਾਰ ਇਸ ਬਾਰੇ ਗੱਲ ਵੀ ਕਰ ਚੁੱਕੇ ਸਨ। ਉਨ੍ਹਾਂ ਨੇ ਸੰਘ ਦੇ ਹਿੰਦੂਤਵ ਫਾਸ਼ੀਵਾਦੀਆ ਨੂੰ ਨਾਲ ਲੈਣ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਕਿ ਉਹ ਇਸ ਦੇ ਜ਼ਰੀਏ ਉਨ੍ਹਾਂ ਨੂੰ ਸੁਧਾਰਨਾ ਚਾਹੁੰਦੇ ਹਨ। ਜਨਤਾ ਪਾਰਟੀ ਦੇ ਖਿੰਡ ਜਾਣ ਪਿੱਛੋਂ ਜਦ ਇੰਦਰਾ ਗਾਂਧੀ ਵਾਪਸ ਸੱਤਾ ਵਿਚ ਆਈ ਤਾਂ ਉਨ੍ਹਾਂ ਨੇ ਹਿੰਦੂਤਵ ਫਾਸ਼ੀਵਾਦੀਆਂ ਨਾਲ ਮਿਲੀਭੁਗਤ ਦਾ ਰਸਤਾ ਅਪਣਾਇਆ ਜਿਸ ਨੂੰ ਉਨ੍ਹਾਂ ਦੇ ਬੇਟੇ ਰਾਜੀਵ ਗਾਂਧੀ ਨੇ ਅੱਗੇ ਵਧਾਇਆ। ਇੰਦਰਾ ਗਾਂਧੀ ਹਿੰਦੂ ਫਾਸ਼ੀਵਾਦੀਆਂ ਦੇ ਪ੍ਰੋਗਰਾਮ ਵਿਚ ਸ਼ਾਮਲ ਵੀ ਹੋਈ। ਜਦੋਂ ਸਰਕਾਰ ਨੇ ਪੰਜਾਬ ਵਿੱਚ ਖਾਲਿਸਤਾਨੀ ਅੰਦੋਲਨ ਦਾ ਦਿਓ ਪੈਦਾ ਕੀਤਾ ਤਾ ਉਸ ਦੇ ਖ਼ਿਲਾਫ਼ ਹਿੰਦੂਤਵ ਦੇ ਧਾਰਮਕ ਜਨੂੰਨ ਨੂੰ ਭੜਕਾਉਣ ਵਿਚ ਸੰਘ ਨੇ ਮਹੱਤਵਪੂਰਨ ਭੂਮਿਕਾ ਅਦਾ ਕੀਤੀ। ਚੁਰਾਸੀ ਦੇ ਸਿੱਖ ਵਿਰੋਧੀ ਦੰਗਿਆਂ ਵਿੱਚ ਜਿੰਨੇ ਕਾਂਗਰਸੀ ਸਰਗਰਮ ਸਨ ਓਨੇ ਹੀ ਸੰਘੀ ਵੀ। ਉਸ ਪਿੱਛੋਂ ਚੋਣਾਂ ਵਿਚ ਸੰਘੀਆਂ ਨੇ ਭਰੀ ਗੁਣਤੀ ਵਿੱਚ ਕਾਂਗਰਸ ਪਾਰਟੀ ਨੂੰ ਵੋਟ ਦਿੱਤੀ, ਜਿਸ ਸਿੱਟੇ ਵਜੋਂ ਭਾਜਪਾ ਦੋ ਸੀਟਾਂ ਤੱਕ ਸਿਮਟ ਗਈ। ਇੱਥੇ ਇਹ ਯਾਦ ਰੱਖਣਾ ਹੋਵੇਗਾ ਕਿ ਹਿੰਦੂਤਵ ਫਾਸ਼ੀਵਾਦੀਆਂ ਨਾਲ ਮਿਲੀਭੁਗਤਕਰਨ ਲਈ ਹੀ ਰਾਜੀਵ ਗਾਂਧੀ ਸਰਕਾਰ ਨੇ ਬਾਬਰੀ ਮਸਜਿਦ ਦਾ ਤਾਲਾ ਖੁਲਵਾਉਣ ਦਾ ਫੈਸਲਾ ਕੀਤਾ। ਕਾਂਗਰਸ ਪਾਰਟੀ ਦੀ ਹਿੰਦੂਤਵ ਫਾਸ਼ੀਵਾਦੀਆਂ ਦੇ ਤੁਸ਼ਟੀਕਰਨ ਦੀ ਇਹ ਖੇਡ 1992 ਵਿਚ ਬਾਬਰੀ ਮਸਜਿਦ ਦੇ ਢਹਿ-ਢੇਰੀ ਹੋਣ ਤੱਕ ਚੱਲਦੀ ਰਹੀ। ਇਹ ਸਾਰੇ ਕੁਝ ਦਾ ਸਿੱਟਾ ਇਹ ਨਿਕਲਿਆ ਕਿ ਹਿੰਦੂ ਫਾਸ਼ੀਵਾਦੀਆਂ ਦਾ ਭਾਰਤੀ ਸਮਾਜਿਕ ਪ੍ਰਭਾਵ ਲਗਾਤਾਰ ਵਧਦਾ ਗਿਆ ਅਤੇ ਕਾਂਗਰਸ ਪਾਰਟੀ ਲਗਾਤਾਰ ਸੁੰਗੜਦੀ ਗਈ। ਅੱਜ ਇਹ ਆਪਣੀ ਹੋਂਦ ਦੇ ਸੰਕਟ ਨਾਲ ਜੂਝ ਰਹੀ ਹੈ। ਦੇਸ਼ ਦੀ ਆਜ਼ਾਦੀ ਦੀ ਲੜਾਈ ਦੀ ਨੇਤਾ ਤੇ ਧਰਮ ਨਿਰਪੱਖਤਾ ਦੀ ਸਵੈ-ਐਲਾਨੀ ਅਲੰਬਰਦਾਰ ਕਾਂਗਰਸ ਪਾਰਟੀ ਦੀ ਹਿੰਦੂ ਫਾਸ਼ੀਵਾਦੀਆਂ ਦੇ ਮਾਮਲੇ ਵਿੱਚ ਇਹ ਸਥਿਤੀ ਸੀ ਤਾਂ ਹੋਰ ਪੂੰਜੀਵਾਦੀ ਪਾਰਟੀਆਂ ਦੀ ਤਾਂ ਗੱਲ ਹੀ ਛੱਡੋ। ਜਿਵੇਂ ਕਿ ਪਹਿਲਾਂ ਹੀ ਕਿਹਾ ਗਿਆ ਹੈ ਸਾਮਾਜਵਾਦੀ ਪਾਰਟੀ ਸੱਠ ਦੇ ਦਹਾਕੇ ਤੋਂ ਹੀ ਹਿੰਦੂ ਫਾਸ਼ੀਵਾਦੀਆਂ ਨਾਲ ਮਿਲੀਭੁਗਤ ਕਰਦੀ ਰਹੀ ਹੈ ਜੋ 1977 ਵਿਚ ਉਨ੍ਹਾਂ ਦੇ ਇੱਕ ਹੀ ਪਾਰਟੀ ਭਾਰਤੀ ਜਨਤਾ ਪਾਰਟੀ ਚ ਸਾਮਲ ਹੋਣ ਤੱਕ ਜਾ ਪਹੁੰਚੀ। ਜਦ ਪਾਰਟੀ ਦੇ ਟੁੱਟਣ ਪਿੱਛੋਂ ਸਮਾਜਵਾਦ ਪਾਰਟੀ ਵੀ ਕਈ ਟੋਟਿਆਂ ਵਿੱਚ ਖਿੰਡ ਗਈ ਅਤੇ ਉਨ੍ਹਾਂ ਨੇ ਭਾਜਪਾ ਨਾਲ ਮਿਲੀਭੁਗਤ ਜਾਰੀ ਰੱਖੀ। ਅੱਜ ਤਕ ਇਸ ਦੇ ਅਪਵਾਦ ਸਿਰਫ਼ ਰਾਸਟਰੀ ਜਨਤਾ ਦਲ ਤੇ ਕਿਸੇ ਹੱਦ ਤਕ ਸਮਾਜਵਾਦੀ ਪਾਰਟੀ (ਅਖਿਲੇਸ਼) ਹੀ ਹੈ। ਜਿਥੋਂ ਤਕ ਖੇਤਰੀ ਦਲਾਂ ਦੀ ਗੱਲ ਹੈ ਪਿਛਲੇ ਤਿੰਨ ਦਹਾਕਿਆਂ ਤੋਂ ਹਰ ਕਿਸੇ ਨੇ ਕਦੇ ਨਾ ਕਦੇ ਭਾਜਪਾ ਨਾਲ ਮਿਲੀਭੁਗਤ ਕੀਤੀ ਹੈ। ਇੱਥੇ ਵੀ ਯਾਦ ਰੱਖਣਾ ਹੋਵੇਗਾ ਕਿ ਸਰਕਾਰੀ ਖੱਬੇਪੱਖੀ ਯਾਨੀ ਭਾਕਪਾ-ਮਾਕਪਾ ਨੇ ਵੀ ਕਾਂਗਰਸ ਵਿਰੋਧ ਦੇ ਨਾਂ ਤੇ ਅਸਿੱਧੇ ਤੌਰ ਤੇ ਹਿੰਦੂ ਫਾਸ਼ੀਵਾਦੀਆਂ ਨਾਲ ਮਿਲੀਭੁਗਤ ਕੀਤੀ। ਇਸ ਦੀ ਸਭ ਤੋਂ ਵੱਡੀ ਉਦਾਹਰਣ 1989-90 ਵਿੱਚ ਵੀਪੀ ਸਿੰਘ ਦੀ ਸਰਕਾਰ ਨੂੰ ਹਮਾਇਤ ਦਿੱਤੀ ਸੀ ਜਿਸ ਨੂੰ ਭਾਜਪਾ ਵੀ ਹਮਾਇਤ ਦੇ ਰਹੀ ਸੀ। ਇਸ ਸਰਕਾਰ ਨੂੰ ਡੇਗਣ ਦਾ ਕੰਮ ਵੀ ਭਾਰਤੀ ਜਨਤਾ ਪਾਰਟੀ ਨੇ ਹੀ ਕੀਤਾ ਸੀ-ਰਾਮ ਮੰਦਰ ਰਥ ਯਾਤਰਾ ਰੋਕਣ ਲਈ। ਬਹੁਤ ਪਹਿਲਾਂ 1972 ਵਿੱਚ ਠੀਕ ਇਸੇ ਮੁੱਦੇ ਤੇ ਯਾਨੀ ਹਿੰਦੂ ਫਾਸ਼ੀਵਾਦੀਆਂ ਨਾਲ ਮਿਲੀ ਭੁਗਤ ਦੇ ਮੁੱਦੇ ਤੇ ਹੀ ਮਾਕਪਾ ਦੇ ਉਸ ਵੇਲੇ ਦੇ ਜਨਰਲ ਸਕੱਤਰ ਪੀ ਸੁੰਦਰਈਆ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਕਿਉਂਕਿ ਉਹ ਕਿਸੇ ਤਰ੍ਹਾਂ ਦੀ ਮਿਲੀਭੁਗਤ ਦੇ ਖ਼ਿਲਾਫ਼ ਸਨ। ਇਸ ਸੰਖੇਪ ਜਿਹੇ ਵਰਨਣ ਤੋਂ ਸਪੱਸ਼ਟ ਹੈ ਕਿ ਭਾਰਤ ਦੀ ਪੂੰਜੀਵਾਦੀ ਰਾਜਨੀਤੀ ਵਿਚ ਹਿੰਦੂ ਫਾਸ਼ੀਵਾਦੀਆਂ ਨੂੰ ਮਹੱਤਤਾ ਦਿਵਾਉਣ, ਉਭਾਰਨਾ, ਉਹਨਾਂ ਨੂੰ ਸਥਾਪਤ ਕਰਨ ਤੇ ਫਿਰ ਸੱਤਾ ਚ ਲਿਆਉਣ ਵਿੱਚ ਉਹਨਾਂ ਪੂੰਜੀਵਾਦੀ ਪਾਰਟੀਆਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ ਜੋ ਖੁਦ ਨੂੰ ਲੋਕਰਾਜੀ ਤੇ ਧਰਮ ਨਿਰਪੱਖ ਦਸਦੀਆਂ ਰਹੀਆਂ ਹਨ। ਖ਼ੁਦ ਉਨ੍ਹਾਂ ਅੰਦਰ ਹਿੰਦੂ ਫਿਰਕਾਪ੍ਰਸਤੀ ਦੀ ਇਕ ਧਾਰਾ ਰਹੀ ਹੈ ਜਿਸ ਨੇ ਹਿੰਦੂ ਫਾਸ਼ੀਵਾਦੀਆਂ ਦੇ ਪ੍ਰਤੀ ਨਰਮ ਜਾਂ ਸਹਿਯੋਗ ਦਾ ਰੁਖ ਅਪਨਾਉਣ ਵਿੱਚ ਭੂਮਿਕਾ ਅਦਾ ਕੀਤੀ। ਰਹੀ ਸਹੀ ਕਸਰ ਸੱਤਾ ਦੇ ਲਾਲਚ ਤੇ ਪੂੰਜੀਵਾਦੀ ਰਾਜਨੀਤੀ ਦੇ ਜੋੜ ਤੋੜ ਨੇ ਪੂਰੀ ਕਰ ਦਿੱਤੀ।

ਇਹ ਪਾਰਟੀਆਂ ਭਾਵੇਂ ਹੀ ਸੋਚਦੀਆਂ ਰਹੀਆਂ ਹੋਣ ਕਿ ਉਹ ਹਿੰਦੂ ਫਾਸ਼ੀਵਾਦੀਆਂ ਦੀ ਵਰਤੋਂ ਕਰ ਲੈਣਗੀਆਂ ਪਰ ਅਸਲ ਵਿੱਚ ਹਿੰਦੂ ਫਾਸ਼ੀਵਾਦੀਆਂ ਨੇ ਉਨ੍ਹਾਂ ਦੀ ਵਰਤੋਂ ਕਰ ਲਈ। ਹਿੰਦੂ ਫਾਸ਼ੀਵਾਦੀ ਆਪਣੇ ਮਕਸਦ ਵਿੱਚ ਜ਼ਿਆਦਾ ਦ੍ਰਿੜ੍ਹ ਅਤੇ ਕੁਸ਼ਲ ਸਾਬਤ ਹੋਏ। ਪਰ ਇਸ ਨਾਲ ਇਨ੍ਹਾਂ ਨੇ ਅੱਜ ਦੀ ਸਥਿਤੀ ਤਕ ਪਹੁੰਚਣ ਵਿੱਚ ਹੋਰ ਪੂੰਜੀਵਾਦੀ ਪਾਰਟੀਆਂ ਦਾ ਗੁਨਾਹ ਘੱਟ ਨਹੀਂ ਹੋ ਜਾਂਦਾ। ਅੱਜ ਕਾਂਗਰਸ ਪਾਰਟੀ ਤੇ ਹੋਰ ਭਾਜਪਾ ਵਿਰੋਧੀ ਪਾਰਟੀਆਂ ਦੇ ਨੇਤਾ ਹਿੰਦੂ ਫਾਸ਼ੀਵਾਦ ਦੇ ਖ਼ਿਲਾਫ਼ ਲੜਨ ਦੀ ਗੱਲ ਕਰਦੇ ਹਨ ਪਰ ਉਹ ਅਤੀਤ ਦੇ ਆਪਣੇ ਕੁਕਰਮਾਂ ਦੀ ਕੋਈ ਚਰਚਾ ਨਹੀਂ ਕਰਦੇ। ਉਹ ਜ਼ਰਾ ਵੀ ਚਰਚਾ ਨਹੀਂ ਕਰਦੇ ਕਿ ਕਿਵੇਂ ਹਿੰਦੂ ਫਿਰਕਾਪ੍ਰਸਤੀ ਪ੍ਰਤੀ ਉਨ੍ਹਾਂ ਦਾ ਰੁਖ਼ ਤੇ ਹਿੰਦੂ ਫਾਸ਼ੀਵਾਦੀਆਂ ਨਾਲ ਉਨ੍ਹਾਂ ਦੀ ਮਿਲੀਭੁਗਤ ਨੇ ਮਾਮਲੇ ਨੂੰ ਇੱਥੋਂ ਤੱਕ ਪਹੁੰਚਾਇਆ ਹੈ। ਉਹ ਇਹ ਵੀ ਜ਼ਰਾ ਚਰਚਾ ਨਹੀਂ ਕਰਦੇ ਕਿ ਅੱਜ ਦੇ ਹਿੰਦੂ ਫਾਸ਼ੀਵਾਦੀ ਮਾਹੌਲ ਦੀ ਉਸਾਰੀ ਵਿੱਚ ਉਨ੍ਹਾਂ ਦੀ ਵੀ ਮਹੱਤਵਪੂਰਨ ਭੂਮਿਕਾ ਰਹੀ ਹੈ। ਕਿ ਅੱਜ ਵੀ ਉਨ੍ਹਾਂ ਦੇ ਅੰਦਰ ਹਿੰਦੂ ਫਿਰਕੂ ਤੱਤਾਂ ਦੀ ਭਰਮਾਰ ਹੈ, ਜੋ ਪਲਕ ਝਪਕਦੇ ਹੀ ਹਿੰਦੂ ਫਾਸ਼ੀਵਾਦੀਆਂ ਦਾ ਪੱਲਾ ਫੜ ਲੈਂਦੇ ਹਨ ਅਤੇ ਠੀਕ ਇਨ੍ਹਾਂ ਹੀ ਸਾਰੇ ਕਾਰਨਾਂ ਕਰਕੇ ਉਹ ਹਿੰਦੂ ਫਾਸ਼ੀਵਾਦੀਆਂ ਖਿਲਾਫ ਕੋਈ ਲੜਾਈ ਨਹੀਂ ਲੜ ਸਕਦੇ। ਇਸ ਦੇ ਉਲਟ ਉਹ ਲਗਾਤਾਰ ਗੋਡੇ ਟੇਕਣਾ ਵੱਲ ਚਲੇ ਜਾਣਗੇ। ਵੱਧ ਤੋਂ ਵੱਧ "ਹਿੰਦੂ" ਬਣਦੇ ਜਾਣਗੇ। ਹਿੰਦੂ ਫਾਸ਼ੀਵਾਦੀਆਂ ਦੇ ਖ਼ਿਲਾਫ਼ ਜੰਗ ਕਿਸੇ ਹੋਰ ਪਾਸਿਉਂ ਹੀ ਖੜੀ ਹੋਵੇਗੀ।

# ਚੀ ਗਵੇਰਾ, ਕਿਊਬਾ ਦਾ ਭਗਤ ਸਿੰਘ

- ਰੌਸ਼ਨ ਸੁਚਾਨ
ਸਿਰਸਾ, ਹਰਿਆਣਾ
+919416382850





ਕਾਫੀ ਸਮਾਂ ਪਹਿਲਾਂ ਜਦੋਂ ਮੈਂ ਬਜਾਰ ਗਿਆ ਤਾਂ ਇਕ ਮੁੰਡੇ ਦੇ ਛੋਟੇ ਜਿਹੇ ਬੈਗ 'ਤੇ ਬਣੀ ਚੀ ਗਵੇਰਾ ਦੀ ਤਸਵੀਰ ਨੇ ਮੇਰੇ ਕਦਮ ਰੋਕ ਲਏ। ਮੈਂ ਉਤਸੁਕ ਹੋ ਕੇ ਨੌਜਵਾਨ ਨੂੰ ਪੁੱਛਿਆ, ਇਹ ਤਸਵੀਰ ਕਿਸ ਦੀ ਹੈ? ਉਸਨੇ ਕਿਹਾ ਚੀ ਗਵੇਰਾ। ਸ਼ਾਇਦ ਇਹ ਚੀ ਗਵੇਰਾ ਦੀ ਪ੍ਰਸਿੱਧੀ ਹੈ। ਇੱਕ ਕ੍ਰਿਸਮਈ ਸ਼ਖਸੀਅਤ, ਇੱਕ ਦੰਤਕਥਾ, ਇੱਕ ਜੋਸੀਲੇ ਕ੍ਰਾਂਤੀਕਾਰੀ, ਚੀ ਗਵੇਰਾ ਸਿਰਫ ਇੱਕ ਫੈਸ਼ਨ ਸਟੇਟਮੈਂਟ ਦਾ ਨਾਮ ਨਹੀਂ ਹੈ। ਸਿਰਫ ਉਸਦੀ ਤਸਵੀਰ ਬਾਈਕ ਜਾਂ 'ਤੇ ਚਿਪਕਾਉਣਾ, ਉਸਦੀ ਤਸਵੀਰ ਵਾਲੀ ਟੀ-ਸਰਟ ਪਾਉਣਾ ਜਾਂ ਟੋਪੀ ਪਹਿਨਣਾ ਹੀ ਕਾਫੀ ਹੈ। ਉਹ ਇੱਕ ਵਿਚਾਰ ਹੈ, ਇੱਕ ਜੀਵਨ ਸੈਲੀ ਦਾ ਨਾਮ ਹੈ। ਉਹ ਯੂਥ ਆਈਕਨ ਹੈ।

ਚੀ ਹੋਣ ਦਾ ਮਤਲਬ ਹੈ ਜਵਾਨੀ, ਊਰਜਾ, ਤਾਜੀ ਸੋਚ, ਤੂਫਾਨਾਂ ਨਾਲ ਲੜਨ ਦੀ ਤਾਕਤ, ਪਹਾੜਾਂ ਦੇ ਸੀਨੇ ਨੂੰ ਪਾੜਨ ਦੀ ਹਿੰਮਤ, ਅਸਮਾਨ ਨੂੰ ਆਪਣੀ ਮੁੱਠੀ ਵਿੱਚ ਰੱਖਣ ਦੀ ਭਾਵਨਾ ਅਤੇ ਇੱਕ ਖਿਡੌਣੇ ਵਾਂਗ ਆਪਣੀ ਜ਼ਿੰਦਗੀ ਨਾਲ ਖੇਡਣ ਦੀ ਇੱਛਾ ਹੈ। ਉਸਦਾ ਠੋਸ ਚਿਹਰਾ, ਚੌੜੇ ਮੱਥੇ ਅਤੇ ਸੁਪਨਿਆਂ ਨਾਲ ਭਰੀਆਂ ਅੱਖਾਂ ਤੇ ਉਨ੍ਹਾਂ ਅੱਖਾਂ ਦੇ ਉਹੀ ਸੁਪਨੇ ਜੋ ਨੌਜਵਾਨ ਪੀੜ੍ਹੀ ਦੇ ਸੁਪਨੇ ਹਨ। ਆਖਰ ਇਸ ਨੌਜਵਾਨ ਵਿਚ ਅਜਿਹਾ ਕੀ ਸੀ ਕਿ ਮਰਨ ਦੇ ਕਈ ਦਹਾਕਿਆਂ ਬਾਅਦ ਵੀ ਉਸ ਨੂੰ ਅਤੀਤ ਨਹੀਂ ਸਗੋਂ ਭਵਿੱਖ ਹੀ ਨਜ਼ਰ ਆਉਂਦਾ ਹੈ? ਅਸਲ ਵਿੱਚ, ਆਪਣੀ ਅਦਭੁਤ ਦਲੇਰੀ, ਨਿਰੰਤਰ ਸੰਘਰਸ਼, ਅਡੋਲ ਇਰਾਦਿਆਂ ਅਤੇ ਸਰਮਾਏਦਾਰੀ ਵਿਰੋਧੀ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਕਾਰਨ ਚੀ ਗਵੇਰਾ ਅੱਜ ਦੁਨੀਆਂ ਭਰ ਦੇ ਨੌਜਵਾਨਾਂ ਦਾ ਨਾਇਕ ਹੈ। ਇਹ ਚੀ ਦਾ ਜਨੂੰਨ ਹੀ ਸੀ ਜਿਸ ਨੇ 1959 ਵਿਚ ਕਿਊਬਾ ਦੀ ਕ੍ਰਾਂਤੀ ਤੋਂ ਬਾਅਦ ਵੀ ਉਸ ਨੂੰ ਚੈਨ ਨਾਲ ਨਹੀਂ ਬੈਠਣ ਦਿੱਤਾ ਅਤੇ ਕਿਊਬਾ ਰਾਜ ਛੱਡ ਕੇ ਓਹ 1965 ਵਿਚ ਵਿਸਵ ਦੌਰੇ 'ਤੇ ਨਿਕਲਿਆ ਅਤੇ ਅਫਰੀਕਾ ਅਤੇ ਬੋਲੀਵੀਆ ਵਿਚ ਕ੍ਰਾਂਤੀ ਲਿਆਉਣ ਦੀ ਕੋਸ਼ਿਸ਼ ਕੀਤੀ।

ਚੀ ਗਵੇਰਾ ਦਾ ਜਨਮ 14 ਜੂਨ, 1928 ਨੂੰ ਰੋਜਾਰੀਓ, ਅਰਜਨਟੀਨਾ ਵਿੱਚ ਹੋਇਆ ਸੀ। ਸਪੈਨਿਸ-ਆਇਰਿਸ ਮੂਲ ਦੇ ਜੰਮੇ, ਚੀ ਗਵੇਰਾ ਨੇ ਆਪਣਾ ਬਚਪਨ ਰੋਜਾਰੀਓ ਦੀਆਂ ਪਹਾੜੀਆਂ ਵਿੱਚ ਬਿਤਾਇਆ। ਛੋਟੀ ਉਮਰ ਵਿੱਚ, ਉਸਨੇ ਇਤਿਹਾਸ ਅਤੇ ਸਮਾਜ ਸਾਸਤਰ ਦਾ ਅਧਿਐਨ ਕੀਤਾ ਅਤੇ ਚਿਲੀ ਦੇ ਪ੍ਰਸਿੱਧ ਕ੍ਰਾਂਤੀਕਾਰੀ ਕਮਿਊਨਿਸਟ ਕਵੀ, ਪਾਬਲੋ ਨੇਰੂਦਾ ਤੋਂ ਬਹੁਤ ਪ੍ਰਭਾਵਿਤ ਹੋਇਆ। 19 ਸਾਲ ਦੀ ਉਮਰ ਵਿੱਚ, ਉਸਨੇ ਬਿਊਨਸ ਆਰਿਆਸ ਯੂਨੀਵਰਸਿਟੀ ਦੇ ਮੈਡੀਕਲ ਕਾਲਜ ਵਿੱਚ ਦਾਖਲਾ ਲਿਆ, ਪਰ ਆਪਣੀ ਡਾਕਟਰੀ ਸਿੱਖਿਆ ਦੇ ਆਖਰੀ ਸਾਲ ਵਿੱਚ, ਉਹ ਇੱਕ ਦੋਸਤ ਦੀ ਮੋਟਰ ਸਾਈਕਲ ਨਾਲ ਲਾਤੀਨੀ ਅਮਰੀਕਾ ਦੀ ਯਾਤਰਾ 'ਤੇ ਨਿਕਲਿਆ ਜੋ ਕੋੜ੍ਹ ਦੇ ਇਲਾਜ ਦਾ ਮਾਹਰ ਸੀ। ਅਸਲ ਵਿਚ ਇਹ ਸਫਰ ਉਸ ਦੀ ਜ਼ਿੰਦਗੀ ਵਿਚ ਤਬਦੀਲੀ ਦਾ ਸਫਰ ਸਾਬਤ ਹੋਇਆ, ਇਸ ਸਫਰ ਦੌਰਾਨ ਲੋਕਾਂ ਦੀ ਗਰੀਬੀ ਅਤੇ ਭੁੱਖਮਰੀ ਨੂੰ ਦੇਖ ਕੇ ਉਸ ਨੂੰ ਹਿਲਾ ਕੇ ਰੱਖ ਦਿੱਤਾ। 1954 ਵਿਚ ਵਾਪਸ ਆ ਕੇ ਚੀ ਗਵੇਰਾ ਨੇ ਡਾਕਟਰੀ ਦੀ ਪੜ੍ਹਾਈ ਪੂਰੀ ਕੀਤੀ। ਆਪਣੀ ਡਾਕਟਰੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਗੁਆਟੇਮਾਲਾ ਵਿੱਚ ਕੰਮ ਕਰਦੇ ਹੋਏ, ਉਸਨੇ ਅਰਬੇਨਜ ਦੇ ਸਮਾਜਵਾਦੀ ਸਾਸਨ ਦੇ ਵਿਰੁੱਧ ਸੀਆਈਏ ਦੀਆਂ ਸਾਜ਼ਿਸ਼ਾਂ ਨੂੰ ਦੇਖਿਆ, ਜਿਸ ਨੇ ਉਸਦੇ ਅੰਦਰ ਅਮਰੀਕੀ ਸਾਮਰਾਜਵਾਦ ਲਈ ਨਫਰਤ ਪੈਦਾ ਕੀਤੀ। ਗੁਆਟੇਮਾਲਾ ਵਿੱਚ, ਉਸਨੇ ਖੱਬੇਪੱਖੀ ਅਰਥ ਸਾਸਤਰੀ ਹਿਲਡਾ ਗਾਡੀਆ ਅਕੋਸਟਾ ਨਾਲ ਮੁਲਾਕਾਤ ਕੀਤੀ, ਜੋ ਅਮਰੀਕਨ ਪਾਪੂਲਰ ਰੈਵੋਲਿਊਸਨਰੀ ਅਲਾਇੰਸ ਦੀ ਮੈਂਬਰ ਸੀ। ਹਿਲਡਾ ਨੇ ਉਸ ਨੂੰ ਜਮਹੂਰੀ ਵਿੰਗ ਤੋਂ ਚੁਣੇ ਗਏ ਅਰਬੇਨਜ ਸਰਕਾਰ ਦੇ ਕੁਝ ਚੋਟੀ ਦੇ ਨੇਤਾਵਾਂ ਨਾਲ ਮੁਲਾਕਾਤ ਕਰਵਾਈ। ਸੀਆਈਏ ਵੱਲੋਂ ਉਥੇ ਜੈਕੋਬੋ ਆਰਬੇਨਜ ਦੀ ਹਕੂਮਤ ਦਾ ਤਖਤਾ ਪਲਟਣ ਤੋਂ ਬਾਅਦ ਉਸ ਨੂੰ ਅਰਜਨਟੀਨਾ ਦੇ ਦੂਤਾਵਾਸ ਵਿੱਚ ਸਰਨ ਲੈਣੀ ਪਈ ਅਤੇ ਉੱਥੋਂ ਉਹ ਮੈਕਸੀਕੋ ਵੱਲ ਚੱਲ ਪਿਆ।

ਮੈਕਸੀਕੋ ਵਿੱਚ, ਉਸਨੇ ਕਾਸਤਰੋ ਭਰਾਵਾਂ ਨਾਲ ਮੁਲਾਕਾਤ ਕੀਤੀ ਅਤੇ 1956 ਵਿੱਚ ਕਿਊਬਾ ਦੇ ਤਾਨਾਸਾਹ ਬਤਿਸਤਾ ਦੇ ਖਿਲਾਫ ਮੁਹਿੰਮ ਵਿੱਚ ਚੇ ਉਹਨਾਂ ਦਾ ਸਹਿਯੋਗੀ ਬਣ ਗਿਆ। 25 ਨਵੰਬਰ 1956 ਨੂੰ, ਚੀ ਗਵੇਰਾ, ਇੱਕ ਡਾਕਟਰ ਦੇ ਰੂਪ ਵਿੱਚ, ਪੂਰਬੀ ਕਿਊਬਾ ਵਿੱਚ ਗ੍ਰੇਨਮਾ ਜਹਾਜ ਤੋਂ ਕਾਸਤਰੋ ਭਰਾਵਾਂ ਨਾਲ ਉਤਰਿਆ, ਜਿੱਥੇ ਬਤਿਸਤਾ ਦੀਆਂ ਫੌਜਾਂ ਨੇ ਉਤਰਨ 'ਤੇ ਗੁਰੀਲਾ ਫੌਜ 'ਤੇ ਹਮਲਾ ਕੀਤਾ। ਇਸ ਹਮਲੇ ਵਿੱਚ ਉਸਦੇ 82 ਸਾਥੀ ਲੜਾਈ ਵਿੱਚ ਮਾਰੇ ਗਏ ਸਨ ਜਾਂ ਗ੍ਰਿਫਤਾਰ ਕਰ ਕੇ ਮਾਰ ਦਿੱਤੇ ਗਏ ਸਨ। ਇਹ ਉਹ ਸਮਾਂ ਸੀ ਜਦੋਂ ਚੀ ਗਵੇਰਾ ਨੇ ਮੈਡੀਕਲ ਬਾਕਸ ਨੂੰ ਛੱਡ ਕੇ ਹਥਿਆਰ ਚੁੱਕੇ ਸਨ, ਬਾਅਦ ਵਿੱਚ ਉਸਨੇ ਇੱਕ ਗੁਰੀਲਾ ਕਮਾਂਡਰ ਵਜੋਂ ਸੀਅਰਾ ਮੇਸਟ੍ਰਾ ਦੀਆਂ ਪਹਾੜੀਆਂ ਵਿੱਚ ਰਹਿ ਰਹੀ ਗੁਰੀਲਾ ਫੌਜ ਦੀ ਅਗਵਾਈ ਕੀਤੀ। ਇਸ ਗੁਰੀਲਾ ਫੌਜ ਨੇ 31 ਦਸੰਬਰ 1958 ਨੂੰ ਕਿਊਬਾ ਦੀ ਬਤਿਸਤਾ ਹਕੂਮਤ ਦਾ ਤਖਤਾ ਪਲਟ ਦਿੱਤਾ। ਚੀ ਗਵੇਰਾ ਪਹਿਲਾ ਗੁਰੀਲਾ ਕਮਾਂਡਰ ਸੀ ਜਿਸਨੇ ਜਨਵਰੀ 1959 ਵਿੱਚ ਹਵਾਨਾ ਵਿੱਚ ਦਾਖਲ ਹੋ ਕੇ ਹਵਾਨਾ ਉੱਤੇ ਕਬਜ਼ਾ ਕੀਤਾ ਸੀ। ਇਸ ਕ੍ਰਾਂਤੀ ਤੋਂ ਥੋੜ੍ਹੇ ਦਿਨਾਂ ਬਾਅਦ ਚੀ ਨੇ ਅਲੇਡੀਆ ਮਾਰਕ ਨਾਲ ਵਿਆਹ ਕਰਵਾ ਲਿਆ ਅਤੇ ਹਨੀਮੂਨ 'ਤੇ ਚਲਾ ਗਿਆ।

ਚੀ ਗੇਵਾਰਾ ਭਾਰਤ ਆਇਆ ਸੀ! ਚੀ ਦੀ ਭਾਰਤ ਫੇਰੀ ਦਾ ਇੱਕ ਅਪ੍ਰਮਾਣਿਕ ਅਤੇ ਟੂਰ ਦੇ ਸਹਿਯੋਗੀ ਪਾਰਡੋ ਲਾਡਾ ਦੇ ਹਵਾਲੇ ਨਾਲ ਇੱਕ ਕਿੱਸੇ ਦਾ ਵੇਰਵਾ ਸਾਮਲ ਹੈ। ਪਾਰਡੋ ਦੇ ਅਨੁਸਾਰ, ਚੀ ਦੀ ਨਹਿਰੂ, 'ਨਾਲ ਮੁਲਾਕਾਤ ਇੱਕ ਸਾਨਦਾਰ ਦੁਪਹਿਰ ਦੇ ਖਾਣੇ 'ਤੇ ਹੋਈ ਸੀ। ਇੰਦਰਾ ਗਾਂਧੀ ਅਤੇ ਉਸਦੇ ਬੱਚੇ ਰਾਜੀਵ ਅਤੇ ਸੰਜੇ ਵੀ 'ਸਰਕਾਰੀ ਮਹਿਲ' (ਤਿੰਨ-ਮੂਰਤੀ ਇਮਾਰਤ) ਵਿੱਚ ਰਾਤ ਦੇ ਖਾਣੇ ਦੀ ਮੇਜ 'ਤੇ ਮੌਜੂਦ ਸਨ। ਪਾਰਡੋ ਕਹਿੰਦਾ ਹੈ, ਚੀ ਨਹਿਰੂ ਨੂੰ ਚੀਨ ਅਤੇ ਮਾਓ ਬਾਰੇ ਸਵਾਲ ਪੁੱਛਦਾ ਰਿਹਾ ਅਤੇ ਨਹਿਰੂ ਉਨ੍ਹਾਂ (ਗੰਭੀਰ) ਸਵਾਲਾਂ ਨੂੰ ਪੂਰੀ ਤਰ੍ਹਾਂ ਨਜਰਅੰਦਾਜ਼ ਕਰਦੇ ਹੋਏ ਮੇਜ 'ਤੇ ਫਲਾਂ ਅਤੇ ਸਬਜੀਆਂ ਬਾਰੇ ਗੱਲ ਕਰਦੇ ਰਹੇ। ਚੀ ਗੇਵਾਰਾ ਨੇ ਪ੍ਰਧਾਨ ਮੰਤਰੀ ਨਹਿਰੂ ਨੂੰ ਕਿਊਬਾ ਦੇ ਸਿਗਾਰਾਂ ਦਾ ਇੱਕ ਡੱਬਾ ਭੇਂਟ ਕੀਤਾ। ਸਿਗਰਟ ਪੀਣ ਦੇ ਸ਼ੌਕੀਨ ਨਹਿਰੂ ਦੇ ਚਿਹਰੇ 'ਤੇ ਫੈਲੀ ਮੁਸਕਰਾਹਟ ਤਸਵੀਰ 'ਚ ਦੇਖੀ ਜਾ ਸਕਦੀ ਹੈ। ਨਹਿਰੂ ਨੇ ਲੜਾਕੂ ਗੇਵਾਰਾ ਨੂੰ ਕਟਾਰੀ ਭੇਟ ਕੀਤੀ।

ਚੀ ਨੇ ਆਪਣੇ ਭਾਰਤ ਦੌਰੇ ਤੋਂ ਪਰਤਣ ਤੋਂ ਬਾਅਦ ਫਿਦੇਲ ਕਾਸਤਰੋ ਨੂੰ ਇੱਕ ਰਿਪੋਰਟ ਸੌਂਪੀ। ਉਹ ਰਿਪੋਰਟ 12 ਅਕਤੂਬਰ 1959 ਦੇ ਹਫਤਾਵਾਰੀ 'ਵਰਡੇ ਓਲੀਵੋ' ਦੇ ਅੰਕ ਵਿੱਚ ਜਨਤਕ ਹੋਈ। ਉਸਦਾ ਸਹੀ ਅਨੁਵਾਦ ਇਸ ਅੰਕ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਨੂੰ ਪੜ੍ਹ ਕੇ ਪਤਾ ਲੱਗ ਸਕਦਾ ਹੈ ਕਿ ਚੀ ਗੇਵਾਰਾ ਭਾਰਤ ਨੂੰ ਨਿਰਾਸ਼ਾ ਦੀ ਨਜਰ ਨਾਲ ਨਹੀਂ ਨਿਰਪੱਖਤਾ ਨਾਲ ਵੇਖਦਾ ਸੀ। ਯਾਦ ਰਹੇ ਉਸ ਵੇਲੇ ਭਾਰਤ ਨੂੰ ਬ੍ਰਿਟਿਸ ਰਾਜ ਤੋਂ ਬਰੀ ਹੋਏ ਨੂੰ ਬਾਰਾਂ ਸਾਲ ਹੀ ਹੋਏ ਸਨ।

ਉਸ ਤਿੰਨ ਪੰਨਿਆਂ ਦੀ ਰਿਪੋਰਟ ਵਿੱਚ, ਉਸਨੇ ਭਾਰਤ ਦੇ 'ਉਦਯੋਗਿਕ ਵਿਕਾਸ' ਅਤੇ ਗੁੰਝਲਦਾਰ ਲੈਂਡਸਕੇਪ ਦੇ ਨਾਲ ਭਾਰਤ ਅਤੇ ਕਿਊਬਾ ਦੇ ਸਮਾਜਿਕ-ਆਰਥਿਕ ਢਾਂਚੇ ਨੂੰ 'ਸਮਾਨ' ਕਰਾਰ ਦਿੰਦਿਆਂ 'ਦੋ ਉਦਯੋਗਿਕ' ਦੇਸਾਂ ਦੀ 'ਇਕੋ ਸਮੇਂ' ਤਰੱਕੀ ਦੀ ਸੰਭਾਵਨਾ ਵੀ ਪ੍ਰਗਟ ਕੀਤੀ। ਚੀ ਗਵੇਰਾ ਨੇ ਲਿਖਿਆ "ਤਕਨੀਕੀ ਵਿਕਾਸ ਵਿੱਚ ਭਾਰਤੀ ਵਿਗਿਆਨੀਆਂ ਦੀ ਮੁਹਾਰਤ ਨੂੰ ਮਾਨਤਾ ਦਿੰਦੇ ਹੋਏ, ਅਸੀਂ ਸਪੱਸਟ ਤੌਰ 'ਤੇ ਕਹਿੰਦੇ ਹਾਂ ਕਿ 'ਇਸ ਯਾਤਰਾ ਵਿੱਚ ਸਾਨੂੰ ਬਹੁਤ ਸਾਰੀਆਂ ਲਾਭਦਾਇਕ ਚੀਜਾਂ ਸਿੱਖਣ ਨੂੰ ਮਿਲੀਆਂ ਨੇ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਸੀਂ ਸਿੱਖਿਆ ਹੈ ਕਿ ਕਿਸੇ ਦੇਸ ਦਾ ਆਰਥਿਕ ਵਿਕਾਸ ਉਸ ਦੇ ਤਕਨੀਕੀ ਵਿਕਾਸ 'ਤੇ ਨਿਰਭਰ ਕਰਦਾ ਹੈ। ਪਰ ਚੀ ਦੇ ਭਾਰਤ ਦੇ ਫਲਸਫੇ ਵਿੱਚ ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਉਸਨੇ ਬਿਨਾਂ ਕਿਸੇ ਝਿਜਕ ਦੇ, ਭਾਰਤ ਦੀ ਆਜਾਦੀ ਵਿੱਚ ਗਾਂਧੀ ਦੇ 'ਸਤਿਆਗ੍ਰਹਿ' ਦੀ ਭੂਮਿਕਾ ਨੂੰ ਪਛਾਣ ਲਿਆ। ਰਿਪੋਰਟ ਵਿਚ ਉਸ ਦੇ ਆਪਣੇ ਸਬਦ ਹਨ: 'ਜਨਤਕ ਅਸੰਤੋਸ ਦੇ ਵਿਸਾਲ ਸਾਂਤੀਪੂਰਨ ਪ੍ਰਦਰਸਨਾਂ ਨੇ ਅੰਗਰੇਜੀ ਬਸਤੀਵਾਦ ਨੂੰ ਆਖਰਕਾਰ ਉਸ ਦੇਸ ਨੂੰ ਹਮੇਸਾ ਲਈ ਛੱਡਣ ਲਈ ਮਜਬੂਰ ਕਰ ਦਿੱਤਾ ਜਿਸ ਦਾ ਉਹ ਪਿਛਲੇ ਡੇਢ ਸੌ ਸਾਲਾਂ ਤੋਂ ਸੋਸਣ ਕਰ ਰਿਹਾ ਸੀ।'

ਚੀ ਗਵੇਰਾ ਦੇ ਜਨੂੰਨ ਅਤੇ ਸੰਸਾਰ ਨੂੰ ਬਦਲਣ ਦੀ ਇੱਛਾ ਨੇ ਉਸਨੂੰ ਬੇਚੈਨ ਰੱਖਿਆ। ਹਾਲਾਂਕਿ ਚੀ ਕਿਊਬਾ ਵਿੱਚ ਫਿਦੇਲ ਤੋਂ ਬਾਅਦ ਫੀਡੇਲ ਦਾ ਸਭ ਤੋਂ ਭਰੋਸੇਮੰਦ ਅਤੇ ਸਭ ਤੋਂ ਸਕਤੀਸਾਲੀ ਨੇਤਾ ਸੀ ਅਤੇ ਫੌਜ ਦੇ ਕਮਾਂਡਰ, ਰਾਸ਼ਟਰੀ ਬੈਂਕ ਦੇ ਪ੍ਰਧਾਨ ਅਤੇ ਉਦਯੋਗ ਮੰਤਰਾਲੇ ਵਰਗੀਆਂ ਮਹੱਤਵਪੂਰਨ ਜ਼ਿੰਮੇਵਾਰੀਆਂ ਨਿਭਾਈਆਂ ਸਨ, ਪਰ ਸੰਸਾਰ ਨੂੰ ਬਦਲਣ ਦੀਆਂ ਉਸਦੀਆਂ ਯੋਜਨਾਵਾਂ ਨੇ ਉਸਨੂੰ ਚੈਨ ਨਾਲ ਸੌਣ ਨਹੀਂ ਦਿੱਤਾ। ਕਿਊਬਾ ਪ੍ਰਤੀ ਅਮਰੀਕੀ ਨੀਤੀਆਂ ਦੀ ਆਲੋਚਨਾ ਕਰਦੇ ਹੋਏ, ਉਹ ਸੋਵੀਅਤ ਬਲਾਕ ਤੋਂ ਸਹਾਇਤਾ ਲੈਣ ਲਈ ਦ੍ਰਿੜ ਸੀ, ਜਿਸ ਲਈ ਉਸਨੇ ਕਮਿਊਨਿਸਟ ਦੇਸ਼ਾਂ ਦਾ ਦੌਰਾ ਕੀਤਾ। ਉਸਨੇ ਦੇਸ ਵਿੱਚ ਤੇਜੀ ਨਾਲ ਉਦਯੋਗੀਕਰਨ ਦਾ ਪ੍ਰੋਗਰਾਮ ਲਾਗੂ ਕੀਤਾ ਜੋ ਪੂਰੀ ਤਰ੍ਹਾਂ ਸਫਲ ਰਿਹਾ। ਇਸ ਤੋਂ ਬਾਅਦ ਉਸਨੇ ਆਪਣੀ ਯਾਤਰਾ ਜਾਰੀ ਰੱਖੀ, 1964 ਵਿੱਚ ਸੰਯੁਕਤ ਰਾਸਟਰ ਦੀ ਜਨਰਲ ਅਸੈਂਬਲੀ ਨੂੰ ਸੰਬੋਧਨ ਕਰਨ ਤੋਂ ਬਾਅਦ ਅਚਾਨਕ ਕਿਊਬਾ ਤੋਂ ਗਾਇਬ ਹੋ ਗਿਆ।

ਫਿਦੇਲ ਅਤੇ ਕਿਊਬਾ ਨੂੰ ਆਪਣੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਸੌਂਪਣ ਤੋਂ ਬਾਅਦ, ਫਿਰ ਆਪਣੇ ਇਨਕਲਾਬ ਦੇ ਮਿਸਨ 'ਤੇ ਤੁਰ ਪਿਆ। 1965 ਵਿੱਚ, ਉਸਨੇ ਅਫਰੀਕੀ ਦੇਸ ਕਾਂਗੋ ਵਿੱਚ ਆਪਣੀਆਂ ਯੋਜਨਾਵਾਂ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ, ਪਰ ਉਹ ਅਸਫਲ ਰਿਹਾ। ਕਾਂਗੋ ਤੋਂ ਵਾਪਸ ਆਉਣ ਤੋਂ ਬਾਅਦ, ਉਸਨੇ ਕਿਊਬਾ ਵਿੱਚ ਕੁਝ ਫੌਜੀ ਅਧਿਕਾਰੀਆਂ ਨਾਲ ਇੱਕ ਟੁਕੜੀ ਬਣਾਈ ਅਤੇ ਬੋਲੀਵੀਆ ਲਈ ਆਪਣਾ ਅਗਲਾ ਮਿਸਨ ਨਿਰਧਾਰਤ ਕੀਤਾ। ਅਸਲ ਵਿੱਚ ਬੋਲੀਵੀਆ ਆਪਣੀ ਭੂਗੋਲਿਕ ਸਥਿਤੀ ਕਾਰਨ ਇੱਕ ਮਹੱਤਵਪੂਰਨ ਸਥਾਨ ਸੀ। ਚੀ ਗਵੇਰਾ ਨੇ ਲਾਤੀਨੀ ਅਮਰੀਕਾ ਵਿੱਚ ਅਮਰੀਕੀ ਸਾਮਰਾਜਵਾਦ ਦੀ ਰਣਨੀਤੀ ਨੂੰ ਰੋਕਣ ਲਈ ਉਥੋਂ ਦੇ ਕਮਿਊਨਿਸਟਾਂ ਨਾਲ ਸਹਿਯੋਗ ਕਰਕੇ ਬੋਲੀਵੀਆ ਨੂੰ ਗੁਰੀਲਾ ਕਾਰਵਾਈਆਂ ਲਈ ਇੱਕ ਸਿਖਲਾਈ ਕੇਂਦਰ ਵਜੋਂ ਵਿਕਸਤ ਕਰਨ ਦਾ ਇਰਾਦਾ ਰੱਖਿਆ।

ਉਸਨੇ ਸਾਇਦ 1966 ਦੇ ਅਖੀਰ ਵਿੱਚ ਜਾਂ 1967 ਦੇ ਸੁਰੂ ਵਿੱਚ ਬੋਲੀਵੀਆ ਵਿੱਚ ਆਪਣਾ ਮਿਸਨ ਸੁਰੂ ਕੀਤਾ ਸੀ, ਪਰ ਉਸਦੀ ਯੋਜਨਾਵਾਂ ਨੂੰ ਸਮਝਦਿਆਂ, ਸੀਆਈਏ ਅਤੇ ਬੋਲੀਵੀਆ ਦੀਆਂ ਫੌਜਾਂ ਨੇ ਉਸਨੂੰ ਘੇਰਨਾ ਸੁਰੂ ਕਰ ਦਿੱਤਾ। ਇਹ ਬਹੁਤ ਵੱਡੀ ਵਿਡੰਬਨਾ ਕਹੀ ਜਾਵੇਗੀ ਕਿ ਬੋਲੀਵੀਆ ਦੀਆਂ ਫੌਜਾਂ ਨੇ ਉਹਨਾਂ ਕਿਸਾਨਾਂ ਦੀ ਮਦਦ ਨਾਲ ਉਹਨਾਂ ਨੂੰ ਘੇਰ ਲਿਆ ਜਿਹਨਾਂ ਦੀ ਆਜ਼ਾਦੀ ਲਈ ਉਹਨਾਂ ਨੇ ਬੋਲੀਵੀਆ ਵਿੱਚ ਅਗਵਾਈ ਕੀਤੀ ਸੀ। 7 ਅਕਤੂਬਰ ਨੂੰ, ਇੱਕ ਕਿਸਾਨ ਦੀ ਸੂਚਨਾ 'ਤੇ, ਬੋਲੀਵੀਆਈ ਫੌਜ ਨੇ ਚੀ ਗਵੇਰਾ ਨੂੰ ਉਸਦੀ ਗੁਰੀਲਾ ਟੁਕੜੀ ਨਾਲ ਘੇਰ ਲਿਆ ਜਿੱਥੋਂ ਉਸਨੂੰ ਬੰਨ੍ਹ ਕੇ ਲਾ ਹਿਗੁਏਰਾ ਪਿੰਡ ਦੇ ਇੱਕ ਸਕੂਲ ਵਿੱਚ ਲਿਜਾਇਆ ਗਿਆ ਅਤੇ ਕੈਦ ਕਰ ਦਿੱਤਾ ਗਿਆ। ਬੋਲੀਵੀਆਈ ਫੌਜ ਅਤੇ ਸੀਆਈਏ ਨੇ ਉਸ ਨੂੰ ਮਾਰਨਾ ਬਿਹਤਰ ਸਮਝਿਆ ਕਿਉਂਕਿ ਉਹ ਜਾਣਦੇ ਸਨ ਕਿ ਜੇਕਰ ਉਸ 'ਤੇ ਮੁਕੱਦਮਾ ਚਲਾਇਆ ਜਾਂਦਾ ਹੈ ਤਾਂ ਚੀ ਗਵੇਰਾ ਇੱਕ ਵਿਸ਼ਵਵਿਆਪੀ ਸੁਪਰ ਹੀਰੋ ਵਜੋਂ ਉਭਰੇਗਾ ਜੋ ਦੁਨੀਆ ਵਿੱਚ ਨਵੇਂ ਵਿਦਰੋਹ ਨੂੰ ਜਨਮ ਦੇ ਸਕਦਾ ਹੈ। ਇਸੇ ਲਈ ਸੀਆਈਏ ਅਤੇ ਬੋਲੀਵੀਆਈ ਫੌਜ ਨੇ ਉਸ ਨੂੰ ਮਾਰਨ ਦਾ ਫੈਸਲਾ ਕੀਤਾ। 9 ਅਕਤੂਬਰ 1967 ਨੂੰ, ਬੋਲੀਵੀਆਈ ਸਾਰਜੈਂਟ ਮਾਰੀਓ ਟੇਰਨ ਨੂੰ ਬੰਧਕ ਚੀ ਗਵੇਰਾ ਨੂੰ ਮਾਰਨ ਦਾ ਕੰਮ ਸੌਂਪਿਆ ਗਿਆ ਸੀ।

ਮਟੈਰਨ ਨੂੰ ਦੇਖ ਕੇ, ਚੀ ਗਵੇਰਾ ਨੇ ਸਮਝ ਲਿਆ ਕਿ ਉਹ ਕਿਸ ਲਈ ਆਏ ਸਨ। ਸਾਰਜੈਂਟ ਨੇ ਜੰਜੀਰਾਂ ਵਾਲੇ ਚੇ ਨੂੰ ਪੁੱਛਿਆ, ਕੀ ਤੁਸੀਂ ਆਪਣੀ ਅਮਰਤਾ ਬਾਰੇ ਸੋਚ ਰਹੇ ਹੋ? ਚੀ ਨੇ ਕਿਹਾ ਨਹੀਂ, ਮੈਂ ਇਨਕਲਾਬ ਦੀ ਅਮਰਤਾ ਬਾਰੇ ਸੋਚ ਰਿਹਾ ਹਾਂ। ਚੀ ਨੇ ਕਿਹਾ ਕਿ ਮੈਂ ਜਾਣਦਾ ਹਾਂ ਕਿ ਤੁਸੀਂ ਕਿਸ ਲਈ ਆਏ ਹੋ - ਗੋਲੀ ਮਾਰੋ, ਕਾਇਰ, ਤੁਸੀਂ ਸਿਰਫ ਇੱਕ ਆਦਮੀ ਨੂੰ ਮਾਰ ਰਹੇ ਹੋ। ਉਸ ਦੀ ਲਾਸ ਨੂੰ ਨਿਊਸਟ੍ਰਾ ਸਿਓਰਾ ਡੀ ਮਾਲਟਾ ਹਸਪਤਾਲ ਲਿਆਂਦਾ ਗਿਆ। ਉਸਦੀ ਮੌਤ ਤੋਂ ਬਾਅਦ, ਵੈਨੇਜ਼ੁਏਲਾ ਦੇ ਵਿਦਿਆਰਥੀਆਂ ਨੇ 11 ਅਕਤੂਬਰ ਨੂੰ ਕਾਰਾਕਸ ਵਿੱਚ ਜੋਰਦਾਰ ਪ੍ਰਦਰਸਨ ਕੀਤਾ। ਉਸਦੇ ਸਭ ਤੋਂ ਚੰਗੇ ਦੋਸਤ ਫਿਦੇਲ ਕਾਸਤਰੋ ਉਸਦੀ ਮੌਤ 'ਤੇ ਵਿਸਵਾਸ ਨਹੀਂ ਕਰ ਸਕਦੇ ਸਨ। ਅੰਤ ਵਿੱਚ, 15 ਅਕਤੂਬਰ 1967 ਨੂੰ ਕਿਊਬਾ ਅਤੇ ਫਿਦੇਲ ਨੂੰ ਸਵੀਕਾਰ ਕਰਨਾ ਪਿਆ ਕਿ ਚੇ ਨਹੀਂ ਰਹੇ। ਕਿਊਬਾ ਵਿੱਚ ਤਿੰਨ ਦਿਨਾਂ ਦੇ ਸੋਗ ਦਾ ਐਲਾਨ ਕੀਤਾ ਗਿਆ ਹੈ। ਬੇਸ਼ੱਕ ਚੀ ਇਸ ਦੁਨੀਆਂ ਵਿੱਚ ਨਹੀਂ ਰਿਹਾ ਪਰ ਅੱਜ ਵੀ ਉਹ ਦੁਨੀਆਂ ਵਿੱਚ ਨੌਜਵਾਨਾਂ ਦਾ ਮਹਾਨ ਨਾਇਕ ਹੈ। ਸੰਸਾਰ ਨੂੰ ਬਦਲਣ ਦੀ ਉਸਦੀ ਇੱਛਾ, ਉਸਦੇ ਅਟੁੱਟ ਸੰਘਰਸ਼ ਅਤੇ ਇਨਕਲਾਬ ਲਈ ਉਸਦੇ ਜਨੂੰਨ ਅਤੇ ਸਾਹਸੀ ਸਾਹਸ ਨੇ ਉਸਨੂੰ ਇਨਕਲਾਬ ਦੇ ਨਾਲ ਹੀ ਅਮਰ ਬਣਾ ਦਿੱਤਾ ਹੈ।

## ਮੇਰੀ ਆਤਮਿਕ ਮੌਤ

ਦਵਾਈਆਂ ਦੀ ਦੁਕਾਨ ਤੇ ਦਵਾਈ ਲੈ ਰਿਹਾ ਬਜ਼ੁਰਗ ਜੋੜਾ ਲਾਈਨ ਵਿਚ ਖੜ੍ਹਾ ਮੇਰੇ ਅੱਗੇ ਬਿੱਲ ਬਣਵਾ ਰਿਹਾ ਸੀ। ਤੇ ਕੈਸ਼ ਕਾਊਂਟਰ ਤੇ ਖੜੀ ਮੈਡਮ ਓਨਾ ਨਾਲਕੁਝ ਬੁਰਾ ਸਲੂਕ ਕਰ ਰਹੀ ਸੀ ਤੇ ਮੇਰੇ ਸਮੇਤ ਲਾਈਨ ਚ ਲੱਗੇ ਮੇਰੇ ਪਿਛਲੇ ਹੋਰ ਲੋਕ ਵੀ ਗੁੱਸਾ ਕਰ ਰਹੇ ਸੀ ਕਿਉਂਕਿ ਓਹੋ ਬਜ਼ੁਰਗ ਜੋੜਾ ਬਿੱਲ ਬਣਵਾਉਣ ਚਬਹੁਤ ਜਾਂਦਾ ਦੇਰ ਲਗਾ ਰਿਹਾ ਸੀ। ਓਹੋ ਵਾਰ ਵਾਰ ਬਿੱਲ ਵਿਚ ਤਬਦੀਲੀਆਂ ਕਰ ਰਹੇ ਸੀ। ਉਸਦਾ ਕਾਰਨ ਏਹੇ ਸੀ ਕਿ ਜੋ ਡਾਕਟਰ ਨੇ ਦਵਾਈਆਂ ਲਿਖੀਆਂ ਸੀ। ਉਨ੍ਹਾਂ ਦੀ ਕੁੱਲ ਕੀਮਤ 3800 ਰੁਪਏ ਬਣੀ ਸੀ ਪਰ ਉਸ ਬਜ਼ੁਰਗ ਕੋਲ ਪੈਸੇ ਪੂਰੇ ਨਹੀਂ ਸੀ ਹੋ ਰਹੇ ਤੇ ਓਹੋ ਵਾਰ ਵਾਰ ਦਵਾਈਆਂ ਵਿੱਚੋਂ ਕੁਛ ਕੁਛ ਕਰ ਕੇ ਦਵਾਈਦੇ ਪੱਤੇ ਕਢਵਾ ਰਿਹਾ ਸੀ ਤਾਂ ਜੋ ਓਹੋ ਓਨੀ ਕ ਦਵਾਈ ਲਜਾ ਸਕੇ ਜਿੰਨੇ ਓਦੇ ਕੋਲ ਪੈਸੇ ਸੀ।

3-4 ਵਾਰ ਬਿੱਲ ਦੀ ਕੁਆਂਟੁਟੀ ਵਧਾਉਣ ਘਟਾਉਣ ਮਗਰੋਂ ਕੈਸ਼ ਕਾਊਂਟਰ ਤੇ ਖੜੀ ਕੁੜੀ ਨੇ ਬਹੁਤ ਹੀ ਰੁੱਖੇ ਸ਼ਬਦਾਂ ਨਾਲ ਪੁੱਛਿਆ "ਬਾਬਾ ਤੇਰੇ ਕੋਲ ਹੈ ਕਿੰਨੇ ਨੇਕੁੱਲ?" ਤਾਂ ਬਾਬੇ ਨੇ ਜਵਾਬ ਦਿੱਤਾ ਕੇ 2500 ਐ। ਕੁੜੀ ਨੇ ਸਲਾਹ ਦਿੱਤੀ ਕੇ ਦਵਾਈ ਪੰਦਰਾਂ ਦਿਨਾਂ ਦੀ ਜਗਾਹ ਤੇ ਅੱਠ ਦਸ ਦਿਨਾਂ ਦੀ ਕਰ ਦਿਨੀਂ ਆਂ!!

ਪਰ ਬਾਬੇ ਨੇ ਮਨਾਂ ਕਰ ਦਿੱਤਾ ਤੇ ਕਹਿੰਦਾ "ਨਾ ਦਵਾਈ ਪੰਦਰਾਂ ਦਿਨਾਂ ਦੀ ਹੀ ਦੇਦੇ ਪੁੱਤ ਆਹ ਦੋ ਪੱਤੇ ਹੋਰ ਕੱਢ ਦੇ ਵਿਚੋਂ" ਦਵਾਈ ਦੇ ਪੱਤੇ ਪਛਾਣਦੀ ਬੇਬੇ ਨੇਟੋਕਿਆ "ਆਵਦੀ ਦਵਾਈ ਸਾਰੀ ਕਢਾਈ ਜਾਨਾ ਮੁੜਕੇ ਪਿੰਡੋ ਫਿਰ ਨੀ ਮਿਲਣੀ, ਕੌਣ ਆਊ ਲੈਣ ਦਵਾਰੇ ਚੰਡੀਗੜ੍ਹ?" ਜਿਵੇਂ ਬਾਬੇ ਦੇ ਕੰਨੀ ਬੇਬੇ ਦੇ ਬੋਲ ਪਏ ਈਨਾ ਹੋਣ। ਕੁੜੀ ਨੂੰ ਕਹਿੰਦਾ ਦੇਖ ਖਾਂ ਪੁੱਤ ਕਿੰਨੇ ਕੁ ਰਹਿ ਗਏ! ਕੁੜੀ ਨੇ ਜਵਾਬ ਦਿੱਤਾ 2648।

ਇੱਕ ਹੋਰ ਪੱਤਾ ਚੱਕ ਕੇ ਕੁੜੀ ਨੇ ਪ੍ਰਿੰਟ ਰੇਟ ਪੜ੍ਹਦਿਆਂ ਕੁੜੀ ਨੇ ਬਾਬੇ ਨੂੰ ਪੁੱਛਿਆ "ਆਹ ਗੁਲਾਬੀ ਰੰਗ ਆਲੀਆ ਗੋਲੀਆਂ ਕੱਢ ਦਵਾਂ? ਛੇ ਸੌ ਪੰਦਰਾਂ ਦਾ ਐ ਕੱਲਾਏਹੀ"। ਬਾਬੇ ਨੇ ਪਾਟੇ ਹੋਏ ਬਟੂਏ ਦੀ ਅੰਦਰਲੀ ਜੇਬ ਚੋਂ ਦੋ ਸੌ ਦਾ ਤਹਿ ਮਾਰਿਆ ਨੋਟ ਕੱਢ ਕੇ ਕੁੜੀ ਨੂੰ ਫੜਾਉਂਦਿਆ ਕੁੜੀ ਨੂੰ ਕਿਹਾ "ਆਹੀ ਗੁਲਾਬੀ ਗੋਲੀਆਂਨਾਲ ਤਾਂ ਤੇਰੀ ਬੇਬੇ ਨੂੰ ਰਾਮ ਆ ਇਹ ਨਾ ਕੱਢੀ"। ਸਤਾਈ ਸੌ ਰੁਪਏ ਫੜਾਉਂਦਿਆ ਹੀ ਬਾਬੇ ਨੇ ਦਵਾਈ ਆਲਾ ਲਫਾਫਾ ਇੰਜ ਝੋਲੇ ਚ ਪਾਇਆ ਜਿਵੇਂ ਓਨ੍ਹੂੰ ਡਰਹੋਵੇ ਦਵਾਈ ਦੇ ਖੋਹੇ ਜਾਣ ਦਾ।

ਪੱਟਿਆ ਹੋਇਆ ਖਾਲੀ ਬਟੂਆ ਗੀਜੇ ਚ ਪਾਉਂਦੇ ਬਾਬੇ ਨੂੰ ਤੁਰਨ ਲੱਗੇ ਕੁੜੀ ਨੇ ਅਵਾਜ ਮਾਰੀ ਕੇ ਬਾਬਾ ਬਕਾਇਆ ਤਾਂ ਲੈ ਜਾ। ਜਣੀ ਬਾਬੇ ਨੂੰ ਕਿਸੇ ਜੰਗੀਰ ਨੇ ਅਵਾਜ਼ ਮਾਰੀ ਹੋਵੇ। ਜਦ ਬਾਬਾ ਮਗਰ ਪਲਟਿਆ ਤਾਂ ਕੈਸ਼ ਕਾਊਂਟਰ ਤੇ ਖੜੀ ਕੁੜੀ ਨੇ ਪੰਜਾਹ ਦਾ ਨੋਟ ਤੇ ਦੋ ਟੌਫੀਆਂ ਕਾਊਂਟਰ ਤੇ ਰੱਖ ਤੀਆਂ। ਬਾਬੇ ਨੇ ਪੈਸੇ ਚੁੱਕਦਿਆਂ ਬੇਬੇ ਨੂੰ ਹਸਦੇ ਕਿਹਾ ਕਿ ਲੈ ਹੋ ਗਿਆ ਗੰਨੇ ਦੇ ਰੌ (ਜੂਸ) ਦਾ ਹੱਲ ਜਿਹੜਾ ਮੰਗਦੀ ਸੀ। ਤੇ ਬੇਬੇ ਨੇ ਭਰੀਆਂ ਅੱਖਾਂ ਨਾਲ ਬਾਬੇ ਨੂੰ ਕਿਹਾ ਕਿ ਆਹੋ ਬਾਪਮੇਰੇ ਨੇ ਤਾਂ ਬਾਦਲ ਕਿਆਂ ਨਾਲ ਬੱਸਾਂ ਚ ਸਾਂਝ ਪਾਈ ਆ ਨਾ ਜਿਹੜੇ ਫ੍ਰੀ ਚ ਬਰਨਾਲੇ ਲੈ ਜਾਣਗੇ?

ਬਜ਼ੁਰਗ ਜੋੜੇ ਵੱਲ ਦੇਖਦੇ ਹੋਏ ਪਤਾ ਈ ਨੀ ਲੱਗਿਆ ਕਦੋ ਮੇਰੀ ਵਾਰੀ ਆ ਗਈ ਤੇ ਮੇਰੇ ਪਿੱਛੇ ਲਾਈਨ ਚ ਲੱਗੇ ਮੁੰਡੇ ਨੇ ਹਲੂਣ ਕਿਹਾ ਕੇ ਭਰਾਵਾਂ ਬਿੱਲ ਕਰ ਵਾਲਾ ਨਹੀਂ ਤਾਂ ਏਥੇ ਏ ਰਾਤ ਪੈ ਜਾਣੀ। ਘਰ ਤੱਕ ਆਉਂਦਿਆਂ ਤੱਕ ਵੀ ਜਿਵੇਂ ਬਾਬੇ ਦੀਆਂ ਦਵਾਈਆਂ ਦਾ ਜੋੜ ਘਟਾਓ ਦਿਮਾਗ ਚ ਘੁੰਮੀ ਜਾਵੇ। ਸੋਚਣ ਤੇ ਮਜਬੂਰ ਸੀ ਪਰ ਸਮਝ ਨੀ ਸੀ ਪੈ ਰਹੀ ਕਿ ਕਿਉਂ ਇਕ ਵਾਰ ਵੀ ਉਸ ਬਜ਼ੁਰਗ ਜੋੜੇ ਦੀ ਮਦਦ ਕਰਨ ਵਾਸਤੇ ਦਿਲ ਨੇ ਹੁੰਗਾਰਾ ਨੀ ਭਰਿਆ, ਜਦ ਕੀ ਉਸ ਵਕਤ ਉਸ ਬਜ਼ੁਰਗ ਦੇ ਹਾਲਾਤ ਦੇਖਣ ਤੇ ਸਮਝਣ ਲਈ ਸਭ ਤੋਂ ਨੇੜੇ ਉਸ ਪਰਮਾਤਮਾ ਨੇ ਮੈਨੂੰ ਖੜਾ ਕੀਤਾ ਹੋਇਆ ਸੀ। ਪਰ ਛੇਤੀ ਹੀ ਸਮਝ ਆ ਚੁੱਕੀ ਸੀ ਕਿ ਮੇਰੀ ਆਤਮਾ ਮਾਰ ਚੁੱਕੀ ਹੈ।

-ਪ੍ਰਭਜੋਤ ਸਿੰਘ ਤੱਗੜ

# ਕੁਲਦੀਪ ਸਿਰਸਾ ਦੀਆਂ ਕਵਿਤਾਵਾਂ

ਰਾਮ ਪਿਆਰੇ ਕਵੀ ਜੀ, ਲਿਖ ਰਹੇ ਸੀ ਨਜ਼ਮ।
ਕੋਰੇ-ਕੋਰੇ ਕਾਗਜ਼ਾਂ 'ਤੇ, ਚਲਦੀ ਪਈ ਸੀ ਕਲਮ।

ਵਿੱਚ ਰਸੋਈ ਘਰਵਾਲੀ, ਰੋਟੀਆਂ ਰਹੀ ਬਣਾ।
ਬੱਚੇ ਟੀਵੀ ਦੇਖਦੇ, ਝੁਰਮਟ ਰਹੇ ਸੀ ਪਾ।

ਬੂਹਿਓਂ ਲੰਘਦੀ ਸੜਕ ਤੋਂ, ਕਾਰਾਂ ਰਹੀਆਂ ਜਾ।
ਕਦੇ ਕੋਈ ਰੇਹੜੀ ਵਾਲਾ, ਦਿੰਦਾ ਆਵਾਜ ਲਗਾ।

ਚੌਦਾਂ ਇੱਟਾਂ ਸਿਰਾਂ 'ਤੇ, ਹੋਏ ਚਕਨਾ-ਚੂਰ।
ਸਾਹਮਣੇ ਬਣਦੀ ਕੋਠੀ, ਲੱਗੇ ਹੋਏ ਮਜਦੂਰ।

ਥੋੜੀ ਦੂਰ ਚੱਲ ਕੇ, ਇਕ ਨਾਲਾ ਜਾਂਦਾ ਆ।
ਮੱਖੀਆਂ ਵਰਗੇ ਲੋਕ ਉੱਥੇ, ਝੁੱਗੀਆ ਰਹੇ ਬਣਾ।

ਬਿਲਡਿਗਾਂ ਨੇ ਉਚੀਆਂ, ਕੋਈ ਕਿਤੇ ਨਾ ਰੋਕ।
ਪੁਲਾਂ ਦੇ ਹੇਠਾਂ ਬੈਠੇ, ਕੁੱਝ ਜੁਤੀਆਂ ਗੰਢਦੇ ਲੋਕ।

ਸਿਖਰ ਦੁਪਹਿਰੇ ਸੜਕ ਤੇ ਪਾਉਂਦੇ ਪਏ ਸੀ ਲੁਕ।
ਬੱਚੇ ਰੋਂਦੇ ਛਡਕੇ, ਕੁੱਝ ਬਜਰੀ ਰਹੀਆਂ ਕੁੱਟ।

ਰਿਕਸ਼ੇ ਵਾਲਾ ਲੰਘਿਆ, ਪਸੀਨਾ ਰਿਹਾ ਸੀ ਪੂੰਝ।
ਮੁੱਖ-ਮੰਤਰੀ ਆਉਣਗੇ, ਸੜਕਾਂ ਰਹੇ ਸੀ ਹੂੰਝ।

ਕਿਸਾਨ ਦਫਤਰਾਂ ਅੱਗੇ, ਬੈਠੇ ਸੀ ਧਰਨਾ ਮਾਰ।
ਨਾਅਰੇ ਮਾਰਦੇ ਆ ਰਹੇ, ਸੀ ਮੁੰਡੇ ਬੇਰੁਜਗਾਰ।

ਲਾਠੀਚਾਰਜ ਹੋ ਗਿਆ, ਉੱਤੋਂ ਆਈ ਮੇਲ।
ਦੋ ਮਰ ਗਏ, ਸੌ ਜ਼ਖ਼ਮੀ, ਬਾਕੀ ਭੇਜਤੇ ਜੇਲ।

ਸੁਭਾ ਸਵੇਰੇ ਉੱਠ ਕੇ, ਪੜ੍ਹੀ ਜਦੋਂ ਅਖਬਾਰ।
ਲਿਖਿਆ ਨਕਸਲਬਾੜੀਏ, ਦਿਤੇ ਗਏ ਨੇ ਮਾਰ।

ਟੀ ਵੀ ਉੱਤੇ ਦੇਖਿਆ, ਪ੍ਰਵਚਨ ਰਿਹਾ ਸੀ ਚਲ।
ਸੰਗਤਾਂ ਸਿਮਰਨ ਕਰਦੀਆਂ, ਵਜਦੇ ਪਏ ਸੀ ਟਲ।

ਰਾਮ ਪਿਆਰੇ ਕਵੀ ਦੀ ਪਿਆਰ ਤੇ ਨਜਮ ਤਿਆਰ।
ਝੋਲਾ ਚੁੱਕ ਕੇ ਤੁਰ ਪਏ ਵੱਲ ਕਵੀ ਦਰਬਾਰ।
• • •

ਗੀਤ ਹੁੰਦੇ ਮਿਤਰੋ ਓ ਬੀਜਾਂ ਵਰਗੇ
ਕਲਾਕਾਰ ਬੀਜਦੇ ਜਵਾਨੀ ਵੱਢਦੀ।
ਫਲ ਖਾ ਜਾਂਦਾ ਇਹ ਬਾਜ਼ਾਰਵਾਦ ਬਈ
ਮਾਪਿਆਂ ਦੀ ਜਿੰਦ ਰਹਿੰਦੀ ਹਾੜੇ ਕੱਢਦੀ।

ਆਪਣਾ ਪੰਜਾਬ ਹੋਵੇ ਘਰ ਦੀ ਸ਼ਰਾਬ।
ਚੌਥਾ ਪੈਗ ਲਾਕੇ ਬਾਂਹ ਫੜਦੇ ਜਨਾਬ।
ਨਸ਼ਿਆਂ ਨੂੰ ਕਰੋਂਗੇ ਗਲੋਰੀਫਾਈ ਜੇ
ਲਾਸ਼ ਮਿਲੂ ਗਲੀ ਵਿੱਚ ਟੀਕੇ ਗੱਡਦੀ।

ਉਹਨੂੰ ਦੇਸ਼ ਦੀ ਜਵਾਨੀ ਉਸਤਾਦ ਮੰਨਦੀ।
ਗਾਉਂਦਾ ਗੈਂਗਵਾਰ-ਗੁੰਡਾਟੱਚ ਮੋਢੇ ਗੰਨ ਜੀ।
ਅੱਲੜ੍ਹ ਜਵਾਨੀ ਉਹਨੂੰ ਫੋਲੋ ਕਰਦੀ
ਲੰਘਦੀ ਹੈ ਗਲੀਆਂ ਚੋਂ ਰੇਸਾਂ ਛੱਡਦੀ।

ਡਾਲਰਾਂ ਦੇ ਵਾਂਗੂੰ ਸਾਡਾ ਚੱਲੇ ਨਾਮ ਨੀਂ।
'ਠਾਰਵੇਂ 'ਚ ਮੁੰਡਾ ਹੋਇਆ ਬਦਨਾਮ ਨੀਂ।
ਵੈਲਪੁਣੇ ਦੀਆਂ ਮੁੰਡਾ ਲੈਂਦਾ ਫੀਲਿੰਗਾਂ
ਮਾਂ ਫਿਰੇ ਝੋਨੇ ਵਿਚੋਂ ਘਾਹ ਕੱਢਦੀ।
• • •

ਘਰ-ਘਰ ਵੈਣ ਪੈਣ ਲੱਗ ਪਏ
ਧੀਆਂ-ਭੈਣਾਂ ਹੋ ਗਈਆਂ ਨੇ ਬੁੱਚੀਆਂ
ਚੁੱਲ੍ਹਿਆਂ ਦੇ ਵਿੱਚ ਅੱਗ ਬੁੱਝ ਗਈ
ਸਿਵਿਆਂ ਦੇ ਵਿੱਚ ਲਾਟਾਂ ਉੱਚੀਆਂ

ਗੈਂਗਵਾਰ ਗੁੰਡਾਟੱਚ ਆ ਗਿਆ
ਪੰਜਾਬ ਦੀ ਜਵਾਨੀ ਮਾਰੇ ਥਾਪੀਆਂ
ਅਸਲੇ ਦੇ ਹੋ ਗਏ ਨੇ ਸ਼ੁਕੀਨ ਬਈ
ਭੁੱਲ ਗਏ ਕਿਤਾਬਾਂ ਅਤੇ ਕਾਪੀਆਂ
ਰੱਖਦੇ ਨੇ ਲਾਂਬੂ ਉਹ ਬਾਲਕੇ
ਲਾਸ਼ਾਂ ਵਿੱਚ ਜਿੰਨ੍ਹਾਂ ਦੀਆਂ ਰੁਚੀਆਂ

ਗੱਡੀ ਉੱਤੇ ਫੋਟੋ ਹੈ ਸ਼ਹੀਦਾਂ ਦੀ
ਉਹ ਵੀ ਦਿੰਦੇ ਮੁੱਛਾਂ ਨੂੰ ਵੱਟ ਬਈ
ਜਿੱਥੇ ਹੈ ਪਾਬੰਦੀ ਹਥਿਆਰ ਦੀ
ਉੱਥੇ ਜਾਕੇ ਫਾਇਰ ਕਰੇ ਜੱਟ ਬਈ
ਲਾਸ਼ਾਂ ਵਾਲਾ ਖੂਹ ਬਣ ਜਾਣੀਆਂ
ਮਾਰਦੇ ਜੋ ਅੱਜ-ਕੱਲ੍ਹ ਟੁੱਚੀਆਂ

ਹੋਸਟਲ ਵਿੱਚ ਦਾਰੂ ਪੀਣੀ ਐ
ਤੈਨੂੰ ਅੱਥਰੀ ਜਵਾਨੀ ਗਈ ਚੜ੍ਹ ਨੀਂ
ਜੇ ਅੜੀਆਂ ਕਰੇਂਗੀ ਲੈਜੂੰ ਖਿੱਚਕੇ
ਚੌਥਾ ਪੈਗ ਲਾਕੇ ਬਾਂਹ ਫੜਨੀ
ਬਾਜ਼ਾਰਵਾਦ ਫੁਕਰੀਆਂ ਵੇਚਦਾ
ਖੁੱਡੇ ਲਾਈਨ ਕਲਮਾਂ ਨੇ ਸੁੱਚੀਆਂ
• • •

ਨਿੱਕੇ-ਨਿੱਕੇ ਬੱਚੇ, ਵੱਡੇ ਵੱਡੇ ਬਸਤੇ
ਨਿੱਕੀਆਂ-ਨਿੱਕੀਆਂ ਜਿੰਦਾ, ਟੇਢੇ-ਮੇਢੇ ਰਸਤੇ

ਕਸਾਈਆਂ ਦੇ ਵੱਸ ਪੈਗੇ, ਮੁਰਗਿਆਂ ਵਾਂਗੂ ਤਾੜੇ
ਗਲਤੀ ਨ ਕੋਈ ਹੋਜੇ, ਡਰਦੇ ਰਹਿਣ ਵਿਚਾਰੇ
ਵਿੱਚ ਜ਼ਾਬਤੇ ਨੂੜੇ, ਟਾਈ-ਬੂਟ ਨਾਲ ਕਸਤੇ
ਨਿੱਕੇ-ਨਿੱਕੇ.........

ਨਿਯਮਾਂ ਦੇ ਵਿੱਚ ਬੱਝੇ, ਮੂੰਹ ਨ ਐਵੇਂ ਖੋਲ੍ਹਣ
ਜਦੋਂ ਇਸ਼ਾਰਾ ਹੋ ਜਾਏ, ਬਸ ਤੋਤੇ ਵਾਂਗੂ ਬੋਲਣ
ਇਛਾਵਾਂ ਹੇਠਾਂ ਦੱਬੇ, ਭੋਰਾ ਵੀ ਨ ਮਸਤੇ
ਨਿੱਕੇ-ਨਿੱਕੇ.........

ਅੱਧ-ਨੀਂਦੇ ਹੀ ਉੱਠੇ, ਧੱਕੇ ਦੇ ਨਾਲ ਘੱਲੇ
ਆਰੇ ਹੇਠੋਂ ਨਿਕਲੇ, ਟਿਊਸ਼ਨ ਦੀ ਚੱਕੀ ਥੱਲੇ
ਮਾਲ ਮੰਡੀ ਦਾ ਸਾਰੇ, ਕੁੱਝ ਮਹਿੰਗੇ ਕੁੱਝ ਸਸਤੇ
ਨਿੱਕੇ-ਨਿੱਕੇ.........
• • •

### ਸੱਤਾ ਦਾ ਪਲੜਾ

ਬੜਾ ਸੌਖਾ ਹੁੰਦਾ ਹੈ
ਸੱਤਾ ਦੇ ਪਲੜੇ ਵਿੱਚ ਬੈਠ ਜਾਣਾ

ਬੜਾ ਸੌਖਾ ਹੁੰਦਾ ਹੈ
ਪੂਛ ਮਾਰਨੀ
ਟੁੱਕੜ ਬੋਚਣੇ
ਸੁੰਘਦੇ ਫਿਰਨਾ
ਲਾਲਾਂ ਸੁੱਟਣੀਆਂ
ਦੀਵੇ ਜਗਾਉਣੇ
ਥਾਲੀਆਂ ਖੜਕਾਉਣੀਆਂ
ਇਸ਼ਾਰਾ ਮਿਲਣ ਤੇ ਭੌਂਕਣਾ
ਆਈ ਟੀ ਸੈੱਲ ਦੀਆਂ ਪੋਸਟਾਂ ਸ਼ੇਅਰ ਕਰਨਾ

ਬੜਾ ਸੌਖਾ ਹੁੰਦਾ ਹੈ
ਕਿਰਮਚੀ ਅੱਖਾਂ ਵਾਲੇ ਤੁਮੇ-ਧਤੂਰੇ ਨੂੰ
ਧੀ ਜਵਾਈ ਵਾਂਗ ਸਤਿਕਾਰ ਦੇਣਾ

ਬੜਾ ਔਖਾ ਹੁੰਦਾ ਹੈ
ਵਿਰੋਧ ਦਾ ਝੰਡਾ ਚੁੱਕਣਾ
ਸਿਰ 'ਤੇ ਕਫ਼ਨ ਬੰਨ੍ਹਣਾ
ਲੜਦੇ ਲੋਕਾਂ ਦੇ ਨਾਲ ਖੜਨਾ
ਜਿੰਦਗੀ ਦਾਅ ਤੇ ਲਾਉਣਾ
ਗੋਲੀਆਂ ਅੱਗੇ ਛਾਤੀ ਡਾਹੁਣਾ

ਬੜਾ ਔਖਾ ਹੁੰਦਾ
ਉਸਨੂੰ ਟਾਰਗੇਟ ਕਰਨਾ
ਜਿਸ ਕੋਲ ਪੂਛ-ਹਿਲਾਉਂਦੀ ਭੀੜ ਹੋਵੇ।
• • •

ਸਾਡੇ ਖੇਤਾਂ ਵਿੱਚ ਲਹੂ ਸਾਡਾ ਡੁੱਲ੍ਹਿਆ
ਸਾਇਲੋ 'ਚ ਜਾਕੇ ਸੋਨਾ ਹੋ ਗਿਆ
ਸ਼ਾਪਿੰਗ ਮਾਲ ਵਿੱਚ ਅੱਖਾਂ ਸਾਨੂੰ ਕੱਢਦਾ
ਬਰਾਂਡਿਡ ਪ੍ਰਾਹੁਣਾ ਹੋ ਗਿਆ

ਸਾਡੇ ਖੇਤਾਂ ਵਿਚ ਪਾਟੇ ਤੇਰੇ ਲੱਤੜੇ
ਹਾੜ੍ਹ ਦੀਆਂ ਧੁੱਪਾਂ ਜਰਦਾ
ਅੱਜ ਪੈਕੇਟਾਂ ਦੇ ਵਿੱਚ ਬੰਦ ਹੋ ਗਿਆ
ਨਖਰੇ ਕਲੋਲਾਂ ਕਰਦਾ
ਰਾਤਾਂ ਵਾਣ ਦੀ ਮੰਜੀ ਦੇ ਪੈਕੇ ਕੱਟਦਾ
ਚਾਂਦੀ ਦਾ ਵਿਛੌਣਾ ਹੋ ਗਿਆ

ਸਾਇਲੋ ਵਾਲਿਆਂ ਦੇ ਕਾਰਾਂ ਤੇ ਜਹਾਜ ਨੇ
ਸੁਰਗਾਂ ਦੇ ਝੂਟੇ ਲੈਂਦੇ ਨੇ
ਸਾਡੇ ਵਿਹੜਿਆਂ ਦੇ ਵਿੱਚ ਮੌਤ ਨੱਚਦੀ
ਇਲਾਜ ਖੁਣੋਂ ਮਰੇ ਰਹਿੰਦੇ ਨੇ
ਗੱਲ ਸੁਣੇ ਨ ਉਹ ਹੁਣ ਭੁੱਖੇ ਢਿੱਡ ਦੀ
ਰੱਜੇ ਦਾ ਪਰਚਾਉਣਾ ਹੋ ਗਿਆ।
• • •

ਸਾਡੇ ਘਰ ਸੱਜਣ ਆਏ।
ਸੱਜਣ ਜੀ ਘਰ ਆਏ।

ਚਿੜੀਆਂ ਦੇ ਚੰਬੇ ਰੀਬਨ ਉੱਤੇ
ਜੀ ਆਇਆਂ ਨੂੰ ਲਿਖਿਆ।
ਕਾਂਵਾਂ-ਬਾਜਾਂ ਦਾ ਇੱਕ ਟੋਲਾ
ਵੇਖ-ਵੇਖ ਲਲਚਾਏ।

ਵਿਚੋਲਾ ਆਪਣੀ ਮੁੰਦਰੀ ਦੇਖੇ
ਲਾੜਾ ਕਾਰ ਦੀ ਚਾਬੀ।
ਰਾਗੀ ਆਪਣੀ ਮਾਇਆ ਦੇਖੇ
ਸੱਚੇ ਭਾਗ ਮਿਲਾਏ।

ਆਰਕੈਸਟਰਾ ਨੱਚਦੀ ਫਿਰਦੀ
ਜਿਵੇਂ ਗਰੀਬੀ ਨਚਾਵੇ।
ਹੱਥ ਫੜ-ਫੜ ਕੇ ਨੱਚਦੇ ਉਸਦਾ
ਫੁੱਫੜ ਮਾਮੇ ਤਾਏ।

ਲੈਣ-ਦੇਣ ਦਾ ਸੌਦਾ ਹੋਇਆ
ਪੱਲੇ ਤੇਰੇ ਲੱਗੀ।
ਵੇਖੋ ਮਿਹਰਾਂ ਦਾਤੇ ਦੀਆਂ
ਫੜਕੇ ਜੋੜ ਮਿਲਾਏ।

ਜਾਇਦਾਦ ਆਈ ਪੁੱਤਰ ਹਿੱਸੇ
ਧੀ ਨੂੰ ਮਿਲੀ ਫੁਲਕਾਰੀ।
ਧਰਮੀਂ ਬਾਬਲ ਸਦੀਆਂ ਤੋਂ
ਏਦਾਂ ਹੀ ਫਰਜ਼ ਨਿਭਾਏ।

ਜੇ ਤੂੰ ਪੜ੍ਹਦਾ ਉਦਾਸੀ ਸ਼ਿਵ ਪਾਸ਼ ਨੂੰ
ਨਸ਼ੇ-ਅਸਲੇ ਦੇ ਗੀਤ ਨਹੀਂ ਗਾਉਣੇ ਸੀ।
ਪਾਟੇ ਲੱਤੜੇ ਜੇ ਕਾਮਿਆਂ ਦੇ ਦੇਖਦਾ
ਤੂੰ ਆ ਫੁਕਰੇ ਜੇ ਵਾਜੇ ਨਹੀਂ ਵਜਾਉਣੇ ਸੀ।

ਬੈਠਾ ਘੋੜੀ 'ਤੇ ਦੁਨਾਲੀ ਮੋਢੇ ਰੱਖਕੇ
ਮੈਨੂੰ ਅੱਜ ਤੱਕ ਜੱਟ ਨਹੀਂਓ ਲੱਭਿਆ।
ਖੱਬੀ ਸੀਟ 'ਤੇ ਬੰਦੂਕ ਕਿਥੋਂ ਰੱਖ ਲਊ
ਜਿਹੜਾ ਕਰਜੇ ਦੇ ਭਾਰ ਥੱਲੇ ਦੱਬਿਆ।
ਸਾਹਿਬ ਸਿੰਘ ਦੇ ਨਾਟਕ ਜੇ ਤੂੰ ਦੇਖਦਾ
ਬਰਬੈਰੀ ਵਾਲੇ ਰਾਉਂਦ ਨਹੀਂ ਚਲਾਉਣੇ ਸੀ।

ਕੋਈ ਡੀਸੀ ਨਾ ਸਲੂਟ ਸਾਨੂੰ ਮਾਰਦਾ
ਨਾ ਹੀ ਡਾਲਰਾਂ ਦੇ ਵਾਂਗੂ ਨਾਮ ਚਲਦਾ।
ਬੈਂਕ ਵਾਲਿਆਂ ਨੂੰ ਦੇਖ ਲੁੱਕ ਜਾਨੇ ਆਂ
ਫਾਹਾ ਲੈ ਲੀਏ ਪਤਾ ਨਹੀਂ ਸਾਡਾ ਕੱਲ੍ਹ ਦਾ।
ਪੁੱਤ ਹੁੰਦਾ ਏ ਟਰੈਕਟਰ ਜੱਟ ਦਾ
ਜੇ ਤੂੰ ਜਾਣਦਾ ਤਾਂ ਟੋਚਨ ਨਹੀਂ ਪਾਉਣੇ ਸੀ।

ਨਾ ਹੀ ਅਸੀਂ ਪੁੱਤ ਡਾਕੂਆਂ ਦੇ ਆਂ
ਨਾ ਮੰਗਦੇ ਤੇ ਨਾ ਹੀ ਅਸੀਂ ਖੋਂਹਦੇ ਹਾਂ।
ਬਾਬੇ ਨਾਨਕ ਨੇ ਕਿਰਤ ਸਿਖਾਈ ਹੈ
ਆਪ ਖਾਂਦੇ ਹਾਂ ਤੇ ਲੰਗਰ ਵੀ ਲਾਉਂਦੇ ਹਾਂ।
ਧੀ ਤੇਰੀ ਵੀ ਜਾਂਦੀ ਜੇ ਕਿਤੇ ਪੜ੍ਹਨੇ
ਤੂੰ ਬੰਬੂਕਾਟ ਦੇ ਪਟਾਕੇ ਨਹੀਂ ਪਾਉਣੇ ਸੀ।
• • •

ਕੰਨਾਂ ਵਿਚ ਨੱਤੀਆਂ ਪਈਆਂ
ਬੁਲੇਟ ਤੇ ਲਿਆਵੇ ਨ੍ਹੇਰੀਆਂ
ਪੱਗ ਬੰਨ੍ਹ ਲਈ ਭਗਤ ਸਿੰਘ ਵਰਗੀ
ਤੇ ਗਲੀਆਂ 'ਚ ਲਾਉਂਦਾ ਗੇੜੀਆਂ...

ਚੜ੍ਹ ਕੇ ਟਰਾਲੀ ਉੱਤੇ ਸੋਹਣਿਆ
ਸੇਵਾ ਕਰਨ ਜਾਵੇਂਗਾ
ਹੈਟ ਲੈ ਲਿਆ ਭਗਤ ਸਿੰਘ ਵਰਗਾ
ਸਿਰ ਕਿਥੋਂ ਲਿਆਵੇਂਗਾ...

ਜਾਕੇ ਐਤਵਾਰ ਸੇਵਾ ਕਰਦਾ
ਸਾਧਾਂ ਨੂੰ ਰੱਬ ਮੰਨਿਆਂ
ਗੱਲਾਂ ਦੇਸ਼ ਦੀ ਕ੍ਰਾਂਤੀ ਦੀਆਂ ਕਰਦਾ
ਡੌਲ਼ੇ ਤੇ ਤਵੀਤ ਬੰਨ੍ਹਿਆਂ...

ਦੇਸੀ ਗਾਂਵਾਂ ਨੂੰ ਪੇੜੇ ਪਾਉਂਦਾ
ਹੋ ਕਾਲੇ ਕੁੱਤਿਆਂ ਨੂੰ ਰੋਟੀਆਂ
ਕਾਕਾ ਮੈਡੀਕਲ ਸਾਇੰਸ ਵਿੱਚ ਪੜ੍ਹਦਾ
ਬਾਬਿਆਂ ਦੇ ਲਾਉਂਦਾ ਚੌਂਕੀਆਂ...

ਤੇਰੇ ਪਿੰਡ 'ਚ ਰੱਬ ਦਾ ਘਰ ਵੱਖਰਾ
ਜਿੰਨ੍ਹਾਂ ਮਜਬੂਰਾਂ ਦਾ
ਭਗਤ ਸਿੰਘ ਸੀ ਰਾਜ ਲਿਆਉਣਾ ਚਾਹੁੰਦਾ
ਉਹਨਾਂ ਦਾ ਮਜਦੂਰਾਂ ਦਾ।

ਭਗਤ ਸਿੰਘ ਦੇ ਰਾਹਾਂ ਦਾ ਵਾਲੀ
ਸਵੇਰੇ ਰਾਸ਼ੀਫਲ ਪੜ੍ਹਦਾ
ਟੀ-ਸ਼ਰਟ ਉੱਤੇ ਇਨਕਲਾਬ ਲਿਖਿਆ
ਸ਼ਾਮੀ ਜਾ ਉਹ ਠੇਕੇ ਖੜ੍ਹਦਾ।
• • •

### ਚਿੜੀਆਂ ਦੇ ਚੰਬੇ

ਸਾਡੇ ਘਰ ਸੱਜਣ ਆਏ।
ਸੱਜਣ ਜੀ ਘਰ ਆਏ।

ਚਿੜੀਆਂ ਦੇ ਚੰਬੇ ਰੀਬਨ ਉੱਤੇ
ਜੀ ਆਇਆਂ ਨੂੰ ਲਿਖਿਆ।
ਕਾਂਵਾਂ-ਬਾਜਾਂ ਦਾ ਇੱਕ ਟੋਲਾ
ਵੇਖ-ਵੇਖ ਲਲਚਾਏ।

ਵਿਚੋਲਾ ਆਪਣੀ ਮੁੰਦਰੀ ਦੇਖੇ
ਲਾੜਾ ਕਾਰ ਦੀ ਚਾਬੀ।
ਰਾਗੀ ਆਪਣੀ ਮਾਇਆ ਦੇਖੇ
ਸੱਚੇ ਭਾਗ ਮਿਲਾਏ।

ਆਰਕੈਸਟਰਾ ਨੱਚਦੀ ਫਿਰਦੀ
ਜਿਵੇਂ ਗਰੀਬੀ ਨਚਾਵੇ।
ਹੱਥ ਫੜ-ਫੜ ਕੇ ਨੱਚਦੇ ਉਸਦਾ
ਫੁੱਫੜ ਮਾਮੇ ਤਾਏ।

ਲੈਣ-ਦੇਣ ਦਾ ਸੌਦਾ ਹੋਇਆ
ਪੱਲੇ ਤੇਰੇ ਲੱਗੀ।
ਵੇਖੋ ਮਿਹਰਾਂ ਦਾਤੇ ਦੀਆਂ
ਫੜਕੇ ਜੋੜ ਮਿਲਾਏ।

ਜਾਇਦਾਦ ਆਈ ਪੁੱਤਰ ਹਿੱਸੇ
ਧੀ ਨੂੰ ਮਿਲੀ ਫੁਲਕਾਰੀ।
ਧਰਮੀਂ ਬਾਬਲ ਸਦੀਆਂ ਤੋਂ
ਏਦਾਂ ਹੀ ਫਰਜ਼ ਨਿਭਾਏ।
• • •

ਜੇ ਤੂੰ ਪੜ੍ਹਦਾ ਉਦਾਸੀ ਸ਼ਿਵ ਪਾਸ਼ ਨੂੰ
ਨਸ਼ੇ-ਅਸਲੇ ਦੇ ਗੀਤ ਨਹੀਂ ਗਾਉਣੇ ਸੀ।
ਪਾਟੇ ਲੱਤੜੇ ਜੇ ਕਾਮਿਆਂ ਦੇ ਦੇਖਦਾ
ਤੂੰ ਆ ਫੁਕਰੇ ਜੇ ਵਾਜੇ ਨਹੀਂ ਵਜਾਉਣੇ ਸੀ।

ਬੈਠਾ ਘੋੜੀ 'ਤੇ ਦੁਨਾਲੀ ਮੋਢੇ ਰੱਖਕੇ
ਮੈਨੂੰ ਅੱਜ ਤੱਕ ਜੱਟ ਨਹੀਂਓ ਲੱਭਿਆ।
ਖੱਬੀ ਸੀਟ 'ਤੇ ਬੰਦੂਕ ਕਿਥੋਂ ਰੱਖ ਲਊ
ਜਿਹੜਾ ਕਰਜੇ ਦੇ ਭਾਰ ਥੱਲੇ ਦੱਬਿਆ।
ਸਾਹਿਬ ਸਿੰਘ ਦੇ ਨਾਟਕ ਜੇ ਤੂੰ ਦੇਖਦਾ
ਬਰਬੈਰੀ ਵਾਲੇ ਰਾਉਂਦ ਨਹੀਂ ਚਲਾਉਣੇ ਸੀ।

ਕੋਈ ਡੀਸੀ ਨਾ ਸਲੂਟ ਸਾਨੂੰ ਮਾਰਦਾ
ਨਾ ਹੀ ਡਾਲਰਾਂ ਦੇ ਵਾਂਗੂ ਨਾਮ ਚਲਦਾ।
ਬੈਂਕ ਵਾਲਿਆਂ ਨੂੰ ਦੇਖ ਲੁੱਕ ਜਾਨੇ ਆਂ
ਫਾਹਾ ਲੈ ਲੀਏ ਪਤਾ ਨਹੀਂ ਸਾਡਾ ਕੱਲ੍ਹ ਦਾ।
ਪੁੱਤ ਹੁੰਦਾ ਏ ਟਰੈਕਟਰ ਜੱਟ ਦਾ
ਜੇ ਤੂੰ ਜਾਣਦਾ ਤਾਂ ਟੋਚਨ ਨਹੀਂ ਪਾਉਣੇ ਸੀ।

ਨਾ ਹੀ ਅਸੀਂ ਪੁੱਤ ਡਾਕੂਆਂ ਦੇ ਆਂ
ਨਾ ਮੰਗਦੇ ਤੇ ਨਾ ਹੀ ਅਸੀਂ ਖੋਂਹਦੇ ਹਾਂ।
ਬਾਬੇ ਨਾਨਕ ਨੇ ਕਿਰਤ ਸਿਖਾਈ ਹੈ
ਆਪ ਖਾਂਦੇ ਹਾਂ ਤੇ ਲੰਗਰ ਵੀ ਲਾਉਂਦੇ ਹਾਂ।
ਧੀ ਤੇਰੀ ਵੀ ਜਾਂਦੀ ਜੇ ਕਿਤੇ ਪੜ੍ਹਨੇ
ਤੂੰ ਬੰਬੂਕਾਟ ਦੇ ਪਟਾਕੇ ਨਹੀਂ ਪਾਉਣੇ ਸੀ।

9813237322

---

(ਕਵਿਤਾ ਨਹੀਂ)

## ਕੌਣ ਜਾਣੇਂ ਪੀੜ ਪਰਾਈ ?

ਚੋਟ ਲੱਗੀ
ਹੱਡੀਆਂ ਟੁੱਟੀਆਂ
ਆਪਣੇ ਖਬਰ ਲੈਣ ਨਾ ਆਏ

ਮੈਂ ਆਪ ਹੀ ਪਤਾ ਕਰਿਆ
ਆਏ ਨੀ ?
ਠੀਕ ਠਾਕ ਓ ??
ਜਵਾਬ ਮਿਲਿਆ
ਆਪਣੀਧੀ ਦੇ
ਆਈ ਲੈੱਟ ਦੇ ਨੰਬਰ
ਘੁੰਮ ਫਿਰਕੇ
ਲੈ ਦੇ ਕੇ
ਮਸਾਂ ਪੂਰੇ ਕਰਾਏ
ਤਾਂ ਨੀ ਆਏ !
ਅਸੀਂ ਠੀਕ ਠਾਕ ਹਾਂ

ਇੱਕ ਵਾਰ ਤਾਂ ਝਟਕਾ ਲੱਗਾ
ਟੁੱਟੀਆਂ ਹੱਡੀਆਂ ਜੁੜ ਜਾਣੀਆਂ
ਟੁੱਟਦੇ ਰਿਸਤਿਆਂ ਦੀਆਂ
ਸਾਰਾਂ ਨਾ ਕਿਸੇ ਜਾਣੀਆਂ

ਅੱਜ ਹੋਰ, ਕੱਲ੍ਹ ਹੋਰ
ਜਖਮਾਂ ਤੇ ਕਰਦਾ ਰਿਹਾ ਟਕੋਰ

ਅੱਜ ਕੀ ਦਿਨ ਹੈ ?
ਕੀ ਟਾਈਮ ਹੋਇਆ ?
ਆਖਰੀ ਬੱਸ ਲੰਘ ਗਈ ?
ਉਹ ਕਿਉਂ ਨਾ ਆਏ ??
ਮਨ ਦੇ ਵਲਵਲੇ ਸਮਝਾਏ
ਨਹੀਂ ਆਏ ਤਾਂ ਕਿਉਂ ਨਹੀਂ ਆਏ
ਖੈਰ! ਸੁੱਖ ਹੋਵੇ ਤਾਂ ਵੀ ਚੰਗਾ
ਪਾਣੀ ਦਾ ਬੁਲਬੁਲਾ ਹੈ ਬੰਦਾ

ਸਮਾਂ ਲੰਘਦਾ ਗਿਆ
ਸਰੀਰ ਦਾ ਜਖਮ ਭਰਦਾ ਗਿਆ
ਮਨ ਦੇ ਜਖਮ ਨੂੰ
ਉਹਨਾ ਦੇ ਨਾਂ ਆਉਣ ਦਾ ਦਰਦ
ਹੋਰ ਡੂੰਘਾ ਕਰਦਾ ਗਿਆ

ਹਿੰਮਤ ਕਰਕੇ
ਹੱਥ ਵੀਲ ਚੇਅਰ ਤੇ ਧਰਕੇ
ਮਨ ਦਰਦਾਂ ਸੰਗ ਭਰਕੇ
ਮਿੱਤਰ ਪਿਆਰੇ ਦੀ ਗੱਡੀ ਕਰਕੇ
ਆਪ ਹੀ ਖਬਰ ਲੈਣ ਦਾ ਮਨ ਬਣਾਇਆ

ਅਧਵਾਟੇ ਜਾ ਕੇ ਫੋਨ ਲਗਾਇਆ
ਮੈਂ ਆਪ ਹੀ ਆ ਰਿਹਾਂ
ਅੱਗੋਂ ਜਵਾਬ ਆਇਆ
ਸੌਰੀ ਮੈਂ ਜਾ ਰਿਹਾਂ

ਰਾਤ ਹੀ ਟਿਕਟ ਆਈ
ਏਜੰਟ ਨੇ ਮਸਾਂ ਫੜਾਈ
ਮੈਂ ਫੋਨ ਕਰਨ ਸੀ ਲੱਗਿਆ
ਐਨੇ ਨੂੰ ਤੇਰਾ ਫੋਨ ਵੱਜਿਆ

ਮਨ ਮਨ ਦਾ ਗਵਾਹ ਹੁੰਦਾ
ਦਿਲਾਂ ਨੂੰ ਦਿਲਾਂ ਚੀਂ ਰਾਹ ਹੁੰਦਾ
ਮੈਂ ਕਿਹਾ ਮੈਂ ਆਪ ਹੀ ਆ ਰਿਹਾਂ
ਉਸ ਕਿਹਾ ਸੌਰੀ
ਮੈਂ ਜਾ ਰਿਹਾਂ

ਮੈਂ ਕਿਹੜਾ ਓਥੇ ਰਹਿਣਾ
ਬੱਸ ਜੁਆਕਾਂ ਦਾ ਮੰਨਿਆਂ ਕਹਿਣਾ
ਮਿਲਦੇ ਹਾਂ ਆ ਕੇ
ਹੁਣ ਨ੍ਹੇਰਾ ਹੋ ਰਿਹਾ
ਨ੍ਹੇਰੇ 'ਚ ਚੱਲਣਾ ਪੈਂਦਾ
ਲਾਈਟਾਂ ਜਗਾ ਕੇ
ਸਿਆਣੇ ਕਹਿੰਦੇ ਨ੍ਹੇਰਾ ਨਹੀਂ ਕਰਨਾ ਚਾਹੀਦਾ
ਨ੍ਹੇਰੇ ਤੋਂ ਡਰਨਾ ਚਾਹੀਦਾ

ਤੂੰ ਵੀ ਮੁੜ ਜਾ
ਵੇਲੇ ਸਿਰ ਘਰ ਜਾਹ

ਚੰਗਾ ਮੈਂ ਜਾ ਰਿਹਾਂ
ਬੱਸ ਇਹ ਸਮਝ
ਮੈਂ ਮੁੜਕੇ ਆ ਰਿਹਾਂ
ਕਰਾਂਗੇ ਮੇਲੇ ਗੇਲੇ
ਜੱਗ ਜਿਉਦਿਆਂ ਦੇ ਮੇਲੇ !

ਸੋਚ ਰਿਹਾਂ
ਪਹਿਲਾਂ ਵੀ ਜਿਉਂਦੇ ਹੀ ਸੀ ਕਿ ??

ਇਹ ਕੇਹੀ ਰੁੱਤ ਆਈ ਵੇ ਲਾਲੋ
ਕੌਣ ਜਾਣੇਂ ਪੀੜ ਪਰਾਈ ਵੇ ਲਾਲੋ।

-ਅਮੋਲਕ ਸਿੰਘ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ ਕੈਲਗਰੀ :
ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ 'ਚ ਖੇਡਿਆ ਗਿਆ ਨਾਟਕ 'ਭਗਤ ਸਿੰਘ ਤੂੰ ਜ਼ਿੰਦਾ ਹੈ'







ਲੁਧਿਆਣਾ, (ਜਸਵੰਤ ਜੀਰਖ) ਦੇਸ਼ ਦੀ ਆਜ਼ਾਦੀ ਲਈ ਅੰਗਰੇਜ਼ਾਂ ਖਿਲਾਫ ਧੜੱਲੇ ਨਾਲ ਲੜਨ ਵਾਲੀ ਗਦਰ ਪਾਰਟੀ ਦੇ ਸਿਰਲੱਥ ਯੋਧਿਆਂ ਵਿੱਚੋਂ ਸਭ ਤੋਂ ਛੋਟੀ ਉਮਰ ਦੇ ਮਹਾਨ ਜਰਨੈਲ ਸ਼ਹੀਦ ਕਰਤਾਰ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਨਾਟਕ ਕਰਵਾਏ ਗਏ। ਗਦਰੀ ਸ਼ਹੀਦ ਬਾਬਾ ਭਾਨ ਸਿੰਘ ਸੁਨੇਤ ਯਾਦਗਾਰ ਵਿੱਖੇ ਮਹਾਂ ਸਭਾ ਲੁਧਿਆਣਾ ਅਤੇ ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟ੍ਰੱਸਟ ਵੱਲੋਂ, ਨੌਜਵਾਨ ਸਭਾ ਬੀ ਆਰ ਐਸ ਨਗਰ (ਐਲ ਬਲਾਕ) ਦੇ ਸਹਿਯੋਗ ਨਾਲ ਕਰਵਾਏ ਇਸ ਸਮਾਗਮ ਦੌਰਾਨ ਪ੍ਰੋ. ਸੋਮਪਾਲ ਹੀਰਾ ਦੀ ਨਿਰਦੇਸ਼ਨਾਂ ਹੇਠ ਸਿਰਜਣਾ ਆਰਟ ਗਰੁੱਪ ਰਾਏਕੋਟ ਦੁਆਰਾ ਖੇਡੇ ਨਾਟਕ 'ਭਗਤ ਸਿੰਘ ਤੂੰ ਜ਼ਿੰਦਾ ਹੈ' ਨੇ ਸ਼ਹੀਦਾਂ ਦੀ ਵਿਚਾਰਧਾਰਾ ਨਾਲ ਹੋ ਰਹੀ ਬੇਇਨਸਾਫੀ ਬਾਰੇ ਸੰਵਾਦ ਰਚਾਇਆ। ਨਾਟਕ ਨੇ ਆਜ਼ਾਦੀ ਤੋਂ ਬਾਅਦ ਦੇਸ ਤੇ ਰਾਜ ਕਰਨ ਵਾਲੀਆਂ ਸਿਆਸੀ ਪਾਰਟੀਆਂ ਵੱਲੋਂ ਦੇਸ ਭਗਤੀ ਦੇ ਪਹਿਨੇ ਮਖੌਟੇ ਦੇ ਪਾਜ ਉਘੇੜਦਿਆਂ ਸਹੀਦਾਂ ਦੇ ਨਾਂ ਨੂੰ ਸਿਰਫ ਆਪਣੀਆਂ ਵੋਟਾਂ ਵਟੋਰਨ ਲਈ ਵਰਤਣ ਤੱਕ ਹੀ ਸੀਮਤ ਕਰ ਲੈਣ ਤੇ ਕਰਾਰੀ ਚੋਟ ਮਾਰੀ। ਸ਼ਹੀਦਾਂ ਦੀ ਵਿਚਾਰਧਾਰਾ ਦੀ ਗੱਲ ਕਰਨ ਵਾਲੀਆਂ ਸੰਸਥਾਵਾਂ ਵੱਲੋਂ ਨਿਭਾਏ ਜਾ ਰਹੇ ਰੋਲ ਦੀਆਂ ਖਾਮੀਆਂ ਉੱਪਰ ਉਂਗਲ ਰੱਖਣ 'ਚ ਵੀ ਨਾਟਕ ਸਫਲ ਰਿਹਾ। 'ਖੇਤਾਂ ਦਾ ਰਾਜਾ' ਕੋਰੀਓਗ੍ਰਾਫੀ ਰਾਹੀਂ ਪ੍ਰਾਲੀ ਆਦਿ ਨਾ ਸਾੜਨ ਬਾਰੇ ਦਿੱਤਾ ਸੰਦੇਸ ਵੀ ਲੋਕਾਂ ਲਈ ਸਿੱਖਿਆਦਾਇਕ ਰਿਹਾ। ਇਸ ਮੌਕੇ ਸਹੀਦ ਭਗਤ ਸਿੰਘ ਦੇ ਭਾਣਜਾ ਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਜਨਰਲ ਸਕੱਤਰ ਪ੍ਰੋ ਜਗਮੋਹਨ ਸਿੰਘ ਨੇ ਸੰਬੋਧਨ ਕਰਦਿਆਂ ਅੱਜ ਦੇ ਭ੍ਰਿਸ਼ਟ, ਮੌਕਾਪ੍ਰਸਤ ਅਤੇ ਫ੍ਰਿਕਾਪ੍ਰਸਤ ਸਿਆਸਤਦਾਨਾਂ ਨੂੰ ਗਦਰ ਪਾਰਟੀ ਦੇ ਇਤਿਹਾਸ ਤੋਂ ਸਿੱਖਣ ਦੀ ਨਸੀਅਤ ਦਿੱਤੀ। ਉਹਨਾਂ ਮੰਦਰ-ਮਸਜਿਦ ਦੀ ਫਿਰਕਾਪ੍ਰਸਤ ਸਿਆਸਤ ਕਰਨ ਦੀ ਬਜਾਏ ਗਦਰ ਪਾਰਟੀ ਵਿੱਚ ਭਰਤੀ ਹੋਏ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਆਦਿ ਵੱਲੋਂ ਧਰਮਾਂ ਤੋਂ ਉੱਪਰ ਉੱਠਕੇ ਦੇਸ ਲਈ ਦਿੱਤੀਆਂ ਕੁਰਬਾਨੀਆਂ ਤੋਂ ਸੇਧ ਲੈਣ ਤੇ ਜੋਰ ਦਿੱਤਾ। ਉੱਘੇ ਸਮਾਜ ਚਿੰਤਕ ਬਲਕੌਰ ਸਿੰਘ ਗਿੱਲ ਅਤੇ ਸਾਬਕਾ ਪ੍ਰਿੰ. ਪਿਆਰਾ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟਾਉਂਦਿਆਂ ਨਾਟਕ ਦੇ ਨਿਰਦੇਸ਼ਕ ਵੱਲੋਂ ਨਿਭਾਈ ਭੂਮਿਕਾ ਅਤੇ ਸਮਾਗਮ ਦੇ ਪ੍ਰਬੰਧਾਂ ਦੀ ਪ੍ਰਸੰਸਾ ਕੀਤੀ। ਪਲਸ ਮੰਚ ਦੇ ਆਗੂ ਕਸਤੂਰੀ ਲਾਲ ਸਮੇਤ ਰਮੇਸ਼ ਬੱਗਾ ਨੇ ਆਪਣੇ ਗੀਤਾਂ ਰਾਹੀਂ ਹਾਜ਼ਰੀ ਲਵਾਈ। ਸਟੇਜ ਸੰਚਾਲਨ ਜਸਵੰਤ ਜੀਰਖ ਵੱਲੋਂ ਬਾਖੂਬੀ ਨਿਭਾਇਆ ਗਿਆ। ਨੌਜਵਾਨ ਸਭਾ ਵੱਲੋਂ ਰਾਕੇਸ਼ ਆਜ਼ਾਦ, ਐਡਵੋਕੇਟ ਹਰਪ੍ਰੀਤ ਜੀਰਖ, ਅਰੁਣ ਕੁਮਾਰ, ਜਗਜੀਤ ਸਿੰਘ, ਪ੍ਰਤਾਪ ਸਿੰਘ, ਰਜੀਵ ਕੁਮਾਰ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ ਅਤੇ ਅਗਾਂਹ ਵਧੂ ਕਿਤਾਬਾਂ ਦੀ ਸਟਾਲ ਸਮੇਤ ਤਰਕਸ਼ੀਲ ਪ੍ਰਦਰਸਨੀ ਵੀ ਲੋਕਾਂ ਲਈ ਪ੍ਰੇਰਣਾਦਾਇਕ ਬਣੀ ਰਹੀ। ਸਥਾਨਕ ਉੱਘੇ ਰੰਗਕ੍ਰਮੀ ਤਰਲੋਚਨ ਸਿੰਘ ਨੇ ਵੀ ਹਾਜ਼ਰੀ ਲਵਾਈ ਜਿਨ੍ਹਾਂ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਬਚਨਬੱਧਤਾ ਦੁਹਰਾਈ। ਦਰਸ਼ਕਾਂ ਵੱਲੋਂ ਵੀ ਪੂਰੀ ਦਿੱਲਚਸਪੀ ਵਿਖਾਈ ਗਈ ਅਤੇ ਇਸ ਤਰ੍ਹਾਂ ਦੇ ਪ੍ਰੋਗਰਾਮ ਜਾਰੀ ਰੱਖਣ ਦੀ ਇੱਛਾ ਪ੍ਰਗਟਾਈ। ਕੈਨੇਡਾ ਵਾਸੀ ਬਲਦੇਵ ਸਿੰਘ ਔਲਖ ਵੱਲੋਂ ਸ਼ਹੀਦਾਂ ਦੀ ਵਿਚਾਰਧਾਰਾ ਨੂੰ ਲੋਕਾਂ ਵਿੱਚ ਪ੍ਰਚਾਰਕੇ ਬਰਾਬਰਤਾ ਵਾਲਾ ਸਮਾਜ ਸਿਰਜਣ ਲਈ ਸੁਚੇਤ ਕਰਨ ਦੇ ਯਤਨਾਂ ਨੂੰ ਹੋਰ ਸੁਚਾਰੂ ਢੰਗ ਨਾਲ ਵਿਕਸਿਤ ਕਰਨ ਲਈ 5000/- ਰਪਏ ਗਦਰੀ ਸਹੀਦ ਬਾਬਾ ਭਾਨ ਸਿੰਘ ਟ੍ਰੱਸਟ ਲਈ ਸਹਾਇਤਾ ਵਜੋਂ ਦਿੱਤੇ ਗਏ। ਕਈ ਹੋਰ ਲੋਕਾਂ ਵੱਲੋਂ ਵੀ ਆਰਥਿਕ ਮੱਦਦ ਦਿੱਤੀ ਗਈ।
















# ਕਾ. ਪਾਸਲਾ ਨੇ ਫਿਰਕੂ ਫਾਸੀਵਾਦ ਦੇ ਖਿਲਾਫ ਇਕਜੁੱਟ ਹੋਣ ਦਾ ਦਿੱਤਾ ਹੋਕਾ





ਬਰੈਂਪਟਨ ਕੈਨੇਡਾ (ਡਾ.ਪ੍ਰਦੀਪ ਜੋਧਾਂ) ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐੱਮ.ਪੀ. ਆਈ.) ਦੇ ਕੌਮੀ ਜ. ਸਕੱਤਰ, ਉੱਘੇ ਟਰੇਡ ਯੂਨੀਅਨ ਆਗੂ ਤੇ ਦੇਸ ਭਗਤ ਯਾਦਗਾਰ ਹਾਲ ਜਲੰਧਰ ਦੇ ਟਰੱਸਟੀ ਸਾਥੀ ਮੰਗਤ ਰਾਮ ਪਾਸਲਾ ਨੇ ਆਪਣੀ ਕੈਨੇਡਾ ਫੇਰੀ ਦੌਰਾਨ ਬਰੈਂਪਟਨ ਦੇ ਕੈਸੀ ਕੈਮਬਿੱਲ ਕਮਿਊਨਿਟੀ ਸੈਂਟਰ ਵਿਖੇ ਖੱਬੇ ਪੱਖੀ ਧਿਰਾਂ ਤੇ ਹੋਰ ਵੱਖ-ਵੱਖ ਜਥੇਬੰਦੀਆਂ ਵੱਲੋਂ "ਭਾਰਤ ਦੇ ਮੌਜੂਦਾ ਹਾਲਾਤ ਤੇ ਖੱਬੇਪੱਖੀ ਧਿਰਾਂ ਦਾ ਯੋਗਦਾਨ" ਦੇ ਵਿਸ਼ੇ 'ਤੇ ਕਰਵਾਏ ਗਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਭਾਰਤ 'ਚ ਵੱਧ ਰਹੇ ਫਿਰਕੂ ਫਾਸੀਵਾਦ ਦੇ ਖਤਰਿਆਂ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਸ ਮੁਕਾਬਲਾ ਕਰਨ ਲਈ ਖੱਬੀਆਂ, ਜਮਹੂਰੀ, ਤੇ ਧਰਮ ਨਿਰਪੱਖ ਤਾਕਤਾਂ ਨੂੰ ਜਿੱਥੇ ਇਕ ਜੁੱਟ ਹੋਣਾ ਪਵੇਗਾ ਉੱਥੇ ਫਿਰਕੂ ਤਾਕਤਾਂ ਦੇ ਖਿਲਾਫ ਵਿਸਾਲ ਏਕੇ ਦੀ ਵੀ ਉਸਾਰੀ ਕਰਨੀ ਹੋਵੇਗੀ। ਸਾਥੀ ਪਾਸਲਾ ਨੇ ਦੇਸ 'ਚ ਚੰਗੇ ਸਮਾਜ ਦੀ ਉਸਾਰੀ ਤੇ ਭਗਤ ਸਰਾਭਿਆਂ ਦੀ ਸੋਚ ਦਾ ਸਮਾਜ ਸਿਰਜਣ ਲਈ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਆਸ ਪ੍ਰਗਟਾਈ ਕਿ ਪ੍ਰਵਾਸੀ ਭਾਰਤੀ ਇਸ ਕਾਰਜ ਆਪਣਾ ਰੋਲ ਅਦਾ ਕਰਦੇ ਰਹਿਣਗੇ। ਇਸ ਸੈਮੀਨਾਰ ਨੂੰ ਐਡਮਿੰਟਨ ਐੱਨ.ਡੀ.ਪੀ. ਦੇ ਵਿਧਾਇਕ ਜਸਵੀਰ ਦਿਓਲ, ਉੱਘੇ ਅਰਥ ਸਾਸਤਰੀ ਸੁੱਚਾ ਸਿੰਘ ਗਿੱਲ, ਔਰਤਾਂ ਦੀ ਕੌਮਾਂਤਰੀ ਜਥੇਬੰਦੀ ਦਿਸ਼ਾ ਦੀ ਪ੍ਰਮੁੱਖ ਆਗੂ ਕਮਲਜੀਤ ਕੌਰ, ਪੰਜਾਬੀ ਲੇਖਕ ਜਾਗੀਰ ਸਿੰਘ ਕਾਹਲੋ ਨੇ ਵੀ ਸੰਬੋਧਨ ਕੀਤਾ। ਸਟੇਜ ਦਾ ਸੰਚਾਲਨ ਇੰਡੋ ਕੈਨੇਡੀਅਨ ਵਰਕਰਜ ਐਸੋਸੀਏਸਨ ਦੇ ਆਗੂ ਹਰਿੰਦਰ ਹੁੰਦਲ ਨੇ ਕੀਤਾ। ਇਸ ਸੈਮੀਨਾਰ ਦੀ ਕਵਰੇਜ-ਪੀਟੀਐਨ-24 ਦੇ ਮੀਡੀਆ ਕਰਮੀ ਜੱਸ ਬਰਾੜ ਤੇ ਜਗਸੀਰ ਸਰਮਾ, ਟੀ ਵੀ ਪੰਜਾਬੀ ਦੁਨੀਆ ਵੱਲੋਂ ਹਰਜੀਤ ਗਿੱਲ, ਰੇਡੀਓ ਨਗਾਰਾ ਦੇ ਚਰਨਜੀਤ ਸਿੰਘ ਬਰਾੜ ਵੱਲੋਂ ਕੀਤੀ ਗਈ। ਇਸ ਸਮਾਗਮ 'ਚ ਹਰਬੰਸ ਮੱਲੀ, ਡਾ. ਪ੍ਰਦੀਪ ਜੋਧਾਂ, ਸੁਰਜੀਤ ਕੌਰ, ਦਲਬੀਰ ਕੌਰ, ਸਰਬਜੀਤ ਕੌਰ ਕਾਹਲੋਂ, ਅਮਨ ਹੁੰਦਲ, ਬਲਬੀਰ ਕੌਰ ਮੱਲੀ, ਪਰਮਜੀਤ ਕੌਰ ਸੇਖੋਂ, ਨੇਹਾ ਕਪੂਰ, ਕਾਮਰੇਡ ਲਾਲ ਸਿੰਘ ਢਿੱਲੋਂ, ਬਲਜੀਤ ਸਿੰਘ ਬੈਂਸ, ਗੁਰਚਰਨ ਸਿੰਘ ਦਿਉਲ, ਕਾ. ਮਹਿੰਦਰ ਸਿੰਘ ਸੀਲੋਂ ਐਡਮਿੰਟਨ, ਗੁਰਚਰਨ ਸਿੰਘ ਦਿਉਲ, ਪ੍ਰੀਤਮ ਸਿੰਘ, ਪ੍ਰੀਤਮ ਸਿੰਘ ਢੀਂਡਸਾ, ਸੁਖਵਿੰਦਰ, ਕਾਹਲੋਂ, ਹੈਪੀ, ਗਰੇਵਾਲ, ਤੇਜੀ ਕਾਲਾ ਸੰਘਿਆਂ, ਕੁਲਵੰਤ ਸਿੰਘ ਸੇਖੋਂ ਧਮਾਲ, ਸਿੰਗਾਰਾ ਸਿੰਘ, ਨਵਨੀਤ ਬੱਬੂ, ਸੌਂਕੀ ਜੋਧਾਂ, ਕਰਨ ਜੋਧਾਂ, ਹਨੀ ਸਿੰਘ ਖੰਨਾ, ਦੀਪਕ ਸਰਮਾ ਲੁਧਿਆਣਾ, ਵਿਵੇਕ ਕੱਕੜ ਫਿਰੋਜ਼ਪੁਰ, ਕੁਲਦੀਪ ਸਿੰਘ ਸਿੰਘ ਗੁੱਜਰਵਾਲ, ਹਰਬੰਸ ਸਿੰਘ ਭੈਰੋਮੁੱਨਾ, ਮਾਸਟਰ ਜੀ ਨੂਰਪੁਰਬੇਦੀ, ਕੁਲਦੀਪ ਸਿੰਘ ਬੋਪਾਰਾਏ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

# ਵਿਲੱਖਣ ਲਾਇਬ੍ਰੇਰੀ ਦਾ ਉਦਘਾਟਨ

**ਕੈਲਗਰੀ/ਮਾ. ਭਜਨ**

ਕੈਲਗਰੀ ਕੈਨੇਡਾ ਵਿਖੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਲੋਂ ਚਲਾਈ ਜਾ ਰਹੀ ਪੁਸਤਕ ਸਭਿਆਚਾਰ ਦੀ ਲਹਿਰ ਨੂੰ ਉਸ ਸਮੇਂ ਬੂਰ ਪਿਆ ਜਦੋਂ ਲਾਇਬ੍ਰੇਰੀ ਖੋਲ੍ਹਕੇ ਕੈਲਗਰੀ ਨਿਵਾਸੀਆਂ ਨੇ ਇਸ ਦੀ ਸ਼ੁਰੂਆਤ ਕੀਤੀ। ਇਹ 'ਵਿਲੱਖਣ ਲਾਇਬ੍ਰੇਰੀ' ਆਪਣੇ ਘਰਾਂ ਦੇ ਬਾਹਰ ਬਣਾਈਆਂ ਗਈਆਂ ਹਨ। ਪਾਠਕਾਂ ਨੂੰ ਕੈਪਸ਼ਨਾਂ ਰਾਹੀਂ ਕਿਹਾ ਗਿਆ ਹੈ ਕਿ ਆਪਣੀ ਮਰਜ਼ੀ ਦੀ ਪੁਸਤਕ ਆਪੇ ਹੀ ਲੈ ਜਾਵੋ ਤੇ ਪੜ੍ਹ ਕੇ ਵਾਪਸ ਕਰ ਜਾਵੋ। ਇਸ ਦੀ ਸ਼ੁਰੂਆਤ ਪ੍ਰੋਗਰੈਸਿਵ ਕਲਾ ਮੰਗ ਦੀ ਅਦਾਕਾਰਾ ਉਘੀ ਲੇਖਿਕਾ ਗੁਰਚਰਨ ਕੌਰ ਥਿੰਦ ਜੀ ਨੇ ਆਪਣੇ ਘਰ ਦੇ ਬਾਹਰ 'ਵਿਲੱਖਣ ਵਿਹੜਾ ਲਾਇਬ੍ਰੇਰੀ' ਖੋਲ੍ਹ ਕੇ ਕੀਤਾ। ਇਸ ਕਾਰਜ ਨੂੰ ਅੱਗੇ ਵਧਾਉਂਦਿਆਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਮੈਂਬਰ ਕਮਲ ਸਿੱਧੂ ਨੇ ਆਪਣੇ ਘਰ ਦੇ ਬਾਹਰ ਵਿਲੱਖਣ ਲਾਇਬ੍ਰੇਰੀ ਖੋਲ੍ਹ ਕੇ ਕੀਤਾ। ਇਸ ਲਾਇਬ੍ਰੇਰੀ ਦਾ ਉਦਘਾਟਨ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਨਿਰਦੇਸ਼ਕ ਉਘੇ ਨਾਟਕਕਾਰ ਸ੍ਰੀ ਹਰਕੇਸ਼ ਚੌਧਰੀ ਜੀ ਨੇ ਕੀਤਾ। ਇਸ ਮੌਕੇ 'ਤੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਪ੍ਰਬੰਧਕ ਮਾ. ਭਜਨ ਸਿੰਘ ਜੀ ਨੇ ਕਮਲ ਸਿੱਧੂ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਕਿਤਾਬਾਂ ਦਾ ਸੈੱਟ ਭੇਂਟ ਕੀਤਾ। ਉਨ੍ਹਾਂ ਕਿਹਾ ਕਿ ਚੰਗੀ ਜ਼ਿੰਦਗੀ ਦੀ ਸ਼ੁਰੂਆਤ ਲਈ ਕਿਤਾਬਾਂ ਬਹੁਤ ਜ਼ਰੂਰੀ ਹਨ। ਸ੍ਰੀ ਹਰਕੇਸ਼ ਚੌਧਰੀ ਜੀ ਨੇ ਕਿਹਾ ਕਿ ਜੇ ਹਰ ਨੌਜਵਾਨ ਦੇ ਹੱਥ ਕਿਤਾਬ ਹੋਵੇਗੀ ਤਾਂ ਉਨ੍ਹਾਂ ਨੌਜਵਾਨਾਂ ਦੇ ਹੱਥਾਂ ਵਿਚ ਹਥਿਆਰ ਤੇ ਨਸ਼ਾ ਕੋਈ ਨਹੀਂ ਫੜਾ ਸਕੇਗਾ। "ਵਿਲੱਖਣ ਵਿਹੜਾ ਲਾਇਬ੍ਰੇਰੀ" ਦੀ ਸ਼ੁਰੂਆਤ ਲਈ ਗੁਰਚਰਨ ਕੌਰ ਥਿੰਦ ਅਤੇ ਸਿੱਧੂ ਪਰਿਵਾਰ ਨੂੰ ਮੁਬਾਰਕਵਾਦ ਦਿੱਤੀ ਗਈ। ਕਮਲ ਸਿੱਧੂ ਨੇ ਆਏ ਪਾਠਕਾਂ ਮਾ. ਭਜਨ ਸਿੰਘ ਅਤੇ ਹਰਕੇਸ਼ ਚੌਧਰੀ ਜੀ ਦਾ ਧੰਨਵਾਦ ਕੀਤਾ।






## 11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

**ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।**



ਹਰਬੰਸ ਸਿੰਘ (ਟੋਰਾਂਟੋ) 416-817-7142

ਦੇਵਿੰਦਰ ਤੂਰ (ਟੋਰਾਂਟੋ) 416 902 9372

ਮਾਸਟਰ ਭਜਨ (ਕੈਲਗਰੀ) 403-455-4220

ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794

ਜਸਵੀਰ ਕੌਰ ਮੰਗੂਵਾਲ ਵਿਨੀਪੈੱਗ 204-881-4955

ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598











# ਪੰਜਾਬੀ ਲਿਖਾਰੀ ਸਭਾ ਕੈਲਗਰੀ ਨੇ ਲੇਖਕ ਹਰੀਪਾਲ ਦਾ ਲੇਖ ਸੰਗ੍ਰਹਿ 'ਪੂੰਜੀਵਾਦ ਬਨਾਮ ਧਰਤੀ ਦੀ ਹੋਂਦ' ਕੀਤਾ ਲੋਕ ਅਰਪਣ


**ਜੋਰਾਵਰ ਸਿੰਘ ਬਾਂਸਲ**



ਪੰਜਾਬੀ ਲਿਖਾਰੀ ਸਭਾ ਦੀ ਜੂਨ ਮਹੀਨੇ ਦੀ ਮੀਟਿੰਗ ਕੋਸੋ ਹਾਲ ਵਿੱਚ ਸਾਹਿਤਕ ਪ੍ਰੇਮੀਆਂ ਦੀ ਭਰਪੂਰ ਹਾਜ਼ਰੀ ਵਿੱਚ ਹੋਈ। ਮੀਟਿੰਗ ਦਾ ਆਗਾਜ਼ ਕਰਦਿਆਂ ਜਨਰਲ ਸਕੱਤਰ ਜ਼ੋਰਾਵਰ ਸਿੰਘ ਬਾਂਸਲ ਨੇ ਪ੍ਰਧਾਨਗੀ ਮੰਡਲ ਵਿੱਚ ਬਿਰਾਜਮਾਨ ਹੋਣ ਲਈ ਪ੍ਰਧਾਨ ਦਵਿੰਦਰ ਮਲਹਾਂਸ, ਲੇਖਕ ਹਰੀਪਾਲ ਤੇ ਪੰਜਾਬ ਤੋਂ ਆਏ ਪ੍ਰਸਿੱਧ ਕਹਾਣੀਕਾਰ ਜਤਿੰਦਰ ਹਾਂਸ ਨੂੰ ਸੱਦਾ ਦਿੱਤਾ। ਸਾਹਿਤ ਅਤੇ ਸਮਾਜ ਵਿੱਚ ਯੋਗਦਾਨ ਪਾ ਕੇ ਇਸ ਫ਼ਾਨੀ ਜਹਾਨ ਤੋਂ ਰੁਖਸਤ ਹੋਈਆਂ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਦਿੰਦਿਆਂ ਨਾਮਵਰ ਲੇਖਿਕਾ ਸੁਲਤਾਨਾ ਬੇਗਮ ਜੀ ਦਾ ਜ਼ਿਕਰ ਕੀਤਾ। ਜਿਨ੍ਹਾਂ 'ਨਮਕ ਪਾਰੇ', 'ਕਤਰਾ-ਕਤਰਾ ਜ਼ਿੰਦਗੀ' ਅਤੇ 'ਲਾਹੌਰ ਕਿੰਨੀ ਦੂਰ' ਵਰਗੀਆਂ ਕਿਤਾਬਾਂ ਪੰਜਾਬੀ ਪਾਠਕਾਂ ਦੀ ਝੋਲੀ ਪਾਈਆਂ। ਉਹਨਾਂ ਤੋ ਇਲਾਵਾ ਸੀਨੀਅਰ ਪੱਤਰਕਾਰ ਅਭਿਜੀਤ ਚੈਟਰਜੀ ਦਾ ਜ਼ਿਕਰ ਹੋਇਆ ਅਤੇ ਅੱਜਕੱਲ੍ਹ ਪੰਜਾਬ ਵਿੱਚ ਗੈਂਗਸਟਰ ਦੀਆਂ ਖ਼ਬਰਾਂ ਨਾਲ ਬਣੇ ਦਹਿਸ਼ਤ ਦੇ ਮਾਹੌਲ ਉੱਤੇ ਫ਼ਿਕਰ ਜ਼ਾਹਿਰ ਕੀਤਾ। ਇਸ ਤੋਂ ਇਲਾਵਾ ਜੂਨ ਮਹੀਨੇ ਨਾਲ ਸਬੰਧਤ ਇਤਿਹਾਸਕ ਤੇ ਧਾਰਮਿਕ ਘਟਨਾਵਾਂ ਦੀ ਗੱਲਬਾਤ ਵੀ ਹੋਈ। ਜਿਸ ਵਿੱਚ ਸਾਕਾ ਨੀਲਾ ਤਾਰਾ, ਪਿਤਾ ਦਿਵਸ, ਵਾਤਾਵਰਨ ਦਿਵਸ ਆਦਿ ਉਤੇ ਗੱਲ ਹੋਈ। ਹਰੀਪਾਲ ਜੀ ਦਾ ਲੇਖ ਸੰਗ੍ਰਹਿ 'ਪੂੰਜੀਵਾਦ ਬਨਾਮ ਧਰਤੀ ਦੀ ਹੋਂਦ' ਬਾਰੇ ਗੱਲ ਕਰਦਿਆਂ ਬਲਜਿੰਦਰ ਸੰਘਾ ਨੇ ਉਨ੍ਹਾਂ ਦੀਆਂ ਪਿਛਲੀਆਂ ਕਿਤਾਬਾਂ ਦਾ ਵੇਰਵਾ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੀ ਕਲਮ ਪਿਆਰ-ਮੁਹੱਬਤ, ਦਿਲ ਟੁੱਟਣ ਜਾਂ ਨਿੱਜ ਦਾ ਰੋਣ ਨਹੀਂ ਰੋਂਦੀ। ਉਨ੍ਹਾਂ ਦੀ ਹਰ ਲਿਖਤ ਸਮਾਜ, ਵਾਤਾਵਰਨ ਅਤੇ ਆਪਣੇ ਆਸ-ਪਾਸ ਦਾ ਫ਼ਿਕਰ ਕਰਦੀ ਨਜ਼ਰ ਆਉਂਦੀ ਹੈ। ਰੇਡੀਓ ਰੈੱਡ ਐਫ ਐਮ ਤੋਂ ਵਿਸੇਸ ਤੌਰ 'ਤੇ ਹਾਜ਼ਰ ਰਿਸ਼ੀ ਨਾਗਰ ਜੀ ਨੇ ਬਹੁਤ ਹੀ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਹਰੀਪਾਲ ਦੀ ਕਿਤਾਬ ਵਿੱਚ ਲਿਖਤ ਹਵਾ ਪਾਣੀ ਨੂੰ ਦੂਸ਼ਿਤ ਕਰਦੀਆਂ ਕਾਰਪੋਰੇਸ਼ਨ ਦੀਆਂ ਲਾਲਚ ਵੱਸ ਕੋਝੀਆਂ ਚਾਲਾਂ ਦੀ ਨਿਖੇਧੀ ਕੀਤੀ। ਜਗਦੀਸ਼ ਚੋਹਕਾਂ ਨੇ ਕਿਤਾਬ ਤੇ ਪਰਚਾ ਪੜ੍ਹਦਿਆਂ ਕਿਤਾਬ ਵਿਚਲੇ ਸਾਰੇ ਹੀ ਲੇਖਾ ਦਾ ਵਿਸਥਾਰ ਸਾਂਝਾ ਕਰਦਿਆਂ ਕਿਹਾ ਕਿ ਉਨੀ ਸੌ ਤੀਹ ਦੀ ਮੰਦੀ ਨੇ ਇਕ ਹਿਟਲਰ ਪੈਦਾ ਕੀਤਾ ਸੀ ਤੇ ਹੁਣ ਦੀ ਮੰਦਹਾਲੀ ਪਤਾ ਨਹੀਂ ਕਿੰਨੇ ਹਿਟਲਰ ਪੈਦਾ ਕਰੇਗੀ। ਇਹ ਕਿਤਾਬ ਪੂੰਜੀਵਾਦ, ਕਾਰਪੋਰੇਸ਼ਨਾਂ, ਸਰਕਾਰਾਂ ਵਲੋਂ ਲੋਕਾਂ 'ਤੇ ਨਿੱਤ ਦਿਨ ਵੱਧਦੇ ਟੈਕਸਾਂ ਦਾ ਬੋਝ, ਕੈਨੇਡਾ ਵਿੱਚ ਬਜ਼ੁਰਗਾਂ ਦੀ ਦੁਰਦਸ਼ਾ, ਕਿਰਤ ਦੀ ਲੁੱਟ ਅਤੇ ਹੋਰ ਵੀ ਅਨੇਕਾਂ ਅਲਾਮਤਾਂ ਖਿਲਾਫ ਜਾਗਰੂਕ ਦਾ ਸੁਨੇਹਾ ਦਿੰਦੀ ਹੈ। ਲੋਕ ਕਲਾ ਮੰਚ ਤੇ ਲੇਖਕ ਨਿਰਦੇਸ਼ਕ ਹਰਕੇਸ਼ ਚੌਧਰੀ ਨੇ ਕਿਹਾ ਕਿ ਸਰਲ ਭਾਸ਼ਾ ਵਿੱਚ ਲਿਖੀ ਬਹੁਤ ਡੂੰਘੀਆਂ ਪਰਤਾਂ ਖੋਲ੍ਹਦੀ ਇਹ ਕਿਤਾਬ ਸਭ ਨੂੰ ਪੜ੍ਹਨੀ ਚਾਹੀਦੀ ਹੈ। ਮਾਸਟਰ ਸੁਰਜੀਤ ਦੌਧਰ (ਤਰਕਸ਼ੀਲ ਸੁਸਾਇਟੀ) ਨੇ ਕਿਸਾਨੀ ਸੰਘਰਸ਼ ਦੀ ਗੱਲ ਕਰਦਿਆਂ ਕਿਹਾ ਕਿ ਉਸ ਨਾਲ ਇੰਨੀ ਜਾਗ੍ਰਿਤੀ ਆਈ ਹੈ ਅੱਸੀ ਸਾਲ ਦੇ ਲੋਕਾਂ ਨੂੰ ਵੀ ਕਾਰਪੋਰੇਸ਼ਨਾਂ ਚਲਾ ਰਹੀਆਂ ਹਨ, ਉਸ ਦੀ ਸਮਝ ਆਈ ਹੈ। ਪੂੰਜੀਵਾਦ ਤੇ ਕਾਰਪੋਰੇਸ਼ਨਾਂ ਦਾ ਚਿੱਠਾ ਖੋਲ੍ਹਦੇ ਰਜਿੰਦਰ ਭਦੌੜ (ਪ੍ਰਮੁੱਖ ਆਗੂ ਤਰਕਸ਼ੀਲ ਸੁਸਾਇਟੀ ਪੰਜਾਬ) ਨੇ ਕਿਹਾ ਇਹ ਕਿਤਾਬ ਇੱਕ ਬੀਜ ਹੈ, ਜੋ ਆਉਣ ਵਾਲੇ ਸਮੇਂ ਵਿੱਚ ਪੌਦਾ ਬਣ ਦੱਸੇਗੀ ਕਿ ਸਾਹਿਤ ਸਮਾਜ ਬਦਲਣ ਵਿੱਚ ਕਿੱਥੋਂ ਤਕ ਯੋਗਦਾਨ ਪਾ ਸਕਦਾ ਹੈ। ਹਰੀਪਾਲ ਨੇ ਸਰਕਾਰਾਂ ਦੀ ਗੱਲ ਕਰਦਿਆਂ ਕਿਹਾ ਕਿ ਆਮ ਆਦਮੀ ਦੀ ਘਰ ਦੀ ਕਿਸ਼ਤ ਟੁੱਟਦਿਆਂ ਬੈਂਕਾਂ ਵਲੋ ਘਰ ਤੇ ਕਬਜਾ ਕੀਤਾ ਜਾਦਾ ਹੈ ਪਰ ਕਾਰਪੋਰੇਸ਼ਨ ਨੂੰ ਮਿਲੀਅਨ ਡਾਲਰ ਬਿਨਾਂ ਵਿਆਜ ਜਾਂ ਫਿਰ ਮਾਫ ਹੀ ਕਰ ਦਿੱਤੇ ਜਾਂਦੇ ਹਨ। ਸਮੁੰਦਰ ਵਿਚ ਪਲਾਸਟਿਕ ਤੇ ਹੋਰ ਜ਼ਹਿਰੀਲੇ ਕੈਮੀਕਲਜ਼ ਸੁੱਟ ਕੇ ਵਾਤਾਵਰਣ ਨੂੰ ਜ਼ਹਿਰੀਲਾ ਕੀਤਾ ਜਾ ਰਿਹਾ ਹੈ। ਪੰਜਾਬੀ ਲਿਖਾਰੀ ਸਭਾ ਦੀ ਪੂਰੀ ਕਾਰਜਕਾਰੀ ਕਮੇਟੀ ਅਤੇ ਖਾਸ ਮਹਿਮਾਨਾਂ ਵੱਲੋਂ ਇਹ ਕਿਤਾਬ ਹਾਜ਼ਰੀਨ ਦੀਆਂ ਭਰਪੂਰ ਤਾੜੀਆਂ ਵਿੱਚ ਲੋਕ ਅਰਪਣ ਕੀਤੀ ਗਈ। ਜਗਦੇਵ ਸਿੱਧੂ ਨੇ ਲੇਖਕ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੀਆਂ ਲਿਖਤਾਂ ਦੀ ਪ੍ਰਸੰਸਾ ਕੀਤੀ। ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਕਹਾਣੀਕਾਰ ਜਤਿੰਦਰ ਹਾਂਸ ਨੇ ਲੇਖਕ ਦੀ ਸੰਵੇਦਨਾ ਤੇ ਲਿਖਣ ਕਲਾ ਉੱਤੇ ਵਿਚਾਰ ਪੇਸ਼ ਕੀਤੇ ਰਚਨਾਵਾਂ ਦੇ ਦੌਰ ਵਿੱਚ ਮਨਮੋਹਨ ਸਿੰਘ ਬਾਠ ਨੇ 'ਰਾਵੀ ਦਿਆ ਪਾਣੀਆਂ', 'ਬੁਲੰਦ ਆਵਾਜ਼ ਦੇ ਮਾਲਕ ਤਰਲੋਚਨ ਸੈਂਭੀ ਨੇ ਗੁਰੂ ਹਰਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਤੇ 'ਮੈਨੂੰ ਇਤਰਾਜ਼ ਕੈਦੀਆਂ' ਤਰੰਨਮ ਵਿੱਚ ਗਾਇਆ, ਸ਼ਿਵਾਲਿਕ ਟੀਵੀ ਤੋਂ ਭਿੰਦਰ ਭਾਗੋਮਾਜਰਾ ਨੇ 'ਮਸਰਾਂ ਦੀ ਦਾਲ' ਮਨਮੋਹਕ ਆਵਾਜ਼ ਵਿਚ ਸੁਣਾ ਕੇ ਵਾਹ-ਵਾਹ ਖੱਟੀ। ਸਰਬਜੀਤ ਉੱਪਲ ਨੇ 'ਚਿਹਰੇ ਤੇ ਚਿਹਰਾ', ਰਾਜਿੰਦਰ ਕੌਰ ਚੌਹਕਾ ਨੇ 'ਲਿਖ ਤੂੰ ਗੀਤ' ਗ਼ਜ਼ਲ ਸੁਣਾਈ। ਜਗਜੀਤ ਸਿੰਘ ਰੈਹਸੀ ਨੇ ਅਮਲ ਕਰਨ ਦੀਆਂ ਗੱਲਾਂ ਬਹੁਤ ਹੀ ਖ਼ੂਬਸੂਰਤ ਅੰਦਾਜ਼ ਚ ਪੇਸ਼ ਕੀਤੀਆਂ। ਪਰਮਜੀਤ ਕੌਰ ਨੇ ਰਾਣਾ ਰਣਬੀਰ ਦੀ ਜੀਵਨਸ਼ੈਲੀ ਬਾਰੇ ਗੱਲ ਕੀਤੀ। ਤਲਵਿੰਦਰ ਟੋਨੀ ਨੇ ਪੈਸਾ ਤੇ ਪੂੰਜੀਵਾਦ ਬਾਰੇ ਵਿਚਾਰ ਦਿੱਤੇ। ਗੁਰਦੀਸ਼ ਕੌਰ ਗਰੇਵਾਲ ਨੇ ਆਪਣੀਆਂ ਆਉਣ ਵਾਲੀਆਂ ਕਿਤਾਬਾਂ ਦੀ ਜਾਣਕਾਰੀ ਦਿੱਤੀ। ਗੁਰਲਾਲ ਰੁਪਾਲੋਂ ਨੇ ਆਪਣੇ ਨਾਲ ਵਾਪਰੇ ਹਾਦਸੇ ਬਾਰੇ ਭਾਵੁਕ ਹੋ ਕੇ ਗੱਲਬਾਤ ਸਾਂਝੀ ਕੀਤੀ। ਪੱਤਰਕਾਰ ਸੁਭੇਦ ਸ਼ਰਮਾ ਨੇ ਆਪਣੀ ਅਦਾਕਾਰੀ ਦੇ ਰੰਗ ਦਿਖਾਏ ਤੇ ਕਿਹਾ ਕਿ ਜਿਸ ਕੋਲ ਜ਼ਿਆਦਾ ਜਾਣਕਾਰੀ ਹੈ ਉਹ ਹੀ ਵਿਦਵਾਨ ਹੈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਜਸਜੀਤ ਧਾਮੀ (ਅਜੀਤ ਅਖਬਾਰ) ਰੈਮੀ ਸੇਖੋਂ (ਦੇਸ ਪੰਜਾਬ ਟਾਈਮਜ਼), ਮਾਸਟਰ ਭਜਨ ਗਿੱਲ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਬਲਦੇਵ ਔਲਖ (ਸਰੋਕਾਰਾ ਦੀ ਆਵਾਜ਼ ਟੋਰਾਂਟੋ), ਗੋਪਾਲ ਕਾਉਂਕੇ, ਨਿਸ਼ਾਨ ਸਿੰਘ ਔਲਖ਼, ਹਰਪਾਲ, ਰਘਬੀਰ ਸਿੰਘ ਭੁੱਲਰ, ਜਗਤਾਰ, ਅਵਤਾਰ ਸਿੰਘ ਹਰੀ, ਗੋਪਾਲ ਸਿੰਘ ਮੱਲ੍ਹੀ, ਕਰਮਜੀਤ ਸਿੱਧੂ, ਰਣਜੀਤ ਸਿੰਘ, ਰਾਜ, ਜਸਪਾਲ, ਬਿੱਕਰ ਸਿੰਘ ਸੰਧੂ, ਸੁਖਦੇਵ ਸਿੰਘ, ਦਿਲਪ੍ਰੀਤ ਸਿੰਘ, ਸੁਖਵਿੰਦਰ ਸਿੰਘ ਤੂਰ, ਕੁਸੁਮ ਸ਼ਰਮਾ, ਅੰਗਦ, ਜਤਿੰਦਰ ਕੌਰ ਰੁਪਾਲੋ, ਸ਼ਵਿੰਦਰ ਕੌਰ, ਸੁਰਿੰਦਰ ਚੀਮਾ, ਸਿਮਰ ਚੀਮਾ, ਤਰਲੋਕ ਸਿੰਘ ਚੁੱਘ, ਸੁਰਪਾਲ ਕੌਰ, ਸੁਖਵਿੰਦਰ ਸਿੰਘ ਮਲਹਾਂਸ ਆਦਿ ਹਾਜ਼ਰ ਸਨ। ਤਸਵੀਰਾਂ ਤੇ ਮੀਟਿੰਗ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਰਣਜੀਤ ਸਿੰਘ ਤੇ ਮੰਗਲ ਚੱਠਾ ਨੇ ਨਿਭਾਈ। ਅਖੀਰ ਵਿੱਚ ਪ੍ਰਧਾਨ ਦਵਿੰਦਰ ਮਲਹਾਂਸ ਨੇ 'ਬੱਚਿਆਂ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ' ਸਮਾਗਮ ਜੋ ਤੇਈ ਜੁਲਾਈ ਨੂੰ ਹੋਣ ਵਾਲਾ ਹੈ, ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਅਗਲੇ ਮਹੀਨੇ ਮਹੀਨਾਵਾਰ ਮੀਟਿੰਗ ਨਹੀਂ ਹੋਵੇਗੀ ਸਗੋਂ ਵਾਈਟਹੌਰਨ ਕਮਿਊਨਿਟੀ ਹਾਲ ਵਿੱਚ 'ਬੱਚਿਆਂ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ' ਸਮਾਗਮ ਹੋਏਗਾ। ਜਿਸ ਲਈ ਭਾਗ ਲੈਣ ਲਈ ਬੱਚਿਆਂ ਦੇ ਨਾਮ ਦਾਖਲ ਕਰਵਾਉਣ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੂੰ 403 993 2201 ਅਤੇ ਜੋਰਾਵਰ ਬਾਂਸਲ ਨੂੰ 587 437 7805 ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।













# ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਕਰੋਨਾ ਕਾਲ ਤੋਂ ਬਾਅਦ ਹੋਈ ਪਲੇਠੀ ਮੀਟਿੰਗ





ਕੈਲਗਰੀ : ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਕਰੋਨਾ ਕਾਲ ਤੋਂ ਬਾਅਦ ਪਲੇਠੀ ਮੀਟਿੰਗ ਕੋਸੋ ਹਾਲ ਵਿਖੇ ਹੋਈ। ਪਿਛਲੇ ਦੋ ਸਾਲਾਂ ਦੇ ਵਖਵੇ ਤੋਂ ਬਾਅਦ ਹੋਈ ਇਸ ਮੀਟਿੰਗ ਪ੍ਰਤੀ ਮੈਂਬਰਾਂ, ਸਰੋਤਿਆਂ, ਹਮਦਰਦਾਂ ਵਿਚ ਕਾਫ਼ੀ ਉਤਸ਼ਾਹ ਵੇਖਣ ਨੂੰ ਮਿਲਿਆ। ਕੋਸੋ ਹਾਲ ਖਚਾਖਚ ਭਰਿਆ ਹੋਇਆ ਸੀ। ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਜਨਰਲ ਸੈਕਟਰੀ ਮਾ. ਭਜਨ ਸਿੰਘ ਵਲੋਂ ਮੀਟਿੰਗ ਦਾ ਸੰਚਾਲਨ ਕਰਦਿਆਂ ਦੱਸਿਆ ਕਿ ਇਸ ਮੀਟਿੰਗ ਵਿਚ ਸੋਹਣ ਮਾਨ ਯਾਦਗਾਰੀ ਨਾਟਕ ਮੇਲੇ ਦਾ ਪੋਸਟਰ ਰਲੀਜ਼ ਕੀਤਾ ਜਾਣਾ ਹੈ। ਇਸ ਮੀਟਿੰਗ ਨੂੰ ਭਾਰਤ ਤੋਂ ਉਚੇਚੇ ਰੂਪ ਵਿਚ ਪੁੱਜੇ ਲੋਕ ਕਲਾ ਮੰਚ (ਰਜਿ.) ਮੰਡੀ ਮੁੱਲਾਂਪੁਰ ਦੇ ਨਿਰਦੇਸ਼ਕ ਸ੍ਰੀ ਹਰਕੇਸ਼ ਚੌਧਰੀ ਨੇ ਸੰਬੋਧਨ ਕਰਦਿਆਂ ਭਾਰਤ ਦੇਸ਼ ਵਿਚ ਭ੍ਰਿਸ਼ਟ ਤੰਤਰ ਨੇ ਆਮ ਮਨੁੱਖ ਦਾ ਜੀਵਨ ਬੜਾ ਹੀ ਕਠਨਾਈ ਭਰਿਆ ਬਣਾ ਦਿੱਤਾ ਹੈ। ਲੋਕਾਂ ਨੂੰ ਧਰਮ ਦੇ ਨਾਂ 'ਤੇ ਲੜਾਇਆ ਜਾ ਰਿਹਾ ਹੈ। ਇਸ ਉਪਰੰਤ ਰੈੱਡ ਐਫ.ਐਮ. ਰੇਡੀਓ ਦੇ ਮੁੱਖ ਸੰਵਾਦ ਕਰਤਾ ਸ੍ਰੀ ਰਿਸ਼ੀ ਨਾਗਰਾ ਨੇ ਵੀ ਸੰਬੋਧਨ ਕੀਤਾ। ਸ੍ਰੀਮਤੀ ਰਾਜਵੰਤ ਮਾਨ ਨੇ ਇਪਟਾ ਦੀਆਂ ਯਾਦਾਂ ਨੂੰ ਸਾਂਝਾ ਕੀਤਾ। ਭਿੰਦਰ ਭਾਗੋਮਾਜਰਾ ਨੇ ਗੀਤ ਗਾਇਆ ਅਤੇ ਉਨ੍ਹਾਂ ਆਪਣੀ ਪੁਸਤਕ ਮਾ. ਭਜਨ ਸਿੰਘ ਅਤੇ ਹਰਕੇਸ਼ ਚੌਧਰੀ ਨੂੰ ਭੇਟ ਕੀਤੀ। ਸ੍ਰ. ਬਚਿੱਤਰ ਗਿੱਲ ਨੇ ਕਵਿਸ਼ਰੀ ਸੁਣਾਈ। ਇਸ ਮੌਕੇ 'ਤੇ 11ਵੇਂ ਸੋਹਣ ਮਾਨ ਮੇਲੇ ਦਾ ਪੋਸਟਰ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਜੀਤਇੰਦਰਪਾਲ, ਮਾ. ਭਜਨ ਸਿੰਘ, ਹਰਕੇਸ਼ ਚੌਧਰੀ, ਕਮਲਪ੍ਰੀਤ ਪੰਧੇਰ, ਕਮਲ ਸਿੱਧੂ ਬਨਦੀਪ ਕੌਰ ਗਿੱਲ, ਜਸਵਿੰਦਰ ਕੌਰ ਮਾਨ, ਤਰਨਜੀਤ ਮੰਡ, ਗੁਰਦਿਆਲ ਖਹਿਰਾ, ਕੁਸਮ ਸ਼ਰਮਾ ਨੇ ਸਾਂਝੇ ਰੂਪ ਵਿਚ ਰਿਲੀਜ਼ ਕੀਤਾ। ਇਸ ਮੌਕੇ 'ਤੇ ਕਮਲਪ੍ਰੀਤ ਪੰਧੇਰ ਨੇ ਵੀ ਸੰਬੋਧਨ ਕੀਤਾ, ਜਰਨੈਲ ਤੱਗੜ ਅਤੇ ਗੁਰਦਿਆਲ ਖਹਿਰਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਨੇ ਪਲੇਠੀ ਮੀਟਿੰਗ ਕਰਕੇ ਸਮਾਜਿਕ ਇਕੱਤਰਤਾਵਾਂ ਵਿਚ ਆਈ ਲੰਮੇ ਸਮੇਂ ਦੀ ਖੜੋਤ ਨੂੰ ਤੋੜਿਆ ਮੀਟਿੰਗ ਸਫ਼ਲ ਰਹੀ।















# ਜਿਹਨਾਂ ਦਾ ਨਾ ਜੱਗ ਤੇ ਕੋਈ ਉਹ ਵੀ ਪੁੱਤਰ ਪਲਦੇ ਵੇਖੇ-"ਰੱਬ ਜੀ" ਵਰਗੇ



ਅੱਜ ਤੋਂ ਤਿੰਨ ਸਾਲ ਪਹਿਲਾਂ ਏਕ ਨੂਰ ਸੇਵਾ ਕੇਂਦਰ (ਲੁਧਿਆਣਾ) ਦਾ ਸੇਵਾਦਾਰ ਗੁਰਪ੍ਰੀਤ ਸਿੰਘ 11 ਮਈ 2019 ਨੂੰ ਇੱਕ ਲਾਵਾਰਸ-ਬੇਘਰ ਬੱਚੇ ਨੂੰ ਗੁਰੂ ਅਮਰ ਦਾਸ ਅਪਾਹਜ ਆਸ਼ਰਮ (ਸਰਾਭਾ) 'ਚ ਦਾਖਲ ਕਰਵਾ ਗਿਆ ਸੀ। ਉਸ ਸਮੇਂ ਇਸ ਬੱਚੇ ਦੀ ਹਾਲਤ ਇੰਨੀ ਕੁ ਮਾੜੀ ਸੀ ਜਿਸਨੂੰ ਬਿਆਨ ਕਰਦਿਆਂ ਵੀ ਆਤਮਾ ਝੰਜੋੜੀ ਜਾਂਦੀ ਹੈ। ਦਿਮਾਗੀ ਸੰਤੁਲਨ ਗੁਆ ਚੁੱਕਾ ਤੇ ਬੋਲਣ ਤੋਂ ਅਸਮਰੱਥ ਇਹ ਅਪਾਹਜ ਬੱਚਾ ਇੱਕੋ ਹੀ ਜਗ੍ਹਾ ਪਿਆ ਰਹਿੰਦਾ ਸੀ। ਇਸ ਤੋਂ ਕਿਸੇ ਹੋਰ ਪਾਸੇ ਹਿੱਲਿਆ ਨਹੀਂ ਸੀ ਜਾਂਦਾ। ਇਸਦੇ ਕੰਨਾਂ ਵਿੱਚੋਂ ਖ਼ੂਨ ਵਗਦਾ ਰਹਿੰਦਾ ਸੀ। ਮੂੰਹ 'ਚੋਂ ਗਿਰਦੀਆਂ ਸੀ ਲੰਮੀਆਂ-ਲੰਮੀਆਂ ਲਾਲ਼ਾਂ। ਮਲ-ਮੂਤਰ ਨਾਲ ਗਿੱਲੇ ਹੋਏ ਇਸ ਦੇ ਕੱਪੜਿਆਂ ਅਤੇ ਸਰੀਰ ਚੋਂ ਬਹੁਤ ਜਿਆਦਾ ਬੋ ਆਉਂਦੀ ਸੀ। ਇਉਂ ਪ੍ਰਤੀਤ ਹੁੰਦਾ ਸੀ ਕਿ ਇਸ ਬੱਚੇ ਦੀ ਜ਼ਿੰਦਗੀ ਕੁੱਝ ਕੁ ਹਫ਼ਤਿਆਂ ਦੀ ਹੀ ਹੈ।

ਆਸ਼ਰਮ ਵਿੱਚ ਇਸਨੂੰ ਤਿੰਨ ਸਾਲ ਤੋਂ ਲਗਾਤਾਰ ਮੈਡੀਕਲ ਸਹਾਇਤਾ ਮਿਲਣ ਕਾਰਨ ਅਤੇ ਚੰਗੀ ਸੇਵਾ-ਸੰਭਾਲ ਹੋਣ ਕਾਰਨ ਹੌਲੀ-ਹੌਲੀ ਇਸਦੀ ਹਾਲਤ ਸੁਧਰ ਰਹੀ ਹੈ। ਹੁਣ ਇਹ ਬੱਚਾ ਥੋੜਾ-ਬਹੁਤਾ ਆਪਣੇ ਪੈਰਾਂ ਤੇ ਆਪ ਚੱਲਣ ਲੱਗ ਗਿਆ ਹੈ ਅਤੇ ਨਹਾਉਣ ਸਮੇਂ ਆਪਣੇ ਕੱਪੜੇ ਵੀ ਆਪ ਖੋਲ੍ਹਣ-ਪਾਉਣ ਲੱਗ ਗਿਆ ਹੈ। ਆਸ਼ਰਮ ਵਿੱਚ ਇਸ ਨੂੰ ਰੱਬ ਦੀ ਦਿੱਤੀ ਦਾਤ ਸਮਝ ਕੇ ਇਸ ਬੇਨਾਮ ਬੱਚੇ ਦਾ ਨਾਉਂ "ਰੱਬ ਜੀ" ਹੀ ਪੈ ਗਿਆ। ਇਸ ਰੱਬ ਜੀ ਨਾਮਕ ਬੱਚੇ ਨਾਲ ਇਸ ਆਸ਼ਰਮ ਦੇ ਹਰ ਜੀਅ ਦਾ ਖਾਸ ਕਰਕੇ ਸਾਂਭ-ਸੰਭਾਲ ਕਰਨ ਵਾਲੇ ਸੇਵਾਦਾਰਾਂ ਦਾ ਦਿਲੀ ਮੋਹ ਹੈ। ਆਸ਼ਰਮ ਦਾ ਹਰ ਸੇਵਾਦਾਰ ਇਸ ਨੂੰ ਆਪਣੇ ਵਾਰਡ ਵਿੱਚ ਹੀ ਰੱਖਣਾ ਚਾਹੁੰਦਾ ਹੈ। ਰੱਬ ਜੀ ਹੁਣ ਕੁੱਝ-ਕੁੱਝ ਸਮਝ ਲੈਂਦਾ ਹੈ ਪਰ ਬੋਲ ਕੇ ਦੱਸ ਨਹੀਂ ਸਕਦਾ। ਇਸ ਅਭਾਗੇ ਬੱਚੇ ਦਾ ਅੱਜ ਤੋਂ 3 ਸਾਲ ਪਹਿਲਾਂ ਇਹ ਆਸ਼ਰਮ ਮਾਂ-ਬਾਪ ਅਤੇ ਪਰਿਵਾਰ ਬਣਕੇ ਇਸਨੂੰ ਲਾਡ-ਪਿਆਰ ਨਾਲ ਪਾਲ-ਪਲੋਸ਼ ਰਿਹਾ ਹੈ।

ਆਸ਼ਰਮ ਦੇ ਸੰਸਥਾਪਕ ਡਾ. ਨੌਰੰਗ ਸਿੰਘ ਮਾਂਗਟ ਨੇ ਦੱਸਿਆ ਕਿ ਇਸ ਆਸ਼ਰਮ ਵਿੱਚ 200 ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆਂ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ । ਜਿਹਨਾਂ ਵਿੱਚ ਰੱਬ ਜੀ ਵਰਗੇ ਹੋਰ ਵੀ ਕਿਤਨੇ ਹੀ ਮਰੀਜ਼ ਹਨ ਜਿਹੜੇ ਪੂਰੀ ਸੁੱਧ-ਬੁੱਧ ਨਾ ਹੋਣ ਕਾਰਨ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਕਈ ਵਿਅਕਤੀ ਅਜਿਹੇ ਮਰੀਜ਼ਾਂ ਦੀ ਹਾਲਤ ਵੇਖ ਕੇ ਭਾਵੁਕ ਹੋ ਜਾਂਦੇ ਹਨ ਅਤੇ ਉਹਨਾਂ ਦੀਆਂ ਅੱਖਾਂ 'ਚੋਂ ਆਪ ਮੁਹਾਰੇ ਅੱਥਰੂ ਗਿਰ ਪੈਂਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲਦੀ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ: ਆਸ਼ਰਮ: 95018-42505; ਡਾ. ਨੌਰੰਗ ਸਿੰਘ ਮਾਂਗਟ: 95018-42506; ਕੈਨੇਡਾ: 403-401-8787

# ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀਆਂ ਮਈ-ਜੂਨ ਮਹੀਨੇ ਦੀਆਂ ਸਰਗਰਮੀਆਂ



**ਗੁਰਚਰਨ ਕੌਰ ਥਿੰਦ**

ਕੈਲਗਰੀ ਵੂਮੇਨ ਕਲਚਰ ਐਸੋਸੀਏਸ਼ਨ ਵਲੋਂ ਮਈ ਦੇ ਪਹਿਲੇ ਹਫ਼ਤੇ ਵਿਸਾਖੀ ਸੈਲੀਬ੍ਰੇਸ਼ਨ ਦਾ ਸ਼ਾਨਦਾਰ ਸਮਾਗਮ ਕਰਨ ਤੋਂ ਬਾਦ ਮਹੀਨਾ ਵਾਰ ਮੀਟਿੰਗ ਕੀਤੀ ਜੋ ਕਿ ਮਦਰਜ਼ ਡੇ ਨੂੰ ਸਮਰਪਤ ਸੀ। ਉਪਰੰਤ ਸਭਾ ਵਲੋਂ ਇੱਕ ਤੋਂ ਬਾਦ ਇੱਕ ਐਕਟਿਵਿਟੀ ਕੀਤੀ ਗਈ। 28 ਮਈ ਨੂੰ ਸਾਊਥ ਈਸਟ ਰਹਿੰਦੇ ਸੁਰਜੀਤ ਢਿਲੋਂ ਭੈਣ ਜੀ ਨੇ ਔਬਰਨ ਬੇ ਦੇ ਪਾਰਕ ਵਿੱਚ ਮੀਟਿੰਗ ਦਾ ਪ੍ਰਬੰਧ ਕੀਤਾ। ਜਿਸ ਵਿੱਚ ਸਾਊਥ ਈਸਟ ਰਹਿੰਦੇ ਤਮੰਨਾ, ਪੰਮੀ ਆਂਟੀ, ਉਪਦੇਸ਼ ਕੌਰ, ਰੁਪਿੰਦਰ ਕੌਰ, ਸ਼ਵਿੰਦਰ ਚੁਹਾਨ ਸਮੇਤ ਵੀਹ ਕੁ ਨਵੇਂ ਮੈਂਬਰ ਅਤੇ ਨਾਰਥ ਈਸਟ ਤੋਂ ਗੁਰਚਰਨ ਥਿੰਦ, ਗੁਰਦੀਸ਼ ਗਰੇਵਾਲ, ਕਿਰਨ ਕਲਸੀ ਤੇ ਸੁਖਜੀਤ ਸੈਣੀ ਸ਼ਾਮਲ ਹੋਏ। ਸੁਰਜੀਤ ਢਿਲੋਂ ਭੈਣ ਜੀ ਵਲੋਂ ਆਪਣੀ ਪੋਤਰੀ ਦੇ ਜਨਮ ਦੀ ਖੁਸ਼ੀ ਵਿੱਚ ਦਿੱਤੀ ਪਾਰਟੀ ਦਾ ਆਨੰਦ ਮਾਣਦਿਆਂ ਅਤੇ ਨਵੀਆਂ ਸਾਂਝਾਂ ਬਣਾਉਂਦਿਆਂ ਪਿਕਨਿਕ ਵਰਗਾ ਮਾਹੌਲ ਬਣ ਗਿਆ।

ਵਿਸਾਖੀ ਦੇ ਨਗਰ ਕੀਰਤਨ ਮੌਕੇ ਰੇਡੀਓ ਸੁਰਸੰਗਮ ਦੇ ਗੁਰਦੁਆਰਾ ਸਾਹਿਬ ਲਈ ਫੰਡ ਰੇਜ਼ਿੰਗ ਪ੍ਰੋਗਰਾਮ ਅਧੀਨ ਸਭਾ ਵਲੋਂ ਇੱਕ ਬੂਥ ਦੀ ਜ਼ਿੰਮੇਵਾਰੀ ਸੰਭਾਲੀ ਗਈ। ਜਿਸ ਵਿੱਚ ਬਲਵਿੰਦਰ ਬਰਾੜ, ਗੁਰਚਰਨ ਥਿੰਦ, ਕਿਰਨ ਕਲਸੀ, ਸੁਖਜੀਤ ਸੈਣੀ, ਗੁਰਤੇਜ ਸਿੱਧੂ, ਸੁਰਿੰਦਰ ਵਿਰਦੀ, ਬਲਜੀਤ ਜਠੌਲ ਹੁਰਾਂ ਵਲੋਂ ਭਰਵਾਂ ਯੋਗਦਾਨ ਪਾ ਕੇ ਚਾਰ ਕੁ ਹਜ਼ਾਰ ਡਾਲਰ ਇਕੱਠੇ ਕੀਤੇ ਗਏ। ਸਬਰੰਗ ਰੇਡੀਓ ਦੁਆਰਾ ਆਯੋਜਿਤ ਕੀਤੇ ਗਏ ਵਿਸਾਖੀ ਮੇਲੇ ਵਿੱਚ ਸਭਾ ਦੀਆਂ ਦੋ ਮੈਂਬਰਾਂ ਸਰਬਜੀਤ ਉੱਪਲ ਅਤੇ ਸਰਬਜੀਤ ਕੰਦੋਲਾ ਵਲੋਂ ਪਾਕਿਸਤਾਨੀ ਗੀਤ ਉਪਰ ਪੇਸ਼ ਕੀਤੇ ਖੂਬਸੂਰਤ ਨਾਚ ਨੇ ਦਰਸ਼ਕਾਂ ਦਾ ਮਨ ਜਿੱਤ ਲਿਆ।

ਸਭਾ ਵਲੋਂ 4 ਜੂਨ ਨੂੰ ਕੇਸਕੇਡ ਪੌਂਡਜ਼, ਬੈਂਫ ਵਿਖੇ ਇੱਕ ਦਿਨ ਦੇ ਟੂਰ ਤੇ ਜਾਣ ਦਾ ਪ੍ਰਬੰਧ ਕੀਤਾ ਗਿਆ। ਨਿਯਤ ਦਿਨ 50 ਔਰਤਾਂ ਦੀ ਭਰੀ ਬਸ ਸਵੇਰੇ 8:30 ਵਜੇ ਜੈਨੇਸਜ਼ ਸੈਂਟਰ ਤੋਂ ਰਵਾਨਾ ਹੋਈ। ਡੇਢ ਕੁ ਘੰਟੇ ਦੇ ਸਫ਼ਰ ਨੂੰ ਸਾਰੀਆਂ ਨੇ ਰਲ ਮਿਲ ਗਾਉਂਦਿਆਂ ਤੇ ਹਸਦਿਆਂ ਖੇਡਦਿਆਂ ਪੂਰਾ ਕਰ ਪਾਰਕ ਵਿੱਚ ਜਾ ਡੇਰਾ ਜਮਾਇਆ। ਸਾਂਝਾ ਖਾਣਾ ਖਾ ਲੋੜ ਅਨੁਸਾਰ ਲੱਤਾਂ ਖੋਲ੍ਹੀਆਂ ਅਤੇ ਫਿਰ ਇੱਕਠੇ ਹੋ ਖ਼ੂਬ ਮਨ ਪ੍ਰਚਾਵਾ ਕੀਤਾ।

11 ਜੂਨ ਨੂੰ ਚਾਈਨੀਜ਼ ਐਸੋਸੀਏਸ਼ਨ ਕੈਲਗਰੀ ਦੇ ਸੱਦੇ ਤੇ ਸੀਨੀਅਰਜ਼ ਲਈ ਆਯੋਜਿਤ ਪ੍ਰੋਗਰਾਮ ਵਿੱਚ ਸਭਾ ਦੇ ਪ੍ਰਬੰਧਕਾਂ ਬਲਵਿੰਦਰ ਬਰਾੜ, ਗੁਰਚਰਨ ਥਿੰਦ, ਸੁਖਜੀਤ ਸੈਣੀ ਤੋਂ ਇਲਾਵਾ ਗਿੱਧੇ ਦੀ ਟੀਮ ਦੇ ਅਮਰਜੀਤ ਗਰੇਵਾਲ, ਚਰਨਜੀਤ ਬਾਜਵਾ, ਸੁਰਜੀਤ ਢਿਲੋਂ, ਜੁਗਿੰਦਰ ਪਾਂਗਲੀ, ਭਗਵੰਤ ਕੌਰ, ਕੁਲਦੀਪ ਕੌਰ, ਮੁਖਤਿਆਰ ਧਾਲੀਵਾਲ, ਸੁਖਮਨ ਅਤੇ ਸਰਬਜੀਤ ਕੰਦੋਲਾ ਨੇ ਹਿੱਸਾ ਲਿਆ। ਇਹ ਪ੍ਰੋਗਰਾਮ ਪੈਨੋਰਾਮਾ ਹਿਲਜ਼ ਦੇ ਪਾਰਕ ਵਿੱਚ ਸੀ।

19 ਜੂਨ ਦਿਨ ਐਤਵਾਰ ਨੂੰ ਸਭਾ ਦੀ ਮਹੀਨਾਵਾਰ ਮੀਟਿੰਗ ਪਰੇਰੀ ਵਿੰਡ ਪਾਰਕ ਵਿੱਚ ਕੀਤੀ ਗਈ। ਇਸ ਵਿੱਚ 35 ਦੇ ਕਰੀਬ ਭੈਣਾਂ ਸ਼ਾਮਲ ਹੋਈਆਂ। ਇਸ ਵਾਰ ਸੁਰਿੰਦਰ ਕੌਰ ਗਰੇਵਾਲ ਅਤੇ ਚਰਨਜੀਤ ਕੌਰ ਸਭਾ ਵਿੱਚ ਨਵੀਂ ਹਾਜ਼ਰੀ ਸੀ। ਇਹ ਮੀਟਿੰਗ ਫਾਦਰਜ਼ ਡੇ ਨੂੰ ਸਮਰਪਤ ਕੀਤੀ ਗਈ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆਂ ਗੁਰਚਰਨ ਥਿੰਦ ਨੇ ਉਨ੍ਹਾਂ ਵੇਲਿਆਂ ਨੂੰ ਯਾਦ ਕੀਤਾ ਜਦੋਂ ਘਰ ਵਿੱਚ ਬੱਚਿਆਂ ਦਾ ਖਾਸ ਕਰਕੇ ਕੁੜੀਆਂ ਦਾ ਬਾਪ ਦੇ ਸਾਹਮਣੇ ਉੱਚੀ ਤਾਂ ਕੀ ਬੋਲਣਾ, ਬੋਲਣ ਦੀ ਜੁਰੱਅਤ ਕਰਨ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ।

ਗੁਰਦੀਸ਼ ਗਰੇਵਾਲ ਨੇ ਗੀਤ ਗਾ ਕੇ ਬਾਪ ਨੂੰ ਯਾਦ ਕੀਤਾ। ਰਾਜਿੰਦਰ ਚੋਹਕਾ ਨੇ ਇਸ ਦਿਹਾੜੇ ਦੇ ਪਿਛੋਕੜ ਤੇ ਝਾਤ ਪੁਆਈ। ਸੁਰਿੰਦਰ ਸੰਧੂ, ਸਰਬਜੀਤ ਉੱਪਲ, ਗੁਰਤੇਜ ਸਿੱਧੂ, ਕੁਲਵੰਤ ਗਿੱਲ, ਜਸਵਿੰਦਰ, ਹਰਦੇਵ ਬਰਾੜ, ਜੁਗਿੰਦਰ ਪੁਰਬਾ ਤੇ ਹਰਚਰਨ ਬਾਸੀ ਨੇ ਆਪਣੇ ਆਪਣੇ ਢੰਗ ਨਾਲ ਬਾਪ ਨੂੰ ਯਾਦ ਕੀਤਾ।













ਐਮਰਜੈਂਸੀ 1975 'ਤੇ ਵਿਸ਼ੇਸ਼

# ਐਮਰਜੈਂਸੀ ਦੀਆਂ ਯਾਦਾਂ ਦੀ ਇਕ ਅਮਿੱਟ ਛਾਪ



ਯਸ਼ ਪਾਲ
98145 35005

ਸਮਾਂ ਸਵੇਰੇ 8.55 ਤਾਰੀਖ 8 ਨਵੰਬਰ 1975: ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ 25 ਜੂਨ 1975 ਤੋਂ ਮੁਲਕ ਭਰ ਅੰਦਰ ਐਮਰਜੈਂਸੀ ਲਾਈ ਐਮਰਜੈਂਸੀ ਦਾ ਕਾਲਾ ਦੌਰ। ਸਥਾਨ ਜ਼ਿਲ੍ਹਾ ਫਰੀਦਕੋਟ ਦੇ ਉੱਘੇ ਪਿੰਡ ਬਰਗਾੜੀ ਦਾ ਕੋਟਕਪੂਰਾ-ਬਠਿੰਡਾ ਸੜ੍ਹਕ ਉੱਪਰਲਾ ਬੱਸ ਅੱਡਾ ਅਤੇ ਬੱਸ ਅੱਡੇ ਦੇ ਨਾਲ ਹੀ ਸੜ੍ਹਕ 'ਤੇ 100 ਗਜ ਦੂਰ ਸਰਕਾਰੀ ਹਾਈ ਸਕੂਲ ਬਰਗਾੜੀ ਦਾ ਮੁੱਖ ਗੇਟ, ਜਿੱਥੇ ਮੈਂ ਉਸ ਸਮੇਂ ਲਗਭਗ ਡੇਢ ਸਾਲ ਤੋਂ ਬਤੌਰ ਸਾਇੰਸ ਮਾਸਟਰ ਸੇਵਾ ਨਿਭਾ ਰਿਹਾ ਸੀ। ਬਰਗਾੜੀ ਸਕੂਲ ਵਿੱਚ ਮੇਰੀ ਬਦਲੀ ਸਰਕਾਰ ਵਿਰੋਧੀ ਟਰੇਡ ਯੂਨੀਅਨ ਸਰਗਰਮੀਆਂ ਕਾਰਨ ਉਸ ਸਮੇਂ ਦੀ ਕਾਂਗਰਸ ਸਰਕਾਰ ਵੱਲੋਂ ਸਰਕਾਰੀ ਸਕੂਲ ਫੂਲ, ਜ਼ਿਲ੍ਹਾ ਬਠਿੰਡਾ ਤੋਂ ਮਈ 1974 'ਚ ਕੀਤੀ ਗਈ ਸੀ।

**ਗ੍ਰਿਫ਼ਤਾਰੀ ਅਤੇ ਲੰਬੀ ਜੇਲ੍ਹ ਯਾਤਰਾ**

ਉਸ ਦਿਨ ਮੈਂ ਬਰਗਾੜੀ ਪਿੰਡ ਅੰਦਰਲੀ ਆਪਣੀ ਰਿਹਾਇਸ਼ਗਾਹ, ਪੰਡਤਾਂ ਦੇ ਮੁਹੱਲੇ ਵਿਚਲੇ ਚੁਬਾਰੇ 'ਚੋਂ ਨਿੱਕਲ ਕੇ ਰਵਾਂ ਰਵੀਂ ਸਕੂਲ ਨੂੰ ਜਾਂਦਾ ਹੋਇਆ ਅਜੇ ਬੱਸ ਅੱਡੇ 'ਤੇ ਪਹੁੰਚਿਆ ਹੀ ਸੀ ਕਿ ਅੱਡੇ ਨੂੰ ਘੇਰਾ ਪਾਈ ਖੜ੍ਹੀ ਪੁਲਿਸ ਦੀ ਟੁਕੜੀ ਨੇ ਆ ਦਬੋਚਿਆ ਅਤੇ ਦਬਾਦਬ ਬਾਹੋਂ ਫੜ ਕੇ ਉਸੇ ਸਮੇਂ ਹੀ ਕੋਟ ਕਪੂਰੇ ਵੱਲੋਂ ਆਈ ਬੱਸ 'ਚ ਜ਼ਬਰਦਸਤੀ ਚੜ੍ਹਾ ਲਿਆ। ਜਦ ਬੱਸ 100 ਕੁ ਗਜ ਅੱਗੇ ਸਕੂਲ ਦੇ ਗੇਟ ਤੋਂ ਗੁਜਰੀ ਤਾਂ ਦੇਖਿਆ ਕਿ ਮੇਰੇ ਸਕੂਲ ਦੇ ਸਭ ਵਿਦਿਆਰਥੀ, ਜੋ ਉਸ ਸਮੇਂ ਸਕੂਲ ਦੀ ਸਵੇਰ ਦੀ ਸਭਾ ਲਈ ਜੁੜੇ ਹੋਏ ਸਨ, ਸਕੂਲ ਦੀ ਮੂਹਰਲੀ ਛੋਟੀ ਜਿਹੀ ਕੰਧ ਟੱਪ ਕੇ ਅਗੇ ਹੋ ਕੇ ਬੱਸ ਰੋਕਣ ਲਈ ਵਾਹੋਦਾਹੀ ਭੱਜੇ ਆ ਰਹੇ ਸਨ। ਪ੍ਰੰਤੂ ਬੱਸ ਦੇ ਡਰਾਈਵਰ ਨੇ ਪੁਲਿਸ ਵੱਲੋਂ ਮਾਰੇ ਦਬਕੇ ਤੋਂ ਡਰਦਿਆਂ ਬੱਸ ਤੇਜ਼ੀ ਨਾਲ ਭਜਾ ਕੇ ਲੰਘਾ ਲਈ ਤੇ ਮੈਨੂੰ ਥਾਣਾ ਫੂਲ (ਬਠਿੰਡਾ) ਲਿਜਾ ਕੇ ਬੰਦ ਕਰ ਦਿੱਤਾ ਗਿਆ। ਤਾਂ ਜਾਕੇ ਮੈਨੂੰ ਪਤਾ ਲੱਗਿਆ ਕਿ ਇਹ ਪੁਲਿਸ ਫੂਲ ਥਾਣੇ ਦੀ ਹੈ, ਜਿੱਥੇ ਮੇਰੇ ਖ਼ਿਲਾਫ਼ ਐਮਰਜੈਂਸੀ ਦਾ ਵਿਰੋਧ ਕਰਨ ਅਤੇ ਸਰਕਾਰ ਵਿਰੋਧੀ ਸਰਗਰਮੀਂ ਕਰਨ ਦੇ ਦੋਸ਼ ਲਾਕੇ ਡੀ. ਆਈ. ਆਰ. ਅਧੀਨ ਇਕ ਕੇਸ ਦਰਜ਼ ਕੀਤਾ ਹੋਇਆ ਸੀ; ਜਿਸ ਕਾਰਨ ਮੈਂ ਲਗਾਤਾਰ 5 ਮਹੀਨਿਆਂ ਤੋਂ ਅਰਧ ਗੁਪਤਵਾਸ ਰਹਿਕੇ ਬਚਦਾ ਬਚਾਉਂਦਾ ਆ ਰਿਹਾ ਸੀ। ਏਸੇ ਲਈ ਸਕੂਲ ਵਿੱਚ ਵੀ ਗਾਹੇ ਮੈਂ ਬਗਾਹੇ ਅੱਗੋਂ ਪਿੱਛੋਂ ਆਉਂਦਾ ਸੀ।

ਬਾਅਦ 'ਚ ਮੈਨੂੰ ਪਤਾ ਲੱਗਿਆ ਕਿ ਜਿਸ ਤਰ੍ਹਾਂ ਪਿਛਲੇ 5 ਮਹੀਨਿਆਂ ਤੋਂ, ਇਹ ਜਾਣ ਕੇ ਕਿ ਮੇਰੇ ਗ੍ਰਿਫਤਾਰੀ ਵਰੰਟ ਨਿੱਕਲੇ ਹੋਏ ਸਨ, ਮੇਰੇ ਸਕੂਲ ਦੇ ਅਧਿਆਪਕ ਤੇ ਵਿਦਿਆਰਥੀ ਲਗਾਤਾਰ ਪੁਲਿਸ ਦੀ ਮੌਜੂਦਗੀ ਅਤੇ ਨਿਗਰਾਨੀ ਬਾਰੇ ਮੈਨੂੰ ਸੂਚਿਤ ਕਰਦੇ ਰਹਿੰਦੇ ਸਨ। ਉਸ ਸੂਚਨਾ ਦੇ ਅਧਾਰ ਤੇ ਮੈਂ ਸਕੂਲ ਆਉਣ ਸਮੇਂ ਚੌਕਸੀ ਵਰਤ ਲੈਂਦਾ ਸੀ। ਉਸ ਦਿਨ ਵੀ ਮੇਰੇ ਸਕੂਲ ਦੇ ਅਧਿਆਪਕਾਂ ਨੇ ਬੱਸ ਅੱਡੇ ਉੱਪਰ ਪੁਲਿਸ ਦੀ ਮੌਜੂਦਗੀ ਦੇਖਕੇ, ਖਤਰੇ ਨੂੰ ਭਾਂਪਦਿਆਂ ਮੈਨੂੰ ਸੂਚਿਤ ਅਤੇ ਚੌਕਸ ਕਰਨ ਲਈ ਦੋ ਵਿਦਿਆਰਥੀਆਂ ਨੂੰ ਮੇਰੇ ਚੁਬਾਰੇ ਤੱਕ ਭੇਜਿਆ ਸੀ। ਪ੍ਰੰਤੂ ਉਹਨਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਮੈਂ "ਚੁਬਾਰੇ" ਤੋਂ ਸਕੂਲ ਨੂੰ ਨਿੱਕਲ ਚੁੱਕਾ ਸੀ ਅਤੇ ਵਿਦਿਆਰਥੀ ਮੇਰੇ ਮਗਰ ਮਗਰ ਆ ਰਹੇ ਸਨ। ਪਰ ਉਹ ਦੌੜ ਕੇ ਆਕੇ ਮੇਰੇ ਅੱਡੇ 'ਤੇ ਪਹੁੰਚਣ ਤੋਂ ਪਹਿਲਾਂ ਮੈਨੂੰ ਸੂਚਿਤ ਨਾ ਕਰ ਸਕੇ। ਤੇ ਜਦ ਪੁਲਿਸ ਨੇ ਘੇਰਾ ਪਾਕੇ ਮੈਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਉਹਨਾਂ ਨੇ ਹੀ ਭੱਜ ਕੇ ਸਕੂਲ ਵਿੱਚ ਜਾਕੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਮੈਨੂੰ ਗ੍ਰਿਫ਼ਤਾਰ ਕਰਕੇ ਬੱਸ ਵਿੱਚ ਚੜ੍ਹਾਉਣ ਬਾਰੇ ਦੱਸਿਆ; ਜਿਸਦੇ ਸੁਣਦੇ ਸਾਰ ਹੀ ਸਕੂਲ ਦੇ ਸਾਰੇ ਵਿਦਿਆਰਥੀ ਸਵੇਰ ਦੀ ਸਭਾ ਛੱਡ ਕੇ ਸਕੂਲੋਂ ਬਾਹਰ ਆ ਕੇ ਬੱਸ ਰੋਕਣ ਲਈ ਭੱਜੇ।

ਤੇ ਫੇਰ 10 ਦਿਨ ਥਾਣਾ ਫੂਲ (ਬਠਿੰਡਾ) ਵਿੱਚ 'ਪੁਲਸੀ ਪੁੱਛ ਪੜਤਾਲ' ਉਪਰੰਤ 17 ਨਵੰਬਰ 75 ਨੂੰ ਬਠਿੰਡਾ-ਸੰਗਰੂਰ ਜੇਲ੍ਹ ਯਾਤਰਾ ਸ਼ੁਰੂ, ਜੋ ਲਗਭਗ 8 ਮਹੀਨੇ ਚੱਲੀ।

**ਵਿਦਿਆਰਥੀ-ਮਾਪੇ ਕਿਵੇਂ ਮੁੱਲ ਤਾਰਦੇ ਹਨ, ਇਕ ਪ੍ਰਤੀਬੱਧ ਅਧਿਆਪਕ ਦਾ**

ਬਰਗਾੜੀ ਸਕੂਲ ਦੀ ਇਸ ਘਟਨਾ ਅਤੇ ਇਸੇ ਸਕੂਲ ਅੰਦਰ ਇਸਤੋਂ ਕੁਝ ਮਹੀਨੇ ਪਹਿਲਾਂ ਵਾਪਰੀ ਇੱਕ ਹੋਰ ਘਟਨਾ ਨੇ ਮੈਨੂੰ ਇਹ ਡੂੰਘਾ ਅਹਿਸਾਸ ਕਰਵਾਇਆ ਕਿ ਜੇ ਕੋਈ ਅਧਿਆਪਕ ਆਪਣੇ ਵਿਦਿਆਰਥੀਆਂ ਨਾਲ ਮੋਹ ਪਿਆਰ ਦਾ ਨੇੜਲਾ ਰਿਸ਼ਤਾ ਗੰਢ ਕੇ ਸਮਰਪਿਤ ਅਤੇ ਪ੍ਰਤੀਬੱਧ ਹੋਕੇ ਤਨ-ਮਨ ਲਾਕੇ ਸਿਰੜ ਨਾਲ ਉਹਨਾਂ ਨੂੰ ਸਿੱਖਿਆ ਦਿੰਦਾ ਹੈ ਤੇ ਉਹਨਾਂ ਦਾ ਭਰੋਸਾ ਜਿੱਤ ਲੈਂਦਾ ਹੈ ਤਾਂ ਉਸਦੇ ਵਿਦਿਆਰਥੀ ਤੇ ਉਹਨਾਂ ਦੇ ਮਾਪੇ ਵੀ ਅਧਿਆਪਕ ਉੱਪਰ ਪਈ ਭੜਿ ਸਮੇਂ ਉਸਦੇ ਸਤਿਕਾਰ ਵਜੋਂ ਉਸਦੀ ਮਦਦ ਲਈ ਬਹੁੜਦੇ ਹਨ। 'ਅੱਜ ਕੱਲ੍ਹ ਅਧਿਆਪਕ ਦਾ ਸਤਿਕਾਰ ਨਹੀਂ ਰਿਹਾ' -ਇਹ ਪ੍ਰਚੱਲਤ ਧਾਰਨਾ ਇਸ ਗੱਲੋਂ ਸਹੀ ਨਹੀਂ ਜਾਪਦੀ।

**ਖ਼ੈਰ ! ਉਹ ਦੂਜੀ ਘਟਨਾ ਕੀ ਸੀ ?**

ਉਹ ਇਹ ਸੀ ਕਿ ਜਦ ਮਈ 1974 ਵਿੱਚ ਮੇਰੀਆਂ ਟਰੇਡ ਯੂਨੀਅਨ ਸਰਗਰਮੀਆਂ ਕਾਰਨ ਮੇਰੀ ਵਿਕਟੇਮਾਈਜ਼ੇਸ਼ਨ ਅਧੀਨ ਮੇਰੀ ਬਦਲੀ ਬਰਗਾੜੀ ਸਕੂਲ ਵਿਖੇ ਕੀਤੀ ਗਈ ਤਾਂ ਮਈ 74 ਨੂੰ ਹਾਜ਼ਰ ਹੋ ਕੇ ਉਜੇ ਮਸਾਂ 6 ਕੁ ਮਹੀਨੇ ਹੀ ਵਿਦਿਆਰਥੀਆਂ ਨੂੰ ਸਮਰਪਿਤ ਹੋ ਕੇ ਪੜ੍ਹਾਇਆ ਸੀ ਅਤੇ ਆਪਣੇ ਕੁਦਰਤੀ ਸੁਭਾਅ ਅਤੇ ਨਿਸਚਿਤ ਸਮਝ ਅਨੁਸਾਰ ਉਹਨਾਂ ਨਾਲ ਨੇੜਤਾ ਵਾਲਾ ਰਿਸਤਾ ਬਣਾ ਕੇ, ਉਹਨਾਂ ਉੱਪਰ ਭਰੋਸਾ ਕਰਕੇ, ਉਹਨਾਂ ਅੰਦਰ ਵਿਗਿਆਨ ਵਿਸ਼ੇ ਪ੍ਰਤੀ ਰੁਚੀ ਜਗਾਕੇ, ਆਲ-ਦੁਆਲੇ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਰਾਹੀਂ ਸਮਝਣ ਦੀ ਜਾਗ ਲਾਕੇ ਪੜ੍ਹਾਈ ਦੇ ਨਾਲ ਨਾਲ ਉਹਨਾਂ ਅੰਦਰ ਲੁਕੀ ਪ੍ਰਤਿਭਾ ਤੇ ਸਮਰੱਥਾ ਜਗਾ ਕੇ ਸੱਭਿਆਚਾਰਕ ਗਤੀਵਿਧੀਆਂ 'ਚ ਵੀ ਭਾਗ ਲੈਣ ਲਈ ਪ੍ਰੇਰਿਤ ਕਰਨਾ ਸ਼ੁਰੂ ਕੀਤਾ ਸੀ ਕਿ ਮੇਰੀ ਬਦਲੀ ਦੁਬਾਰਾ ਜਨਵਰੀ 1975 'ਚ ਗੁਰਦਾਸਪੁਰ ਜ਼ਿਲ੍ਹੇ ਦੇ ਜੰਮੂ ਹਿਮਾਚਲ ਬਾਰਡਰ ਕੋਲ ਸਥਿਤ ਇਕ ਸਕੂਲ ਸ. ਮਿਡਲ ਸਕੂਲ ਲਹਿਰੂਣ (ਧਾਰ ਬਲਾਕ) ਵਿਖੇ ਕਰ ਦਿੱਤੀ ਗਈ, ਜਿਸਦਾ ਮੇਰੇ ਵਿਦਿਆਰਥੀਆਂ ਨੂੰ ਵੀ ਪਤਾ ਲੱਗ ਗਿਆ।

ਪ੍ਰੰਤੂ ਮੇਰੀ ਇਸ ਦੂਜੀ ਬਦਲੀ ਵਿੱਚ ਤਕਨੀਕੀ ਖਾਮੀ ਇਹ ਸੀ ਕਿ ਇਹ ਬਦਲੀ ਮੇਰੇ ਖ਼ਿਲਾਫ਼ ਚੱਲਦੀ ਪਹਿਲੀ ਫਾਈਲ ਦੇ ਅਧਾਰ 'ਤੇ ਹੀ, ਮੇਰੇ ਪਿਛਲੇ ਸਕੂਲ (ਹਾਈ ਸਕੂਲ ਫੂਲ-ਬਠਿੰਡਾ) ਤੋਂ ਹੀ ਕਰ ਦਿੱਤੀ ਗਈ ਸੀ। ਬਦਲੀ ਦੇ ਹੁਕਮਾਂ ਵਿੱਚ ਬਰਗਾੜੀ ਸਕੂਲ ਦਾ ਕਿਤੇ ਜ਼ਿਕਰ ਨਹੀਂ ਸੀ ਜਿਸ ਕਰਕੇ ਮੈਨੂੰ ਤਕਨੀਕੀ ਤੌਰ ਤੇ ਬਰਗਾੜੀ ਸਕੂਲ ਤੋਂ ਫਾਰਗ ਨਹੀਂ ਸੀ ਕੀਤਾ ਜਾ ਸਕਦਾ। ਜਿਸ ਅਧਾਰ ਤੇ ਉੱਪਰੋਂ ਡੀ. ਪੀ. ਆਈ. (ਸ) ਚੰਡੀਗੜ੍ਹ ਦੇ ਦਫ਼ਤਰੋਂ ਲਗਾਤਾਰ ਟੈਲੀਫੋਨ ਉੱਪਰ ਮੈਨੂੰ ਫਾਰਗ ਕਰਨ ਦੇ ਆ ਰਹੇ ਹੁਕਮਾਂ ਦੇ ਬਾਵਜੂਦ ਉਸ ਸਮੇਂ ਦੇ ਬਰਗਾੜੀ ਸਕੂਲ ਦੇ ਮੁੱਖ ਅਧਿਆਪਕ ਜੋਗਿੰਦਰ ਸਿੰਘ ਨੇ (ਜੋ ਕਿ ਇਕ ਨਿਹਾਇਤ ਨੇਕ ਤੇ ਸ਼ਰੀਫ਼ ਇਨਸਾਨ ਸਨ) ਮੈਨੂੰ ਫਾਰਗ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਉੱਪਰ ਲਿਖਕੇ ਭੇਜ ਦਿੱਤਾ ਕਿ ਕਿਉਂਕਿ ਬਰਗਾੜੀ ਸਕੂਲ ਤੋਂ ਕਿਸੇ ਯਸ਼ਪਾਲ ਦੀ ਬਦਲੀ ਦੇ ਹੁਕਮ ਨਹੀਂ ਹੋਏ ਇਸ ਲਈ ਯਸ਼ਪਾਲ ਨੂੰ ਫਾਰਗ ਨਹੀਂ ਕੀਤਾ ਜਾ ਸਕਦਾ।

**ਮੇਰੀ ਮੁੜ ਬਦਲੀ ਵਿਰੁੱਧ ਵਿਦਿਆਰਥੀਆਂ-ਮਾਪਿਆਂ ਨੇ ਜੋ ਰੰਗ ਦਿਖਾਇਆ**

ਕਿਸੇ ਮੁੱਖ ਅਧਿਆਪਕ ਵੱਲੋਂ ਇਉਂ ਲਿਖਕੇ ਉੱਚ ਅਧਿਕਾਰੀ ਨੂੰ ਉੱਪਰ ਭੇਜਣਾ ਵੀ ਬਹੁਤ ਵੱਡੀ ਹਿੰਮਤ ਵਾਲੀ ਗੱਲ ਸੀ ਪ੍ਰੰਤੂ ਇਸਤੋਂ ਵੀ ਵੱਡੀ ਅਤੇ ਮਹੱਤਵਪੂਰਨ ਗੱਲ ਮੇਰੇ ਵਿਦਿਆਰਥੀਆਂ ਅਤੇ ਮੇਰੇ ਸਹਿਯੋਗੀ ਅਧਿਆਪਕਾਂ ਵੱਲੋਂ (ਜਿਨ੍ਹਾਂ ਨਾਲ ਮੈਂ ਅਜੇ 6-7 ਮਹੀਨੇ ਹੀ ਵਿਚਰਿਆ ਸੀ) ਦਿਖਾਇਆ ਪ੍ਰਤੀਕਰਮ। 6ਵੀਂ ਤੋਂ ਲੈ ਕੇ 10ਵੀਂ ਤੱਕ ਦੇ ਮੇਰੇ ਵਿਦਿਆਰਥੀ ਅਤੇ ਵਿਦਿਆਰਥਣਾਂ ਮੇਰੀ ਬਦਲੀ ਰੱਦ ਕਰਵਾਉਣ ਲਈ ਸਕੂਲ ਅੰਦਰ ਹੜਤਾਲ ਕਰਕੇ, ਪਿੰਡ ਬਰਗਾੜੀ ਵਿੱਚ ਭਾਰੀ ਮੁਜ਼ਾਹਰਾ ਵੀ ਕੀਤਾ। ਮੇਰੀ ਯਾਦਦਾਸ਼ਤ ਅਨੁਸਾਰ ਇਸ ਕਾਰਜ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਮੇਰੇ ਵਿਦਿਆਰਥੀਆਂ ਵਿੱਚ ਗਮਦੂਰ ਸਿੰਘ, ਪਿਰਥਾ ਸਿੰਘ (ਰਣ ਸਿੰਘ ਵਾਲਾ), ਜਲੰਧਰ ਸਿੰਘ, ਅਮਰਜੀਤ ਸਿੰਘ, ਰੁਪਿੰਦਰ ਸਿੰਘ (ਗੋਦਾਰਾ), ਸੁਰਿੰਦਰ ਸਿੰਘ, ਹਰਿੰਦਰ ਸਿੰਘ, ਪ੍ਰਦੀਪ ਕੁਮਾਰ, ਅਸ਼ੋਕ ਕੁਮਾਰ (ਬਰਗਾੜੀ) ਆਦਿ ਸਨ; ਜਿਨ੍ਹਾਂ ਵਿੱਚੋਂ ਇਸ ਸਮੇਂ ਕਈ ਅਧਿਆਪਕ, ਡਾਕਟਰ ਅਤੇ ਹੋਰ ਅਹੁਦਿਆਂ ਉੱਤੇ ਲੱਗੇ ਹੋਏ ਹਨ। ਸਕੂਲ੍ ਦੇ ਅਧਿਆਪਕਾਂ ਦਾ ਸਹਿਯੋਗ ਅਤੇ ਹਮਦਰਦੀ ਉਹਨਾਂ ਦੇ ਨਾਲ ਸੀ।

ਇਹਨਾਂ ਵਿਦਿਆਰਥੀਆਂ ਨੇ ਹੀ ਮੂਹਰੇ ਲੱਗ ਕੇ ਆਪਣੇ ਮਾਪਿਆਂ ਦੇ ਸਹਿਯੋਗ ਨਾਲ ਬਰਗਾੜੀ ਸਕੂਲ ਨੂੰ ਪੈਂਦੇ 15 ਪਿੰਡਾਂ ਦੀਆਂ ਪੰਚਾਇਤਾਂ ਤੱਕ ਪਹੁੰਚ ਕਰਕੇ ਮੇਰੀ ਬਦਲੀ ਰੱਦ ਕਰਨ ਸਬੰਧੀ ਇਹਨਾਂ ਪਿੰਡਾਂ ਦੀਆਂ ਪੰਚਾਇਤਾਂ ਦੇ ਮਤੇ ਪਵਾਕੇ ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) ਸਿੱਖਿਆ ਮੰਤਰੀ ਅਤੇ ਉੱਚ ਸਿੱਖਿਆ ਅਧਿਕਾਰੀਆਂ ਨੂੰ ਰਜਿਸਟਰੀ ਕਰਵਾ ਕੇ ਭੇਜੇ ਗਏ ਅਤੇ ਅਖ਼ਬਾਰਾਂ ਅੰਦਰ ਇਸ ਦੀਆਂ ਖ਼ਬਰਾਂ ਲਗਵਾਈਆਂ ਗਈਆਂ (ਉਸ ਸਮੇਂ ਅਖ਼ਬਾਰਾਂ/ਮੀਡੀਆ ਦਾ ਦਾਇਰਾ ਬੜਾ ਸੀਮਤ ਹੀ ਸੀ)।

ਇਉਂ ਇਹ ਸਿਲਸਿਲਾ ਦੋ ਤਿੰਨ ਮਹੀਨੇ ਚੱਲਦਾ ਰਿਹਾ, ਜਿਸਦਾ ਸਿੱਟਾ ਇਹ ਹੋਇਆ ਕਿ ਤਕਨੀਕੀ ਤੌਰ ਤੇ ਮੈਨੂੰ ਫਾਰਗ ਨਹੀਂ ਸੀ ਕੀਤਾ ਜਾ ਸਕਦਾ, ਜਿੰਨਾਂ ਚਿਰ ਬਦਲੀ ਦੇ ਹੁਕਮਾਂ ਵਿੱਚ ਸੋਧ ਨਹੀਂ ਕੀਤੀ ਜਾਂਦੀ। ਤੇ ਦੂਜੇ ਪਾਸੇ ਮੈਂ ਸਮਝਦਾ ਹਾਂ- ਉਹਨਾਂ ਪੰਚਾਇਤੀ ਮਤਿਆਂ ਅਤੇ ਵਿਦਿਆਰਥੀਆਂ ਦੀ ਵਿਰੋਧ ਦੀ ਆਵਾਜ਼ ਸਦਕਾ, ਜੰਮੂ-ਹਿਮਾਚਲ ਬਾਰਡਰ 'ਤੇ ਕੀਤੀ ਮੇਰੀ ਬਦਲੀ ਲਾਗੂ ਨਹੀਂ ਹੋ ਸਕੀ। ਉਹਨਾਂ ਹੁਕਮਾਂ 'ਚ ਸੋਧ ਨਹੀਂ ਹੋਈ ਤੇ ਬਦਲੀ ਦਾ ਇਹ ਮਸਲਾ ਉੱਥੇ ਹੀ ਠੱਪ ਹੋ ਗਿਆ। ਮੈਂ ਇਸ ਬਦਲੀ ਸਬੰਧੀ ਚੰਡੀਗੜ੍ਹ ਦੇ ਦਫ਼ਤਰ ਜਾਕੇ ਉਸਦਾ ਮੂੰਹ ਵੀ ਨਹੀਂ ਦੇਖਿਆ ਸਾਰੇ ਸਮੇਂ ਦੌਰਾਨ।

ਮਾਰਚ ਵਿੱਚ ਬੋਰਡ ਦੀਆਂ ਪ੍ਰੀਖਿਆਵਾਂ ਆ ਗਈਆਂ। ਜਦ ਬੋਰਡ ਦੀ ਪ੍ਰੀਖਿਆ ਦਾ ਨਤੀਜਾ ਅਇਆ ਤਾਂ ਮੇਰੀਆਂ ਬੋਰਡ ਦੀਆਂ ਜਮਾਤਾਂ ਦਾ ਨਤੀਜਾ ਲਗਭਗ 100% ਸੀ, ਜੋ ਕਿ ਬਰਗਾੜੀ ਸਕੂਲ ਦਾ ਸਾਇੰਸ ਵਿਸ਼ੇ ਦਾ ਕਾਫ਼ੀ ਲੰਮੇ ਸਮੇਂ ਬਾਅਦ ਆਇਆ ਇਕ ਚੰਗਾ ਨਤੀਜਾ ਸੀ। ਇਸ ਨਾਲ ਮੇਰੇ ਪ੍ਰਤੀ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਸਤਿਕਾਰ ਤੇ ਹਮਦਰਦੀ 'ਚ ਹੋਰ ਵਾਧਾ ਹੋਇਆ।

ਤੇ ਫਿਰ ਜੂਨ 1975 'ਚ ਐਮਰਜੈਂਸੀ ਲੱਗ ਗਈ ਅਤੇ ਮੇਰੀ ਗ੍ਰਿਫਤਾਰੀ ਵਾਲੀ ਘਟਨਾ ਵਾਪਰ ਗਈ। ਲਗਭਗ 8 ਮਹੀਨੇ ਬਠਿੰਡਾ ਜੇਲ੍ਹ ਤੇ ਸੰਗਰੂਰ ਜੇਲ੍ਹ 'ਚ ਬਿਤਾਏ। ਵਿਭਾਗ ਵੱਲੋਂ ਬਾਵਜੂਦ ਮੇਰੇ ਅਤੇ ਸਕੂਲ ਮੁਖੀ ਵੱਲੋਂ ਸੂਚਿਤ ਕਰਨ ਦੇ ਮੈਨੂੰ ਮੁਅੱਤਲ ਵੀ ਨਾ ਕੀਤਾ ਗਿਆ। ਜੂਨ 76 ਦੇ ਅੰਤ ਵਿੱਚ ਮੈਂ ਜ਼ਮਾਨਤ ਉੱਤੇ ਬਾਹਰ ਆਇਆ। ਆਕੇ ਖੁਦ ਮੁਅੱਤਲੀ ਦੇ ਕੇਸ ਦੀ ਪੈਰਵਾਈ ਕਰਕੇ, ਵਿਭਾਗ ਵੱਲੋਂ ਮੇਰੀ ਗ੍ਰਿਫਤਾਰੀ ਤੋਂ ਲਗਭਗ ਇਕ ਸਾਲ ਬਾਅਦ ਜਾਕੇ ਮੁਅੱਤਲੀ ਕਰਵਾਈ। ਕੁੱਲ ਦੋ ਸਾਲਾਂ ਦੀ ਮੁਅਤਲੀ ਤੋਂ ਬਾਅਦ, ਐਮਰਜੈਂਸੀ ਖ਼ਤਮ ਹੋਣ ਉਪਰੰਤ ਡੀ. ਆਈ. ਆਰ. ਦੇ ਪਾਏ ਕੇਸ ਵਾਪਸ ਹੋਣ ਤੇ ਮੈਂ ਮੁੜ ਬਹਾਲ ਹੋਇਆ।

ਐਮਰਜੈਂਸੀ ਖ਼ਤਮ ਹੋਣ ਤੋਂ ਬਾਅਦ ਹੋਈਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਹਾਰ ਗਈ। ਪੰਜਾਬ ਵਿੱਚ ਅਕਾਲੀ ਸਰਕਾਰ ਬਣ ਗਈ। ਐਮਰਜੈਂਸੀ ਤੋਂ ਪਹਿਲਾਂ ਅਤੇ ਐਮਰਜੈਂਸੀ ਦੇ ਦੌਰਾਨ ਪੰਜਾਬ ਪੱਧਰ ਤੇ ਹੋਈਆਂ ਅਧਿਆਪਕਾਂ ਦੀਆਂ ਬਦਲੀਆਂ ਦਾ ਮਸਲਾ ਉਸ ਸਮੇਂ ਦੀ ਸਾਂਝੀ ਜੱਥੇਬੰਦੀ ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ (ਜਿਸਦੀ ਜ਼ਿਲ੍ਹਾ ਬਠਿੰਡਾ ਦੀ ਜ਼ਿਲ੍ਹਾ ਪ੍ਰਧਾਨਗੀ ਦੀ ਚੋਣ ਵੀ ਮੈਂ ਬਰਗਾੜੀ ਸਕੂਲ 'ਚ ਹੁੰਦੇ ਹੋਏ ਜੇਲ੍ਹੋਂ ਬਾਹਰ ਆ ਕੇ ਮੁੜ ਵਾਰੰਟਡ ਹੁੰਦੇ ਹੋਏ, ਅਕਤੂਬਰ 1976 ਵਿੱਚ ਰੂਪੋਸ਼ ਰਹਿਕੇ ਲੜੀ) ਸਰਕਾਰ ਕੋਲ ਉਠਾਉਣ ਉੱਤੇ ਸਾਡੀਆਂ ਬਦਲੀਆਂ ਰੱਦ ਹੋ ਗਈਆਂ ਤੇ ਮੈਂ ਬਰਗਾੜੀ ਸਕੂਲ ਤੋਂ ਫਾਰਗ ਹੋ ਕੇ 25 ਅਗਸਤ 1977 ਨੂੰ ਮੁੜ ਆਪਣੇ ਪਹਿਲੇ ਸਕੂਲ ਸਰਕਾਰੀ ਹਾਈ ਸਕੂਲ ਫੂਲ (ਬਠਿੰਡਾ) ਵਿਖੇ ਹਾਜ਼ਰ ਹੋ ਗਿਆ। ਇਉਂ ਬਰਗਾੜੀ ਸਕੂਲ ਦੇ ਮੇਰੇ ਕੁੱਲ ਸਵਾ ਤਿੰਨ ਸਾਲ ਦੇ ਅਰਸੇ ਦੌਰਾਨ ਮੈਂ ਉੱਥੋਂ ਦੇ ਵਿਦਿਆਰਥੀਆਂ ਨੂੰ ਡੇਢ ਸਾਲ ਹੀ ਪੜ੍ਹਾ ਸਕਿਆ।

**ਇਕ ਪ੍ਰਤੀਬੱਧ ਅਧਿਆਪਕ ਹੀ ਇਕ ਪ੍ਰਤੀਬੱਧ ਟਰੇਡ ਯੂਨੀਅਨਿਸਟ ਹੋ ਸਕਦਾ ਹੈ**

ਬਰਗਾੜੀ ਸਕੂਲ ਵਿੱਚ ਮੇਰੇ ਦੁਆਰਾ ਬਿਤਾਏ ਸਾਰੇ ਅਰਸੇ ਦੌਰਾਨ ਮੇਰੇ ਵਿਦਿਆਰਥੀਆਂ ਵੱਲੋਂ ਮੇਰੇ ਪ੍ਰਤੀ ਦਿਖਾਏ ਸਤਿਕਾਰ ਤੇ ਪਾਲੀ ਗਈ ਵਫ਼ਾ ਤੋਂ ਮੈਨੂੰ ਬੜੀ ਸ਼ਿੱਦਤ ਨਾਲ ਇਹ ਅਹਿਸਾਸ ਹੋਇਆ ਹੈ ਕਿ ਜੇ ਕੋਈ ਅਧਿਆਪਕ ਵਿਦਿਆਰਥੀਆਂ ਦੇ ਸੁਪਨ-ਸੰਸਾਰ ਨੂੰ ਸਮਝ ਕੇ ਉਹਨਾਂ ਦੇ ਜਜ਼ਬਾਤਾਂ ਤੇ ਵਲਵਲਿਆਂ ਨੂੰ ਟੁੰਬਣ ਵਾਲੀ ਧੁਨ ਛੇੜਦਾ ਹੈ, ਉਹਨਾਂ ਨੂੰ ਪਾਠਕ੍ਰਮ ਅਧਾਰਤ ਅਕਾਦਮਿਕ ਸਿੱਖਿਆ ਦੇ ਨਾਲ ਨਾਲ ਸਮਾਜਿਕ ਰਾਜਸੀ ਸੱਭਿਆਚਾਰਕ ਜ਼ਿੰਦਗੀ ਦੇ ਗਿਆਨ ਦਾ ਚਾਨਣ ਵੀ ਵੰਡਦਾ ਰਹਿੰਦਾ ਹੈ ਤਾਂ ਕੋਈ ਕਾਰਨ ਨਹੀਂ ਕਿ ਵਿਦਿਆਰਥੀ ਤੇ ਉਹਨਾਂ ਦੇ ਮਾਪੇ, ਉਸਦਾ ਆਦਰ ਮਾਣ ਅਤੇ ਸਤਿਕਾਰ ਨਾ ਕਰਨ।

ਜਿਹੜੇ ਵਿਦਿਆਰਥੀ ਅੱਜ ਤੋਂ 40-45 ਵਰ੍ਹੇ ਪਹਿਲਾਂ ਮੇਰੇ ਤੋਂ ਪੜ੍ਹੇ ਹਨ, ਉਹ ਜਦ ਵੀ ਮਿਲਦੇ ਹਨ ਤਾਂ ਉਹ ਓਨਾ ਹੀ ਸਤਿਕਾਰ ਕਰਦੇ ਹਨ ਜਿੰਨਾਂ ਵਿਦਿਆਰਥੀ ਹੋਣ ਸਮੇਂ ਕਰਦੇ ਸਨ; ਭਾਵੇਂ ਉਹ ਹੁਣ ਕਿਸੇ ਵੀ ਅਹੁਦੇ ਉੱਤੇ ਲੱਗੇ ਹੋਏ ਹਨ- ਇਹ ਮੇਰਾ ਆਪਣਾ ਪ੍ਰਤੱਖ ਜ਼ਾਤੀ ਤਜ਼ਰਬਾ ਹੈ।

ਉਂਝ ਮੈਂ ਆਪਣੀ ਸਾਰੀ ਅਧਿਆਪਕ ਕਿੱਤੇ ਦੀ, ਲਗਭਗ 39 ਸਾਲਾਂ ਦੀ ਸੇਵਾ ਦੌਰਾਨ, ਟਰੇਡ ਯੂਨੀਅਨ ਸਰਗਰਮੀਆਂ ਕਰਦੇ ਹੋਏ ਇਕ ਅਧਿਆਪਕ ਆਗੂ ਵਜੋਂ ਵਿਚਰਦੇ ਹੋਏ ਇਸ ਧਾਰਨਾ ਤਹਿਤ ਹੀ ਵਿਦਿਆਰਥੀਆਂ ਨੂੰ ਪੜ੍ਹਾਇਆ ਹੈ ਕਿ ਆਪਣੇ ਕਿੱਤੇ ਪ੍ਰਤੀ ਸਮਰਪਿਤ ਅਤੇ ਪ੍ਰਤੀਬੱਧ ਅਧਿਆਪਕ ਹੀ ਇਕ ਪ੍ਰਤੀਬੱਧ ਟਰੇਡ ਯੂਨੀਅਨਿਸਟ ਹੋ ਸਕਦਾ ਹੈ। ਜੇ ਕੋਈ ਅਧਿਆਪਕ ਆਗੂ ਆਪਣੇ ਵਿਦਿਆਰਥੀਆਂ ਪ੍ਰਤੀ ਅਤੇ ਆਪਣੇ ਕਿੱਤੇ ਪ੍ਰਤੀ ਪ੍ਰਤੀਬੱਧ ਨਹੀਂ ਹੈ ਤਾਂ ਉਹ ਆਗੂ ਆਪਣੀ ਯੂਨੀਅਨ/ਜੱਥੇਬੰਦੀ ਅੰਦਰ ਵੀ ਪ੍ਰਤੀਬੱਧ ਨਹੀਂ ਰਹਿ ਸਕਦਾ। ਸਾਂਝੀ ਜੱਥੇਬੰਦੀ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਤੇ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਅੰਦਰ ਲੰਬਾ ਸਮਾਂ ਕੰਮ ਕਰਦੇ ਹੋਏ, ਮੈਨੂੰ ਇਸ ਹਕੀਕਤ ਦਾ ਬੋਧ ਹੋਇਆ ਹੈ। ਇਸ ਸੰਦਰਭ ਵਿੱਚ ਅਧਿਆਪਕ ਜੱਥੇਬੰਦੀਆਂ ਦੇ ਵੱਖ-ਵੱਖ ਆਗੂਆਂ ਦੇ ਵਰਤਾਓ ਦਾ ਹਾਂ ਪੱਖੀ ਤੇ ਨਾਂਹ ਪੱਖੀ ਠੋਸ ਇਜ਼ਹਾਰ ਹੁੰਦਾ ਦੇਖਿਆ ਗਿਆ ਹੈ।

ਬਰਗਾੜੀ ਸਕੂਲ ਅੰਦਰ ਗੁਜ਼ਾਰੇ ਸਮੇਂ ਦੌਰਾਨ ਵਿਦਿਆਰਥੀਆਂ ਤੋਂ ਬਿਨਾਂ ਉਸ ਸਮੇਂ ਮੇਰੇ ਨਾਲ ਕੰਮ ਕਰਦੇ ਮੇਰੇ ਸਹਿਕਰਮੀ ਅਧਿਆਪਕ ਵੀ ਜਿਹਨ 'ਚ ਘੁੰਮ ਰਹੇ ਹਨ, ਜਿਨ੍ਹਾਂ ਨੇ ਮੇਰੀ ਜ਼ਿੰਦਗੀ ਦੇ ਉਸ ਨਾਜ਼ੁਕ ਦੌਰ ਸਮੇਂ ਮੇਰੇ ਵੱਲ ਹਰ ਪਲ ਸਹਿਯੋਗ ਦਾ ਹੱਥ ਵਧਾਇਆ। ਇਉਂ ਬਰਗਾੜੀ ਸਕੂਲ ਮੇਰੀਆਂ ਅਤੀਤ ਦੀਆਂ ਯਾਦਾਂ ਵਿੱਚ ਇਕ ਅਮਿੱਟ ਛਾਪ ਛੱਡ ਗਿਆ। ਬਰਗਾੜੀ ਸਕੂਲ ਦਾ ਦੌਰ ਮੇਰੀ ਜ਼ਿੰਦਗੀ ਦਾ ਸਭ ਤੋਂ ਨਾਜ਼ੁਕ ਤੇ ਉਥਲ-ਪੁਥਲ ਭਰਿਆ ਦੌਰ ਸੀ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

---

ਯਸ਼ ਪਾਲ (ਵਰਗ ਚੇਤਨਾ)

# ਮੋਦੀ ਸਰਕਾਰ ਦਾ ਅਗਨੀ-ਪੱਥ ਨਿਸ਼ਾਨਾ ਹੋਰ, ਬਹਾਨਾ ਹੋਰ

ਕੇਂਦਰ ਦੀ ਮੋਦੀ ਸਰਕਾਰ ਵੱਲੋਂ ਜਿਸ ਤਰ੍ਹਾਂ ਖੇਤੀ ਕਾਨੂੰਨਾਂ ਨੂੰ ਸੰਕਟ-ਗ੍ਰਸਤ ਕਿਸਾਨੀ ਦੇ ਮੁਕਤੀ-ਮਾਰਗ ਵਜੋਂ ਪੇਸ਼ ਕੀਤਾ ਗਿਆ ਸੀ ਉਸੇ ਤਰ੍ਹਾਂ ਹੀ ਮੋਦੀ ਸਰਕਾਰ ਵੱਲੋਂ ਵਿਛਾਏ ਗਏ 'ਅਗਨੀ ਪਥ' 'ਤੇ ਚਲਣ ਵਾਲੇ, ਫੌਜ 'ਚ ਚਾਰ ਸਾਲਾਂ ਲਈ ਠੇਕੇ 'ਤੇ ਭਰਤੀ ਕੀਤੇ ਜਾਣ ਵਾਲੇ 'ਅਗਨੀ-ਵੀਰਾਂ' ਨੂੰ ਵੀ ਬੇਰੁਜ਼ਗਾਰ ਜਵਾਨੀ ਲਈ ਇੱਕ ਅਜੀਮ ਤੋਹਫੇ ਵੱਜੋਂ ਪੇਸ਼ ਕੀਤਾ ਜਾ ਰਿਹਾ ਹੈ।

ਪਰ ਜੇ ਮੋਦੀ ਸਰਕਾਰ ਦੇ ਇਸ ਨੀਤੀਗਤ ਫੈਸਲੇ/ਕਦਮ ਨੂੰ ਵੀ ਕਿਸਾਨ ਅੰਦੋਲਨ ਦੇ ਨਕਸ਼ੇ-ਕਦਮ 'ਤੇ ਚਲਦਿਆਂ, ਮੋਦੀ ਸਰਕਾਰ ਦੇ 'ਕਾਰਪੋਰੇਟ ਵਿਕਾਸ ਮਾਡਲ' ਦੇ ਨਵ-ਉਦਾਰਵਾਦੀ ਏਜੰਡੇ ਦੇ ਚੌਖਟੇ 'ਚ ਰੱਖ ਕੇ ਦੇਖੀਏ ਤਾਂ ਇਸ ਦੀਆਂ ਵੀ ਲੁਕੀਆਂ ਪਰਤਾਂ ਦਿਸਣ ਲੱਗ ਪੈਂਦੀਆਂ ਹਨ। ਨਕਲੀ ਬਹਾਨਿਆਂ ਉਹਲੇ ਅਸਲੀ ਨਿਸ਼ਾਨੇ ਸਮਝ ਪੈ ਜਾਣਗੇ।

ਮੁਲਕ ਦੇ ਅਰਥਚਾਰੇ ਨਾਲ ਜੁੜੇ ਸਮੂਹ ਖੇਤਰਾਂ ਦਾ ਨਿੱਜੀਕਰਨ, ਸਿੱਖਿਆ, ਸਿਹਤ, ਬਿਜਲੀ, ਪਾਣੀ, ਰੇਲਵੇ, ਟਰਾਂਸਪੋਰਟ, ਬੈਂਕ-ਬੀਮਾ ਆਦਿ ਸਭਨਾਂ ਜਨਤਕ ਸੇਵਾਵਾਂ ਦਾ ਕਾਰਪੋਰੇਟੀਕਰਨ/ਵਪਾਰੀਕਰਨ ਅਤੇ 'ਕਾਰੋਬਾਰ ਦਾ ਰਾਹ ਸੁਖਾਲਾ' ਕਰਨਾ ਮੋਦੀ ਸਰਕਾਰ ਵੱਲੋਂ ਲਾਗੂ ਕੀਤੇ ਜਾ ਰਹੇ 'ਕਾਰਪੋਰੇਟ ਵਿਕਾਸ ਮਾਡਲ' ਦਾ ਮੂਲ-ਮੰਤਰ ਹੈ। ਰੈਗੂਲਰ ਭਰਤੀ ਦੀ ਜਗ੍ਹਾ ਨਿਗੂਣੀ ਤਨਖਾਹ 'ਤੇ ਠੇਕਾ/ਆਊਟਸੋਰਸਿੰਗ ਭਰਤੀ, ਪੁਨਰ-ਗਠਨ ਦੀ ਆੜ 'ਚ ਪੋਸਟਾਂ ਦੀ ਕਟੌਤੀ ਅਤੇ ਪੁਰਾਣੀ ਪੈਨਸ਼ਨ ਪ੍ਰਣਾਲੀ ਬੰਦ ਕਰਕੇ ਨਵੀਂ ਪੈਨਸ਼ਨ ਪ੍ਰਣਾਲੀ ਦੇ ਨਾਂ ਹੇਠ ਪੈਨਸ਼ਨ-ਬੰਦੀ ਕਰਨੀ, ਬੈਂਕ-ਮੁਦਰਾ ਕੋਸ਼ ਵੱਲੋਂ ਨਿਰਦੇਸ਼ਤ ਇਸ ਵਿਕਾਸ ਮਾਡਲ ਦੀ ਮੂਲ-ਚੂਲ ਹੈ। ਫਿਰਕੂ-ਪਾਲਾਬੰਦੀ ਇਸ ਨੂੰ ਸਿਰੇ ਚੜ੍ਹਾਉਣ ਦਾ ਭਰਮਾਊ ਹਥਿਆਰ ਹੈ।

ਸੰਸਾਰ ਬੈਂਕ-ਮੁੱਦਰਾ ਕੋਸ਼ ਦੀਆਂ ਹਦਾਇਤਾਂ 'ਤੇ ਜਦ 2003 'ਚ ਨਵੀਂ ਪੈਨਸ਼ਨ ਪ੍ਰਣਾਲੀ ਬੀਜੇਪੀ ਦੀ ਅਗਵਾਈ ਵਾਲੀ ਵਾਜਪਾਈ ਸਰਕਾਰ ਵੱਲੋਂ ਲਾਗੂ ਕੀਤੀ ਗਈ ਸੀ ਤਾਂ ਉਸ ਸਮੇਂ ਵਿਰੋਧ ਪ੍ਰਤੀਕਰਮ ਦੇ ਡਰੋਂ ਸੁਰੱਖਿਆ ਫੌਜਾਂ ਨੂੰ ਇਸ ਦੇ ਘੇਰੇ 'ਚੋਂ ਬਾਹਰ ਰੱਖ ਲਿਆ ਗਿਆ ਸੀ ਜਦਕਿ ਉਸ ਸਮੇਂ ਸੁਰੱਖਿਆ ਫੌਜਾਂ ਦੀਆਂ ਪੈਨਸ਼ਨ ਦੇਣਦਾਰੀਆਂ ਦਾ ਖਰਚਾ ਸਭਨਾਂ ਖੇਤਰਾਂ ਦੀਆਂ ਪੈਨਸ਼ਨ-ਦੇਣਦਾਰੀਆਂ ਦੇ ਕੁੱਲ ਖਰਚੇ ਦੇ ਅੱਧ ਤੋਂ ਵੀ ਵੱਧ ਸੀ। ਸਾਲ 1999-2000 ਦੇ ਉਪਲਬਧ ਅੰਕੜਿਆਂ ਅਨੁਸਾਰ ਕੇਂਦਰ ਸਰਕਾਰ ਦਾ ਕੁੱਲ ਪੈਨਸ਼ਨ ਖਰਚਾ 19426.12 ਕਰੋੜ ਰੁਪਏ ਸੀ ਜਿਸ ਵਿਚੋਂ ਇਕੱਲੇ ਸੁਰੱਖਿਆ ਖੇਤਰ ਦਾ ਪੈਨਸ਼ਨ-ਖਰਚਾ 11920.95 ਕਰੋੜ ਸੀ।

ਤੇ ਜਦ ਮੋਦੀ ਸਰਕਾਰ ਦੀ ਸੁਰੱਖਿਆ ਫੌਜਾਂ ਦੀ ਭਰਤੀ 'ਚ ਲਾਗੂ ਕੀਤੀ ਜਾ ਰਹੀ 'ਅਗਨੀ-ਪਥ/ਅਗਨੀ-ਵੀਰ ਯੋਜਨਾ ਨੂੰ ਖੇਤੀ ਕਾਨੂੰਨਾਂ ਵਾਂਗ ਹਰ ਹਾਲਤ ਲਾਗੂ ਕਰਨ ਦੇ ਉੱਚ ਸੁਰੱਖਿਆ ਅਧਿਕਾਰੀਆਂ ਦੇ ਬਿਆਨਾਂ ਨਾਲ (ਜਿਨ੍ਹਾਂ ਨੂੰ ਸਰਕਾਰ ਨੇ ਅੱਗੇ ਲਾਇਆ ਹੋਇਆ ਹੈ) ਇਹ ਦਲੀਲ ਦਿੰਦੇ ਸੁਣਦੇ ਹਾਂ ਕਿ ਇਸ ਯੋਜਨਾ ਨੂੰ ਲਾਗੂ ਕਰਨ ਦੀਆਂ ਵਿਚਾਰਾਂ ਦੋ ਸਾਲਾਂ ਤੋਂ ਚੱਲ ਰਹੀਆਂ ਸਨ ਤਾਂ ਸਾਨੂੰ ਇਹ ਸਮਝ ਲੱਗ ਜਾਣੀ ਚਾਹੀਦੀ ਹੈ ਕਿ ਸੰਸਾਰ ਬੈਂਕ-ਮੁੱਦਰਾਕੋਸ਼ ਦੋ ਸਾਲਾਂ ਤੋਂ ਮੋਦੀ ਸਰਕਾਰ ਦੀ ਬਾਂਹ ਮਰੋੜ ਰਹੇ ਸਨ। ਫੌਜਾਂ ਨੂੰ 'ਜਵਾਨ' ਰੱਖਣ ਦੇ ਨਾਂਅ ਹੇਠ ਸੁਰੱਖਿਆ ਖੇਤਰ ਅੰਦਰ ਇਸ ਅਗਨੀ-ਪਥ 'ਤੇ ਸਿਰਫ ਚਾਰ-ਚਾਰ ਸਾਲ ਹੀ ਚੱਲਣ ਵਾਲੇ 'ਅਗਨੀ-ਵੀਰਾਂ' ਨੂੰ ਸ਼ਿੰਗਾਰ-ਪਰੋਸ ਕੇ, ਪੱਕੇ ਤੌਰ 'ਤੇ ਤਨਖਾਹਾਂ/ਪੈਨਸ਼ਨਾਂ ਦੀ ਛੰਗਾਈ ਕਰਕੇ ਸੁਰੱਖਿਆ ਖੇਤਰ ਨੂੰ ਕਾਰਪੋਰੇਟ ਏਜੰਡੇ ਦੇ ਘੇਰੇ 'ਚ ਲੈ ਆਂਦਾ ਹੈ। ਸਿਤਮਜਰੀਫੀ ਇਹ ਹੈ ਕਿ ਦੋ ਸਾਲ ਪਹਿਲਾਂ ਫੌਜ 'ਚ ਭਰਤੀ ਕੀਤੇ ਗਏ ਰੰਗਰੂਟਾਂ ਨੂੰ ਵੀ ਇਸ ਅਗਨੀ-ਪੱਥ ਯੋਜਨਾ ਵਿੱਚ ਸ਼ਾਮਿਲ ਕਰਕੇ ਅਗਨੀ-ਵੀਰ ਬਣਾ ਦਿੱਤਾ ਗਿਆ ਹੈ। ਹਥਿਆਰ ਉਤਪਾਦਨ ਖੇਤਰ ਦੇ ਕਾਰਪੋਰੇਟੀਕਰਨ ਵੱਲ ਪਹਿਲਾਂ ਹੀ ਵਧਿਆ ਜਾ ਰਿਹਾ ਹੈ। ਚਾਰ ਸਾਲਾਂ ਦੀ ਠੇਕਾ ਨੌਕਰੀ ਤੋਂ ਬਾਅਦ ਫਾਰਗ ਹੋਣ 'ਤੇ ਇਹਨਾਂ ਅਗਨੀ-ਵੀਰਾਂ ਨੂੰ ਕਿਸੇ ਲੁਕਵੇਂ ਏਜੰਡੇ ਤਹਿਤ ਕੌਣ ਵਰਤੇਗਾ। ਇਹ ਵੀ ਮੋਦੀ ਸਰਕਾਰ ਦੇ ਰਣਨੀਤਕ, ਸਮਾਜਿਕ, ਸੱਭਿਆਚਾਰਕ ਏਜੰਡੇ ਦੇ ਸੰਦਰਭ ਵਿੱਚ ਰੱਖ ਕੇ ਸੌਖਿਆਂ ਸਮਝਿਆ ਜਾ ਸਕਦਾ ਹੈ।

ਮੋਦੀ ਸਰਕਾਰ ਦੀ ਇਸ 'ਅਗਨੀ ਪਥ' ਯੋਜਨਾ ਦਾ ਮੁਲਕ ਭਰ 'ਚ ਬੇਰੁਜ਼ਗਾਰ ਨੌਜਵਾਨਾਂ ਵੱਲੋਂ ਵਿਰੋਧ ਹੋ ਰਿਹਾ ਹੈ ਵਿਸ਼ੇਸ਼ ਤੌਰ 'ਤੇ ਉਨ੍ਹਾਂ ਵੱਲੋਂ ਜਿਹੜੇ ਫੌਜ 'ਚ ਭਰਤੀ ਲਈ ਦੋ-ਦੋ, ਤਿੰਨ-ਤਿੰਨ ਸਾਲਾਂ ਤੋਂ ਤਿਆਰੀ ਕਰ ਰਹੇ ਸਨ ਜਾਂ ਸਰੀਰਕ ਪ੍ਰੀਖਿਆ ਵੀ ਪਾਸ ਕਰ ਚੁੱਕੇ ਸਨ। ਉਨ੍ਹਾਂ ਦਾ ਵਿਰੋਧ ਪ੍ਰਤੀਕਰਮ ਕਈ ਜਗ੍ਹਾ ਉੱਗਰ ਰੂਪ ਵੀ ਧਾਰ ਰਿਹਾ ਹੈ। ਸਭਨਾਂ ਤਬਕਿਆਂ ਨੂੰ ਸਾਂਝੇ ਤੌਰ 'ਤੇ ਮਿਲ ਕੇ ਯੋਜਨਾ-ਬੱਧ ਢੰਗ ਰਾਹੀਂ ਕੇਂਦਰ ਸਰਕਾਰ ਦੇ ਇਸ ਫੈਸਲੇ ਦਾ ਮੋਦੀ ਸਰਕਾਰ ਦੇ ਰਣਨੀਤਕ ਕਾਰਪੋਰੇਟ ਏਜੰਡੇ ਦੇ ਸੰਦਰਭ 'ਚ ਰੱਖ ਕੇ ਵਿਰੋਧ ਕਰਨਾ ਚਾਹੀਦਾ ਹੈ।

# ਕੁਦਰਤ ਤੇ ਕਿਸਾਨ ਪੱਖੀ ਖੇਤੀ ਮਾਡਲ ਹੋਂਦ 'ਚ ਕਿਵੇਂ ਆਊ!



ਜ਼ਿੰਦਗੀ ਦੇ ਸੰਘਰਸ਼ ਬਦਲ ਗਏ.. ਸਮਾਜ ਦੀ ਬਣਤਰ ਬਦਲ ਗਈ.. ਰਾਜਨੀਤਕ ਸਮੀਕਰਨ ਹੋਰ ਗੰਧਲੇ ਹੋ ਗਏ.. ਆਰਥਿਕ ਸੰਘਰਸ਼ ਪੇਚੀਦਾ ਹੋ ਗਿਆ..ਸੰਸਾਰ ਪੱਧਰ 'ਤੇ ਵਾਪਰ ਰਹੀਆਂ ਤਬਦੀਲੀਆਂ ਤੇ ਵਰਤਾਰੇ ਜੇ ਖੇਤ ਦੀ ਵੱਟ 'ਤੇ ਬੈਠੇ ਬਜ਼ੁਰਗ ਕਿਸਾਨ ਤੱਕ ਨਹੀਂ ਪਹੁੰਚੀਆਂ, ਤਾਂ ਉਹਦੇ ਧੀਆਂ ਪੁੱਤਾਂ ਤਕ ਜ਼ਰੂਰ ਪਹੁੰਚ ਗਏ..ਹੁਣ ਕਿਸਾਨ ਕੋਲੋਂ ਇਹ ਉਮੀਦ ਕਰਨਾ ਕਿ ਉਹ ਸਾਊ ਢੱਗਾ ਬਣਕੇ ਘਾਟੇ ਦਾ ਸੌਦਾ ਕਰਦਾ ਰਹੇ, ਬੇਮਾਅਨਾ ਹੈ..ਨਫ਼ੇ ਵਾਲੀ ਦੁਕਾਨ ਦੀ ਸਰਦਲ ਉਹ ਟੱਪ ਚੁੱਕਾ ਹੈ, ਭਾਵੇਂ ਕਿ ਨਫਾ ਉਹਦੇ ਪੱਲੇ ਘੱਟ ਵੱਧ ਹੀ ਆਉਂਦਾ ਹੈ..ਸਿਰਫ਼ ਕੁੱਝ ਕੁ ਅਤਿ ਧਨੀ ਕਿਸਾਨ ਹੀ ਨਫ਼ਾ ਬਟੋਰ ਜਾਂਦੇ ਨੇ!..ਫਿਰ ਜੋ ਕਿਸਾਨ ਚਾਹੁੰਦਾ ਹੈ..ਤੇ ਜੋ ਅਸੀਂ ਕਿਸਾਨ ਤੋਂ ਚਾਹੁੰਦੇ ਹਾਂ... ਇਨ੍ਹਾਂ ਦੋਨਾਂ ਗੱਲਾਂ ਵਿੱਚ ਤਵਾਜ਼ਨ ਕਾਇਮ ਕਿਵੇਂ ਹੋਵੇ!..ਮਸਲੇ ਗਹਿਰੇ ਨੇ..ਪਾਣੀ ਦੇ.. ਵਾਤਾਵਰਨ ਦੇ.. ਖੇਤਾਂ 'ਚ ਉਗਦੀਆਂ ਜ਼ਹਿਰਾਂ ਦੇ.. ਖੁਦਕੁਸ਼ੀਆਂ ਕਰ ਗਏ ਕਿਸਾਨਾਂ ਦੇ..ਕਰਜ਼ੇ 'ਚ ਡੁੱਬਦੇ ਗਰੀਬੜਿਆਂ ਦੇ..ਵਿਦੇਸ਼ੀਂ ਭੱਜਦੇ ਨੌਜਵਾਨਾਂ ਦੇ.. ਨਸ਼ੇ 'ਚ ਡੁੱਬਦੇ ਗੱਭਰੂਆਂ ਦੇ..ਟੈਂਕੀਆਂ 'ਤੇ ਚੜ੍ਹ ਦੁਹੱਥੜਾਂ ਮਾਰਦੇ ਬੇਰੁਜ਼ਗਾਰ ਮੁੰਡੇ ਕੁੜੀਆਂ ਦੇ..ਦੋ ਡੰਗ ਦੀ ਰੋਟੀ ਲਈ ਤਰਸਦੇ ਮਜ਼ਦੂਰ ਦੇ.. ਮਸਲੇ ਬਹੁਤ ਗਹਿਰੇ ਨੇ! ਮਾਰਕੇਬਾਜ਼ੀਆਂ.. ਗਾਲ-ਮ-ਗਾਲੀ ਹੋਣਾ.. ਆਪਸੀ ਖਹਿਬਾਜ਼ੀਆਂ.. ਮਸਲੇ ਦੇ ਹੱਲ ਵੱਲ ਨਹੀਂ ਲੈ ਕੇ ਜਾਂਦੀਆਂ, ਬਲਕਿ ਮਸਲੇ ਨੂੰ ਹੋਰ ਗੁੰਝਲਦਾਰ ਬਣਾ ਦਿੰਦੀਆਂ..ਮਸਲਿਆਂ ਨੇ ਆਖ਼ਰ ਹੱਲ ਹੋਣ ਲਈ ਸਰਕਾਰ ਕੋਲ ਪਹੁੰਚਣਾ ਹੁੰਦਾ.. ਜੇ ਸਰਕਾਰ ਨੂੰ ਪਤਾ ਹੋਵੇ ਕਿ ਅਸੀਂ ਆਪਸ ਵਿੱਚ ਹੀ ਸਿੰਗ ਫਸਾਈ ਖੜ੍ਹੇ ਆਂ ਤਾਂ ਉਹ ਕਦੇ ਵੀ ਹੱਲ ਕੱਢਣਾ ਜ਼ਰੂਰੀ ਨਹੀਂ ਸਮਝਦੀ!..ਇਕ ਪਾਸੇ ਕਿਸਾਨਾਂ ਦੀ ਪ੍ਰਤੀਨਿਧਤਾ ਕਰਦੀਆਂ ਕਿਸਾਨ ਜਥੇਬੰਦੀਆਂ ਨੇ..ਦੂਜੇ ਪਾਸੇ ਬਾਕੀ ਸਮਾਜ ਹੈ.. ਤੇ ਵਿੱਚ ਖੜ੍ਹੀ ਸਰਕਾਰ ਹੈ !..ਕੋਸ਼ਿਸ਼ ਸਭ ਨੂੰ ਕਰਨੀ ਪੈਣੀ ਹੈ.. ਪਿਛਲੇ ਦਿਨਾਂ ਵਿੱਚ ਪੰਜਾਬ ਦੀਆਂ ਦੋ ਵੱਡੀਆਂ ਕਿਸਾਨ ਜਥੇਬੰਦੀਆਂ ਨੇ ਕੁਝ ਬਹੁਤ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਨੇ ..ਅੱਜ ਦੀ ਪੋਸਟ ਵਿਚ ਕਿਰਤੀ ਕਿਸਾਨ ਯੂਨੀਅਨ ਵੱਲੋਂ ਕੁਦਰਤ ਤੇ ਕਿਸਾਨ ਪੱਖੀ ਹੰਢਣਸਾਰ ਖੇਤੀ ਮਾਡਲ ਦਾ ਖਰੜਾ ਤਿਆਰ ਕਰਨ ਵੱਲ ਪੁੱਟੇ ਜਾ ਰਹੇ ਕਦਮਾਂ ਦੀ ਸਾਰਥਕਤਾ ਸਮਝਣ ਦੀ ਕੋਸ਼ਿਸ਼ ਹੈ।

ਕਿਰਤੀ ਕਿਸਾਨ ਯੂਨੀਅਨ ਵੱਲੋਂ ਜੋ ਮੁੱਢਲਾ ਖਰੜਾ ਸਾਹਮਣੇ ਆਇਆ ਹੈ, ਉਸ ਵਿੱਚ ਕੁਝ ਨੁਕਤੇ ਬਹੁਤ ਅਹਿਮ ਨੇ..ਸਭ ਤੋਂ ਤਸੱਲੀ ਵਾਲੀ ਗੱਲ ਇਸ ਖਰੜੇ ਵਿੱਚ ਇਹ ਹੈ ਕਿ ਇਸ ਵਿਚ "ਆਹ ਕਰ ਦਿਓ.. ਔਹ ਕਰ ਦਿਓ.. ਅਸੀਂ ਆਹ ਕਰਾਂਗੇ.. ਅਸੀਂ ਔਹ ਕਰਾਂਗੇ..!" ਨਾਲੋਂ ਜ਼ਿਆਦਾ ਜ਼ੋਰ ਇਸ ਗੱਲ 'ਤੇ ਦਿੱਤਾ ਗਿਆ ਹੈ ਕਿ "ਜੋ ਮੌਜੂਦਾ ਢਾਂਚਾ ਹੈ, ਉਸ ਵਿੱਚ ਕੀ ਤਬਦੀਲੀਆਂ ਚਾਹੀਦੀਆਂ ਨੇ.. ਉਹ ਤਬਦੀਲੀਆਂ ਕਿਵੇਂ ਵਿਵਹਾਰਕ ਪੱਧਰ 'ਤੇ ਸੰਭਵ ਨੇ..ਤੇ ਉਹਨਾਂ ਤਬਦੀਲੀਆਂ ਦਾ ਨਤੀਜਾ ਕੀ ਨਿਕਲੇਗਾ!"..ਖ਼ਰੜਾ ਸਪੱਸ਼ਟ ਤੌਰ 'ਤੇ ਇਹ ਕਹਿ ਰਿਹਾ ਹੈ ਕਿ ਝੋਨਾ ਬੀਜਣ ਦਾ 'ਤਰੀਕਾ' ਤੇ 'ਤਰੀਕਾਂ' ਬਦਲਣ ਨਾਲ ਹੱਲ ਨਹੀਂ ਹੋਣਾ, ਅਸਲ ਵਿੱਚ ਝੋਨੇ ਤੋਂ ਖਹਿੜਾ ਛੁਡਾਉਣਾ ਪੈਣਾ!..ਹੁਣ ਇੱਥੇ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਪੰਜਾਬ ਦਾ ਬਹੁਗਿਣਤੀ ਕਿਸਾਨ ਜੋ ਝੋਨੇ ਦੀ ਫਸਲ ਤੋਂ ਕਮਾਈ ਕਰਕੇ ਆਪਣਾ ਟੱਬਰ ਚਲਾਉਂਦਾ ਹੈ, ਉਹ ਝੋਨਾ ਨਾ ਬੀਜ ਕੇ ਪਰਿਵਾਰ ਦੇ ਪਾਲਣ ਪੋਸਣ ਲਈ ਲੋੜੀਂਦਾ ਸਰਮਾਇਆ ਕਿਥੋਂ ਲੈ ਕੇ ਆਵੇ!!...ਇਹ ਖਰੜਾ ਇਸ ਸਵਾਲ ਦੇ ਰੂਬਰੂ ਹੁੰਦਾ ਹੈ.. ਕਿਸੇ ਆਦਰਸ਼ਕ ਟਿੱਪਣੀ ਰਾਹੀਂ ਨਹੀਂ, ਬਲਕਿ ਵਿਵਹਾਰਕ ਸੁਝਾਅ ਦੇ ਕੇ!..ਮੈਂ ਉਨ੍ਹਾਂ ਸੁਝਾਵਾਂ ਦੇ ਵਿਸਥਾਰ ਵਿਚ ਨਹੀਂ ਜਾਵਾਂਗਾ, ਕਿਉਂਕਿ ਇਸ ਪੋਸਟ ਦੇ ਨਾਲ ਮੈਂ ਕਿਰਤੀ ਕਿਸਾਨ ਯੂਨੀਅਨ ਦਾ ਪ੍ਰੈੱਸ ਨੋਟ ਨੱਥੀ ਕਰ ਰਿਹਾ ਹਾਂ ..ਇਸ ਵਿਚ ਸਰਕਾਰ ਕੋਲੋਂ ਜੋ ਆਸ ਕੀਤੀ ਗਈ ਹੈ ਤੇ ਜੋ ਮੰਗਾਂ ਉਭਾਰੀਆਂ ਹਨ,ਉਹਨਾਂ ਵਿਚ ਕੁੱਝ ਵੀ ਅਜਿਹਾ ਨਹੀਂ ਹੈ ਜੋ ਅਮਲੀ ਪੱਧਰ 'ਤੇ ਸੰਭਵ ਨਾ ਹੋਵੇ। ਸਾਰੇ ਪੰਜਾਬ ਦੀ ਜ਼ਮੀਨ ਇਕੋ ਜਿਹੀ ਨਹੀਂ ਹੈ.. ਇਹ ਸਾਨੂੰ ਤੈਅ ਕਰਨਾ ਪਏਗਾ ਕਿ ਕਿਸ ਜ਼ਮੀਨ ਵਿੱਚ ਕਿਹੜੀ ਫ਼ਸਲ ਜ਼ਿਆਦਾ ਝਾੜ ਵੀ ਦੇ ਸਕਦੀ ਹੈ, ਉਸ ਇਲਾਕੇ ਦੇ ਵਾਤਾਵਰਨ ਲਈ ਵੀ ਸਹੀ ਹੋਵੇਗੀ.. ਤੇ ਉਸ ਫਸਲ ਤੋਂ ਪੈਦਾ ਹੋਣ ਵਾਲੀ ਵਸਤ ਦੀ ਪ੍ਰੋਸੈਸਿੰਗ ਤੇ ਖਾਣਯੋਗ ਸਮਗਰੀ ਤਿਆਰ ਕਰਨ ਦੇ ਪ੍ਰਾਜੈਕਟ ਵੀ ਕਿਵੇਂ ਘੱਟ ਤੋਂ ਘੱਟ ਕੁਦਰਤੀ ਸਰੋਤ ਦਾ ਇਸਤੇਮਾਲ ਕਰਕੇ ਹੋਂਦ ਵਿਚ ਆ ਸਕਦੇ ਨੇ..ਤੇ ਉਸ ਇਲਾਕੇ ਲਈ ਰੁਜ਼ਗਾਰ ਪੈਦਾ ਕਰ ਸਕਦੇ ਨੇ..!

ਮੈਂ ਨਿੱਜੀ ਤੌਰ 'ਤੇ ਆਪਣੀ ਜ਼ਿੰਮੇਵਾਰੀ ਸਮਝਦਾ ਹਾਂ ਕਿ ਇਸ ਤਰ੍ਹਾਂ ਦੇ ਕਿਸੇ ਵੀ ਖਰੜੇ ਦਾ ਅੰਤਮ ਰੂਪ ਤਿਆਰ ਹੋਣ ਤੋਂ ਪਹਿਲਾਂ ਮੈਂ ਆਪਣੇ ਸੁਝਾਅ ਪੇਸ਼ ਕਰਾਂ..ਤੇ ਮੈਂ ਪੰਜਾਬ ਦੇ ਹਰ ਸ਼ਹਿਰੀ ਤੋਂ ਇਹ ਆਸ ਕਰਦਾ ਹਾਂ ਕਿ ਇਸ ਤਰ੍ਹਾਂ ਦੀ ਕਿਸੇ ਵੀ ਪਹਿਲਕਦਮੀ ਨੂੰ ਸਮਝਣ ਦੀ ਕੋਸ਼ਿਸ਼ ਕਰੇ..ਇਸ 'ਤੇ ਵਿਚਾਰ ਕਰੇ..ਆਪਣੇ ਕੀਮਤੀ ਸੁਝਾਅ ਦੇਵੇ..ਬਿਨਾ ਕਿਸੇ ਧਿਰ ਦਾ ਅੰਧ ਭਗਤ ਬਣਿਆਂ ਪੰਜਾਬ ਲਈ ..ਇਸਦੇ ਵਸਨੀਕਾਂ ਤੇ ਕੁਦਰਤ ਦੀ ਬਿਹਤਰੀ ਲਈ ਇਸ ਤਰ੍ਹਾਂ ਦੇ ਯਤਨਾਂ ਨੂੰ ਅਮਲੀ ਰੂਪ ਤਕ ਪਹੁੰਚਾਉਣ ਲਈ ਯੋਗਦਾਨ ਪਾਵੇ..ਜੇ ਅਸੀਂ ਇਕੱਠੇ ਹੋ ਕੇ ਸਰਕਾਰਾਂ ਤਕ ਇਹ ਆਵਾਜ਼ ਪਹੁੰਚਾਉਣ 'ਚ ਕਾਮਯਾਬ ਹੋ ਗਏ ਕਿ ਸਾਨੂੰ ਪੰਜਾਬ ਖੁਸ਼ਹਾਲ ਵੀ ਚਾਹੀਦਾ ਤੇ ਹਰ ਪ੍ਰਾਣੀ ਦੇ ਰਹਿਣ ਲਾਇਕ ਵੀ ਚਾਹੀਦਾ ਤਾਂ ਯਕੀਨਨ ਸਾਡੇ 'ਤੇ ਥੋਪੇ ਗਏ ਫਸਲੀ ਚੱਕਰ ਤੋਂ ਛੁਟਕਾਰਾ ਪਾ ਲਵਾਂਗੇ ਤੇ ਬਿਹਤਰੀ ਵਲ ਕਦਮ ਪੁੱਟਾਂਗੇ!

ਇਹ ਕਦਮ ਫਿਕਰਮੰਦ ਤੇ ਅਹਿਸਾਸਮੰਦ ਹੋਣ ਦਾ ਸਬੂਤ ਨੇ..ਕੁੱਝ ਦਿਨਾਂ ਵਿਚ ਹੀ ਦੂਜੀ ਜਥੇਬੰਦੀ ਵਲੋਂ ਵਿੱਢੇ ਯਤਨਾਂ ਬਾਰੇ ਵੀ ਤਬਸਰਾ ਕਰਾਂਗਾ..ਪਹਿਲਾਂ ਤੋਂ ਹੀ ਦਰਜ ਕਰਵਾ ਦਿਆਂ ਕਿ ਇਸ ਮਹੱਤਵਪੂਰਨ ਪੋਸਟ 'ਤੇ ਹੋਣ ਵਾਲੇ ਵਿਚਾਰ ਵਟਾਂਦਰੇ ਵਿਚ ਇਹੋ ਜਿਹੀਆਂ ਫਜ਼ੂਲ ਗੱਲਾਂ 'ਤੇ ਆਪਣਾ ਸਮਾਂ ਤੇ ਤਾਕਤ ਜ਼ਾਇਆ ਨਾ ਕਰਿਓ ਕਿ "ਸਾਹਿਬ ਸਿੰਘ 'ਜਿਸ ਕੀ ਖਾਵੇ ਬਾਜਰੀ' ਕਾਰਣ ਇਹ ਗੱਲਾਂ ਕਰਦਾ!!"..ਮੈਂ ਨਾ ਕਿਸੇ ਦੀ ਬਾਜਰੀ ਖਾਂਦਾ ਹਾਂ ਤੇ ਨਾ ਅੱਜ ਤਕ ਕਿਸੇ ਨੂੰ ਇਹ ਜੁਅਰਤ ਕਰਨ ਜੋਗੀ ਥਾਂ ਤੇ ਮੌਕਾ ਦਿਤਾ ਹੈ ਕਿ ਮੇਰੇ 'ਤੇ ਕੋਈ ਅਹਿਸਾਨ ਚਾੜ੍ਹੇ!..ਮੈਂ ਕਿਸੇ ਧਿਰ ਦਾ ਨਹੀਂ, ਪੰਜਾਬ ਦਾ ਬੁਲਾਰਾ ਹਾਂ ..(ਤੇ ਹਰ ਉਸ ਧਿਰ ਨਾਲ ਗਲਵੱਕੜੀ ਪਾਉਣੀ ਪਸੰਦ ਕਰਦਾ ਹਾਂ ਜੋ ਸਮਾਜ ਲਈ ਕੁੱਝ ਕਰਨ ਦੀ ਇੱਛਾ ਤੇ ਜੇਰਾ ਰੱਖਦੀ ਹੋਵੇ!).. ਪੰਜਾਬ ਦੀ ਬਿਹਤਰੀ ਲਈ ਉਦੋਂ ਤਕ ਬੋਲਦਾ ਰਹਾਂਗਾ, ਜਦ ਤਕ ਸਾਹ ਚਲਦੇ ਨੇ..ਖੈਰ ਇਹ ਸਤਰਾਂ ਸਿਰਫ਼ ਕੁੱਝ 'ਮਿਤਰਾਂ' ਲਈ ਹਨ...ਤੁਸੀਂ ਬਾਕੀ ਦੀ ਪੋਸਟ ਦਾ ਫਿਕਰ ਕਰਿਓ!

ਰਾਹ ਦੋ ਈ ਨੇ ਮਿਤਰੋ..ਜਾਂ ਦੂਰ ਖੜ੍ਹੇ ਹੋ ਕੇ ਖੱਪ ਪਾਉਂਦੇ ਰਹੀਏ ਕਿ "ਉਜਾੜਾ ਪੈ ਗਿਆ ..ਅਸੀਂ ਮਾਰੇ ਗਏ..!"..ਤੇ ਜਾਂ ਉਜਾੜੇ ਦੇ ਕਾਰਣ ਸਮਝਣ ਲਈ ਮੱਥਾ ਖੁਰਕਣ ਦੀ ਜ਼ਹਿਮਤ ਉਠਾਈਏ ਤੇ ਫਿਰ ਉਜਾੜਾ ਰੋਕਣ ਲਈ ਉਪਰਾਲਾ ਕਰੀਏ ..ਜਿਨਾ ਵੀ ਜਿਸ ਤੋਂ ਹੋ ਸਕਦਾ!..ਇਹ ਸ਼ੁਰੂਆਤ ਹੈ..ਜਿਸ ਲਈ ਮੈਂ ਕਿਰਤੀ ਕਿਸਾਨ ਯੂਨੀਅਨ ਦੇ ਸਾਰੇ ਸਿਰਾਂ ਨੂੰ ਸ਼ਾਬਾਸ਼ ਵੀ ਦੇਣਾ ਚਾਹੁੰਦਾ ਹਾਂ ਤੇ ਧੰਨਵਾਦ ਵੀ ਕਰਦਾ ਹਾਂ ..ਗੱਲ ਚੱਲੀ ਹੈ ਤਾਂ ਦੂਰ ਤਕ ਜਾਏਗੀ ..ਦੂਰ ਤਕ ਲਿਜਾਉਣ ਲਈ ਭੀੜ ਨਹੀਂ, ਜਾਗਦੇ ਸਿਰ ਚਾਹੀਦੇ ਨੇ..ਜਾਗਦੇ ਸਿਰਾਂ ਨੂੰ ਸਲਾਮ!

**-ਸਾਹਿਬ ਸਿੰਘ**


# ਰਵੀਸ਼ ਕੁਮਾਰ ਦੀ ਕਿਤਾਬ ਦੀ ਭੂਮਿਕਾ 'ਚੋਂ ਕੁੱਝ ਅੰਸ਼ ਦਾ ਅਨੁਵਾਦ

2019 ਆ ਚੁੱਕਿਆ ਹੈ, ਦੁਨੀਆਂ ਇੱਕ ਨਵੇਂ ਰੰਗ 'ਚ ਸਾਡੇ ਸਾਹਮਣੇ ਹੈ। ਜਦੋਂ ਮੈਂ ਇਹ ਭੂਮਿਕਾ ਲਿਖਣ ਬੈਠਾ, ਉਦੋਂ ਹੀ ਵੱਟਸਐਪ 'ਤੇ ਇਹ ਮੈਸੇਜ ਆਇਆ "ਅੱਜ ਤੇਰੀ ਲਿੰਚਿਗ ਕੀਤੀ ਜਾਵੇਗੀ।" ਲਿੰਚਿਗ ਅੰਗਰੇਜ਼ੀ 'ਚ ਲਿਖਿਆ ਹੈ ਅਤੇ ਸਪੈਲਿੰਗ ਗਲਤ ਹਨ; ਦੀ ਥਾਂ ਲਿਖਿਆ ਗਿਆ ਹੈ। ਅਸੀਂ ਜਿਸ ਲਿੰਚਿਗ ਦੇ ਖਤਰੇ ਦੀ ਗੱਲ ਕਰਦੇ ਹਾਂ, ਉਹ ਹੁਣ ਕੁੱਝ ਲੋਕਾਂ ਲਈ ਰੋਜ਼ ਦਾ ਕੰਮ ਹੋ ਗਿਆ ਹੈ। ਕਿਸੇ ਦੇ ਅਸਹਿਮਤ ਹੋਣ 'ਤੇ ਉਸਦੀ ਲਿੰਚਿਗ ਕਰਨ ਦਾ ਖਿਆਲ ਆਉਣਾ, ਹੁਣ ਆਮ ਜਿਹੀ ਗੱਲ ਹੈ। ਝਾਰਖੰਡ 'ਚ 17 ਜੂਨ ਨੂੰ ਤਰਬੇਜ਼ ਅੰਸਾਰੀ ਨਾਂ ਦੇ ਨੌਜਵਾਨ ਨੂੰ ਲੋਕ ਰਾਤ ਇੱਕ ਵਜੇ ਤੋਂ ਸਵੇਰੇ ਛੇ ਵਜੇ ਤੱਕ ਖੰਭੇ ਨਾਲ ਬੰਨ੍ਹ ਕੇ ਕੁੱਟਦੇ ਰਹੇ। ਪੁਲਿਸ ਪਛੜ ਕੇ ਆਉਦੀ ਹੈ। ਤਰਬੇਜ਼ ਨੂੰ ਹਸਪਤਾਲ ਲਜਾਇਆ ਜਾਂਦਾ ਹੈ। ਡਾਕਟਰ ਉਸਦਾ ਬਲੱਡ ਪ੍ਰੈਸ਼ਰ ਰਿਕਾਰਡ ਤੱਕ ਨਹੀਂ ਕਰਦੇ ਹਨ। ਉਹ ਮਰ ਜਾਂਦਾ ਹੈ।

ਇਹੋ ਜਿਹੀ ਜੇਹੀ ਭੀੜ ਸੀ ਜਿਸਨੇ ਦਿੱਲੀ ਦੀ ਨੇੜੇ ਬੁਲੰਦਪੁਰ 'ਚ ਇੰਸਪੈਕਟਰ ਸੁਬੋਧ ਕੁਮਾਰ ਸਿੰਘ ਨੂੰ ਮਾਰਿਆ ਸੀ। ਉਹ ਉਸ ਭੀੜ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਜੋ ਮਹਾਵ ਪਿੰਡ ਦੇ ਖੇਤਾਂ 'ਚ ਗਾਂ ਦਾ ਪਿੰਜਰ ਵੇਖ ਕੇ ਹਿੰਸਾ 'ਤੇ ਉਤਰ ਆਈ ਸੀ। ਇਹ 2018 ਦੇ ਦਸੰਬਰ ਦੀ ਘਟਨਾ ਹੈ। ਉਦੋਂ ਇਸ ਤਰ੍ਹਾਂ ਦੀ ਹਿੰਸਾ ਗਾਂ ਦੇ ਨਾਂ 'ਤੇ ਹੋਇਆ ਕਰਦੀ ਸੀ ਲੇਕਿਨ ਜਿਉਂ ਹੀ ਗਾਂਵਾਂ ਦੀ ਹਾਲਤ 'ਤੇ ਰਿਪੋਰਟ ਆਉਣ ਲੱਗੀ ਕਿ ਇਹ ਗਊਸ਼ਲਾਵਾਂ 'ਚ ਬਗੈਰ ਖੁਰਾਕ ਤੋਂ ਮਰ ਰਹੀਆਂ ਹਨ, ਗਾਂਵਾਂ ਦੇ ਖੁੱਲ੍ਹੇ ਅਵਾਰਾ ਫਿਰਨ ਨਾਲ ਖੇਤੀ ਦਾ ਉਜਾੜਾ ਹੋ ਰਿਹਾ ਹੈ, ਕਿਸਾਨ ਗੁੱਸੇ ਹਨ, ਰਾਜਨੀਤੀ ਨੇ ਗਾਂ ਨੂੰ ਛੱਡ ਦਿੱਤਾ ਹੈ। ਤਾਂ ਵੀ ਇਸਦੇ ਨਾਂ 'ਤੇ ਕੀਤਾ ਜਾਣ ਵਾਲਾ ਕੰਮ ਜਾਰੀ ਹੈ ਕੰਮ ਡਰ ਅਤੇ ਹਿੰਸਾ ਦਾ। ਇਸਨੂੰ ਜਾਰੀ ਰੱਖਣ ਲਈ "ਜੈ ਸ਼੍ਰੀ ਰਾਮ" ਦਾ ਨਾਅਰਾ ਆ ਗਿਆ ਹੈ। ਉਹੀ ਭੀੜ ਹੁਣ "ਜੈ ਸ਼੍ਰੀ ਰਾਮ" ਬਲਵਾਉਣ ਦੇ ਨਾਂ 'ਤੇ ਸਰਗਰਮ ਹੈ। ਉਹ ਤਰਬੇਜ਼ ਅੰਸਾਰੀ ਤੋਂ ਅਜਿਹਾ ਕਰਵਾਉਣ ਲਈ ਉਤਾਰੂ ਹੁੰਦੀ ਹੈ। ਉਹ "ਜੈ ਸ਼੍ਰੀ ਰਾਮ" ਬੋਲਦਾ ਹੈ, ਪਰ ਬਚ ਨਹੀਂ ਸਕਿਆ।

ਜੋ ਇਹ 'ਭੀੜ' ਹੈ, ਸਿਰਫ਼ ਸ਼ਬਦ ਨਹੀਂ ਹੈ। ਇਸ ਵਿੱਚ ਬਹੁਤ ਸਾਰੇ ਲੋਕ ਹਨ। ਕੁੱਟ-ਮਾਰ ਵਾਲੇ, ਕੁੱਟ-ਮਾਰ ਵੇਖ ਕੇ ਚੁੱਪ ਰਹਿਣ ਵਾਲੇ ਅਤੇ ਆਪਣੇ ਮੋਬਾਇਲ ਫੋਨ 'ਤੇ ਵੀਡਿਉ ਬਣਾਉਣ ਵਾਲੇ। ਉਹ ਉਦੋਂ ਵੀ ਚੁੱਪ ਹਨ ਜਦੋਂ ਬਹੁਗਿਣਤੀ ਸਮਾਜ ਦੇ ਦਰਜਨਾਂ ਬੱਚੇ ਇਸ ਤਰ੍ਹਾਂ ਦੀ ਹਿੰਸਾ ਦੇ ਦੋਸ਼ਾਂ 'ਚ ਜੇਲ੍ਹ 'ਚ ਹਨ ਜਾਂ ਮੁਕੱਦਮਿਆਂ ਦੇ ਬੋਝ ਥੱਲੇ ਹਨ। ਅਵਾਰਾ ਭੀੜ ਦੀ ਉਸਾਰੀ ਤੇਜ਼ ਚਾਲ ਨਾਲ ਚੱਲ ਰਹੀ ਹੈ। ਇਹ ਭੀੜ ਕਦੋਂ, ਕਿੱਥੇ ਆ ਜਾਵੇਗੀ, ਪਤਾ ਨਹੀਂ।

ਇਹ ਆਮ ਗੱਲ ਨਹੀਂ ਸੀ ਕਿ ਲੋਕਸਭਾ 'ਚ ਸੰਸਦ ਮੈਂਬਰ ਅਸਦੁਦੀਨ ਔਵੈਸੀ ਦੇ ਸਹੁੰ ਚੁੱਕਣ ਮੌਕੇ "ਜੈ ਸ਼੍ਰੀ ਰਾਮ" ਦਾ ਨਾਅਰਾ ਲਾਇਆ ਗਿਆ। ਇਹ ਨਾਅਰਾ ਰਾਮ ਦੇ ਪਿਆਰ 'ਚ ਲਾਇਆ ਨਾਅਰਾ ਨਹੀਂ ਸੀ। ਇਹ ਔਵੈਸੀ ਨੂੰ ਡਰਾਉਣ ਜਾਂ ਚਿੜਾਉਣ ਲਈ ਸੀ। ਜੁਆਬ 'ਚ ਔਵੈਸੀ ਨੇ "ਅੱਲਾ ਹੂੰ ਅਕਬਰ" ਦਾ ਨਾਅਰਾ ਲਾਇਆ। ਨਾਅਰਾ ਬਨਾਮ ਨਾਅਰਾ ਦਾ ਇਹ ਪ੍ਰਸੰਗ ਲੋਕਸਭਾ ਦੀ ਕਾਰਵਾਈ ਤੋਂ ਕੱਢ ਦਿੱਤਾ ਗਿਆ, ਪਰ ਸੜਕਾਂ 'ਤੇ ਹੋਣ ਵਾਲੀ ਕਾਰਵਾਈ ਦਾ ਇਹ ਕਰਮ ਬਣ ਗਿਆ। ਫਿਰਕਾਪ੍ਰਸਤ ਗੱਲਾਂ ਹੁਣ ਰਾਸ਼ਟਰਵਾਦੀ ਦੱਸੀਆਂ ਜਾਣ ਲੱਗੀਆਂ ਹਨ। ਡਰਾਇੰਗ ਰੂਮ ਦੀ ਰਾਤ ਦੀ ਚਰਚਾ 'ਚ ਫਿਰਕੂਪ੍ਰਸਤੀ ਚੰਗੇ ਖਾਣੇ ਤੋਂ ਬਾਅਦ ਦੀ ਮਠਿਆਈ ਬਣ ਗਈ ਹੈ। ਸੰਪਰਦਾਇਕਤਾ ਸਿਰਫ਼ ਕਰੂਪ, ਘ੍ਰਣਿਤ ਰੂਪ 'ਚ ਹੀ ਨਹੀਂ ਦਿਸਦੀ ਹੈ। ਇਹ ਚੰਗੇ ਸੰਸਕਾਰਾਂ 'ਚ ਵੀ ਥਾਂ ਬਣਾਉਦੀ ਹੈ। ਫ਼ਰਕ ਇਹੀ ਹੈ ਕਿ ਜੋ ਪੜ੍ਹੇ ਲਿਖੇ ਬੇਰੁਜ਼ਗਾਰ ਹਨ ਉਹ ਚੰਗੇ ਵਾਕਾਂ ਅਤੇ ਤਰਕਾਂ ਨੂੰ ਘੜਨ ਦੀ ਯੋਗਤਾ ਨਹੀਂ ਰੱਖਦੇ। ਸਿੱਧਾ ਮਾਰਦੇ ਹਨ। ਜੋ ਪੜ੍ਹੇ-ਲਿਖੇ ਲੋਕ ਹਨ ਉਹ ਕੁੱਟ-ਮਾਰ ਦਾ ਨੁਕਸਾਨ ਜਾਣਦੇ ਹਨ, ਇਸ ਲਈ ਹਿੰਸਾ ਦੇ ਸਮਰਥਨ ਦਾ ਨਰਮ ਰਸਤਾ ਅਪਣਾਉਣੇ ਹਨ। ਉਹ ਨੀਵੇਂ ਸੁਰ 'ਚ ਕਿਸੀ ਨੂੰ ਸਿੱਧਾ ਕਰਨ ਜਾਂ ਸਬਕ ਸਿਖਾਉਣ ਦੀ ਰਾਜਨੀਤੀ ਦਾ




ਸਮਰਥਨ ਕਰਦੇ ਹਨ, ਜਿਨ੍ਹਾਂ ਨੂੰ ਅਸੀਂ ਚੰਗੇ ਅਤੇ ਜ਼ਿੰਮੇਦਾਰ ਲੋਕ ਹਨ।

ਕੁੱਝ ਵੀ ਨਵਾਂ ਨਹੀਂ ਹੈ। ਭਾਰਤ ਅਤੇ ਦੁਨੀਆਂ ਦੇ ਇਤਿਹਾਸ 'ਚ ਪਹਿਲਾਂ ਹੀ ਹੋ ਚੁੱਕਿਆਂ ਹੈ। ਫ਼ਿਰ ਵੀ ਇਹ ਮੰਨ ਲੈਣਾ ਸਹੀ ਨਹੀਂ ਹੋਊ ਕਿ ਸਭ ਕੁੱਝ ਪੁਰਾਣਾ ਹੈ। ਬਹੁਤ ਕੁੱਝ ਨਵੇਂ ਤਰੀਕੇ ਨਾਲ ਵੀ ਹੋ ਰਿਹਾ ਹੈ। ਜਿਵੇਂ ਭਾਰਤ ਦਾ ਇੱਕ ਪ੍ਰਮੁੱਖ ਨਿਊਜ਼ ਚੈਨਲ ਦੱਸਦਾ ਹੈ ਕਿ 2019 ਦਾ ਵਿਸ਼ਵ ਕੱਪ ਭਾਰਤ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕਿਸਮਤ ਦੇ ਕਾਰਨ ਹੀ ਜਿੱਤਣ ਵਾਲਾ ਹੈ। ਨਿਊਜ਼ ਐਂਕਰ ਦੀ ਅਵਾਜ਼ ਗੂੰਜ ਰਹੀ ਹੈ। ਇਹ ਲੱਖਾਂ ਘਰਾਂ 'ਚ ਪਹੁੰਚਦੀ ਹੋਈ ਸ਼ਾਮ ਦੀਆਂ ਚਰਚਾਵਾਂ ਦਾ ਵੀ ਸਹਿਜੇ ਹੀ ਹਿੱਸਾ ਬਣ ਜਾਂਦੀ ਹੈ। ਠੀਕ ਉਸੇ ਸਮੇਂ ਹੋਰ ਵੀ ਖਬਰਾਂ ਹਨ ਜਿਹੜੀਆਂ ਪ੍ਰਧਾਨਮੰਤਰੀ ਦੀ ਕਿਸਮਤ ਨਾਲ ਨਹੀਂ ਹੋਣੀਆਂ ਚਾਹੀਦੀਆਂ ਸਨ, ਜਿਵੇਂ ਕਿ ਅਰਥਵਿਵਸਥਾ 'ਚ ਮੰਦੀ ਦੀ ਮਾਰ ਅਤੇ ਰਿਕਾਰਡ ਪੱਧਰ 'ਤੇ ਰੁਜ਼ਗਾਰ ਦਾ ਘਟਨਾ, ਬਿਹਾਰ ਦੇ ਮੁਜ਼ੱਫਰਾਬਾਦ 'ਚ ਇਨਸੈਫਲਾਇਟਿਸ ਨਾਲ 140 ਤੋਂ ਵੱਧ ਬੱਚਿਆਂ ਦਾ ਮਰ ਜਾਣਾ, ਗੁਜਰਾਤ 'ਚ ਸੀਵਰੇਜ ਦੀ ਸਫ਼ਾਈ ਕਰਦੇ ਦੌਰਾਨ 7 ਸਫ਼ਾਈ ਕਰਮਚਾਰੀਆਂ ਦਾ ਮਰ ਜਾਣਾ। ਗਨੀਮਤ ਹੈ, ਨਿਊਜ਼ ਐਂਕਰ ਨੇ ਇਸ ਲਈ ਪ੍ਰਧਾਨਮੰਤਰੀ ਦੀ ਕਿਸਮਤ ਨੂੰ ਜ਼ੁੰਮੇਵਾਰ ਨਹੀਂ ਮੰਨਿਆ ਜਾਂ ਇਸ ਮਾਮਲੇ 'ਚ ਪ੍ਰਧਾਨਮੰਤਰੀ ਦੇ ਦਖਲ 'ਤੇ ਕੋਈ ਸੁਆਲ ਨਹੀਂ ਉਠਾਇਆ। ਨਿਊਜ਼ ਚੈਨਲਾਂ ਨੂੰ ਵੇਖਣ ਵਾਲੇ ਕਰੋੜਾਂ ਦਰਸ਼ਕ ਇਹ ਸਭ ਦੇਖਦੇ ਹੋਏ ਚੁੱਪ ਹੋ ਜਾਂਦੇ ਹਨ। ਉਨ੍ਹਾਂ ਨੂੰ ਪੱਤਰਕਾਰਤਾ ਦਾ ਮਤਲਬ ਪਤਾ ਹੈ, ਪਰ ਉਨ੍ਹਾਂ ਨੇ ਬੇਮਤਲਬ ਦੀ ਪੱਤਰਕਾਰਤਾ ਨਾਲ ਹੀ ਆਪਣਾ ਰਿਸ਼ਤਾ ਜੋੜ ਲਿਆ ਹੈ।

ਆਖਿਰਕਾਰ, ਪ੍ਰਧਾਨ ਮੰਤਰੀ ਦੀ ਕਿਸਮਤ ਉਸ ਦਿਨ ਕਿਸੇ ਕੰਮ ਨਹੀਂ ਆਈ ਜਿਸ ਦਿਨ ਭਾਰਤ ਆਪਣਾ ਮੈਚ ਹਾਰ ਗਿਆ ਅਤੇ ਫਾਇਨਲ ਵਿੱਚ ਨਹੀਂ ਪਹੁੰਚਿਆ। ਤਾਂ ਵੀ ਉਨ੍ਹਾਂ ਦੀ ਕਿਸਮਤ ਦੇ ਭਰੋਸੇ ਚੈਨਲ ਅਤੇ ਐਂਕਰ ਮੌਜ ਕਰ ਰਹੇ ਹਨ। ਇਹ ਪੱਤਰਕਾਰਤਾ ਨਾ ਕਰਦੇ ਹੋਏ ਵੀ ਪੱਤਰਕਾਰਤਾ ਦਾ ਚਿਹਰਾ ਬਣੇ ਹੋਏ ਹਨ। ਇਨ੍ਹਾਂ ਦੀ ਜੁਆਬਦੇਹੀ ਖਤਮ ਹੋ ਗਈ ਹੈ। ਬਸ, ਆਥਣੇ ਟੀਵੀ 'ਤੇ ਆਉਂਣਾ ਹੈ, ਦੋ ਬੁਲਾਰਿਆਂ ਨੂੰ ਬੁਲਾ ਕੇ ਆਪਸ 'ਚ ਲੜਾ ਦੇਣਾ ਹੈ ਅਤੇ ਅਸਲੀ ਖਬਰਾਂ ਨੂੰ ਦੱਬ ਦੇਣਾ ਹੈ ਹੁਣ ਇਹ ਰੋਗ ਐਨਾ ਵੱਧ ਗਿਆ ਹੈ ਕਿ ਇਸ ਵਿੱਚ ਨੈਤਿਕਤਾ ਅਤੇ ਅਨੈਤਿਕਤਾ ਦਾ ਖੁਰਾ ਖੋਜ ਲੱਭਣ ਦਾ ਕੋਈ ਮਤਲਬ ਨਹੀਂ ਰਿਹਾ। ਮਾੜੀ ਪੱਤਰਕਾਰਤਾ ਦੀ ਭਰੋਸੇਯੋਗਤਾ ਕਦੇ ਇਹੋ ਜਿਹੀ ਨਹੀਂ ਸੀ, ਜਿਸ ਤਰ੍ਹਾਂ ਦੀ ਅੱਜ ਹੈ। ਨਿਊਜ਼ ਚੈਨਲਾਂ ਨੇ ਭਾਰਤ ਦੀਆਂ ਲੋਕਤੰਤਰਕ ਕਦਰਾਂ ਕੀਮਤਾਂ ਦਾ ਗਲਾ ਘੁੱਟਣ ਦੀ ਜੋ ਮਿਹਨਤ ਕੀਤੀ ਹੈ, ਉਸੇ ਦਾ ਹੀ ਨਤੀਜਾ ਹੈ ਕਿ ਹੁਣ ਭਾਰਤ ਦੇ ਲੋਕ ਉਨ੍ਹਾਂ ਚੈਨਲਾਂ ਨੂੰ ਬਿਨ੍ਹਾਂ ਕਿਸੇ ਸੁਆਲ ਦੇ ਵੇਖਦੇ ਹਨ, ਜਿਨ੍ਹਾਂ ਦੇ ਸਰਕਾਰ ਨੂੰ ਕੋਈ ਸੁਆਲ ਨਹੀਂ ਹੁੰਦੇ ਹਨ। ਚੈਨਲਾਂ ਨੇ ਆਪਣੇ ਦਰਸ਼ਕਾਂ ਨੂੰ ਇੱਕ ਖਾਸ ਤਰ੍ਹਾਂ ਦੇ ਟੀਵੀ ਵੇਖਣ ਲਈ ਤਿਆਰ ਕਰ ਲਿਆ ਹੈ। ਨਤੀਜਾ ਇਹ ਹੋਇਆ ਕਿ ਹੁਣ ਉਹ ਐਸੇ ਪ੍ਰੋਗਰਾਮ ਵੇਖਣ ਦੇ ਆਦੀ ਹੋ ਗਏ ਹਨ, ਜਿਨ੍ਹਾਂ ਵਿੱਚ ਉਨ੍ਹਾਂ ਦੇ ਹਿੱਤ 'ਚ ਕੁੱਝ ਵਿਖਾਇਆ ਨਹੀਂ ਜਾਂਦਾ।ਜਿੱਥੇ ਚੋਣਾਂ ਜਿੱਤ ਕੇ ਆਏ ਪ੍ਰਤੀਨਿਧੀ ਕਾਤਲਾਂ ਨੂੰ ਹਾਰ ਪਾਉਂਦੇ ਹਨ, ਮੰਤਰੀ ਸ਼ਰੇਆਮ ਝੂਠ ਬੋਲਦੇ ਸਕਦੇ ਹਨ ਅਤੇ ਨਿਊਜ਼ ਐਂਕਰ ਖਬਰ ਦੇ ਨਾਂ 'ਤੇ ਸਰਕਾਰ ਵੱਲੋਂ ਪ੍ਰੈੱਸ ਰਲੀਜ਼ ਪੜ੍ਹ ਸਕਦੇ ਹਨ। ਕਿਸੇ ਨੂੰ ਕਿਸੇ ਗੱਲ ਨਾਲ ਫਰਕ ਨਹੀਂ ਪੈਂਦਾ।

ਦੁਬਾਰਾ ਕੇਂਦਰ 'ਚ ਸੱਤਾ 'ਚ ਆਉਣ ਵਾਲੀ ਭਾਜਪਾ ਸਰਕਾਰ ਦਾ ਪਹਿਲਾ ਬੱਜਟ ਪੇਸ਼ ਹੋਣ ਤੋਂ ਬਾਅਦ ਵਿੱਤ ਮੰਤਰਾਲੇ ਨੇ ਆਪਣੇ ਦਫਤਰਾਂ 'ਚ ਪ੍ਰੈੱਸ ਇਨਫਰਮੇਸ਼ਨ ਬਿਊਰੋ (ਪੀਆਈਬੀ) ਦਾ ਕਾਰਡ ਰੱਖਣ ਵਾਲੇ ਪੱਤਰਕਾਰਾਂ ਤੋਂ ਬਿਨ੍ਹਾਂ, ਬਿਨ੍ਹਾਂ ਇਜਾਜ਼ਤ ਆਉਣ ਵਾਲਿਆਂ 'ਤੇ ਰੋਕ ਲਾ ਦਿੱਤੀ ਹੈ। ਹੁਣ ਇਨ੍ਹਾਂ ਪੱਤਰਕਾਰਾਂ ਨੂੰ ਉਦੋਂ ਹੀ ਅੰਦਰ ਆਉਣ ਦਿੱਤਾ ਜਾਵੇਗਾ ਜਦੋਂ ਅਧਿਕਾਰੀ ਗੱਲਬਾਤ ਦਾ ਸਮਾਂ ਦੇਣਗੇ। ਪੀਆਈਬੀ ਕਾਰਡ ਨਾਲ ਪੱਤਰਕਾਰ ਕਦੇ ਵੀ ਮੰਤਰਾਲੇ 'ਚ ਜਾ ਸਕਦਾ ਹੈ। ਕਿਸੇ ਨੂੰ ਪਤਾ ਲੱਗੇ ਬਿਨਾਂ ਮਿਲ ਕੇ ਆ ਸਕਦਾ ਅਤੇ ਸਟੋਰੀ ਬਣਾ ਸਕਦਾ ਹੈ, ਇਸਦੀ ਰਿਆਇਤ ਹੈ। ਤਾਂ ਹੀ ਚੋਣ ਤੋਂ ਪਹਿਲਾਂ ਸੋਮੇਸ਼ ਝਾ ਦੀ ਬਿਜਨਿਸ਼ ਸਟੈਂਡਰਡ 'ਚ ਉਹ ਰਿਪੋਰਟ ਆ ਸਕੀ, ਜਿਸ 'ਚ ਦੱਸਿਆ ਗਿਆ ਸੀ ਕਿ 2017-18 'ਚ ਬੇਰੁਜ਼ਗਾਰੀ ਬੀਤੇ 45 ਸਾਲਾਂ 'ਚੋਂ ਸਭ ਤੋਂ ਵੱਧ ਸੀ। ਹੁਣ ਅਜਿਹੀਆਂ ਰਿਪੋਰਟਾਂ ਨਹੀਂ ਆ ਸਕਣਗੀਆਂ। ਵਿੱਤ ਮੰਤਰਾਲੇ ਨੇ ਕਿਹਾ ਕਿ ਪੱਤਰਕਾਰਾਂ ਦੇ ਬੈਠਣ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ, ਪਰ ਅੰਦਰ ਆਉਣ ਤੋਂ ਪਹਿਲਾਂ ਅਧਿਕਾਰੀ ਤੋਂ ਗੱਲਬਾਤ ਦਾ ਸਮਾਂ ਲੈਂਣਾ ਹੀ ਪਵੇਗਾ। ਐਡੀਟਰ ਗਿੱਲਡ ਨੇ ਇਸਦੀ ਆਲੋਚਨਾ ਕੀਤੀ ਹੈ। ਭਾਰਤ ਦੀ ਜਨਤਾ ਨੇ ਅੱਖਾਂ ਫੇਰ ਲਈਆਂ ਹਨ। 2019 ਦੀਆਂ ਲੋਕ ਸਭਾ ਚੋਣਾਂ 'ਚ ਜਦੋਂ ਮੀਡੀਆ 'ਚ ਸਿਰਫ਼ ਇੱਕ ਪਾਰਟੀ ਦਾ ਬੋਲਬਾਲਾ ਸੀ, ਉਸਦੀਆਂ ਹੀ ਖਬਰਾਂ ਸਨ ਅਤੇ ਉਸੇ ਦਾ ਹੀ ਗੁਣਗਾਨ ਸੀ, ਉਦੋਂ ਵੀ ਜਨਤਾ ਨੂੰ ਇਹ ਸੁਆਲ ਮਹੱਤਵਪੂਰਨ ਨਹੀਂ ਲੱਗਿਆ ਕਿ ਇਹ ਕਿਉਂ ਹੋ ਰਿਹਾ ਹੈ। ਭਾਰਤ ਇੱਕ ਵੱਡਾ ਤੇ ਵਿਸ਼ਾਲ ਲੋਕਤੰਤਰ ਹੈ ਤਾਂ ਇਸ ਦੇ ਸਭ ਤੋਂ ਵੱਡੇ ਚਿੰਨ੍ਹ, ਧੜੇ ਮੀਡੀਆ 'ਚ ਵਿਰੋਧੀ ਧਿਰ ਨੂੰ ਕਿਉਂ ਗਾਇਬ ਕੀਤਾ ਜਾ ਰਿਹਾ ਹੈ। ਇਕਪਾਸੜ ਕਵਰੇਜ ਦੇ ਇਸ ਦੌਰ 'ਚ ਤੁਸੀਂ ਚੋਣ ਕਮਿਸ਼ਨ ਤੋਂ ਵੀ ਕੋਈ ਆਸ ਨਹੀਂ ਕਰ ਸਕਦੇ। ਖੁਦ ਚੋਣ ਕਮਿਸ਼ਨ 'ਤੇ ਇਕਤਰਫ਼ਾ ਹੋਣ ਦੇ ਦੋਸ਼ ਲੱਗ ਰਹੇ ਹਨ। ਅਨੁਸ਼ਾਸ਼ਨਹੀਣਤਾ ਦੇ ਉਲੰਘਣ ਨਾਲ ਜੁੜੇ ਪ੍ਰਧਾਨਮੰਤਰੀ ਦੇ ਮਾਮਲਿਆਂ 'ਚ ਫ਼ੈਸਲਾ ਲੈਣ ਦੀ ਢਿੱਲ ਕਰਕੇ ਕਮਿਸ਼ਨ ਨੇ ਸਾਬਤ ਕਰ ਦਿੱਤਾ ਕਿ ਉਹ ਇੱਕ ਐਸੇ ਸਮੇਂ 'ਚ ਹਨ, ਜਿੱਥੇ ਕੁੱਝ ਮੌਕੇ 'ਤੇ ਹੋਣਾ ਹੀ ਸਭ ਤੋਂ ਗੈਰਜ਼ਰੂਰੀ ਹੈ। ਇਤਿਹਾਸ ਬਦਲਿਆ ਜਾ ਸਕਦਾ ਹੈ, ਘਟਨਾਵਾਂ ਅਤੇ ਸਖਸ਼ੀਅਤਾਂ ਨੂੰ ਦੇਸ਼ ਦੀ ਸਾਂਝੀ ਵਿਰਾਸਤ ਤੋਂ ਮਿਟਾਇਆ ਜਾ ਸਕਦਾ ਹੈ, ਐਨੀ ਹੀ ਸੌਖੀ ਤਰ੍ਹਾਂ ਜਿਵੇਂ ਸਕੂਲਾਂ ਦੀਆਂ ਕਿਤਾਬਾਂ 'ਚੋਂ।

ਪ੍ਰੈੱਸ ਦੀ ਗੁਣਵੱਤਾ ਦਾ ਹੁਣ ਇੱਕ ਹੀ ਪੈਮਾਨਾ ਹੈ ਕਿ ਸੱਤਾ ਦਾ ਗੁਣਗਾਨ ਕਿੰਨਾ ਚੰਗਾ ਕਰਦਾ ਹੈ। 2019 ਦੀਆਂ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਮੋਦੀ ਦੀਆਂ ਮੁਲਾਕਾਤਾਂ ਗੁਣਗਾਨ ਦੇ ਲਈ ਦੇਖੀਆਂ ਜਾਣੀਆਂ ਚਾਹੀਦੀਆਂ ਹਨ, ਗੁਣਵੱਤਾ ਦੇ ਲਈ ਨਹੀਂ। ਭਾਰਤ ਦੀ ਜਨਤਾ ਨੇ ਆਪਣੀ ਆਵਾਜ਼ ਦੀ ਰਹਿੰਦੀ ਖੂੰਹਦੀ ਥਾਂ ਉਨ੍ਹਾਂ ਸ਼ਕਤੀਆਂ ਨੂੰ ਭੇਂਟ ਕਰ ਦਿੱਤੀ ਹੈ ਜਿਸਦੇ ਅਗਲੇ ਕਦਮ ਦੇ ਬਾਰੇ 'ਚ ਉਨ੍ਹਾਂ ਨੂੰ ਭਿਣਕ ਵੀ ਨਹੀਂ ਹੈ। ਸੱਤਾ 'ਤੇ ਜਨਤਾ ਦਾ ਇਹੋ ਜਿਹਾ ਡੂੰਘਾ ਵਿਸ਼ਵਾਸ਼ ਸ਼ਾਇਦ ਹੀ ਕਿਸੇ ਦੌਰ 'ਚ ਰਿਹਾ ਹੋਵੇ।ਪ੍ਰੈੱਸ ਦਾ ਪ੍ਰਾਪੇਗੰਡਾ ਤੰਤਰ 'ਚ ਬਦਲ ਜਾਣਾ ਭਾਰਤ ਦੀ ਲੋਕਤੰਤਰਕ ਯਾਤਰਾ ਦਾ ਹੁਣ ਸਹਿਜ ਵਰਤਾਰਾ ਹੈ। ਜਨਤਾ ਦੇ ਇੱਕ ਵੱਡੇ ਹਿੱਸੇ ਨੇ ਇਸਨੂੰ ਮਾਣ ਨਾਲ ਸਵੀਕਾਰਿਆ ਹੈ। ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ 'ਚ ਭਾਰਤ ਨੂੰ ਵੇਖੀਏ ਤਾਂ ਇਹ 180 ਦੇਸ਼ਾਂ ਦੀ ਸੂਚੀ 'ਚ 140ਵੇਂ ਸਥਾਨ 'ਤੇ ਹੈ। ਇਹ ਸਿਰਫ਼ ਸਰਕਾਰ ਦੇ ਕਰਕੇ ਨਹੀਂ ਹੋਇਆ, ਦਰਸ਼ਕਾਂ ਅਤੇ ਪਾਠਕਾਂ ਦੇ ਕਰਕੇ ਵੀ ਹੋਇਆ ਹੈ। ਤਾਂ ਹੀ ਤਾਂ ਜੋ ਚੈਨਲ ਜਾਂ ਅਖਬਾਰ ਜਿਨ੍ਹਾਂ ਜ਼ਿਆਦਾ ਦਰਬਾਰੀ ਹੈ, ਉਹ ਰੇਟਿੰਗ ਅਤੇ ਛਪਣ 'ਚ ਉਨ੍ਹੇ ਹੀ ਚੰਗੇ ਥਾਂ 'ਤੇ ਹੈ।

**- ਅਨੁਵਾਦ ਦੀ ਸੇਵਾ**
**ਵਰਿੰਦਰ ਦੀਵਾਨਾ**


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

HOMELIFE SILVERCITY
REALTY INC., BROKERAGE
(Independently Owned and Operated)

HOMELIFE HIGHER STANDARDS

#7 CANADA WIDE
BROKERAGE WITH HOMELIFE BRAND
2017 GROSS COMMISSION WISE

New Head Office
905-913-8500
50 COTTRELLE BLVD., UNIT 29, BRAMPTON

TEAM OF OVER 600 REALTORS

HOMELIFE SILVERCITY
REALTY INC., BROKERAGE (INDEPENDENTLY OWNED & OPERATED)

NOW HIRING NEW / EXPERIENCED REAL ESTATE PROFESSIONALS
*Not intended to solicit anyone under contract

JOIN ONE OF FASTEST GROWING BROKERAGE



CALL HEAD OFFICE TODAY
905.913.8500
www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton





# 19 ਜੂਨ 2022 ਨੂੰ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 11ਵਾਂ ਸੋਹਣ ਮਾਨ ਯਾਦਗਾਰੀ ਮੇਲੇ ਦਾ ਕੀਤਾ ਗਿਆ ਆਯੋਜਨ















**ਕੈਲਗਰੀ/ਹਰਚਰਨ ਪਰਹਾਰ**

ਇਹ ਨਾਟਕ ਮੇਲਾ ਇਸ ਵਾਰ ਭਾਰਤ ਵਿੱਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਵਿੱਚ ਚੱਲੇ ਸ਼ਾਨਾਂਮੱਤੇ ਸੰਘਰਸ਼ ਦੇ ਸ਼ਹੀਦਾਂ ਨੂੰ ਸੋਹਣ ਮਾਨ ਜੋ ਕਿ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਬਾਨੀ ਪ੍ਰਧਾਨ ਸਨ ਉਨ੍ਹਾਂ ਨੂੰ ਸਾਂਝੇ ਤੌਰ 'ਤੇ ਸਮਰਪਿਤ ਕੀਤਾ ਗਿਆ। ਸਮੁੱਚਾ ਪ੍ਰੋਗਰਾਮ ਲੱਗਭੱਗ ਸਾਢੇ ਤਿੰਨ ਘੰਟੇ ਲਗਾਤਾਰ ਚੱਲਿਆ। ਦਰਸ਼ਕਾਂ ਪੱਖੋਂ ਹਾਲ ਨੱਕੋ-ਨੱਕ ਭਰਿਆ ਹੋਇਆ ਸੀ। ਪ੍ਰਬੰਧਕਾਂ ਨੇ ਚਾਰ ਦਿਨ ਪਹਿਲਾਂ ਹੀ ਸਾਰੀਆਂ ਟਿਕਟਾਂ ਵਿਕਣ ਦਾ ਐਲਾਨ ਕਰ ਦਿੱਤਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਸੋਹਣ ਮਾਨ ਜੀ ਦੀ ਤਸਵੀਰ ਤੇ ਫੁੱਲ ਅਰਪਿਤ ਉਨ੍ਹਾਂ ਦੀ ਜੀਵਨ ਸਾਥਣ ਜਸਵਿੰਦਰ ਕੌਰ ਮਾਨ, ਕਮਲਪ੍ਰੀਤ ਪੰਧੇਰ, ਹਰਚਰਨ ਪਰਹਾਰ ਸਿੱਖ ਵਿਰਸਾ ਦੇ ਸੰਪਾਦਕ, ਨਵਕਿਰਨ ਢੁੱਡੀਕੇ, ਕੁਸਮ ਸ਼ਰਮਾ, ਹਰੀਪਾਲ, ਮਾ. ਭਜਨ ਅਤੇ ਲੋਕ ਕਲਾ ਮੰਚ (ਰਜਿ.) ਮੰਡੀ ਮੁੱਲਾਂਪੁਰ ਦੇ ਨਿਰਦੇਸ਼ਕ ਹਰਕੇਸ਼ ਚੌਧਰੀ, ਬਨਦੀਪ ਕੌਰ, ਕਮਲ ਸਿੱਧੂ ਜੀ ਨੇ ਸ਼ਰਧਾ ਦੇ ਫੁੱਲ ਭੇਟ ਕਰਕੇ ਸ਼ਰਧਾਂਜਲੀ ਭੇਟ ਕੀਤੀ। ਇਸ ਤੋਂ ਤੁਰੰਤ ਬਾਅਦ ਛੋਟੇ ਛੋਟੇ ਬੱਚਿਆਂ ਦੀ ਕੋਰੀਓਗ੍ਰਾਫੀ ਕੁਲਦੀਪ ਮਾਣਕ ਜੀ ਦੇ ਗੀਤ 'ਚਾਦਰ' ਤੇ ਅਧਾਰਿਤ ਪੇਸ਼ ਕੀਤੀ ਗਈ। ਧੀਆਂ ਦੇ ਜਜ਼ਬਾਤ ਪੇਸ਼ ਕਰਦੀ 'ਚਾਦਰ' ਕੋਰੀਓਗ੍ਰਾਫੀ ਸਾਂਝੀਵਾਲਤਾ ਦਾ ਵੀ ਸੰਦੇਸ਼ ਦੇ ਗਈ। ਸਟੇਜ ਸੈਕਟਰੀ ਦੀ ਜਿੰਮੇਵਾਰੀ ਨਿਭਾਉਂਦਿਆਂ ਮਾਸਟਰ ਭਜਨ ਸਿੰਘ ਜੀ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਤੋਂ ਆਏ ਮਾ. ਸੁਰਜੀਤ ਦੌਧਰ ਜੀ ਨੂੰ ਮੰਚ ਤੋਂ ਆਪਣੇ ਵਿਚਾਰ ਪੇਸ਼ ਕਰਨ ਦਾ ਸੱਦਾ ਦਿੱਤਾ। ਜਿਨ੍ਹਾਂ ਨੇ ਦੱਸਿਆ ਕਿ ਜੋਤਿਸ਼ ਇੱਕ ਪਖੰਡ ਹੈ। ਭੋਲੇ ਲੋਕੋ ਆਪਣੀ ਲੁੱਟ ਨਾ ਕਰਵਾਉ। ਇਸ ਤੋਂ ਅਗਲਾ ਨਾਟਕ ਪੇਸ਼ ਹੋਇਆ 'ਪਰਿੰਦੇ ਭਟਕ ਗਏ' ਜਿਸ ਦੇ ਲੇਖਕ ਤੇ ਨਿਰਦੇਸ਼ਕ ਹਰਕੇਸ਼ ਚੌਧਰੀ ਜੀ ਨੇ ਨਾਟਕ ਦੇ ਵਿਸ਼ੇ 'ਤੇ ਗੱਲ ਕਰਦਿਆਂ ਦੱਸਿਆ ਕਿ ਕਿਵੇਂ ਭ੍ਰਿਸ਼ਟ ਤੰਤਰ ਦੀ ਭੇਟ ਨੌਜਵਾਨ ਚੜ੍ਹ ਰਹੇ ਹਨ। ਨਾਟਕ ਨੇ ਦਰਸ਼ਕਾਂ ਨੂੰ ਪੂਰੀ ਸਫਲਤਾ ਨਾਲ ਆਪਣੇ ਨਾਲ ਤੋਰਿਆ। ਦਰਸ਼ਕਾਂ ਨੇ ਨਾਟਕ ਦੀ ਭਰਪੂਰ ਦਾਦ ਦਿੱਤੀ। ਨਾਟਕ ਵਿੱਚ ਕੈਲਗਰੀ ਦੇ ਕਲਾਕਾਰਾਂ ਨੇ ਭਾਗ ਲਿਆ ਜਿਨ੍ਹਾਂ ਵਿੱਚ ਕਮਲ ਸਿੱਧੂ, ਨਵਕਿਰਨ ਢੁੱਡੀਕੇ, ਸੰਦੀਪ ਕੌਰ, ਅਮਰੀਤ ਗਿੱਲ, ਜਸਕਰਨ ਪੁਰਬਾ, ਬਲਜਿੰਦਰ ਢਿੱਲੋਂ, ਸਿਧਾਂਤ, ਦਿਲਪ੍ਰੀਤ ਸਿੰਘ, ਰਾਜਪ੍ਰੀਤ ਸਿੰਘ ਅਤੇ ਹਰਕੇਸ਼ ਚੌਧਰੀ ਨੇ ਅਦਾਕਾਰੀ ਕੀਤੀ। ਨਾਟਕ ਦੀ ਪੇਸ਼ਕਾਰੀ ਤੋਂ ਤੁਰੰਤ ਬਾਅਦ ਤਰਕਸ਼ੀਲ ਪੰਜਾਬ ਦੇ ਮਾਸਟਰ ਰਜਿੰਦਰ ਭਦੌੜ ਜੀ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਸੱਦਾ ਦਿੱਤਾ ਗਿਆ। ਮਾਸਟਰ ਰਜਿੰਦਰ ਭਦੌੜ ਜੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਦੱਸਿਆ ਕਿ ਕਿਸ ਤਰ੍ਹਾਂ ਤਰਕਸ਼ੀਲ ਸੁਸਾਇਟੀ ਨੇ ਹਜ਼ਾਰਾਂ ਪਰਿਵਾਰਾਂ ਨੂੰ ਵਹਿਮਾਂ ਭਰਮਾਂ ਦੇ ਜਾਲ ਤੋਂ ਮੁਕਤ ਕਰਵਾਇਆ ਹੈ। ਲੋਕਾਂ ਵਿੱਚ ਵਿਗਿਆਨਕ ਨਜ਼ਰੀਆ ਪੈਦਾ ਕੀਤਾ ਹੈ। ਪ੍ਰੋਗਰਾਮ ਦੀ ਅਗਲੀ ਕੜੀ ਪੇਸ਼ ਕਰਦਿਆਂ ਪ੍ਰੋਗਰੈਸਿਵ



ਕਲਾ ਮੰਚ ਦੀ ਪ੍ਰਬੰਧਕ ਕਮਲਪ੍ਰੀਤ ਪੰਧੇਰ ਨੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਆਰਥਿਕ ਤੌਰ 'ਤੇ ਸਹਿਯੋਗ ਦੇਣ ਵਾਲੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਪੰਜਾਬ ਤੋਂ ਆਈਆਂ ਤਿੰਨ ਸ਼ਖਸ਼ੀਅਤਾਂ, ਮਾ. ਰਜਿੰਦਰ ਭਦੌੜ, ਮਾ. ਸੁਰਜੀਤ ਦੌਧਰ, ਅਤੇ ਹਰਕੇਸ਼ ਚੌਧਰੀ ਜੀ ਨੂੰ ਆਪਣੇ ਆਪਣੇ ਖੇਤਰ ਵਿੱਚ ਸਮਾਜ ਪ੍ਰਤੀ ਆਰਥਿਕ ਯੋਗਦਾਨ ਪਾਉਣ ਲਈ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ ਗਿਆ। ਪ੍ਰੋਗਰਾਮ ਦਾ ਅਗਲਾ ਨਾਟਕ "ਮਿੱਟੀ ਨਾ ਹੋਵੇ ਮਤਰੇਈ" ਮਨੁੱਖੀ ਲਾਲਚ ਕਾਰਨ ਟੁੱਟ ਰਹੇ ਰਿਸ਼ਤਿਆਂ ਦੀ ਕਹਾਣੀ ਬਿਆਨ ਕਰਦਾ ਹੋਇਆ "ਕੁਦਰਤ ਦੇ ਸਭ ਬੰਦੇ" ਦਾ ਸੰਦੇਸ਼ ਦੇਣ ਵਿਚ ਪੂਰਾ ਸਫਲ ਰਿਹਾ। ਇਸ ਨਾਟਕ ਵਿੱਚ ਹਰਪ੍ਰੀਤ ਕੌਰ ਅਤੇ ਜਸਵਿੰਦਰ ਲੰਮੇ ਦੀ ਅਦਾਕਾਰੀ ਬੇਹੱਦ ਸੁਭਾਵਿਕ ਸੀ। ਨਾਟਕ ਹਾਸਿਆਂ ਰਾਹੀਂ ਸੰਦੇਸ਼ ਦੇਣ ਵਿਚ ਪੂਰਾ ਕਾਮਯਾਬ ਰਿਹਾ। ਨਾਟਕ ਦੇ ਨਿਰਦੇਸ਼ਕ ਹਰਕੇਸ਼ ਚੌਧਰੀ ਵਧਾਈ ਦੇ ਹੱਕਦਾਰ ਹਨ। ਸਮਾਗਮ ਦੌਰਾਨ ਪੰਜ ਲੋਕ ਪੱਖੀ ਕਿਤਾਬਾਂ ਲੋਕ ਅਰਪਣ ਕੀਤੀਆਂ ਗਈਆਂ। ਜਿਨ੍ਹਾਂ ਵਿੱਚ ਹੱਕਾਂ ਦੇ ਪਹਿਰੇਦਾਰ ਲੇਖਕ ਬੂਟਾ ਸਿੰਘ, ਫਿਰਕੂ ਦੰਗੇ ਅਤੇ ਭਾਰਤੀ ਪੁਲਿਸ ਅਨੁਵਾਦ ਤਰਸੇਮ ਲਾਲ, ਕੀ ਖਾਣਾ ਲੋੜੀਏ ਲੇਖਕ ਦਰਸ਼ਨ ਖੇੜੀ, ਕਿੱਥੇ ਹੈ ਰਾਤ ਦਾ ਚੰਨ ਲੇਖਕ ਅਮੋਲਕ ਸਿੰਘ ਅਤੇ ਉੱਠਣ ਦਾ ਵੇਲਾ ਲੇਖਕ ਹਰਕੇਸ਼ ਚੌਧਰੀ। ਇਨ੍ਹਾਂ ਕਿਤਾਬਾਂ ਨੂੰ ਲੋਕ ਅਰਪਣ ਕਰਨ ਲਈ ਉੱਘੇ ਕਵੀ ਡਾ. ਸਰਿੰਦਰ ਧੰਜਲ, ਹਰੀਪਾਲ, ਹਰਚਰਨ ਪਰਹਾਰ, ਕਮਲਪ੍ਰੀਤ ਪੰਧੇਰ, ਕੁਸਮ ਸ਼ਰਮਾ, ਨਵਕਿਰਨ ਢੁੱਡੀਕੇ, ਸੁਰਜੀਤ ਦੌਧਰ, ਰਜਿੰਦਰ ਭਦੌੜ, ਸੁਖਵੀਰ ਗਰੇਵਾਲ, ਗੁਰਦੀਪ ਕੌਰ ਪਰਹਾਰ, ਗੁਰਚਰਨ ਕੌਰ ਥਿੰਦ, ਰਿਸ਼ੀ ਨਾਗਰ, ਗੋਪਾਲ ਕਾਉਂਕੇ, ਜਰਨੈਲ ਤੱਗੜ, ਗੁਰਦਿਆਲ ਖਹਿਰਾ, ਦਰਸ਼ਨ ਔਜਲਾ, ਜ਼ੋਰਾਵਾਰ ਬਾਂਸਲ ਆਦਿ ਸ਼ਾਮਿਲ ਸਨ। ਪ੍ਰੋਗਰਾਮ ਦੇ ਅਖੀਰ ਵਿੱਚ ਕੋਰੀਓਗ੍ਰਾਫੀ ਦੇਸ਼ ਨੂੰ ਚੱਲੋ ਪੇਸ਼ ਕੀਤੀ, ਸ਼ਹੀਦ ਕਰਤਾਰ ਸਿੰਘ ਸਰਾਭੇ ਤੇ ਗਦਰੀ ਬਾਬਿਆਂ ਦੀ ਹਿੰਦ ਵਾਸੀਆਂ ਨੂੰ ਲਲਕਾਰ ਕਿ ਆਉ ਦੇਸ਼ ਨੂੰ ਅਜਾਦ ਕਰਵਾਈਏ ਦਰਸ਼ਕਾਂ ਵਲੋਂ ਬਹੁਤ ਸਲਾਹੀ ਗਈ। ਸਮੁੱਚੇ ਪ੍ਰੋਗਰਾਮ ਦੇ ਮਿਊਜ਼ਿਕ ਤੇ ਜ਼ਿੰਮੇਵਾਰੀ ਨਿਭਾਈ ਰੁਪਿੰਦਰਪਾਲ ਪੰਧੇਰ ਜੀ ਨੇ ਅਤੇ ਲਾਈਟਿੰਗ ਤੇ ਸਾਹਿਬ ਪੰਧੇਰ ਨੇ ਬਹੁਤ ਵਧੀਆ ਪ੍ਰਭਾਵ ਸਿਰਜੇ। ਇਸ ਮੌਕੇ 'ਤੇ ਰੈੱਡ ਐਫ ਐਮ ਰੇਡੀਓ ਦੇ ਰਿਸ਼ੀ ਨਾਗਰ ਜੀ ਨੇ ਬੱਚਿਆਂ ਨੂੰ ਇਨਾਮ ਦਿੱਤੇ, ਇਸ ਮੌਕੇ ਜਸਲੀਨ ਕੌਰ ਸਿੱਧੂ ਰੈਸਲਿੰਗ ਨੈਸ਼ਨਲ ਗੋਲਡ ਮੈਡਲ ਜੇਤੂ ਬੱਚੀ ਨੂੰ ਵੀ ਸਨਮਾਨਿਤ ਕੀਤਾ ਗਿਆ।